PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

22nd - 29th August 2024 • Issue No. 3044

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

## ਸੂਫ਼ੀਆਨਾ ਪੰਜਾਬੀ ਗਾਇਕ ਸਤਿੰਦਰ ਸਰਤਾਜ ਨੇ ਸਿੱਖ ਅਜਾਇਬਘਰ ਡਰਬੀ ਦਾ ਦੌਰਾ ਕੀਤਾ





## ਸੁਪਰੀਮ ਸਿੱਖ ਕੌਂਸਲ ਯੂ ਕੇ ਵੱਲੋਂ ਵਰਲਡ ਸਿੱਖ ਕਾਨਫਰੰਸ ਮੌਕੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਸਕੱਤਰ ਬੀਬੀ ਸਤਵੰਤ ਕੌਰ ਅਤੇ ਪ੍ਰੋ: ਕਲਿਆਣ ਸਿੰਘ ਦਾ ਨਿੱਘਾ ਮਾਣ ਸਨਮਾਨ





## ਨਿਸ਼ਾਨ ਸਾਹਿਬਾਂ ਦੇ ਬਸੰਤੀ ਤੇ ਸੁਰਮਈ ਰੰਗ ਬਾਰੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਦੀ ਯੂ ਕੇ ਦੀਆਂ ਪੰਥਕ ਜਥੇਬੰਦੀਆਂ ਵੱਲੋਂ ਭਰਪੂਰ ਸ਼ਲਾਘਾ ਅਤੇ ਸਮਰਥਨ

ਡਰਬੀ (ਪੰਜਾਬ ਟਾਈਮਜ਼) – ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖਾਂ ਦੇ ਗੁਰਦੁਆਰਾ ਸਾਹਿਬਾਨ ਵਿਖੇ ਨਿਸ਼ਾਨ ਸਾਹਿਬ ਦੇ ਚੋਲੇ ਦਾ ਰੰਗ ਸਿੱਖ ਰਹਿਤ ਮਰਯਾਦਾ ਅਨੁਸਾਰ ਬਸੰਤੀ ਅਤੇ ਸੁਰਮਈ ਕਰਨ ਦੇ ਫ਼ੈਸਲੇ ਦਾ ਯੂ ਕੇ ਅਤੇ ਦੁਨੀਆ ਭਰ ਦੀਆਂ ਪੰਥਕ ਜਥੇਬੰਦੀਆਂ ਨੇ ਭਰਵਾਂ ਸੁਆਗਤ ਤੇ ਸਮਰਥਨ ਕੀਤਾ ਹੈ।

ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਇਸ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਗੁਰਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ, ਸਿੱਖ ਵਿਰਾਸਤ ਕੇਂਦਰ ਅਤੇ ਘੱਲੂਘਾਰਾ ਅਜਾਇਬਘਰ ਡਰਬੀ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ, ਅਖੰਡ ਕੀਰਤਨੀ ਜਥਾ ਯੂ ਕੇ ਦੇ ਜਨਰਲ ਸਕੱਤਰ ਪ੍ਰੋਫੈਸਰ ਦਲਜੀਤ ਸਿੰਘ ਡਾ:, ਖਾਲਸਾ ਦਰਬਾਰ ਗੁਰਦੁਆਰਾ ਡਰਬੀ ਦੇ ਮੁੱਖ ਸੇਵਾਦਾਰ ਸ: ਹਰਦਿਆਲ ਸਿੰਘ ਧਮੜੈਤ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗਰੇਟ ਬਾਰ ਬ੍ਰਮਿੰਘਮ ਦੇ ਪ੍ਰਧਾਨ ਬਲਬੀਰ ਸਿੰਘ ਸਾਬਕਾ ਜਥੇਦਾਰ ਬੱਬਰ ਖਾਲਸਾ ਯੂ ਕੇ, ਸਿੱਖ ਰਿਲੀਫ਼ ਦੇ ਸੇਵਾਦਾਰ ਭਾਈ



ਖੱਬੇ ਤੋਂ ਸ: ਰਘਬੀਰ ਸਿੰਘ, ਸ: ਰਾਜਿੰਦਰ ਸਿੰਘ ਪੁਰੇਵਾਲ, ਪ੍ਰੋ: ਦਲਜੀਤ ਸਿੰਘ ਵਿਰਕ, ਸ: ਹਰਦਿਆਲ ਸਿੰਘ ਧਮੜੈਤ, ਜਥੇਦਾਰ ਬਲਬੀਰ ਸਿੰਘ, ਭਾਈ ਬਲਬੀਰ ਸਿੰਘ ਬੈਂਸ, ਭਾਈ ਅਵਤਾਰ ਸਿੰਘ ਸੰਘੇੜਾ ਅਤੇ ਸ: ਪਰਮਿੰਦਰਪਾਲ ਸਿੰਘ ਖਾਲਸਾ

ਬਲਬੀਰ ਸਿੰਘ ਬੈਂਸ, ਕਾਰਸੇਵਾ ਕਮੇਟੀ ਪਾਕਿਸਤਾਨ ਗੁਰਧਾਮ ਦੇ ਸੇਵਾਦਾਰ ਭਾਈ ਅਵਤਾਰ ਸਿੰਘ ਸੰਘੇੜਾ ਅਤੇ ਇੰਟਰਨੈਸ਼ਨਲ ਸਿੱਖ ਸੇਵਕ ਸੁਸਾਇਟੀ ਪੰਜਾਬ ਦੇ ਪ੍ਰਧਾਨ ਭਾਈ ਪ੍ਰਮਿੰਦਰਪਾਲ ਸਿੰਘ ਖਾਲਸਾ ਨੇ ਇੱਕ ਸਾਂਝੇ ਬਿਆਨ 'ਚੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਅਧੀਨ ਆਉਂਦੇ ਸਾਰੇ ਗੁਰਦੁਆਰਿਆਂ ਸਮੇਤ ਹੋਰ ਵੀ ਹਰੇਕ ਪਿੰਡ ਕਸਬੇ, ਸ਼ਹਿਰ ਅਤੇ ਹਰ ਇੱਕ ਦੇਸ਼ ਦੇ ਵਿੱਚ ਸਥਿੱਤ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਨੂੰ ਇਸ ਫ਼ੈਸਲੇ ਦੀ ਪਾਲਣਾ ਕਰਨੀ ਚਾਹੀਦੀ ਹੈ। ਇਹ ਫ਼ੈਸਲਾ ਬੇਸ਼ੱਕ ਬੜੀ ਦੇਰ ਨਾਲ ਕੀਤਾ ਗਿਆ ਹੈ, ਪਰ ਸਹੀ ਫ਼ੈਸਲਾ ਹੈ। ਸਾਰੇ ਗੁਰਦੁਆਰਾ ਸਾਹਿਬਾਨ ਵਿੱਚ ਇੱਕਸਾਰਤਾ ਲਿਆਉਣੀ ਚਾਹੀਦੀ ਹੈ। ਉਕਤ ਆਗੂਆਂ ਨੇ ਕਿਹਾ ਕਿ ਅਸੀਂ ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਨਾਲ ਡਟ ਕੇ ਖੜ੍ਹੇ ਹਾਂ ਤੇ ਪੂਰਾ ਸਮਰਥਨ ਕਰਦੇ ਹਾਂ।

ਉਹਨਾਂ ਸ਼੍ਰੋਮਣੀ ਕਮੇਟੀ ਨੂੰ ਹੋਰ ਬੇਨਤੀ ਕੀਤੀ ਕਿ ਇਸੇ ਤਰ੍ਹਾਂ ਨਾਨਕਸ਼ਾਹੀ ਕੈਲੰਡਰ (ਮੂਲ 2003 ਵਾਲਾ) ਜੋ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਲੱਖਾਂ ਸੰਗਤਾਂ ਦੇ ਇਕੱਠ ਵਿੱਚ ਪ੍ਰਵਾਨ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤਾ ਗਿਆ ਸੀ, ਉਹ ਵੀ ਪੰਥ ਦੀਆਂ ਸਮੂਹ ਸੰਸਥਾਵਾਂ ਨੂੰ ਭਰੋਸੇ ਵਿੱਚ ਲੈ ਕੇ ਲਾਗੂ ਕਰਨ ਲਈ ਉਪਰਾਲਾ ਕਰਨਾ ਚਾਹੀਦਾ ਹੈ। ਜਿਸ ਨਾਲ ਪੰਥ ਵਿੱਚ ਆਪਸੀ ਏਕਤਾ ਵਧੇਗੀ।

ਉਕਤ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਪੰਥ ਦੀਆਂ ਬਹੁਤੀਆਂ ਸੰਸਥਾਵਾਂ ਸਮਝਦੀਆਂ ਹਨ ਕਿ ਨਾਨਕਸ਼ਾਹੀ ਕੈਲੰਡਰ ਆਰ ਐਸ ਐਸ ਦੇ ਪ੍ਰਭਾਵ ਹੇਠ ਬਦਲਿਆ ਗਿਆ ਸੀ। ਇਸ ਕੈਲੰਡਰ ਨੂੰ ਲਾਗੂ ਕਰਨ ਨਾਲ ਸ਼੍ਰੋਮਣੀ ਕਮੇਟੀ ਦਾ ਅਕਸ ਸਿੱਖ ਪੰਥ ਵਿੱਚ ਸਾਫ਼ ਹੋਵੇਗਾ।

# ਸੁਪਰੀਮ ਸਿੱਖ ਕੌਂਸਲ ਯੂ ਕੇ ਵੱਲੋਂ ਵਰਲਡ ਸਿੱਖ ਕਾਨਫਰੰਸ ਮੌਕੇ ਬੀਬੀ ਸਤਵੰਤ ਕੌਰ ਅਤੇ ਪ੍ਰੋ: ਕਲਿਆਣ ਸਿੰਘ ਦਾ ਨਿੱਘਾ ਮਾਣ ਸਨਮਾਨ

## ਆਏ ਮਹਿਮਾਨਾਂ ਵੱਲੋਂ ਪਾਕਿਸਤਾਨ ਦੇ ਗੁਰ ਅਸਥਾਨਾਂ ਦੇ ਦਰਸ਼ਨਾਂ ਲਈ ਸਿੱਖਾਂ ਨੂੰ ਸੱਦਾ



ਪ੍ਰੋਫੈਸਰ ਕਲਿਆਣ ਸਿੰਘ ਅਤੇ ਬੀਬੀ ਸਤਵੰਤ ਕੌਰ ਦੇ ਨਾਲ ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ ਯੂ ਕੇ ਦੀਆਂ ਸਿੱਖ ਸੰਗਤਾਂ

ਡਰਬੀ – (ਪੰਜਾਬ ਟਾਈਮਜ਼) – ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਸਕੱਤਰ ਬੀਬੀ ਸਤਵੰਤ ਕੌਰ ਅਤੇ ਉਹਨਾਂ ਦੇ ਨਾਲ ਪ੍ਰੋਫੈਸਰ ਕਲਿਆਣ ਸਿੰਘ ਡਾ: ਦੇ ਇੰਗਲੈਂਡ ਦੌਰੇ ਸਮੇਂ ਗੁਰਦੁਆਰਾ ਖਾਲਸਾ ਦਰਬਾਰ ਡਰਬੀ ਵਿਖੇ ਸੁਪਰੀਮ ਸਿੱਖ ਕੌਂਸਲ ਵੱਲੋਂ ਵਰਲਡ ਸਿੱਖ ਕਾਨਫਰੰਸ ਕਰਵਾਈ ਗਈ। ਯਾਦ ਰਹੇ ਬੀਬੀ ਸਤਵੰਤ ਕੌਰ ਅਤੇ ਪ੍ਰੋ: ਕਲਿਆਣ ਸਿੰਘ ਨੂੰ ਸੁਪਰੀਮ ਸਿੱਖ ਕੌਂਸਲ ਯੂ ਕੇ ਦੇ ਇੰਡੀਅਨ ਸਬ-ਕੌਂਟੀਨੈਂਟ ਦੇ ਚੇਅਰਮੈਨ ਸ: ਹਰਦਿਆਲ ਸਿੰਘ ਧਮੜੈਤ ਵੱਲੋਂ ਵਿਸ਼ੇਸ਼ ਤੌਰ ਤੇ ਇੰਗਲੈਂਡ ਆਉਣ ਲਈ ਸੱਦਾ ਦਿੱਤਾ ਸੀ।

ਇਸ ਮੌਕੇ ਪ੍ਰੋ: ਕਲਿਆਣ ਸਿੰਘ ਅਤੇ ਬੀਬੀ ਸਤਵੰਤ ਕੌਰ ਜੀ ਨੇ ਪਾਕਿਸਤਾਨ ਵਿੱਚ ਸਿੱਖਾਂ ਅਤੇ ਸਿੱਖਾਂ ਦੇ ਇਤਿਹਾਸਕ ਗੁਰ ਅਸਥਾਨਾਂ ਬਾਰੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਪਾਕਿਸਤਾਨ ਵਿੱਚ ਇਸ ਸਮੇਂ ਸਿੱਖਾਂ ਦੀ ਗਿਣਤੀ ਬਹੁਤ ਹੀ ਘੱਟ ਹੈ। ਉਹਨਾਂ ਕਿਹਾ ਹੁਣ ਬੇਸ਼ੱਕ ਸਿੱਖੀ ਦਾ ਪ੍ਰਚਾਰ ਪਹਿਲਾਂ ਨਾਲੋਂ ਵਧਿਆ ਹੈ ਤੇ ਗੁਰ ਅਸਥਾਨਾਂ ਦੀਆਂ ਸੇਵਾਵਾਂ ਵੀ ਹੋ ਰਹੀਆਂ ਹਨ, ਪਰ ਅਜੇ ਬਹੁਤ ਸਾਰੇ ਅਸਥਾਨ ਅਜਿਹੇ ਹਨ, ਜਿੱਥੇ ਸੇਵਾ ਬਹੁਤ ਲੋੜੀਂਦੀ ਹੈ। ਉਹਨਾਂ ਦੇਸ਼ ਵਿਦੇਸ਼ ਦੇ ਸਿੱਖਾਂ ਨੂੰ ਸੱਦਾ ਦਿੱਤਾ ਕਿ ਉਹ ਪਾਕਿਸਤਾਨ ਆਉਂਦੇ ਜਾਂਦੇ ਰਹਿਣ ਤਾਂ ਅਸੀਂ ਸਿੱਖਾਂ ਲਈ ਧਾਰਮਿਕ ਯਾਤਰਾ ਦੇ ਮੱਦੇ ਨਜ਼ਰ ਵੀਜ਼ਾ ਹਾਸਲ ਕਰਨ ਵਿੱਚ ਸਹੂਲਤਾਂ ਮੁਹੱਈਆ ਕਰਨ ਲਈ ਸਰਕਾਰ ਨੂੰ ਬੇਨਤੀ ਕਰਾਂਗੇ, ਤਾਂ ਜੋ ਸਿੱਖ ਸੰਗਤਾਂ ਦਾ ਗੁਰ ਅਸਥਾਨਾਂ ਦੇ ਦਰਸ਼ਨ ਕਰਨਾ ਆਸਾਨ ਹੋ ਸਕੇ।

ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਗਿਆਨੀ ਤ੍ਰਿਬੇਦੀ ਸਿੰਘ, ਡਾ: ਕਲਿਆਣ ਸਿੰਘ, ਬੀਬੀ ਸਤਵੰਤ ਕੌਰ ਜਨਰਲ ਸਕੱਤਰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਵਤਾਰ ਸਿੰਘ ਜਰਨਲਿਸਟ, ਚੰਦਰ ਸ਼ੇਖਰ ਸਿੰਘ ਗੁਰੂ, ਪ੍ਰੋਫੈਸਰ ਦਲਜੀਤ ਸਿੰਘ ਵਿਰਕ, ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਡਾ: ਹਰਦਿਆਲ ਸਿੰਘ ਢਿੱਲੋਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ।

ਉਕਤ ਆਗੂਆਂ ਨੇ ਪਾਕਿਸਤਾਨ ਤੋਂ ਆਏ ਮਹਿਮਾਨਾਂ ਦਾ ਨਿੱਘਾ ਸਵਾਗਤ ਕਰਦਿਆਂ ਉਹਨਾਂ ਨੂੰ ਜੀ ਆਇਆਂ ਆਖਿਆ ਅਤੇ ਕਿਹਾ ਕਿ ਉਹ ਪਾਕਿਸਤਾਨ ਤੋਂ ਆਏ ਮਹਿਮਾਨਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਸਤਿਕਾਰ ਕਰਦੇ ਹਨ, ਕਿ ਉਹ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਧਰਤੀ ਤੋਂ ਇਥੇ ਪਹੁੰਚੇ ਹਨ। ਉਹਨਾਂ ਭਰੋਸਾ ਦਿਵਾਇਆ ਕਿ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਸਾਹਿਬਾਨਾਂ ਨਾਲ ਸਬੰਧਿਤ ਅਤੇ ਸਿੱਖ ਇਤਿਹਾਸ ਦੀ ਵਿਰਾਸਤ ਸਬੰਧੀ ਕੀਤੇ ਜਾ ਰਹੇ ਕੰਮਾਂ ਵਿੱਚ ਪੂਰਾ ਸਹਿਯੋਗ ਦੇਣਗੇ। ਇਸ ਦੇ ਨਾਲ ਹੀ ਉਹ ਪਾਕਿਸਤਾਨ ਵਿੱਚ ਸਿੱਖ ਬੱਚਿਆਂ ਦੀ ਵਿੱਦਿਆ ਪ੍ਰਾਪਤੀ ਲਈ ਵੀ ਹਰ ਸੰਭਵ ਮਦਦ ਕਰਨ ਲਈ ਤਿਆਰ ਹਨ।

ਇਸ ਮੌਕੇ ਆਏ ਮਹਿਮਾਨਾਂ ਦਾ ਸੁਪਰਮ ਸਿੱਖ ਕੌਂਸਲ ਯੂ ਕੇ ਅਤੇ ਖਾਲਸਾ ਦਰਬਾਰ ਵੱਲੋਂ ਯਾਦਗਾਰੀ ਤਸ਼ਤਰੀ ਦੇ ਕੇ ਮਾਣ ਸਨਮਾਨ ਕੀਤਾ ਗਿਆ। ਇਸ ਦੇ ਨਾਲ ਹੀ ਕਾਨਫਰੰਸ ਵਿੱਚ ਸ਼ਾਮਿਲ ਬੁਲਾਰਿਆਂ, ਆਗੂਆਂ ਅਤੇ ਬੀਬੀ ਕਸ਼ਮੀਰ ਕੌਰ ਧਮੜੈਤ ਨੂੰ ਪ੍ਰੋ: ਕਲਿਆਣ ਸਿੰਘ ਅਤੇ ਬੀਬੀ ਸਤਵੰਤ ਕੌਰ ਨੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਦੇ ਕੇ ਮਾਣ ਸਨਮਾਨ ਕੀਤਾ।

# ਪ੍ਰਸਿੱਧ ਸੂਫੀਆਨਾ ਗਾਇਕ ਸਤਿੰਦਰ ਸਰਤਾਜ ਨੇ ਸਿੱਖ ਅਜਾਇਬਘਰ ਡਰਬੀ ਦੇ ਕੀਤੇ ਦਰਸ਼ਨ





ਸ਼ਹੀਦੀ ਯਾਦਗਾਰ ਡਰਬੀ ਵਿਖੇ ਸਤਿੰਦਰ ਸਰਤਾਜ ਦਾ ਸਨਮਾਨ ਕਰਦੇ ਹੋਏ ਸ: ਰਾਜਿੰਦਰ ਸਿੰਘ ਪੁਰੇਵਾਲ
ਅਤੇ ਉਹਨਾਂ ਨੂੰ ਪੰਜਾਬ ਟਾਈਮਜ਼ ਦੀ ਕਾਪੀ ਅਤੇ ਕਿਤਾਬਾਂ ਭੇਂਟ ਕਰਦੇ ਹੋਏ ਹੋਰ ਸੱਜਣ

ਡਰਬੀ (ਹਰਜਿੰਦਰ ਸਿੰਘ ਮੰਡੇਰ) – ਬੀਤੇ ਦਿਨੀਂ ਪ੍ਰਸਿੱਧ ਪੰਜਾਬੀ ਸੂਫ਼ੀਆਨਾ ਗਾਇਕ ਤੇ ਕਲਾਕਾਰ ਸਤਿੰਦਰ ਸਰਤਾਜ ਨੇ ਸਿੱਖ ਅਜਾਇਬਘਰ ਡਰਬੀ ਦਾ ਦੌਰਾ ਕੀਤਾ। ਯਾਦ ਰਹੇ ਸਤਿੰਦਰ ਸਰਤਾਜ ਨੇ ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ (ਬਲੈਕ ਪ੍ਰਿੰਸ) ਨਾਮੀ ਇੱਕ ਫਿਲਮ ਵੀ ਬਣਾਈ ਸੀ, ਜਿਸ ਨੂੰ ਸਿੱਖ ਭਾਈਚਾਰੇ ਵੱਲੋਂ ਵੱਡਾ ਹੁੰਗਾਰਾ ਮਿਲਿਆ ਸੀ।

ਉਹਨਾਂ ਨੂੰ ਅਜਾਇਬਘਰ ਦੀ ਟੀਮ ਵੱਲੋਂ ਇਥੇ ਪਈਆਂ ਨਾਯਾਬ ਇਤਿਹਾਸਕ ਵਸਤਾਂ ਦੇ ਦਰਸ਼ਨ ਕਰਵਾਏ ਗਏ, ਜਿਹਨਾਂ ਵਿੱਚ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਤੋਪ, ਉਸ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਸਮੇਂ ਦੀਆਂ ਕੁੱਝ ਹੋਰ ਅਹਿਮ ਤੋਪਾਂ ਜਿਹਨਾਂ ਵਿੱਚ ਜਮ-ਜਮਾ ਤੋਪ ਅਤੇ ਸਤਲੁਜ ਤੋਪ ਅਹਿਮ ਹਨ ਅਤੇ ਇਹਨਾਂ ਬਾਰੇ ਉਹਨਾਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਸਤਿੰਦਰ ਸਰਤਾਜ ਤਕਰੀਬਨ ਘੰਟਾ ਕੁ ਇਥੇ ਠਹਿਰੇ ਅਤੇ ਅਜਾਇਬਘਰ ਦੇ ਵੱਖ-ਵੱਖ ਭਾਗਾਂ ਨੂੰ ਬੜੀ ਦਿਲਚਸਪੀ ਨਾਲ ਦੇਖਿਆ। ਬਾਅਦ ਵਿੱਚ ਸ਼ਹੀਦੀ ਯਾਦਗਾਰ ਸਾਹਮਣੇ ਵੀ ਉਹਨਾਂ ਨੇ ਮਿਊਜ਼ੀਅਮ ਦੀ ਟੀਮ ਨਾਲ ਗੱਲਬਾਤ ਕੀਤੀ ਅਤੇ ਉਸ ਕੰਸੈਪਟ ਨੂੰ ਸਮਝਿਆ। ਇਸ ਸਮੇਂ ਅਜਾਇਬਘਰ ਦੀ ਟੀਮ ਦੇ ਨਾਲ ਸ਼ਾਮਿਲ ਸਨ, ਸਰਬ ਸਰਦਾਰਾਨ ਹਰਭਜਨ ਸਿੰਘ ਦਈਆ, ਗੁਰਪਾਲ ਸਿੰਘ, ਹਰਪਿੰਦਰ ਸਿੰਘ ਕੰਗ, ਸਤਨਾਮ ਸਿੰਘ ਸੱਤਾ, ਪ੍ਰਭਜੋਤ ਸਿੰਘ, ਹਰਭਜਨ ਸਿੰਘ ਮੰਡੇਰ, ਕੁਲਬੀਰ ਸਿੰਘ, ਹਰਜਿੰਦਰ ਸਿੰਘ ਮੰਡੇਰ, ਅਮਰੀਕ ਸਿੰਘ, ਰਣਜੀਤ ਸਿੰਘ ਮੰਨਣ, ਸੱਚਿਨ ਸਿੰਘ ਅਤੇ ਹੋਰ ਸੰਗਤਾਂ।

ਇਸ ਮੌਕੇ ਅਜਾਇਬਘਰ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਸਤਿੰਦਰ ਸਰਤਾਜ ਨੂੰ ਜੀ ਆਇਆਂ ਆਖਦੇ ਹੋਏ ਕਿਹਾ ਕਿ ਉਹਨਾਂ ਦਾ ਪੰਜਾਬੀ ਸੱਭਿਆਚਾਰ ਲਈ ਬੜਾ ਯੋਗਦਾਨ ਹੈ। ਉਹਨਾਂ ਕਿਹਾ ਉਹ ਭਾਵੇਂ ਆਮ ਗਾਣੇ ਗੀਤ ਸੰਗੀਤ ਨਹੀਂ ਸੁਣਦੇ ਪਰ ਸੁਣਨ ਵਾਲਿਆਂ ਪਾਸੋਂ ਉਹਨਾਂ ਨੂੰ ਪਤਾ ਲੱਗਾ ਹੈ ਕਿ ਤੁਸੀਂ ਬਹੁਤ ਸਾਫ਼ ਸੁੱਥਰੀ ਗਾਇਕੀ ਕਰਦੇ ਹੋ। ਉਹਨਾਂ ਕਿਹਾ ਅਸੀਂ ਹੋਰ ਵੀ ਗਾਇਕਾਂ ਨੂੰ ਅਪੀਲ ਕਰਦੇ ਹਾਂ ਕਿ ਪੰਜਾਬ ਅਤੇ ਪੰਜਾਬੀ ਸੱਭਿਆਚਾਰ ਦਾ ਮਾਹੌਲ ਵਿਗਾੜਨ ਵਾਲੇ ਗਾਣੇ ਨਾ ਲਿਖਣ ਤੇ ਨਾ ਗਾਉਣ। ਉਹਨਾਂ ਪੰਜਾਬੀਆਂ ਦਰਸ਼ਕਾਂ ਨੂੰ ਅਪੀਲ ਕੀਤੀ ਕਿ ਮਾੜਾ ਗਾਉਣ ਵਾਲੇ ਤੇ ਪੰਜਾਬੀ ਰਿਸ਼ਤੇ ਨਾਤੇ ਅਤੇ ਸੱਭਿਆਚਾਰ ਨੂੰ ਵਿਗਾੜਨ ਵਾਲੇ ਗਾਣੇ ਨਾ ਸੁਣਨ ਅਤੇ ਨਾ ਹੀ ਉਹਨਾਂ ਗਾਇਕਾਂ ਦਾ ਸਾਥ ਦੇਣ ਜਿਹੜੇ ਪੰਜਾਬੀਆਂ ਦਾ ਅਕਸ ਵਿਗਾੜਦੇ ਹਨ। ਇਸ ਮੌਕੇ ਸਤਿੰਦਰ ਸਰਤਾਜ ਨੂੰ ਪੰਜਾਬ ਟਾਈਮਜ਼ ਦੀ ਇੱਕ ਕਾਪੀ ਅਤੇ ਗੋਲਡ ਮੈਡਲ ਨਾਲ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਮਾਣ ਸਨਮਾਨ ਕੀਤਾ। ਇਸ ਦੇ ਨਾਲ ਹੀ ਹਰਜਿੰਦਰ ਸਿੰਘ ਮੰਡੇਰ ਨੇ ਉਹਨਾਂ ਨੂੰ ਆਪਣੀਆਂ ਦੋ ਕਿਤਾਬਾਂ, "ਡਰਬੀ ਵਿੱਚ ਪੰਜਾਬੀਆਂ ਦੇ ਪੰਜਾਹ ਸਾਲ" ਅਤੇ "ਸਿੱਖ ਸੰਘਰਸ਼ ਦੇ ਯੋਧਿਆਂ ਦੀ ਗਾਥਾ" ਭੇਂਟ ਕੀਤੀਆਂ।

# ਲੌਂਗੋਵਾਲ ਦੀ ਬਰਸੀ ਉਪਰ ਬਾਦਲ ਅਕਾਲੀ ਦਲ ਤੇ ਬਾਗੀ ਅਕਾਲੀ ਲੀਡਰਸ਼ਿਪ ਵਡੇ ਇਕਠ ਕਰਨ ਵਿਚ ਸਫਲ

**✪ ਸੁਖਬੀਰ ਦੇ ਨਿਸ਼ਾਨੇ ਉਪਰ ਅੰਮ੍ਰਿਤਪਾਲ, ਮਾਨ ਤੇ ਸਿੰਘ ਸਾਹਿਬ ਰੋਡੇ ✪ ਬਦਲਾਅ ਦੇ ਨਾਂਅ ਹੇਠ ਸੱਤਾ 'ਚ ਆਈ 'ਆਪ' ਨੇ ਲੋਕਾਂ ਨਾਲ ਧੋਖਾ ਕੀਤਾ-ਸੁਖਬੀਰ ✪ ਅਕਾਲੀ ਦਲ ਸੁਧਾਰ ਲਹਿਰ ਆਪਣੇ ਮਿਸ਼ਨ ਵਿਚ ਜਲਦੀ ਸਫ਼ਲ ਹੋਵੇਗੀ-ਢੀਂਡਸਾ**



ਲੌਂਗੋਵਾਲ-ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 39ਵੀਂ ਬਰਸੀ ਮੌਕੇ ਕਸਬਾ ਲੌਂਗੋਵਾਲ ਵਿਖੇ ਸ਼੍ਰੋਮਣੀ ਅਕਾਲੀ ਦਲ ਤੇ ਬਾਗੀ ਅਕਾਲੀ ਲੀਡਰਸ਼ਿਪ ਵਡੇ ਇਕਠ ਕਰਨ ਵਿਚ ਸਫਲ ਹੋਈ। ਕੋਈ ਵੀ ਧਿਰ ਪੰਜਾਬ ਤੇ ਪੰਥਕ ਪ੍ਰੋਗਰਾਮ ਨਾ ਦੇ ਸਕੀ ਸਿਰਫ ਇਕ ਦੂਜੇ ਉਪਰ ਦੂਸ਼ਣਬਾਜ਼ੀ ਕਰਦੀ ਰਹੀ। ਇਹ ਪਾਟੋਧਾੜ ਭਵਿੱਖ ਵਿਚ ਅਕਾਲੀ ਦਲ ਦਾ ਵਡਾ ਨੁਕਸਾਨ ਕਰੇਗੀ।



## ਬਾਦਲ ਦਲ ਦੇ ਨਿਸ਼ਾਨੇ ਉਪਰ ਪੰਥਕ ਆਗੂ ਤੇ ਆਪ ਪਾਰਟੀ

ਬਾਦਲ ਅਕਾਲੀ ਦਲ ਵਲੋਂ ਕੀਤੇ ਗਏ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਅੰਦਰ ਬਦਲਾਅ ਦੇ ਨਾਮ ਹੇਠ ਆਮ ਸਰਕਾਰ ਨੇ ਲੋਕਾਂ ਨਾਲ ਧੋਖਾ ਕੀਤਾ ਹੈ ਅਤੇ ਇਸ ਦਾ ਸੰਤਾਪ ਸੂਬੇ ਦੇ ਲੋਕ ਹੰਢਾ ਰਹੇ ਹਨ। ਉਨ੍ਹਾਂ ਸੰਤ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਸੰਤ ਜੀ ਨੇ ਪੰਜਾਬ ਲਈ ਸਰਬਉੱਚ ਸ਼ਹਾਦਤ ਦਿੱਤੀ ਪਰ ਕੇਂਦਰ ਸਰਕਾਰ ਨੇ ਉਨ੍ਹਾਂ ਨਾਲ ਅਤੇ ਸੂਬੇ ਨਾਲ ਕੀਤੇ ਵਾਅਦੇ ਲਾਗੂ ਕਰਨ ਤੋਂ ਨਾਂਹ ਕਰ ਦਿੱਤੀ।

ਸ: ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਹੁਣ ਅਜਿਹਾ ਸਮਾਂ ਹੈ ਜਦੋਂ ਸਿੱਖ ਕੌਮ ਨੂੰ ਆਪਣਿਆਂ ਅਤੇ ਭਗਵੰਤ ਮਾਨ ਵਰਗੇ ਦੋਖੀਆਂ ਦੀ ਪਛਾਣ ਕਰਨੀ ਚਾਹੀਦੀ ਹੈ ਜੋ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਖਿਲਾਫ਼ ਬੋਲਣ ਲਈ ਤਿਆਰ ਹੀ ਨਹੀਂ ਹਨ ਅਤੇ ਨਾ ਹੀ ਉਸ ਦੇ ਖ਼ਿਲਾਫ਼ ਧਾਰਾ 295 ਏ ਤਹਿਤ ਮੁਕੱਦਮਾ ਚਲਾਉਣ ਦੀ ਆਗਿਆ ਦੇਣ ਲਈ ਤਿਆਰ ਹਨ। ਸੁਖਬੀਰ ਨੇ ਹਮਲਾਵਰੀ ਸੁਰ ਵਿਚ ਲੋਕਾਂ ਨੂੰ ਅਪੀਲ ਕਰਦਿਆਂ ਆਖਿਆ ਕਿ ਪੰਥ ਨੂੰ ਕਮਜ਼ੋਰ ਕਰਨ ਵਾਲਿਆਂ ਨੂੰ ਠੁਕਰਾਓ। ਉਨ੍ਹਾਂ ਕਿਹਾ ਕਿ ਇਹ ਸਪਸ਼ਟ ਹੈ ਕਿ ਭਾਈ ਗੁਰਦੀਪ ਸਿੰਘ ਖੇੜਾ, ਬਲਵੰਤ ਸਿੰਘ ਰਾਜੋਆਣਾ ਅਤੇ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਵਰਗੇ ਬੰਦੀ ਸਿੰਘਾਂ ਨੂੰ ਪਹਿਲਾਂ ਜੇਲ੍ਹ ਵਿਚੋਂ ਰਿਹਾਅ ਕੀਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਸਜ਼ਾਵਾਂ ਪੂਰੀਆਂ ਹੋਣ ਮਗਰੋਂ ਵੀ 30-30 ਸਾਲ ਤੋਂ ਜੇਲ੍ਹਾਂ ਕੱਟ ਰਹੇ ਹਨ ਜਦੋਂਕਿ ਦੂਜੇ ਸਿਰਫ਼ ਇਕ ਸਾਲ ਦੀ ਕੈਦ ਤੋਂ ਹੀ ਰਿਹਾਈ ਚਾਹੁੰਦੇ ਹਨ।

## ਅੰਮ੍ਰਿਤਪਾਲ ਸੁਖਬੀਰ ਦੇ ਨਿਸ਼ਾਨੇ ਉਪਰ

ਸੁਖਬੀਰ ਨੇ ਕਿਹਾ ਕਿ ਇਕ ਵਿਅਕਤੀ ਜੋ ਸਿਰਫ ਇਕ ਸਾਲ ਤੋਂ ਹੀ ਜੇਲ੍ਹ ਵਿਚ ਹੋਵੇ, ਉਹ ਪੰਥ ਦੀ ਅਗਵਾਈ ਕਿਵੇਂ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਈ ਖੇੜਾ ਨੇ ਸਿਮਰਨਜੀਤ ਸਿੰਘ ਮਾਨ ਵਰਗੇ ਅਖੌਤੀ ਆਗੂਆਂ ਨੂੰ ਬੇਨਕਾਬ ਕੀਤਾ ਹੈ ਜਿਨ੍ਹਾਂ ਨੇ ਆਪਣੇ ਸੌੜੇ ਹਿਤਾਂ ਵਾਸਤੇ ਪੰਥ ਨੂੰ ਵਰਤਿਆ, ਪਰ ਕੌਮ ਵਾਸਤੇ ਕੱਖ ਵੀ ਨਹੀਂ ਕੀਤਾ। ਸ: ਸੁਖਬੀਰ ਨੇ ਕਿਹਾ ਕਿ ਹਰ ਕੋਈ ਸ਼੍ਰੋਮਣੀ ਅਕਾਲੀ ਦਲ ਨੂੰ ਨਿਸ਼ਾਨਾ ਬਣਾ ਰਿਹਾ ਹੈ ਕਿਉਂਕਿ ਉਹ ਜਾਣਦੇ ਹਨ ਕਿ ਜੇਕਰ ਅਜਿਹਾ ਕੀਤਾ ਗਿਆ ਤਾਂ ਸਿੱਖ ਕੌਮ ਕਮਜ਼ੋਰ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਕਮਜ਼ੋਰ ਹੋਣ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਟੁਕੜੇ ਕੀਤੇ ਗਏ ਅਤੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣਾਈ ਗਈ। ਉਨ੍ਹਾਂ ਕਿਹਾ ਕਿ ਇਸ ਮਗਰੋਂ ਤਖਤ ਸ੍ਰੀ ਹਜ਼ੂਰ ਸਾਹਿਬ ਕਮੇਟੀ 'ਤੇ ਸਰਕਾਰ ਅਤੇ ਦਿੱਲੀ ਕਮੇਟੀ 'ਤੇ ਆਰ. ਐਸ. ਐਸ. ਤੇ ਭਾਜਪਾ ਨੇ ਕਬਜ਼ਾ ਕਰ ਲਿਆ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਅਤੇ ਕਿਹਾ ਕਿ ਅਜਿਹਾ ਕਰਨਾ ਹੀ ਸੰਤ ਲੌਂਗੋਵਾਲ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਉਨ੍ਹਾਂ ਇਤਿਹਾਸਕ ਇਕੱਠ ਨੂੰ ਭਰੋਸਾ ਦਿਵਾਇਆ ਕਿ ਉਹ ਕਦੇ ਵੀ ਪੰਥ ਦੇ ਸਿਧਾਂਤਾਂ ਨਾਲ ਸਮਝੌਤਾ ਨਹੀਂ ਕਰਨਗੇ ਭਾਵੇਂ ਜੋ ਮਰਜ਼ੀ ਹੋ ਜਾਵੇ। ਆਪਣੇ ਸੰਬੋਧਨ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਕਿਵੇਂ ਸੂਬੇ ਵਿਚ ਵਾਰ-ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਪਰ 'ਆਪ' ਸਰਕਾਰ ਇਸ ਪਿਛਲੀ ਸਾਜ਼ਿਸ਼ ਨੂੰ ਬੇਨਕਾਬ ਕਰਨ ਵਾਸਤੇ ਕੱਖ ਵੀ ਨਹੀਂ ਕਰ ਰਹੀ।

## ਕੌਣ ਕੌਣ ਹਾਜ਼ਰ ਸਨ

ਇਸ ਮੌਕੇ ਲੌਂਗੋਵਾਲ ਦੇ ਵਾਰਸ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਡਾ. ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ ਸਕੱਤਰ ਜਨਰਲ, ਮਹੇਸ਼ਇੰਦਰ ਸਿੰਘ ਗਰੇਵਾਲ ਜਨਰਲ ਸਕੱਤਰ, ਸਰਬਜੀਤ ਸਿੰਘ ਝਿੰਜਰ ਪ੍ਰਧਾਨ ਯੂਥ ਅਕਾਲੀ ਦਲ, ਇਕਬਾਲ ਸਿੰਘ ਝੂੰਦਾਂ ਮੈਂਬਰ ਕੋਰ ਕਮੇਟੀ, ਆਦਿ ਮੌਜੂਦ ਸਨ।

## ਬਾਗੀ ਅਕਾਲੀਆਂ ਦੇ ਨਿਸ਼ਾਨੇ ਉਪਰ ਸੁਖਬੀਰ

ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵਲੋਂ ਇਥੋਂ ਦੇ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਵਿਖੇ ਠਾਠਾਂ ਮਾਰਦੇ ਇਕੱਠ ਦੌਰਾਨ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਅਕੀਦਤ ਦੇ ਫੁੱਲ ਭੇਟ ਕੀਤੇ। ਇਸ ਸ਼ਹੀਦੀ ਕਾਨਫ਼ਰੰਸ ਵਿਚ ਹੋਏ ਰਿਕਾਰਡਤੋੜ ਇਕੱਠ ਨੂੰ ਸੰਬੋਧਨ ਕਰਦਿਆਂ ਸਰਪ੍ਰਸਤ ਸ: ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਆਪਣੇ ਮਿਸ਼ਨ ਵਿਚ ਜਲਦੀ ਸਫ਼ਲ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਹਰੇਕ ਜਥੇਬੰਦੀ ਦੀ ਭਰੋਸੇਯੋਗਤਾ ਉਸਦੇ ਸਿਧਾਂਤਾਂ, ਰਵਾਇਤਾਂ ਤੇ ਲੋਕ ਪੱਖੀ ਨੀਤੀਆਂ ਉੱਪਰ ਟਿਕੀ ਹੁੰਦੀ ਹੈ ਪਰ ਸੁਖਬੀਰ ਸਿੰਘ ਬਾਦਲ ਦੇ ਤਾਂ ਨੁਕਤੇ ਵੀ ਮੇਲ ਨਹੀਂ ਖਾਂਦੇ।

ਬਾਕੀ ਹਿਸਾ ਸਫ਼ਾ 4 ਤੇ ਪੜ੍ਹੋ →

## ਐਮਪੀ ਸਰਬਜੀਤ ਤੇ ਸ਼੍ਰੋਮਣੀ ਕਮੇਟੀ ਵਲੋਂ ਐਮਰਜੈਂਸੀ ਫਿਲਮ ਦਾ ਵਿਰੋਧ

ਸਰਬਜੀਤ ਨੇ ਫੇਸਬੁੱਕ 'ਤੇ ਲਿਖਿਆ ਕਿ ਨਵੀਂ ਫਿਲਮ 'ਐਮਰਜੈਂਸੀ' ਵਿਚ ਸਿੱਖਾਂ ਬਾਰੇ ਗਲਤ ਬਿਆਨਬਾਜ਼ੀ ਦੀਆਂ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ, ਜਿਸ ਨਾਲ ਸਮਾਜ ਵਿਚ



ਅਮਨ-ਕਾਨੂੰਨ ਦੀ ਸਥਿਤੀ ਵਿਗੜਨ ਦਾ ਡਰ ਹੈ। ਇਸ ਫ਼ਿਲਮ ਵਿੱਚ ਸਿੱਖਾਂ ਨੂੰ ਵੱਖਵਾਦੀ ਜਾਂ ਅੱਤਵਾਦੀ ਵਜੋਂ ਦਰਸਾਇਆ ਗਿਆ ਹੈ। ਇਹ ਇੱਕ ਡੂੰਘੀ ਸਾਜ਼ਿਸ਼ ਹੈ। ਇਹ ਫਿਲਮ ਇੱਕ ਮਨੋਵਿਗਿਆਨਕ ਹਮਲਾ ਹੈ ਜਿਸ ਦਾ ਸਰਕਾਰ ਨੂੰ ਅਗਾਊਂ ਨੋਟਿਸ ਲੈਂਦਿਆਂ ਹੋਰਨਾਂ ਮੁਲਕਾਂ ਵਿੱਚ ਸਿੱਖਾਂ ਪ੍ਰਤੀ ਨਫ਼ਰਤ ਨੂੰ ਭੜਕਾਉਣਾ ਬੰਦ ਕਰਨਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਇਹ ਸਿੱਖ ਕੌਮ ਨੂੰ ਸਮਾਜ ਵਿੱਚ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਸਿੱਖਾਂ ਨੂੰ ਜ਼ਾਲਮ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਫਿਲਮ ਵਿੱਚ ਸੰਤ ਭਿੰਡਰਾਂਵਾਲਾ ਦੇ ਕਿਰਦਾਰ ਨੂੰ ਵੀ ਗਲਤ ਤਰੀਕੇ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਫਿਲਮ ਵਿੱਚ ਸਿੱਖਾਂ ਦਾ ਅਕਸ ਵਿਗਾੜਿਆ ਗਿਆ ਹੈ। ਫਿਲਮ ਦੇਸ਼ ਦਾ ਮਾਹੌਲ ਖਰਾਬ ਕਰ ਸਕਦੀ ਹੈ, ਇਸ ਲਈ ਸੈਂਸਰ ਬੋਰਡ ਨੂੰ ਇਸ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ।

3 ਸਫ਼ੇ ਦੀ ਬਾਕੀ

ਉਨ੍ਹਾਂ ਭਗਵੰਤ ਮਾਨ ਸਰਕਾਰ ਦੀ ਤਿੱਖੀ ਅਲੋਚਨਾ ਕਰਦਿਆਂ ਕਿਹਾ ਕਿ ਇਸ ਸਰਕਾਰ ਨੇ ਪੰਜਾਬ ਦੀ ਤਾਕਤ ਨੂੰ ਕਮਜ਼ੋਰ ਹੀ ਨਹੀਂ ਕੀਤਾ ਸਗੋਂ ਪੰਜਾਬ ਦੇ ਹਰ ਵਰਗ ਨੂੰ ਹਰ ਖੇਤਰ ਵਿਚ ਕਮਜ਼ੋਰ ਕਰ ਦਿੱਤਾ ਹੈ। ਸੁਧਾਰ ਲਹਿਰ ਦੇ ਆਗੂ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਜਲਦੀ ਹੀ ਬੰਦੀ ਸਿੰਘਾਂ ਦੀ ਰਿਹਾਈ, ਪੰਥਕ ਮਸਲਿਆਂ ਤੇ ਪੰਜਾਬ ਦੇ ਹਿੱਤਾਂ ਲਈ ਸ਼ਕਤੀਸ਼ਾਲੀ ਸੰਘਰਸ਼ ਸ਼ੁਰੂ ਕਰੇਗਾ। ਸ: ਚੰਦੂਮਾਜਰਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਏਜੰਸੀਆਂ ਨੇ ਘੇਰਿਆ ਹੋਇਆ ਹੈ। ਏਜੰਸੀਆਂ ਹੀ ਉਸ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਖਿਲਾਫ਼ ਕਾਰਵਾਈ ਤੇ ਗ਼ਲਤ ਕੰਮ ਕਰਵਾ ਰਹੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਸ: ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਪਿਛਲੇ ਅਰਸੇ ਦੌਰਾਨ ਪੰਥਕ ਸਿਧਾਂਤਾਂ, ਰਵਾਇਤਾਂ ਤੇ ਸੰਸਥਾਵਾਂ ਦੀ ਮਰਿਆਦਾ ਦਾ ਜੋ ਨੁਕਸਾਨ ਹੋਇਆ ਇਸਦੀ ਕਿਧਰੇ ਕੋਈ ਮਿਸਾਲ ਨਹੀਂ ਮਿਲਦੀ।

ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਗਲਤੀਆਂ ਹੀ ਨਹੀਂ ਕੀਤੀਆਂ ਸਗੋਂ ਪੰਥ ਨਾਲ ਨਾ-ਭੁੱਲਣ ਵਾਲੀ ਗੱਦਾਰੀ ਕੀਤੀ ਹੈ।

ਸੁਧਾਰ ਲਹਿਰ ਦੀ ਪ੍ਰਜ਼ੀਡੀਅਮ ਦੇ ਮੈਂਬਰ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸੁਧਾਰ ਲਹਿਰ ਸ਼ੁਰੂ ਹੋਣ ਕਰਕੇ ਹੀ ਸੁਖਬੀਰ ਸਿੰਘ ਬਾਦਲ ਦੇ ਪੰਥ ਵਿਰੋਧੀ ਤੇ ਪੰਜਾਬ ਵਿਰੋਧੀ ਗਹਿਰੇ ਨੁਕਸ ਉਜਾਗਰ ਹੋਏ ਹਨ। ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਅੱਜ ਦੇ ਇਸ ਇਕੱਠ ਨੂੰ ਵੇਖ ਕੇ ਸੁਖਬੀਰ ਸਿੰਘ ਬਾਦਲ ਨੂੰ ਆਪਣੀ ਜਿੱਦ ਛੱਡ ਕੇ ਪ੍ਰਧਾਨਗੀ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ ਤਾਂ ਜੋ ਅਕਾਲੀ ਦਲ ਦੀ ਮਜ਼ਬੂਤੀ ਵੱਲ ਕਦਮ ਪੁੱਟੇ ਜਾ ਸਕਣ।

ਇਸ ਮੌਕੇ ਸ. ਬਲਦੇਵ ਸਿੰਘ ਮਾਨ ਸੁੱਚਾ ਸਿੰਘ ਛੋਟੇਪੁਰ, ਸਰਵਣ ਸਿੰਘ ਫਿਲੌਰ, ਗਗਨਦੀਪ ਸਿੰਘ ਬਰਨਾਲਾ, ਰਣਧੀਰ ਸਿੰਘ ਰੱਖੜਾ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਮਲਕੀਤ ਸਿੰਘ ਚੰਗਾਲ, ਰਾਮਪਾਲ ਸਿੰਘ ਬਹਿਣੀਵਾਲ, ਮਾ. ਮਿੱਠੂ ਸਿੰਘ ਕਾਹਨੇ ਕੇ, ਮਨਜੀਤ ਸਿੰਘ ਬੱਪੀਆਣਾ, ਮਹਿੰਦਰ ਸਿੰਘ ਹੁਸੈਨਪੁਰ, ਜਰਨੈਲ ਸਿੰਘ ਕਰਤਾਰਪੁਰ, ਇੰਦਰਮੋਹਨ ਸਿੰਘ ਲਖਮੀਰਵਾਲਾ (ਸਾਰੇ ਸ਼੍ਰੋਮਣੀ ਕਮੇਟੀ ਮੈਂਬਰ), ਜੀਤ ਸਿੰਘ ਸਿੱਧੂ ਸਾ. ਚੇਅਰਮੈਨ, ਹਰੀ ਸਿੰਘ ਨਾਭਾ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਪਰਮਜੀਤ ਕੌਰ ਲਾਂਡਰਾਂ, ਪਰਮਜੀਤ ਕੌਰ ਗੁਲਸ਼ਨ, ਪ੍ਰਕਾਸ਼ ਚੰਦ ਗਰਗ ਮੌਜੂਦ ਸਨ।

## ਸ਼੍ਰੋਮਣੀ ਕਮੇਟੀ ਮੈਬਰਾਂ ਵਲੋਂ ਬਾਦਲ ਦਲ ਨੂੰ ਅਲਵਿਦਾ

ਇਸ ਮੌਕੇ ਸ਼੍ਰੋਮਣੀ ਕਮੇਟੀ ਦੀ ਅਗਜ਼ੈਕਟਿਵ ਕਮੇਟੀ ਦੇ ਦੋ ਮੈਂਬਰਾਂ ਇੰਦਰਮੋਹਨ ਸਿੰਘ ਲਖਮੀਰਵਾਲਾ ਤੇ ਤੇਜਾ ਸਿੰਘ ਕਮਾਲਪੁਰ ਦੀ ਪਤਨੀ ਬੀਬੀ ਮਲਕੀਤ ਕੌਰ ਨੇ ਸੁਖਬੀਰ ਸਿੰਘ ਬਾਦਲ ਦੇ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਜੁੜਨ ਤੇ ਅਕਾਲੀ ਸੋਚ ਨੂੰ ਪ੍ਰਚੰਡ ਕਰਨ ਦਾ ਐਲਾਨ ਕੀਤਾ।

# ਰੱਖੜ ਪੁੰਨਿਆਂ ਉਪਰ ਵਿਸ਼ਾਲ ਇਕਠ ਕਰਨ ਵਿਚ ਕਾਮਯਾਬ ਹੋਏ ਅੰਮ੍ਰਿਤਪਾਲ ਸਿੰਘ ਦੇ ਸਾਥੀ

## ✪ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ 20 ਅਕਤੂਬਰ ਤੱਕ ਰਿਹਾਅ ਕਰਨ ਦਾ ਅਲਟੀਮੇਟਮ

ਅੰਮ੍ਰਿਤਸਰ-ਇਥੇ ਬਾਬਾ ਬਕਾਲਾ ਸਾਹਿਬ ਵਿਖੇ ਰੱਖੜ ਪੁੰਨਿਆ ਦੇ 'ਗੁਰ ਲਾਧੋ ਰੇ' ਜੋੜ ਮੇਲੇ ਮੌਕੇ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ, ਫਰੀਦਕੋਟ ਤੋਂ ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖ਼ਾਲਸਾ ਦੀ ਅਗਵਾਈ ਵਿਚ ਅਕਾਲੀ ਦਲ ਵਿਰੋਧੀ ਸਿੱਖ ਜਥੇਬੰਦੀਆਂ ਵਲੋਂ ਪਹਿਲੀ ਵਾਰ ਕਰਵਾਈ ਪੰਥਕ ਕਾਨਫ਼ਰੰਸ ਦੌਰਾਨ ਵਿਸ਼ਾਲ ਇਕੱਤਰਤਾ ਵਿਚ ਪਾਸ ਇਕ ਮਤੇ ਰਾਹੀਂ ਪੰਜਾਬ ਤੇ ਕੇਂਦਰ ਸਰਕਾਰ ਨੂੰ ਅਲਟੀਮੇਟਮ ਦਿੱਤਾ ਗਿਆ ਕਿ ਜੇਕਰ ਭਾਰੀ ਮਤਦਾਨ ਨਾਲ ਲੋਕਾਂ ਵਲੋਂ ਦਿੱਤੇ ਫਤਵੇ ਨੂੰ ਮੁੱਖ ਰੱਖਦੇ ਹੋਏ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ 'ਤੇ ਗੈਰ-ਕਾਨੂੰਨੀ ਢੰਗ ਨਾਲ ਲਗਾਈ ਗਈ ਐਨ. ਐਸ. ਏ. ਸਮੇਤ ਬਾਕੀ ਕੇਸਾਂ ਨੂੰ ਰੱਦ ਕਰਕੇ 20 ਅਕਤੂਬਰ ਤੱਕ ਉਨ੍ਹਾਂ ਨੂੰ ਸਾਥੀਆਂ ਸਮੇਤ ਰਿਹਾਅ ਨਾ ਕੀਤਾ ਗਿਆ ਤਾਂ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਕੇ ਸਰਕਾਰ ਖ਼ਿਲਾਫ਼ ਤਿੱਖਾ ਸੰਘਰਸ਼ ਆਰੰਭ ਕੀਤਾ ਜਾਵੇਗਾ।

ਪੰਥਕ ਇਕੱਤਰਤਾ ਵਿਚ ਭਾਈ ਸਰਬਜੀਤ ਸਿੰਘ ਖ਼ਾਲਸਾ ਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ, ਮਾਤਾ ਬਲਵਿੰਦਰ ਕੌਰ ਸਮੇਤ ਹੋਰ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂ ਤੇ ਭਾਰੀ ਗਿਣਤੀ 'ਚ ਮਾਝਾ ਖੇਤਰ ਦੇ ਲੋਕ ਸ਼ਾਮਿਲ ਹੋਏ। ਇਸ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਆਉਣ ਵਾਲੀਆਂ ਜ਼ਿਮਨੀ, ਸ਼੍ਰੋਮਣੀ ਕਮੇਟੀ ਤੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਵੀ ਤਿਆਰ ਰਹਿਣ ਦੀ ਅਪੀਲ ਕੀਤੀ ਗਈ। ਕਾਨਫ਼ਰੰਸ ਦੌਰਾਨ ਬਲਜੀਤ ਸਿੰਘ ਖ਼ਾਲਸਾ ਦੁਆਰਾ ਪੇਸ਼ ਕੀਤੇ ਅਤੇ ਹਾਜ਼ਰ ਸੰਗਤਾਂ ਵਲੋਂ ਹੱਥ ਖੜ੍ਹੇ ਕਰਕੇ ਪ੍ਰਵਾਨ ਕੀਤੇ ਗਏ 6 ਮਤਿਆਂ ਵਿਚ ਉਕਤ ਮਤੇ ਤੋਂ ਇਲਾਵਾ ਦੂਜੇ ਮਤੇ ਵਿਚ ਕਿਹਾ ਗਿਆ ਕਿ ਬੇਅਦਬੀਆਂ ਦੇ ਇਨਸਾਫ ਦਿਵਾਉਣ ਦੇ ਨਾਂਅ 'ਤੇ ਪਿਛਲੇ ਸਮੇਂ ਵਿਚ ਦੋ ਸਰਕਾਰਾਂ ਬਣੀਆਂ ਹਨ ਪਰ ਉਨ੍ਹਾਂ ਨੇ ਵੀ ਸਿੱਖਾਂ ਨਾਲ ਇਨਸਾਫ ਦੇ ਨਾਂਅ 'ਤੇ ਵੱਡਾ ਧੋਖਾ ਕੀਤਾ ਹੈ।

ਮਤੇ ਵਿਚ ਮੌਜੂਦਾ ਸਰਕਾਰ ਨੂੰ ਸਖ਼ਤ ਤਾੜਨਾ ਕੀਤੀ ਗਈ ਬੇਅਦਬੀ ਦੇ ਮੁਦਿਆਂ 'ਤੇ ਸਖ਼ਤ ਕਾਨੂੰਨ ਬਣਾਇਆ ਜਾਵੇ ਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ। ਇਕ ਹੋਰ ਮਤੇ ਵਿਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਮੰਗ ਕਰਦਿਆਂ ਕਿਹਾ ਗਿਆ ਕਿ 550 ਸਾਲਾ ਸ਼ਤਾਬਦੀ ਮੌਕੇ ਸਿੱਖਾਂ ਨਾਲ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੇ ਵਾਅਦੇ ਤੋਂ ਸਰਕਾਰ ਮੁੱਕਰ ਗਈ ਹੈ। ਇਕ ਹੋਰ ਮਤੇ ਵਿਚ ਕਿਹਾ ਗਿਆ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਢਾਂਚੇ ਵਿਚ ਮੌਜੂਦਾ ਸਮੇਂ ਵਿਚ ਬਹੁਤ ਨਿਘਾਰ ਵੇਖਿਆ ਗਿਆ ਹੈ ਜਿਸਦਾ ਕਾਰਨ ਪਿਛਲੇ 13 ਸਾਲਾਂ ਤੋਂ ਸਰਕਾਰ ਦੀ ਨਜ਼ਰ-ਅੰਦਾਜ਼ੀ ਤੇ ਕਾਬਜ਼ ਬਾਦਲ ਧਿਰ ਦੀ ਮਿਲੀ ਭੁਗਤ ਕਾਰਨ ਚੋਣਾ ਨਾਂਅ ਕਰਵਾਉਣਾ ਹੈ। ਸਰਕਾਰ ਨੂੰ ਅਪੀਲ ਕੀਤੀ ਕਿ ਸ਼੍ਰੋਮਣੀ ਕਮੇਟੀ ਚੋਣਾਂ ਜਲਦ ਕਰਵਾਈਆਂ ਜਾਣ। ਹੋਰ ਮਤੇ ਰਾਹੀਂ ਨਸ਼ਿਆਂ ਵਿਰੁੱਧ ਪ੍ਰਚਾਰ ਕਰ ਰਹੇ ਭਾਈ ਅੰਮਿਬਪਾਲ ਸਿੰਘ ਤੇ ਸਾਥੀਆਂ ਨੂੰ ਡਿਬਰੂਗੜ੍ਹ ਜੇਲ੍ਹ 'ਚ ਬੰਦ ਕਰਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਾਲ ਸਰਕਾਰਾਂ ਦੀ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਨਾਲ ਖ਼ਤਮ ਕਰਨ ਦੀ ਸਾਜਿਸ਼ ਜੱਗ ਜ਼ਾਹਿਰ ਹੁੰਦੀ ਹੈ। ਸਰਕਾਰ ਨੂੰ ਸਖ਼ਤ ਚਿਤਾਵਨੀ ਦਿੱਤੀ ਕਿ ਨਸ਼ਿਆਂ ਨੂੰ ਛੇਤੀ ਠੱਲ੍ਹ ਪਾਈ ਜਾਵੇ ਨਹੀਂ ਤਾਂ ਪੰਜਾਬ ਦੇ ਸਾਰੇ ਲੋਕਾਂ ਨੂੰ ਲਾਮਬੰਦ ਕਰਕੇ ਵੱਡੀ ਮੁਹਿੰਮ ਛੇੜੀ ਜਾਵੇਗੀ। ਛੇਵੇਂ ਮਤੇ ਰਾਹੀਂ ਸਮੂਹ ਕਿਸਾਨ ਜਥੇਬੰਦੀਆਂ ਦੇ ਸੰਘਰਸ਼ ਨੂੰ ਹਮਾਇਤ ਦਿੰਦਿਆਂ ਕਿਸਾਨ ਮੋਰਚੇ ਸਮੇਂ ਸਰਕਾਰ ਵਲੋਂ ਮੰਨੀਆਂ ਕਿਸਾਨੀ ਮੰਗਾਂ ਨੂੰ ਲਾਗੂ ਕਰਨ ਤੇ ਸ਼ੰਭੂ ਅਤੇ ਖਨੌਰੀ ਬਾਰਡਰ ਉੱਤੇ ਦਿੱਲੀ ਜਾਣ ਲਈ ਸਰਕਾਰ ਵਲੋਂ ਲਾਈਆਂ ਗਈਆਂ ਰੋਕਾਂ ਨੂੰ ਤੁਰੰਤ ਹਟਾਉਣ ਦੀ ਮੰਗ ਕੀਤੀ ਗਈ।

ਇਸ ਮੌਕੇ ਸੰਬੋਧਨ ਕਰਦਿਆਂ ਭਾਈ ਸਰਬਜੀਤ ਸਿੰਘ ਖ਼ਾਲਸਾ ਨੇ ਕਿਹਾ ਕਿ ਜਿਸ ਭਾਈ ਅੰਮਿਬਪਾਲ ਸਿੰਘ ਨੂੰ ਸਰਕਾਰ ਦੇਸ਼ ਲਈ ਖਤਰਾ ਦੱਸਦੀ ਹੈ, ਉਸ ਨੂੰ ਖਡੂਰ ਸਾਹਿਬ ਹਲਕੇ ਦੇ ਲੋਕਾਂ ਨੇ ਦੋ ਲੱਖ ਵੋਟਾਂ ਦੇ ਫਰਕ ਨਾਲ ਜਿਤਾ ਕੇ ਸੰਸਦ ਮੈਂਬਰ ਬਣਾਇਆ ਹੈ। ਉਸ ਦਾ ਕਸੂਰ ਇੰਨਾ ਹੈ ਕਿ ਉਹ ਅੰਮਿਬ ਛਕਾ ਕੇ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਬੰਦੀ ਸਿੰਘ ਨੂੰ ਛੱਡਿਆ ਨਹੀਂ ਜਾ ਰਿਹਾ ਤੇ ਡੇਰਾ ਸਿਰਸਾ ਮੁਖੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਦੀ ਤਿਆਰੀ ਵਿੱਢਣ ਤੇ ਵੱਧ ਤੋਂ ਵੱਧ ਸਿੱਖਾਂ ਨੂੰ ਵੋਟਾਂ ਬਣਾਉਣ ਦੀ ਵੀ ਅਪੀਲ ਕੀਤੀ।

ਬਾਪੂ ਤਰਸੇਮ ਸਿੰਘ ਨੇ ਪੰਜਾਬ ਦੇ ਲੋਕਾਂ ਨੂੰ ਰਵਾਇਤੀ ਅਕਾਲੀ ਲੀਡਰਸ਼ਿਪ ਤੋਂ ਖਹਿੜਾ ਛੁਡਾਉਣ ਅਤੇ ਨੌਜਵਾਨਾਂ ਨੂੰ ਅੱਗੇ ਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਰਵਾਇਤੀ ਸਿੱਖ ਲੀਡਰਸ਼ਿਪ ਦੀਆਂ ਗਲਤੀਆਂ ਕਾਰਨ ਹੀ ਪੰਜਾਬ ਵਿਚ ਨਸ਼ਿਆਂ ਦਾ ਪ੍ਰਕੋਪ ਵਧਿਆ ਹੈ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿੰਦਿਆਂ ਰਾਜਨੀਤੀ ਤੇ ਸ਼੍ਰੋਮਣੀ ਕਮੇਟੀ ਚੋਣਾਂ ਲੜਣ ਲਈ ਅੱਗੇ ਆਉਣ ਦੀ ਤਾਕੀਦ ਕੀਤੀ।

ਇਸ ਤੋਂ ਪਹਿਲਾਂ ਸਵ: ਦੀਪ ਸਿੰਘ ਸਿੱਧੂ ਦੇ ਭਰਾਤਾ ਮਨਦੀਪ ਸਿੰਘ ਸਿੱਧੂ ਨੇ ਭਗਵੰਤ ਮਾਨ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਾਨੂੰ ਉਹ ਸਰਕਾਰ ਚਾਹੀਦੀ, ਜੋ ਸਾਡੇ ਹੱਕਾਂ, ਸਿੱਖਾਂ, ਤੇ ਪੰਜਾਬ ਦੀ ਗੱਲ ਕਰੇ, ਜਿਸ ਦਾ ਮੁੱਖ ਪੰਜਾਬ ਵੱਲ ਅਤੇ ਪਿੱਠ ਦਿੱਲੀ ਵੱਲ ਹੋਵੇ। ਨਿਹੰਗ ਸਿੰਘ ਜਥੇਬੰਦੀ ਦੇ ਆਗੂ ਜਥੇਦਾਰ ਰਾਜਾ ਰਾਜ ਸਿੰਘ ਤੇ ਹੋਰਨਾਂ ਨੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਵੀ ਰਿਹਾਅ ਕਰਨ ਦੀ ਅਪੀਲ ਕੀਤੀ। ਲੱਖਾ ਸਿਧਾਣਾ ਨੇ ਭਗਵੰਤ ਮਾਨ ਨੂੰ ਪੰਜਾਬ ਦਾ ਨੀਰੋ ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਾਰਣ ਪੰਜਾਬ ਬਰਬਾਦ ਹੋ ਰਿਹਾ ਤੇ ਮੁੱਖ ਮੰਤਰੀ ਲੋਕਾਂ ਨੂੰ ਕਹਾਣੀਆਂ ਸੁਣਾ ਰਿਹਾ ਹੈ। ਇਸ ਮੌਕੇ ਸੁਖਵਿੰਦਰ ਸਿੰਘ ਅਗਵਾਨ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਕੰਵਰ ਚੜ੍ਹਤ ਸਿੰਘ, ਭਾਈ ਬਲਦੇਵ ਸਿੰਘ ਸਿਰਸਾ, ਬੀਬੀ ਬੇਅੰਤ ਕੌਰ ਖਾਲਸਾ, ਐਡਵੋਕੇਟ ਜੀਵਨ ਸਿੰਘ ਤਾਮਿਲਨਾਡੂ, ਨਵਦੀਪ ਸਿੰਘ ਜਲਵੇਹੜਾ (ਵਾਟਰ ਕੈਨਨ), ਚਮਕੌਰ ਸਿੰਘ ਧੁੰਨ, ਐਡਵੋਕੇਟ ਇਮਾਨ ਸਿੰਘ ਖਾਰਾ, ਅਮਰਜੀਤ ਸਿੰਘ ਵੰਨ ਚਿੜੀ ਤੇ ਹੋਰਨਾਂ ਆਗੂਆਂ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਡਿਬਰੂਗੜ ਜੇਲ੍ਹ ਵਿਚੋਂ ਭਾਈ ਅੰਮਿਬਪਾਲ ਸਿੰਘ ਵਲੋਂ ਭੇਜਿਆ ਸੰਦੇਸ਼ ਵੀ ਪੜ੍ਹਿਆ ਗਿਆ, ਜਿਸ ਵਿਚ ਉਨ੍ਹਾਂ ਕਿਹਾ ਕਿ ਜਿਹੜੀ ਹਕੂਮਤ ਸਾਡੇ ਵੀਰਾਂ ਨੂੰ ਸਜ਼ਾਵਾਂ ਪੂਰੀਆਂ ਹੋ ਜਾਣ ਦੇ ਬਾਵਜੂਦ ਰਿਹਾਅ ਕਰਨ ਲਈ ਤਿਆਰ ਨਹੀਂ, ਉਸ ਤੋਂ ਕਿਸੇ ਵੀ ਤਰ੍ਹਾਂ ਇਨਸਾਫ਼ ਦੀ ਆਸ ਨਹੀਂ ਰੱਖੀ ਜਾ ਸਕਦੀ।

### ਕੌਣ ਕੌਣ ਪਹੁੰਚੇ

ਇਸ ਮੌਕੇ ਮਾਤਾ ਬਲਵਿੰਦਰ ਕੌਰ, ਬਾਗੀ ਧੜੇ ਦੇ ਸੀਨੀਅਰ ਆਗੂ ਭਾਈ ਮਨਜੀਤ ਸਿੰਘ ਭੂਰਾ ਕੋਹਨਾ, ਗੁਰਿੰਦਰ ਸਿੰਘ ਬਾਜਵਾ, ਦਇਆ ਸਿੰਘ ਕੱਕੜ, ਐਡਵੋਕੇਟ ਪਰਮਜੀਤ ਸਿੰਘ ਪੰਨੂੰ, ਗੁਰਸੇਵਕ ਸਿੰਘ ਜਵਾਹਕੇ, ਮੁੱਖ ਮੰਤਰੀ ਬਾਜੇਕੇ ਦੇ ਪਿਤਾ, ਗੁਰਚਰਨ ਸਿੰਘ ਸਭਰਾ, ਭਾਈ ਮਨਜੀਤ ਸਿੰਘ, ਚਾਚਾ ਪ੍ਰਗਟ ਸਿੰਘ ਜੱਲੂਪੁਰ ਖੇੜਾ, ਚਾਚਾ ਸੁਖਚੈਨ ਸਿੰਘ, ਭਾਈ ਸੰਦੀਪ ਸਿੰਘ ਰੁਪਾਲੋਂ, ਭਾਈ ਚਰਨਦੀਪ ਸਿੰਘ ਭਿੰਡਰ, ਭਾਈ ਪਰਮਜੀਤ ਸਿੰਘ ਜੌਹਲ, ਕਮਲ ਜੋਸ਼ੀ ਤਰਨ ਤਾਰਨ, ਸੁਖਜਿੰਦਰ ਸਿੰਘ ਕੈਨੇਡੀ, ਸਰਪੰਚ ਸਰਬਜੀਤ ਸਿੰਘ ਖਾਨਪੁਰ, ਭਾਈ ਹਰਜਿੰਦਰ ਸਿੰਘ ਜਿੰਦਾ ਦੇ ਭਰਾਤਾ ਭੁਪਿੰਦਰ ਸੰਘ ਗਦਲੀ ਸਮੇਤ ਵੱਖ-ਵੱਖ ਜਥੇਬੰਦੀਆਂ ਨਾਲ ਸੰਬੰਧਿਤ ਹੋਰ ਆਗੂ ਤੇ ਵੱਡੀ ਗਿਣਤੀ ਵਿਚ ਮਾਝਾ ਖੇਤਰ ਦੇ ਲੋਕ ਹਾਜ਼ਰ ਸਨ।

ਕਾਂਗਰਸ ਵਲੋਂ ਇਸ ਵਾਰ ਸਿਆਸੀ ਕਾਨਫ਼ਰੰਸ ਨਾ ਕੀਤੇ ਜਾਣ ਨੂੰ ਲੈ ਕੇ ਸਿਆਸੀ ਹਲਕਿਆਂ 'ਚ ਚਰਚਾ!

ਅੱਜ ਇਥੇ ਰੱਖੜ ਪੁੰਨਿਆਂ ਦੇ ਜੋੜ ਮੇਲੇ ਮੌਕੇ ਜਿੱਥੇ ਪਿਛਲੇ ਸਾਲਾਂ ਦੀ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵਲੋਂ ਆਪਣੀਆਂ ਸਿਆਸੀ ਕਾਨਫੰਰਸਾਂ ਕੀਤੀਆਂ ਗਈਆਂ, ਉਥੇ ਇਸ ਵਾਰ ਕਾਂਗਰਸ ਪਾਰਟੀ ਵਲੋਂ ਸਿਆਸੀ ਕਾਨਫ਼ਰੰਸ ਨਾ ਕੀਤੇ ਜਾਣ ਦੀ ਸਿਆਸੀ ਹਲਕਿਆਂ ਵਿਚ ਚਰਚਾ ਰਹੀ। ਕਾਂਗਰਸ ਪਾਰਟੀ ਵਲੋਂ ਇਸ ਵਾਰ ਕਾਨਫ਼ਰੰਸ ਦਾ ਕਾਰਨ ਭਾਵੇਂ ਕਾਂਗਰਸ ਦੇ ਕਈ ਸੂਬਾਈ ਆਗੂਆਂ ਦਾ ਪੰਜਾਬ ਤੋਂ ਬਾਹਰ ਹੋਣਾ ਦੱਸਿਆ ਜਾ ਰਿਹਾ ਹੈ, ਪਰ ਦੂਜੇ ਪਾਸੇ ਇਸ ਨੂੰ ਸਥਾਨਕ ਕਾਂਗਰਸੀ ਆਗੂਆਂ ਦੀ ਆਪਸੀ ਧੜੇਬੰਦੀ ਵੀ ਦੱਸਿਆ ਜਾ ਰਿਹਾ ਹੈ। ਰੈਲੀ ਵਿੱਚ ਆਏ ਅੰਮ੍ਰਿਤਪਾਲ ਦੇ ਸਮਰਥਕਾਂ ਨੇ ਵਾਰ-ਵਾਰ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ।

# ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਮੀਟਿੰਗ ਵਿਚ ਲਏ ਪੰਥਕ ਫੈਸਲੇ !

## ✪ ਭਾਈ ਰਾਜੋਆਣਾ ਦੀ ਫਾਂਸੀ ਮੁਆਫ਼ੀ ਬਾਰੇ ਜਦੋ ਜਹਿਦ ਕਰੇਗੀ ਸ਼੍ਰੋਮਣੀ ਕਮੇਟੀ
## ✪ ਉਲੰਪੀਅਨ ਹਾਕੀ ਖਿਡਾਰੀ ਜਰਮਨਜੀਤ ਸਿੰਘ ਨੂੰ 5 ਲੱਖ ਰੁਪਏ ਦਾ ਐਲਾਨ





ਅੰਮ੍ਰਿਤਸਰ-ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਵਿੱਚ ਪੰਥਕ ਫੈਸਲੇ ਕੀਤੇ ਗਏ ਹਨ। ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰੈਸ ਕਾਨਫਰੰਸ ਕਰਕੇ ਇਸ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਇਨ੍ਹਾਂ ਵਿੱਚ ਪਿਛਲੇ ਦਿਨੀਂ ਫੌਤ ਹੋਏ ਕਮੇਟੀ ਦੇ ਮੁਲਾਜ਼ਮਾਂ ਨੂੰ ਮਾਲੀ ਸਹਾਇਤਾ ਤੇ ਨੌਕਰੀ ਦੇ ਨਾਲ-ਨਾਲ ਸਾਬਤ ਸੂਰਤ ਹਾਕੀ ਖਿਡਾਰੀ ਜਰਮਨਜੀਤ ਸਿੰਘ ਨੂੰ 5 ਲੱਖ ਰੁਪਏ ਦਾ ਐਲਾਨ ਅਤੇ ਸਭ ਤੋਂ ਅਹਿਮ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ’ਤੇ ਆਖ਼ਰੀ ਵਾਰ ਯਤਨ ਕਰਨ ਦੇ ਫੈਸਲੇ ਸ਼ਾਮਲ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਐਗਜ਼ੈਕਟਿਵ ਕਮੇਟੀ ਨੇ ਮਹਿਸੂਸ ਕੀਤਾ ਹੈ ਕਿ ਸਿੱਖ ਅੱਜ ਵੀ ਗੁਲਾਮ ਹਨ। ਦੇਸ਼ ਵਿੱਚ ਸਿੱਖਾਂ ਲਈ ਵੱਖਰਾ ਕਾਨੂੰਨ ਦਿੱਤਾ ਜਾ ਰਿਹਾ ਹੈ। ਇਸ ਬਾਰੇ ਕਿਸੇ ਕੋਲ ਸਪਸ਼ਟੀਕਰਨ ਨਹੀਂ ਹੈ। 2019 ਵਿੱਚ ਫੈਸਲਾ ਹੋਇਆ ਸੀ ਕਿ ਬੰਦੀ ਸਿੰਘਾਂ ਨੂੰ ਪੈਰੋਲ ’ਤੇ ਰਿਹਾਅ ਕਰਾਂਗੇ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ ਕੀਤੀ ਜਾਵੇਗੀ। ਇਹ ਮਾਮਲਾ 2012 ਤੋਂ ਲੰਬਿਤ ਹੈ, ਰਾਜੋਆਣਾ ਦੇ ਸਬੰਧ ਵਿੱਚ 27 ਮਾਰਚ 2012 ਨੂੰ ਇਸ ਸਬੰਧੀ ਕਮੇਟੀ ਨੇ ਰਾਸ਼ਟਰਪਤੀ ਨੂੰ ਇੱਕ ਰਿੱਟ ਪਟੀਸ਼ਨ ਪਾਈ ਸੀ। ਤਤਕਾਲੀ ਰਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਇਹ ਪਟੀਸ਼ਨ ਪੈਂਡਿੰਗ ਕਰ ਦਿੱਤੀ ਸੀ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਸਬ ਕਮੇਟੀ ਬਣਾ ਕੇ ਰਾਸ਼ਟਰਪਤੀ ਨਾਲ ਮੁਲਾਕਾਤ ਵੀ ਕੀਤੀ।

ਇਸ ਤੋਂ ਬਾਅਦ ਵੀ ਕਾਫੀ ਯਤਨ ਕੀਤੇ ਗਏ ਸਨ ਪਰ ਭਾਈ ਰਾਜੋਆਣਾ ਦੀ ਰਹਿਮ ਦੀ ਅਪੀਲ ਦਾ ਕੋਈ ਫੈਸਲਾ ਨਹੀਂ ਕੀਤਾ ਗਿਆ। ਫਲਸਰੂਪ ਮਾਮਲਾ ਸੁਪਰੀਮ ਕੋਰਟ ਚਲਾ ਗਿਆ। ਅਦਾਲਤ ਨੇ 2022 ਵਿੱਚ ਫੈਸਲਾ ਕੀਤਾ ਕਿ ਸਰਕਾਰ ਆਪਣੇ ਤੌਰ ’ਤੇ ਭਾਈ ਰਾਜੋਆਣਾ ਬਾਰੇ ਫੈਸਲਾ ਕਰੇ। ਪਰ ਹਾਲੇ ਤੱਕ ਸਰਕਾਰ ਨੇ ਇਸ ਬਾਰੇ ਕੋਈ ਫੈਸਲਾ ਨਹੀਂ ਲਿਆ। ਸਰਕਾਰ ਆਪਣੇ ਵਾਅਦੇ ਤੋਂ ਮੁੱਕਰ ਗਈ।

ਉਨ੍ਹਾਂ ਦੱਸਿਆ ਕਿ ਇਸ ਬਾਰੇ ਭਾਈ ਰਾਜੋਆਣਾ ਨੇ ਵੀ ਕਿਹਾ ਹੈ ਕਿ ਉਨ੍ਹਾਂ ਦੀ ਰਹਿਮ ਦੀ ਪਟੀਸ਼ਨ ਤੋਂ ਸਟੇਅ ਖ਼ਤਮ ਕੀਤਾ ਜਾਵੇ ਤਾਂ ਜੋ ਉਹ ਆਪਣਾ ਅਗਲਾ ਰਾਹ ਅਖ਼ਤਿਆਰ ਕਰ ਸਕਣ। ਉਨ੍ਹਾਂ ਕਿਹਾ ਕਿ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਰਾਸ਼ਟਰਪਤੀ ਨੂੰ ਆਖ਼ਰੀ ਰਿਪਰਜ਼ੈਂਟੇਸ਼ਨ ਦਿੱਤੀ ਜਾ ਰਹੀ ਹੈ। ਡੈਪੂਟੇਸ਼ਨ ਹੁਣ ਤੱਕ ਦੇ ਸਾਰੇ ਫੈਸਲਿਆਂ ਦਾ ਵੇਰਵਾ ਲੈ ਕੇ ਜਾਵੇਗਾ ਤੇ ਇਸ ਮਾਮਲੇ ’ਤੇ ਤੁਰੰਤ ਫੈਸਲੇ ਦੀ ਮੰਗ ਕਰੇਗਾ। ਸਰਕਾਰ ਦੁਆਰਾ ਕੀਤੇ ਫੈਸਲਾ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਜਾਵੇਗੀ

ਸ਼੍ਰੋਮਣੀ ਕਮੇਟੀ ਨੇ ਪਿਛਲੇ ਦਿਨੀਂ ਲੰਗਰ ਹਾਲ ਵਿੱਚ ਕੜਾਹੇ ’ਚ ਡਿੱਗਣ ਕਰਕੇ ਫ਼ੌਤ ਹੋਣ ਵਾਲੇ ਸੇਵਾਦਾਰ ਦੇ ਪਰਿਵਾਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ 5 ਲੱਖ ਰੁਪਏ ਦੀ ਮਾਲੀ ਸਹਾਇਤਾ ਤੇ ਉਨ੍ਹਾਂ ਦੀ ਪਤਨੀ ਜਾਂ ਬੇਟੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਤੁਰੰਤ ਨੌਕਰੀ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਗੁਰਦੁਆਰਾ ਜਾਮਨੀ ਸਾਹਿਬ ਵਿੱਚ ਗੈਸ ਸਿਲੰਡਰ ਦੇ ਫਟਣ ਕਰਕੇ ਵਾਪਰੀ ਇੱਕ ਹੋਰ ਮੰਦਭਾਗੀ ਘਟਨਾ ਵਿੱਚ ਫੌਤ ਹੋਏ ਧੂਫੀਆ ਮੁਲਾਜ਼ਮ ਦੇ ਪਰਿਵਾਰ ਨੂੰ ਵੀ 5 ਲੱਖ ਦੀ ਮਾਲੀ ਸਹਾਇਤਾ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਤੁਰੰਤ ਨੌਕਰੀ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਹਾਦਸੇ ਵਿੱਚ 5 ਬੱਚੇ ਵੀ ਅੱਗ ਦੇ ਸੇਕ ਵਿੱਚ ਆਏ ਸਨ। ਹਰੇਕ ਬੱਚੇ ਨੂੰ ਵੀ 75000 ਰੁਪਏ ਦੇਣ ਦਾ ਐਲਾਨ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਕਮੇਟੀ ਨੇ ਸਤੰਬਰ ਵਿੱਚ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ 100 ਸਾਲਾ ਜਨਮ ਸ਼ਤਾਬਦੀ ਨੂੰ ਵੱਡੇ ਪੱਧਰ ’ਤੇ ਮਨਾਉਣ ਦਾ ਨਿਰਣਾ ਕੀਤਾ ਹੈ।

### ਹਰਿਆਣਾ ਸਰਕਾਰ ਵੱਲੋਂ ਦੁਬਾਰਾ ਐਡਹਾਕ ਕਮੇਟੀ ਬਣਾਉਣ ਦਾ ਵਿਰੋਧ

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਜਦੋਂ ਸ਼੍ਰੋਮਣੀ ਕਮੇਟੀ ਤੋਂ ਹਰਿਆਣਾ ਕਮੇਟੀ ਨੂੰ ਵੱਖਰਾ ਕੀਤਾ ਗਿਆ ਸੀ ਤਾਂ ਉਨ੍ਹਾਂ ਉਦੋਂ ਵੀ ਖ਼ਦਸ਼ਾ ਜਤਾਇਆ ਸੀ ਕਿ ਇਹ ਸ਼੍ਰੋਮਣੀ ਕਮੇਟੀ ਵਿੱਚ ਸਿੱਧੀ ਦਖ਼ਲ ਅੰਦਾਜ਼ੀ ਹੈ। ਹੁਣ ਫਿਰ ਤੋਂ ਹਰਿਆਣਾ ਵਿੱਚ ਦੂਜੀ ਵਾਰ ਐਡਹਾਕ ਕਮੇਟੀ ਬਣਾਈ ਗਈ ਹੈ ਜਿਸ ’ਤੇ ਕਮੇਟੀ ਨੇ ਇਤਰਾਜ਼ ਜ਼ਾਹਰ ਕੀਤਾ ਹੈ। ਵਿਸ਼ੇਸ਼ ਤੌਰ ’ਤੇ ਜੋ ਕਮੇਟੀ ਦੇ ਕਾਰਕੁੰਨ ਹਨ, ਉਨ੍ਹਾਂ ਦੇ ਕਿਸੇ ਵਿਸ਼ੇਸ਼ ਪਾਰਟੀ ਨਾਲ ਸਬੰਧ ਹੋਣ ’ਤੇ ਉਨ੍ਹਾਂ ਚਿੰਤਾ ਜਤਾਈ ਹੈ। ਉਨ੍ਹਾਂ ਕਿਹਾ ਕਿ ਇਹ ਹੁਣ ਸਾਬਿਤ ਹੋ ਗਿਆ ਹੈ ਕਿ ਹਰਿਆਣਾ ਸਰਕਾਰ ਹੀ ਕਮੇਟੀ ਨੂੰ ਚਲਾ ਰਹੀ ਹੈ ਕੇ ਅੱਗੇ ਵੀ ਚਲਾਏਗੀ। ਸ਼੍ਰੋਮਣੀ ਨੂੰ ਤੋੜਨ ਲਈ ਮੌਕੇ ਦੀ ਸਰਕਾਰ ਨੇ ਕੋਈ ਮੌਕਾ ਨਹੀਂ ਛੱਡਿਆ। ਉਨ੍ਹਾਂ ਚਿੰਤਾ ਜਤਾਈ ਕਿ ਦਿੱਲੀ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਤਰਾਂ ਹੁਣ ਇਹ ਕੋਝਾ ਯਤਨ ਪੰਜਾਬ ਵਿੱਚ ਵੀ ਸ਼ੁਰੂ ਹੋ ਗਿਆ ਹੈ।

### ਜਥੇਦਾਰ ਦੇ ਕਥਾਵਾਚਕਾਂ ਨੂੰ ਨਿਰਦੇਸ਼

ਇਸ ਤੋਂ ਇਲਾਵਾ ਜਥੇਦਾਰ ਸਾਹਿਬ ਦੀ ਚਿੱਠੀ ਪੜ੍ਹ ਕੇ ਸੁਣਾਈ ਜਿਸ ਵਿੱਚ ਉਨ੍ਹਾਂ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਕਥਾ ਕਰਨ ਵਾਲੇ ਕਥਾਵਾਚਕਾਂ ਤੇ ਵਿਦਵਾਨਾਂ ਨੂੰ ਹੁਕਮ ਦਿੱਤੇ ਹਨ ਕਿ ਜਿਵੇਂ ਇਤਿਹਾਸ ਵਿੱਚ ਜਾਂ ਬਾਣੀ ਵਿੱਚ ਗੁਰੂ ਸਾਹਿਬਾਨਾਂ ਨੇ ਭੱਟਾਂ, ਭਗਤਾਂ ਆਦਿ ਨੂੰ ਜੋ ਸਨਮਾਨ ਬਖ਼ਸ਼ਿਆ ਹੈ ਉਹ ਉਸੇ ਨਾਵਾਂ ਨਾਲ ਹੀ ਉਨ੍ਹਾਂ ਨੂੰ ਸੰਬੋਧਨ ਕਰਨ, ਹਰੇਕ ਨੂੰ ਬਾਬਾ ਕਹਿ ਕੇ ਸੰਬੋਧਿਤ ਨਾ ਕਰਨ। ਇਸ ਨਾਲ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਨਾਲ ਸਾਂਝੀਵਾਲਤਾ ਦਾ ਸੰਦੇਸ਼ ਜਾਂਦਾ ਹੈ।

# ਜਥੇਦਾਰ ਸੌਦਾ ਸਾਧ ਦੀ ਪੈਰੋਲ ’ਤੇ ਔਖੇ

## ✪ ਕਿਹਾ-ਹਰਿਆਣਾ ਚੋਣਾਂ ਵਿਚ ਲਾਭ ਲਈ ਸਰਕਾਰ ਦੇ ਰਹੀ ਹੈ ਪੈਰੋਲ ✪ ਸੌਦਾ ਸਾਧ ਨੂੰ ਪੈਰੋਲ, ਬੰਦੀ ਸਿਖਾਂ ਨੂੰ ਕਿਉਂ ਨਹੀਂ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਦੀ ਫਰਲੋ ’ਤੇ ਸਵਾਲ ਖੜ੍ਹੇ ਕੀਤੇ ਹਨ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਹਰਿਆਣਾ ਚੋਣਾਂ ਲਈ ਬਲਾਤਕਾਰੀਆਂ ਨੂੰ ਪੈਰੋਲ ਦਿੱਤੀ ਜਾ ਸਕਦੀ ਹੈ ਪਰ ਇਹ ਕਿਹੋ ਜਿਹਾ ਇਨਸਾਫ ਹੈ ਜਿਸ ਕਾਰਨ ਜੇਲ੍ਹਾਂ ਵਿੱਚ ਬੰਦ ਸਿੱਖਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਸਿੱਖਾਂ ਨਾਲ ਬੇਇਨਸਾਫ਼ੀ ਹੋ ਰਹੀ ਹੈ ਕਿ ਧਰਮ ਦੀ ਖਾਤਰ ਜੇਲ੍ਹਾਂ ਵਿੱਚ ਬੰਦ ਸਿੱਖਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।

ਉਨ੍ਹਾਂ ਨੇ ਕਿਹਾ ਕਿ ਸਿੱਖ 32 ਸਾਲਾਂ ਤੋਂ ਜੇਲ੍ਹ ਵਿੱਚ ਹਨ। ਸਜ਼ਾ ਪੂਰੀ ਕਰਨ ਤੋਂ ਬਾਅਦ ਵੀ ਉਸ ਨੂੰ ਰਿਹਾਈ ਨਹੀਂ ਮਿਲ ਰਹੀ। ਉਨ੍ਹਾਂ ਨੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਮੁੜ ਵਿਚਾਰ ਕਰਨ ਲਈ ਕਿਹਾ ਹੈ। ਪਰ ਕੇਸ ਅਜੇ ਵੀ ਪੈਂਡਿੰਗ ਪਏ ਹਨ। ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦਾ ਫੈਸਲਾ 12 ਸਾਲਾਂ ਤੋਂ ਲਟਕਿਆ ਹੋਇਆ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਹੈ ਕਿ ਅੰਤਿਮ ਫੈਸਲਾ ਸਰਕਾਰ ਨੇ ਲੈਣਾ ਹੈ। 12 ਸਾਲਾਂ ਤੋਂ ਸਰਕਾਰ ਇਹ ਫੈਸਲਾ ਨਹੀਂ ਕਰ ਸਕੀ ਕਿ ਉਸਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਿਆ ਜਾਵੇ ਜਾਂ ਨਹੀਂ।

ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਰਵਨੀਤ ਸਿੰਘ ਬਿੱਟੂ ਦੇ ਹੱਕ ਵਿੱਚ ਲੁਧਿਆਣਾ ਵਿੱਚ ਰੈਲੀ ਦੌਰਾਨ ਅਮਿਤ ਸ਼ਾਹ ਨੇ ਕਿਹਾ ਕਿ ਅਸੀਂ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰਾਂਗੇ। ਅਜਿਹੇ ਬਿਆਨ ਨਿੰਦਾ ਦੇ ਹੱਕਦਾਰ ਹਨ। ਜਦਕਿ ਰਾਮ ਰਹੀਮ ਨੂੰ ਸਿਆਸੀ ਲਾਹਾ ਲੈਣ ਲਈ ਵਾਰ-ਵਾਰ ਪੈਰੋਲ ਦਿੱਤੀ ਜਾਂਦੀ ਹੈ।



ਉਨ੍ਹਾਂ ਨੇ ਦੱਸਿਆ ਕਿ ਵੰਡ ਵੇਲੇ ਭਾਰਤ ਅਤੇ ਪਾਕਿਸਤਾਨ ਵਿੱਚ ਖੁਸ਼ੀਆਂ ਮਨਾਈਆਂ ਗਈਆਂ ਸਨ। ਪਰ ਪੰਜਾਬ ਦੀ ਵੰਡ ਵਿਚ ਲੱਖਾਂ ਲੋਕ ਮਾਰੇ ਗਏ। ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ 15 ਅਗਸਤ 1947 ਨੂੰ ਵੰਡ ਦੌਰਾਨ ਮਾਰੇ ਗਏ ਲੋਕਾਂ ਦੀ ਆਤਮਾ ਦੀ ਸ਼ਾਂਤੀ ਲਈ ਪਾਠ ਦਾ ਆਯੋਜਨ ਕੀਤਾ ਜਾਂਦਾ ਹੈ। ਪਰ ਨਾ ਤਾਂ ਭਾਰਤ ਅਤੇ ਨਾ ਹੀ ਪਾਕਿਸਤਾਨ ਦੀ ਸੰਸਦ ਨੂੰ ਇਨ੍ਹਾਂ ਮਾਰੇ ਗਏ ਲੋਕਾਂ ਨੂੰ ਯਾਦ ਹੈ।

-ਮਾਮਲਾ ਗੁਰਦੁਆਰੇ ਵਿਖੇ ਤੀਆਂ ਮਨਾਉਣ ਦਾ-

## ਜਥੇਦਾਰ ਅਕਾਲ ਤਖਤ ਸਾਹਿਬ ਨੇ ਰਿਪੋਰਟ ਮੰਗੀ

ਅੰਮ੍ਰਿਤਸਰ-ਇੱਕ ਗੁਰਦੁਆਰੇ ਦੇ ਕੈਂਪਸ ਵਿੱਚ ਢੋਲ-ਢਮੱਕੇ ਨਾਲ ਤੀਆਂ ਮਨਾਉਣ ਅਤੇ ਨਾਚ ਗਾਣੇ ਦਾ ਪ੍ਰੋਗਰਾਮ ਕੀਤੇ ਜਾਣ ਦਾ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਇਸ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੜਤਾਲ ਕਰਵਾਉਣ ਅਤੇ ਇਸ ਦੀ ਰਿਪੋਰਟ ਸ੍ਰੀ ਅਕਾਲ ਤਖਤ ਭੇਜਣ ਦੇ ਹੁਕਮ ਦਿੱਤੇ ਹਨ।

ਅਕਾਲ ਤਖਤ ਸਕੱਤਰੇਤ ਤੋਂ ਮਿਲੀ ਜਾਣਕਾਰੀ ਮੁਤਾਬਕ ਇਹ ਮਾਮਲਾ ਬੇਗੋਵਾਲ ਖੇਤਰ ਦੇ ਗੁਰਦੁਆਰਾ ਬਾਬਾ ਦਲੀਪ ਸਿੰਘ, ਪਿੰਡ ਨੰਗਲ ਲੁਬਾਣਾ ਨਾਲ ਸਬੰਧਤ ਹੈ। ਇਸ ਸਬੰਧੀ ਇੱਕ ਵੀਡੀਓ ਵੀ ਵਾਇਰਲ ਹੋਈ ਅਤੇ ਇਸ ਸਬੰਧੀ ਸ਼ਿਕਾਇਤਾਂ ਅਕਾਲ ਤਖ਼ਤ 'ਤੇ ਪੁੱਜੀਆਂ ਹਨ ਜਿਸ ਤੋਂ ਬਾਅਦ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਦਾ ਨੋਟਿਸ ਲਿਆ ਹੈ।

ਜਥੇਦਾਰ ਨੇ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰੇ ਦੇ ਦੀਵਾਨ ਹਾਲ ਵਿਖੇ ਗੁਰਮਤਿ ਦੇ ਉਲਟ ਢੋਲ-ਢਮੱਕੇ ਨਾਲ ਤੀਆਂ ਦਾ ਨਾਚ ਗਾਣੇ ਦਾ ਪ੍ਰੋਗਰਾਮ ਕਰਵਾਉਣ ਦੀ ਆਗਿਆ ਦੇ ਕੇ ਬੱਜਰ ਭੁੱਲ ਕੀਤੀ ਹੈ। ਇਹ ਗੁਰਮਤਿ ਦੀ ਘੋਰ ਉਲੰਘਣਾ ਹੈ ਅਤੇ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।



ਉਨ੍ਹਾਂ ਇਸ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਆਖਿਆ ਕਿ ਉਹ ਇਸ ਮਾਮਲੇ ਦੀ ਤੁਰੰਤ ਪੜਤਾਲ ਕਰਵਾਉਣ ਅਤੇ ਰਿਪੋਰਟ ਅਕਾਲ ਤਖਤ ਵਿਖੇ ਸੌਂਪੀ ਜਾਵੇ। ਇਸ ਮਾਮਲੇ ਵਿੱਚ ਗੁਰਦੁਆਰਾ ਪ੍ਰਬੰਧਕਾਂ ਖਿਲਾਫ ਬਣਦੀ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰਮਤਿ ਵਿਰੋਧੀ ਕਾਰਜ ਕਰਵਾਉਣ ਦੀ ਆਗਿਆ ਦੇਣ ਖਿਲਾਫ਼ ਸਿੱਖ ਪ੍ਰੰਪਰਾਵਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇ।

## ਭਾਈ ਨਿੱਝਰ ਦੇ ਸਭ ਤੋਂ ਕਰੀਬੀ ਸਾਥੀ 'ਤੇ ਚੱਲੀਆਂ ਗੋਲ਼ੀਆਂ!

### ✪ ਅਮਰੀਕੀ ਪੁਲਿਸ ਕਰ ਰਹੀ ਜਾਂਚ




ਵਸ਼ਿੰਗਟਨ-ਹਰਦੀਪ ਸਿੰਘ ਨਿੱਝਰ ਦੇ ਕਰੀਬੀ ਸਾਥੀ 'ਤੇ ਜਾਨਲੇਵਾ ਹਮਲਾ ਹੋਇਆ ਹੈ। ਜਾਣਕਾਰੀ ਮੁਤਾਬਕ ਸਿੱਖ ਫਾਰ ਜਸਟਿਸ ਦੇ ਸਤਿੰਦਰਪਾਲ ਸਿੰਘ ਰਾਜੂ ਨੂੰ ਸੈਨ ਫ੍ਰਾਂਸਿਸਕੋ ਵਿੱਚ ਨਿਸ਼ਾਨਾ ਬਣਾਇਆ ਗਿਆ ਹੈ। ਉਹ ਹਮਲੇ ਵਿੱਚ ਵਾਲ-ਵਾਲ ਬਚ ਗਏ ਹਨ। ਹਮਲਾ 11 ਅਗਸਤ ਦਾ ਦੱਸਿਆ ਜਾ ਰਿਹਾ ਹੈ ਪਰ ਖ਼ਬਰ ਹੁਣ ਸਾਹਮਣੇ ਆਈ ਹੈ।

ਦੱਸਿਆ ਜਾ ਰਿਹਾ ਹੈ ਕਿ ਸਤਿੰਦਰਪਾਲ ਸਿੰਘ ਰਾਜੂ ਟਰੱਕ ਵਿੱਚ ਜਾ ਰਿਹਾ ਸੀ, ਉਸ ਵੇਲੇ ਹਮਲਾਵਰਾਂ ਨੇ ਉਸ 'ਤੇ ਗੋਲ਼ੀਆਂ ਚਲਾ ਦਿੱਤੀਆਂ। ਹੁਣ ਤੱਕ ਅਮਰੀਕੀ ਪੁਲਿਸ ਨੇ ਇਸ ਮਾਮਲੇ ਵਿੱਚ ਗ੍ਰਿਫ਼ਤਾਰੀ ਨਹੀਂ ਕੀਤੀ ਹੈ। ਸਤਿੰਦਰਪਾਲ ਸਿੰਘ ਰਾਜੂ ਸਿੱਖ ਫਾਰ ਜਸਟਿਸ ਦੇ ਮੈਂਬਰ ਹਨ, ਸਿੱਖ ਫਾਰ ਜਸਟਿਸ 'ਤੇ ਭਾਰਤ ਸਰਕਾਰ ਨੇ ਅਤਿਵਾਦ ਵਿਰੋਧੀ ਕਾਨੂੰਨ ਤਹਿਤ ਪਾਬੰਦੀ ਲਗਾਈ ਹੋਈ ਹੈ। ਰਾਜੂ ਨਿੱਝਰ ਦਾ ਕਰੀਬੀ ਮੰਨਿਆ ਜਾਂਦਾ ਹੈ।

ਯਾਦ ਰਹੇ ਪਿਛਲੇ ਸਾਲ ਹਰਦੀਪ ਸਿੰਘ ਨਿੱਝਰ ਦਾ ਕੈਨੇਡਾ ਵਿੱਚ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਤੋਂ ਬਾਅਦ ਸਿੱਖ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੂੰ ਵੀ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਲਜ਼ਾਮ ਭਾਰਤ ਸਰਕਾਰ ਦੀ ਖੁਫ਼ੀਆ ਏਜੰਸੀ 'ਤੇ ਲੱਗੇ ਸਨ ਕਿ ਉਨ੍ਹਾਂ ਵੱਲੋਂ ਏਜੰਟ ਦੇ ਜ਼ਰੀਏ ਪੰਨੂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਦੀ ਜਾਂਚ ਹੁਣ ਅਮਰੀਕਾ ਦੀ ਪੁਲਿਸ ਕਰ ਰਹੀ ਹੈ।

ਇਸ ਮਾਮਲੇ ਵਿੱਚ ਅਮਰੀਕੀ ਸਰਕਾਰ ਨੇ ਭਾਰਤ ਨੂੰ ਵੀ ਜਾਂਚ ਵਿੱਚ ਸਹਿਯੋਗ ਕਰਨ ਦੀ ਮੰਗ ਕੀਤੀ ਸੀ। ਜਿਸ ਤੋਂ ਬਾਅਦ ਭਾਰਤ ਸਰਕਾਰ ਨੇ ਜਾਂਚ ਲਈ ਕਮੇਟੀ ਦਾ ਗਠਨ ਕੀਤਾ ਸੀ। ਪੰਨੂ ਕਤਲ ਦੀ ਸਾਜਿਸ਼ ਦੇ ਮਾਮਲੇ ਦੀ ਜਾਂਚ ਲਈ ਅਮਰੀਕਾ ਦੇ ਕਈ ਅਧਿਕਾਰੀ ਵੀ ਭਾਰਤ ਆ ਚੁੱਕੇ ਹਨ।

## ਪੁਰਾਣੇ ਕੇਸ ਵਿਚ ਸੁਣਵਾਈ ਦੌਰਾਨ ਗੈਰ ਹਾਜ਼ਰ ਰਹਿਣ ਕਾਰਣ ਸੰਜੇ ਸਿੰਘ ਤੇ ਹੋਰਾਂ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ



ਸੁਲਤਾਨਪੁਰ (ਯੂ.ਪੀ.)-ਸੁਲਤਾਨਪੁਰ ਦੀ ਅਦਾਲਤ ਨੇ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਦੇ ਦੋ ਦਹਾਕੇ ਪੁਰਾਣੇ ਕੇਸ ਦੀ ਸੁਣਵਾਈ 'ਚ ਗੈਰ-ਹਾਜ਼ਰ ਰਹਿਣ 'ਤੇ ਸਖ਼ਤ ਇਤਰਾਜ਼ ਜਤਾਇਆ ਅਤੇ ਪੁਲਿਸ ਨੂੰ ਉਨ੍ਹਾਂ ਅਤੇ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ 28 ਅਗਸਤ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ ਹੈ। ਸੰਜੇ ਸਿੰਘ ਆਪਣੇ ਖ਼ਿਲਾਫ਼ 23 ਸਾਲ ਪੁਰਾਣੇ ਮਾਮਲੇ ਦੇ ਸੰਬੰਧ 'ਚ ਇਥੇ ਐਮ.ਪੀ./ਐਮ.ਐਲ.ਏ ਅਦਾਲਤ 'ਚ ਪੇਸ਼ ਨਹੀਂ ਹੋਏ ਸੀ। ਰਾਜ ਸਭਾ ਮੈਂਬਰ ਸਿੰਘ, ਸਮਾਜਵਾਦੀ ਪਾਰਟੀ ਦੇ ਨੇਤਾ ਅਨੂਪ ਸੰਡਾ ਦੇ ਨਾਲ ਪੇਸ਼ ਹੋਣ ਵਾਲੇ ਸਨ, ਜੋ ਵੀ ਇਸ ਦੌਰਾਨ ਗੈਰ-ਹਾਜ਼ਰ ਰਹੇ ।

## ਰਾਜਸਭਾ ਲਈ ਐਲਾਨੇ 9 ਉਮੀਦਵਾਰਾਂ 'ਚ ਬਿੱਟੂ ਦਾ ਨਾਂ!

### ✪ ਇਸ ਸੂਬੇ ਤੋਂ ਹੋਣਗੇ ਪਾਰਟੀ ਦੇ ਉਮੀਦਵਾਰ



ਬਿਊਰੋ ਰਿਪੋਰਟ-ਬੀਜੇਪੀ ਨੇ ਰਾਜਸਭਾ ਦੇ ਲਈ 9 ਉਮੀਦਵਾਰਾਂ ਦੀ ਲਿਸਟ ਜਾਰੀ ਕਰ ਦਿੱਤੀ ਹੈ। ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਬਿੱਟੂ ਨੂੰ ਰਾਜਸਥਾਨ ਤੋਂ ਉਮੀਦਵਾਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਕਾਂਗਰਸ ਛੱਡ ਕੇ ਬੀਜੇਪੀ ਵਿੱਚ ਸ਼ਾਮਲ ਹੋਈ ਕਿਰਨ ਚੌਧਰੀ ਨੂੰ ਹਰਿਆਣਾ ਤੋਂ ਰਾਜਸਭਾ ਦਾ ਉਮੀਦਵਾਰ ਬਣਾਇਆ ਗਿਆ ਹੈ ਅੱਜ ਹੀ ਉਨ੍ਹਾਂ ਨੇ ਵਿਧਾਇਕੀ ਤੋਂ ਅਸਤੀਫ਼ਾ ਦਿੱਤਾ ਸੀ ਜਿਸ ਨੂੰ ਹਰਿਆਣਾ ਦੇ ਸਪੀਕਰ ਵੱਲੋਂ ਮਨਜ਼ੂਰ ਕਰ ਲਿਆ ਗਿਆ ਹੈ। ਰਵਨੀਤ ਸਿੰਘ ਬਿੱਟੂ ਲੁਧਿਆਣਾ ਤੋਂ ਲੋਕਸਭਾ ਚੋਣ ਹਾਰ ਗਏ ਸਨ ਪਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵਾਅਦੇ ਮੁਤਾਬਿਕ ਉਨ੍ਹਾਂ ਨੂੰ ਕੇਂਦਰ ਵਿੱਚ ਮੰਤਰੀ ਦਾ ਅਹੁਦਾ ਦਿੱਤਾ ਸੀ। ਇਸ ਲਿਹਾਜ਼ ਦੇ ਨਾਲ ਬਿੱਟੂ ਦਾ 6 ਮਹੀਨੇ ਦੇ ਅੰਦਰ ਕਿਸੇ ਹੀ ਸਦਨ ਦਾ ਮੈਂਬਰ ਬਣਨਾ ਜ਼ਰੂਰੀ ਸੀ ਇਸੇ ਲਈ ਬਿੱਟੂ ਨੂੰ ਰਾਜਸਥਾਨ ਤੋਂ ਐੱਮਪੀ ਬਣਾਇਆ ਜਾ ਰਿਹਾ ਹੈ। ਬੀਜੇਪੀ ਬਿੱਟੂ ਦੇ ਜ਼ਰੀਏ ਪੰਜਾਬ ਦੀ ਸਿਆਸਤ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ।

## ਜੰਮੂ-ਕਸ਼ਮੀਰ ਵਿੱਚ ਆਪਣੇ ਮੁੱਦਿਆਂ ਨੂੰ ਲੈ ਕੇ ਚੋਣਾਂ ਲੜਨਗੇ ਸਿੱਖ!

ਸ਼੍ਰੀਨਗਰ-ਜੰਮੂ-ਕਸ਼ਮੀਰ ਵਿੱਚ ਚੋਣਾਂ ਦਾ ਐਲਾਨ ਹੋ ਚੁੱਕਿਆ ਹੈ। ਖ਼ਬਰ ਹੈ ਕਿ ਜੰਮੂ-ਕਸ਼ਮੀਰ ਦੇ ਸਿੱਖ ਆਪਣੇ ਮੁੱਦਿਆਂ ਨਾਲ ਚੋਣ ਮੈਦਾਨ ਵਿੱਚ ਉੱਤਰਨਗੇ। ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਇਸ ਸਬੰਧੀ ਐਲਾਨ ਕੀਤਾ ਹੈ ਕਿ ਉਹ ਬਹੁਗਿਣਤੀ ਦੀ ਮਦਦ ਨਾਲ ਜੰਮੂ ਅਤੇ ਕਸ਼ਮੀਰ ਦੀਆਂ ਅੱਠ ਤੋਂ ਬਾਰਾਂ ਵਿਧਾਨ ਸਭਾ ਸੀਟਾਂ 'ਤੇ ਚੋਣ ਲੜ ਸਕਦੇ ਹਨ।




ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਣਾ ਨੇ ਦੱਸਿਆ ਕਿ ਹੁਣ ਤੱਕ ਜੰਮੂ ਅਤੇ ਕਸ਼ਮੀਰ ਵਿੱਚ ਕਈ ਸਿਆਸੀ ਪਾਰਟੀਆਂ ਆਈਆਂ ਹਨ ਪਰ ਕਿਸੇ ਨੇ ਵੀ ਸਿੱਖਾਂ ਦੀ ਬਾਂਹ ਨਹੀਂ ਫੜੀ ਸਗੋਂ ਸਿੱਖਾਂ ਨੂੰ ਸਿਰਫ ਆਪਣੇ ਵੋਟ ਬੈਂਕ ਲਈ ਵਰਤਿਆ ਹੈ ਜਿਸ ਦਾ ਸਿੱਟਾ ਹੈ ਕਿ ਸਿੱਖਾਂ ਦੀਆਂ ਸਮੱਸਿਆਵਾਂ ਦਾ ਹਾਲੇ ਤੱਕ ਕੋਈ ਪੁਖ਼ਤਾ ਹੱਲ ਨਹੀਂ ਨਿਕਲ ਸਕਿਆ। ਘੱਟ ਗਿਣਤੀ ਹੋਣ ਦੇ ਬਾਵਜੂਦ ਸਿੱਖਾਂ ਨੂੰ ਘੱਟ ਗਿਣਤੀ ਦਾ ਦਰਜਾ ਨਹੀਂ ਮਿਲ ਸਕਿਆ।

ਰੈਣਾ ਨੇ ਜੰਮੂ-ਕਸ਼ਮੀਰ ਵਿੱਚ ਵੱਸਦੇ ਬਹੁਗਿਣਤੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਇਸ ਵਾਰ ਕਸ਼ਮੀਰੀਅਤ ਦੇ ਭਲੇ ਲਈ ਸਿੱਖ ਭਾਈਚਾਰੇ ਨੂੰ ਸਮਰਥਨ ਦਿੱਤਾ ਜਾਵੇ। ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਇਸ ਸਬੰਧੀ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ ਹਨ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਕਸ਼ਮੀਰ ਘਾਟੀ ਦੀਆਂ ਚਾਰ ਸੀਟਾਂ 'ਤੇ ਨਜ਼ਰ ਬਣਾਈ ਹੋਈ ਹੈ ਜਿੱਥੇ ਸਿੱਖਾਂ ਦੀ ਗਿਣਤੀ ਵਧੇਰੇ ਹੈ। ਇਨ੍ਹਾਂ ਵਿੱਚ ਪੁਲਵਾਮਾ ਦੀ ਤਰਾਲ ਸੀਟ, ਬਾਰਾਮੁੱਲਾ, ਸ਼੍ਰੀਨਗਰ ਅਤੇ ਅਮੀਰਾ ਕਦਲ ਵਿਧਾਨ ਸਭਾ ਖੇਤਰ ਸ਼ਾਮਲ ਹਨ। ਪੁਲਵਾਮਾ ਵਿੱਚ ਲਗਪਗ 14 ਹਜ਼ਾਰ, ਬਾਰਾਮੁੱਲਾ ਵਿੱਚ ਲਗਪਗ 17 ਹਜ਼ਾਰ, ਸ਼੍ਰੀਨਗਰ ਅਤੇ ਅਮੀਰਾ ਕਦਲ ਵਿੱਚ ਕ੍ਰਮਵਾਰ ਸੱਤ ਅਤੇ ਅੱਠ ਹਜ਼ਾਰ ਸਿੱਖ ਰਹਿੰਦੇ ਹਨ।

# ਕੀ ਬਲੋਚਿਸਤਾਨ ਵੱਖਰਾ ਦੇਸ਼ ਬਣੇਗਾ ? ਰੋਸ ਮੁਜ਼ਾਹਰੇ ਜਾਰੀ

**✪ ਬਲੋਚਿਸਤਾਨ ਵਿਚ 20 ਸਾਲਾਂ ਤੋਂ ਹੋ ਰਹੇ ਸੰਘਰਸ਼ਸ਼ੀਲ ਲੋਕ ਲਾਪਤਾ, ਗੁਆਚੇ ਲੋਕਾਂ ਦੀਆਂ ਮਿਲ ਰਹੀਆਂ ਲਾਸ਼ਾਂ ✪ ਪਾਕਿਸਤਾਨੀ ਖ਼ੁਫ਼ੀਆ ਏਜੰਸੀਆਂ 'ਤੇ ਲੱਗੇ ਗੰਭੀਰ ਦੋਸ਼ ✪ ਕੀ ਪਾਕਿ ਗੋਦੀ ਮੀਡੀਆ ਬਲੋਚੀਆਂ ਨੂੰ ਅੱਤਵਾਦੀ, ਦੇਸ਼ ਧ੍ਰੋਹੀ ਦੇ ਤਗਮੇ ਵੰਡਣ ਲਗਾ**

## ਵਿਸ਼ੇਸ਼ ਰਿਪੋਟ

ਪੁਸ਼ਪਿੰਦਰ

ਪਾਕਿਸਤਾਨ ਦੇ ਅਸ਼ਾਂਤ ਬਲੋਚਿਸਤਾਨ ਵਿੱਚ ਲੋਕਾਂ ਦੇ ਜਬਰੀ ਲਾਪਤਾ ਹੋਣ ਦੀ ਸਥਿਤੀ ਲਗਾਤਾਰ ਗੰਭੀਰ ਬਣੀ ਹੋਈ ਹੈ। ਇਸ ਸਾਲ ਇਕੱਲੇ ਜੁਲਾਈ ਦੇ ਆਖ਼ਰੀ ਹਫ਼ਤੇ 18 ਲੋਕ ਲਾਪਤਾ ਹੋ ਗਏ ਸਨ। ਇਨ੍ਹਾਂ ਲਾਪਤਾ ਲੋਕਾਂ ਵਿੱਚੋਂ ਪੰਜ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ ਅਤੇ ਚਾਰ ਘਰ ਵਾਪਸ ਆ ਗਏ ਹਨ। ਬਲੋਚਿਸਤਾਨ ਪੋਸਟ ਨੇ ਆਪਣੀ ਦੋ-ਹਫ਼ਤਾਵਾਰੀ ਰਿਪੋਰਟ ਵਿੱਚ ਦੱਸਿਆ ਹੈ ਕਿ ਬਲੋਚਿਸਤਾਨ ਵਿੱਚ ਜ਼ਬਰਦਸਤੀ ਗਾਇਬ ਹੋਣ ਦੀ ਸਮੱਸਿਆ ਪਿਛਲੇ ਵੀਹ ਸਾਲਾਂ ਤੋਂ ਚੱਲ ਰਹੀ ਹੈ। ਇਸ ਦੇ ਲਈ ਬਲੋਚ ਰਾਸ਼ਟਰਵਾਦੀ ਕਾਰਕੁਨ ਅਤੇ ਮਨੁੱਖੀ ਅਧਿਕਾਰ ਸਮੂਹ ਲਗਾਤਾਰ ਪਾਕਿਸਤਾਨੀ ਖੁਫੀਆ ਏਜੰਸੀਆਂ ਅਤੇ ਸੁਰੱਖਿਆ ਬਲਾਂ 'ਤੇ ਦੋਸ਼ ਲਗਾ ਰਹੇ ਹਨ। ਬਲੋਚਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਇਨ੍ਹਾਂ ਅਗਵਾ ਅਤੇ ਕਤਲਾਂ ਨੂੰ ਅੰਜਾਮ ਦੇ ਰਿਹਾ ਹੈ।

ਪਾਕਿਸਤਾਨੀ ਸਰਕਾਰ ਬਲੋਚਿਸਤਾਨ ਵਿੱਚ ਮਨੁੱਖੀ ਅਧਿਕਾਰ ਸੰਗਠਨਾਂ ਦੁਆਰਾ ਮੁਹੱਈਆ ਕਰਵਾਏ ਸਬੂਤਾਂ ਦੇ ਬਾਵਜੂਦ ਕਿਸੇ ਵੀ ਸ਼ਮੂਲੀਅਤ ਤੋਂ ਇਨਕਾਰ ਕਰਦੀ ਰਹੀ ਹੈ। ਹਾਲਾਂਕਿ, ਇਸ ਰਿਪੋਰਟ ਵਿੱਚ ਗਵਾਦਰ ਅਤੇ ਹੋਰ ਖੇਤਰਾਂ ਵਿੱਚ ਨਜ਼ਰਬੰਦ ਕੀਤੇ ਗਏ ਲੋਕਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ। ਇਨ੍ਹਾਂ ਅਗਵਾ ਹੋਏ ਲੋਕਾਂ ਵਿੱਚ ਔਰਤਾਂ, ਬੱਚੇ, ਬਜ਼ੁਰਗ ਅਤੇ ਮਰਦ ਸ਼ਾਮਲ ਹਨ, ਜਿਨ੍ਹਾਂ ਦੀ ਗਿਣਤੀ ਸੈਂਕੜਿਆਂ ਵਿੱਚ ਹੈ। ਅੰਦਾਜ਼ਾ ਹੈ ਕਿ ਹੁਣ ਤੱਕ 500 ਤੋਂ ਵੱਧ ਲੋਕ ਅਗਵਾ ਹੋ ਚੁੱਕੇ ਹਨ। ਰਿਪੋਰਟ ਮੁਤਾਬਕ, ਜ਼ਬਰਦਸਤੀ ਗੁੰਮਸ਼ੁਦਗੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਖੇਤਰ ਕਵੇਟਾ, ਕੇਚ, ਮਸ਼ਕੇ ਅਤੇ ਅਵਾਰਨ ਹਨ।

### ਮਾਰੋ ਅਤੇ ਸੁੱਟੋ ਦੀ ਨੀਤੀ

ਬਲੋਚਿਸਤਾਨ ਪੋਸਟ ਨੇ ਰਿਪੋਰਟ ਦਿੱਤੀ, ''ਬਲੋਚਿਸਤਾਨ ਵਿੱਚ ਜ਼ਬਰਦਸਤੀ ਗੁੰਮਸ਼ੁਦਗੀ ਤੇ ਗੈਰ-ਨਿਆਇਕ ਹੱਤਿਆਵਾਂ ਪਰੇਸ਼ਾਨ ਕਰਨ ਵਾਲੀਆਂ ਹਨ। ਇਸ ਨੂੰ 'ਕਿਲ ਐਂਡ ਡੰਪ' ਨੀਤੀ ਵਜੋਂ ਜਾਣਿਆ ਜਾਂਦਾ ਹੈ। ਇਹ ਰਣਨੀਤੀ ਕਥਿਤ ਤੌਰ 'ਤੇ ਪਾਕਿਸਤਾਨੀ ਖੁਫੀਆ ਏਜੰਸੀਆਂ ਅਤੇ ਸੁਰੱਖਿਆ ਬਲਾਂ ਦੁਆਰਾ ਕੀਤੀ ਜਾ ਰਹੀ ਹੈ।

ਪਿਛਲੇ ਮਹੀਨੇ ਤੋਂ ਪਾਕਿਸਤਾਨ ਦੇ ਸੂਬੇ ਬਲੋਚਿਸਤਾਨ ਵਿੱਚ ਰੋਸ ਮੁਜਾਹਰੇ ਦੀਆਂ ਖਬਰਾਂ ਆ ਰਹੀਆਂ ਹਨ। ਪਾਕਿਸਤਾਨੀ ਹਾਕਮ ਪੱਖੀ ਮੀਡੀਆ ਅਦਾਰਿਆਂ ਵੱਲੋਂ ਬਲੋਚੀ ਲੋਕਾਂ ਨੂੰ ਅੱਤਵਾਦੀ, ਦੇਸ਼ ਧ੍ਰੋਹੀ ਦੇ ਤਗਮੇ ਵੰਡੇ ਜਾ ਰਹੇ ਹਨ ਪਰ ਅਸਲ ਵਿੱਚ ਬਲੋਚ ਦੇ ਲੋਕ ਪਿਛਲੀ ਲੱਗਭੱਗ ਇੱਕ ਸਦੀ ਤੋਂ ਬਲੋਚੀ ਕੌਮ ਦੀ ਮੁਕਤੀ ਲਈ ਸੰਘਰਸ਼ ਕਰ ਰਹੇ ਹਨ ਜੋ ਕਿ ਉਹਨਾਂ ਦੀ ਇੱਕ ਜਮਹੂਰੀ ਮੰਗ ਹੈ। ਪਿਛਲੇ 78 ਸਾਲਾਂ ਤੋਂ ਪਾਕਿਸਤਾਨ ਦੀ ਹਕੂਮਤ ਨੇ ਅੰਨ੍ਹਾ ਜਬਰ ਢਾਹ ਕੇ ਬਲੋਚੀ ਕੌਮ ਨੂੰ ਧੱਕੇ ਨਾਲ਼ ਪਾਕਿਸਤਾਨ ਨਾਲ਼ ਨੂੜੀ ਰੱਖਿਆ ਹੈ। ਪਾਕਿਸਤਾਨੀ ਹਾਕਮ ਲੋਕਾਂ ਦੇ ਜਮਹੂਰੀ ਹੱਕਾਂ ਦਾ ਘਾਣ, ਤਸੀਹੇ, ਧੱਕੇ ਨਾਲ਼ ਗ੍ਰਿਫਤਾਰੀਆਂ, ਇੱਥੋਂ ਤੱਕ ਪੁਲਸ ਹਿਰਾਸਤ ਵਿੱਚ ਸਮਾਜਿਕ ਕਾਰਕੁੰਨਾਂ ਦਾ ਕਤਲ, ਔਰਤਾਂ ਖਿਲਾਫ




ਸਰੀਰਕ ਸ਼ੋਸ਼ਣ ਜਿਹੇ ਅਪਰਾਧਾਂ ਦੀ ਇੰਤਹਾ ਦੀ ਮਿਸਾਲ ਕਾਇਮ ਕਰ ਚੁੱਕੇ ਹਨ। 2001 ਤੋਂ 2021 ਤੱਕ ਬਲੋਚਿਸਤਾਨ ਦੇ ਲੱਗਭੱਗ 7000 ਤੋਂ ਵੱਧ ਸਮਾਜਿਕ ਕਾਰਕੁੰਨ, ਵਿਦਿਆਰਥੀ, ਨੌਜਵਾਨਾ ਨੂੰ ਧੱਕੇ ਨਾਲ਼ ਗ੍ਰਿਫ਼ਤਾਰ ਚੁੱਕਿਆ ਹੈ ਜਿਨ੍ਹਾਂ ਬਾਰੇ ਹੁਣ ਪਤਾ ਤੱਕ ਨਹੀਂ ਲੱਗ ਸਕਿਆ ਕਿ ਉਹ ਕਿੱਥੇ ਗਏ।

ਲੋਕ ਮੰਗ ਕਰ ਰਹੇ ਹਨ ਕਿ ਹੁਣ ਗ੍ਰਿਫ਼ਤਾਰ ਕੀਤੇ ਸਾਰੇ ਸਮਾਜਿਕ ਕਾਰਕੁੰਨ, ਵਿਦਿਆਰਥੀ, ਅਧਿਆਪਕ, ਵਕੀਲ, ਪੱਤਰਕਾਰ ਆਦਿ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ। ਬਲੋਚ ਸੂਬੇ 'ਚੋਂ ਧਾਰਾ 144 ਖਤਮ ਕੀਤੀ ਜਾਵੇ ਅਤੇ ਇੰਟਰਨੈੱਟ ਸਮੇਤ ਹੋਰ ਜਮਹੂਰੀ ਅਧਿਕਾਰ ਬਹਾਲ ਕੀਤੇ ਜਾਣ।

### ਬਲੋਚੀ ਕੌਮੀ ਮੁਕਤੀ ਸੰਘਰਸ਼ ਦਾ ਇਤਿਹਾਸ

ਬਲੋਚੀ ਲੋਕ ਪਿਛਲੇ 100 ਸਾਲਾਂ ਤੋਂ ਬਲੋਚੀ ਕੌਮੀ ਮੁਕਤੀ ਰਾਜ ਦੀ ਉਸਾਰੀ ਲਈ ਸੰਘਰਸ਼ ਕਰ ਰਹੇ ਹਨ। ਪਹਿਲਾਂ ਅੰਗਰੇਜ ਬਸਤੀਵਾਦੀਆਂ ਵਲੋਂ ਬਲੋਚਿਸਤਾਨ ਦੇ ਕੌਮੀ ਮੁਕਤੀ ਸੰਘਰਸ਼ ਨੂੰ ਕੁਚਲਿਆ ਗਿਆ, ਮਗਰੋਂ ਪਾਕਿਸਤਾਨ ਅਤੇ ਇਰਾਨ ਨੇ ਫੌਜੀ ਜਬਰ ਢਾਹ ਕੇ ਹੁਣ ਤੱਕ ਹਰ ਕੌਮੀ ਮੁਕਤੀ ਸੰਘਰਸ਼ ਨੂੰ ਦਬਾਇਆ ਹੈ। ਅੰਗਰੇਜਾਂ ਦੇ ਰਾਜ ਦੌਰਾਨ ਹੀ ਬਲੋਚੀ ਲੋਕਾਂ ਦੀ ਕੌਮ ਦੀ ਅਜਾਦੀ ਦੀ ਲੜਾਈ ਸ਼ੁਰੂ ਹੋ ਚੁੱਕੀ ਸੀ। ਬਲੋਚੀ ਕੌਮੀ ਸੰਘਰਸ਼ ਦੀਆਂ ਜੜ੍ਹਾਂ ਅੰਗਰੇਜ਼ ਬਸਤੀਵਾਦੀਆਂ ਦੇ ਰਾਜ ਵਿੱਚ ਲੱਭੀਆਂ ਜਾ ਸਕਦੀਆਂ ਹਨ। ਜਦੋਂ ਮੱਧ ਵਰਗ ਦੇ ਇੱਕ ਪੜ੍ਹੇ ਲਿਖੇ ਤਬਕੇ ਵਲੋਂ ਬਲੋਚਿਸਤਾਨ ਦੀ ਅਜਾਦੀ ਦੀ ਤਾਂਘ ਉੱਠੀ। ਉਦੋਂ ਉਨ੍ਹਾਂ ਨੇ 1931 ਵਿੱਚ 'ਅੰਜੁਮ ਏ ਇਤਿਹਾਦ ਏ ਬਲੋਚਿਸਤਾਨ' ਦੇ ਨਾਂ ਉੱਤੇ ਇੱਕ ਕੌਮੀ ਲਹਿਰ ਖੜ੍ਹੀ ਕੀਤੀ। ਇਹਨਾਂ ਦਾ ਮਕਸਦ ਬਲੋਚਿਸਤਾਨ ਦਾ ਕੌਮੀ ਰਾਜ ਸਥਾਪਤ ਕਰਨਾ ਸੀ। ਇਸਦੀ ਅਗਵਾਈ ਕੱਲਤ ਖਾਨ ਕਰ ਰਿਹਾ ਸੀ। ਉਸਨੂੰ ਵੀ ਅੰਗਰੇਜੀ ਜਬਰ ਦਾ ਸ਼ਿਕਾਰ ਹੋਣਾ ਪਿਆ। ਇਸ ਲਹਿਰ ਉੱਤੇ ਅੰਗਰੇਜਾਂ ਨੇ ਅੰਨ੍ਹਾ ਜਬਰ ਢਾਹਿਆ। ਅੰਗਰੇਜਾਂ ਤੋਂ ਅਜ਼ਾਦੀ ਮਗਰੋਂ ਭਾਰਤ ਪਾਕਿਸਤਾਨ ਦੀ ਵੰਡ ਹੋਣ ਦੇ ਨਾਲ਼ ਹੀ ਬਲੋਚਿਸਤਾਨ ਨੇ ਵੀ ਆਵਦੇ ਆਪ ਨੂੰ ਅਜਾਦ ਹਕੂਮਤ ਐਲਾਨ ਦਿੱਤਾ ਸੀ। 15 ਅਗਸਤ 1947 ਨੂੰ ਅਜਾਦੀ ਦੇ ਜਸ਼ਨ ਮਨਾਏ ਗਏ। ਅਜਾਦੀ ਤੋਂ ਪਹਿਲਾਂ 11 ਅਗਸਤ, 1947 ਨੂੰ ਮੁਸਲਿਮ ਲੀਗ ਦੇ ਆਗੂ ਮੁਹੰਮਦ ਅਲੀ ਜਿਨਾਹ ਨੇ ਬਲੋਚਿਸਤਾਨ ਦੀ ਨਿਆਰੀ ਕੌਮੀ ਹਸਤੀ ਨੂੰ ਮਾਨਤਾ ਦੇਣ ਦੀ ਗੱਲ ਨੂੰ ਮੰਨ ਲਿਆ ਸੀ। ਪਰ ਅਜਾਦੀ ਤੋਂ ਬਾਅਦ ਪਾਕਿਸਤਾਨੀ ਹਾਕਮਾਂ ਦੀ ਕਾਲ਼ੀ ਨੀਅਤ ਸਾਫ ਦਿਖਣ ਲੱਗੀ ਜਦੋਂ ਉਸਨੇ ਖਾਨ-ਏ-ਕੱਲਾਤ ਨੂੰ ਪਾਕਿਸਤਾਨ ਦਾ ਹਿੱਸਾ ਬਣ ਜਾਣ ਦੀ ਮੰਗ ਕੀਤੀ। ਅਖੀਰ ਮਾਰਚ 1948 ਨੂੰ ਜਿਨਾਹ ਨੇ ਫੌਜ ਭੇਜ ਕੇ ਧੱਕੇ ਨਾਲ਼ ਖਾਨ ਏ ਕੱਲਾਤ ਨੂੰ ਸੰਧੀ ਲਈ ਮਜਬੂਰ ਕਰ ਲਿਆ ਸੰਧੀ ਤੋਂ ਬਾਅਦ ਬਲੋਚਿਸਤਾਨ ਨੂੰ ਪਾਕਿਸਤਾਨ ਵਿੱਚ ਸ਼ਾਮਲ ਕਰ ਲਿਆ। ਪਰ ਪਾਕਿਸਤਾਨੀ ਹਕੂਮਤ ਦੀ ਇਹ ਕੋਸ਼ਿਸ਼ ਲੋਕਾਂ ਦੀਆਂ ਕੌਮੀ ਭਾਵਨਾਵਾਂ ਨੂੰ ਦਬਾ ਨਹੀਂ ਸਕੀ।

1958-59 ਵਿੱਚ ਇੱਕ ਵਾਰ ਫਿਰ ਬਲੋਚੀ ਕੌਮੀ ਰਾਜ ਦੀ ਉਸਾਰੀ ਲਈ ਕੋਸ਼ਿਸਾਂ ਸ਼ੁਰੂ ਹੋਈਆਂ। ਸਮੇਂ ਦੀ ਹਕੂਮਤ ਨੇ ਘੋਲ਼ ਦੀ ਅਗਵਾਈ ਕਰ ਰਹੇ ਲੀਡਰਾਂ ਨੂੰ ਗਿ ਫਤਾਰ ਕਰ ਲਿਆ ਅਤੇ ਸੰਘਰਸ਼ ਨੂੰ ਕੁਚਲ ਦਿੱਤਾ ਗਿਆ। ਬਲੋਚੀਆਂ ਨੇ ਹਾਰ ਨਹੀਂ ਮੰਨੀ ਤੇ ਜਦੋਂ ਸਾਬਕਾ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) ਪਾਕਿਸਤਾਨ ਤੋਂ ਅਜ਼ਾਦ ਹੋਇਆ ਤਾਂ ਬੰਗਲਾ ਪ੍ਰੇਮੀਆਂ ਤੋਂ ਪ੍ਰੇਰਣਾ ਲੈ ਕੇ ਇੱਕ ਵਾਰ ਫਿਰ ਬਲੋਚਿਸਤਾਨ ਦੀ ਅਜਾਦੀ ਲਈ ਇੱਕ ਗੁਰੀਲਾ ਫੌਜ ਬਣਾਈ ਗਈ। ਇਹ ਗੁਰੀਲਾ ਫੌਜ 1973 ਤੋਂ 1977 ਤੱਕ ਬਲੋਚਿਸਤਾਨ ਦੇ ਕੌਮੀ ਰਾਜ ਦੀ ਉਸਾਰੀ ਲਈ ਲੜਦੀ ਰਹੀ। ਇਰਾਨੀ ਹਕੂਮਤ ਅਤੇ ਅਮਰੀਕੀ ਸਾਮਰਾਜੀਆਂ ਦੀ ਮਦਦ ਨਾਲ਼ ਪਾਕਿਸਤਾਨ ਦੇ ਜੁਲਫਿਕਰ-ਅਲੀ-ਭੁੱਟੋ ਦੀ ਜਾਬਰ ਸਰਕਾਰ ਨੇ ਇਸ ਲਹਿਰ ਨੂੰ ਵੀ ਬੰਦੂਕ ਦੇ ਦਮ 'ਤੇ ਦਬਾ ਦਿੱਤਾ। ਹਜਾਰਾਂ ਦੀ ਗਿਣਤੀ ਵਿੱਚ ਲੋਕਾਂ ਦਾ ਕਤਲੇਆਮ ਕੀਤਾ ਗਿਆ। ਬਲੋਚੀ ਲੜਾਕਿਆਂ ਨੂੰ ਭੁੱਖ ਨਾਲ਼ ਮਾਰਨ ਲਈ ਰਾਸ਼ਨ ਪਾਣੀ ਰੋਕਿਆ ਗਿਆ, ਔਰਤਾਂ ਨਾਲ਼ ਬਲਾਤਕਾਰ ਜਿਹੇ ਘਿਨਾਉਣੇ ਅਪਰਾਧਾਂ ਨੂੰ ਅੰਜਾਮ ਦਿੱਤਾ ਗਿਆ ਪਰ ਫਿਰ ਵੀ ਬਲੋਚੀਆਂ ਦੀ ਅਜਾਦੀ ਦੀ ਤਾਂਘ ਖਤਮ ਨਹੀਂ ਹੋਈ। ਉਸਤੋਂ ਬਾਅਦ ਵੀ 2001, 2007, 2011, 2017 ਅਤੇ ਹੁਣ ਤੱਕ ਬਲੋਚ ਲੋਕ ਆਪਣੇ ਕੌਮੀ ਰਾਜ ਦੀ ਉਸਾਰੀ ਲਈ ਮੰਗ ਕਰ ਰਹੇ ਹਨ। ਪਾਕਿਸਤਾਨ ਵੱਲੋਂ ਪੂਰੇ ਸੂਬੇ ਨੂੰ ਫੌਜੀ ਛੌਣੀ ਵਿੱਚ ਤਬਦੀਲ ਕਰ ਦਿੱਤਾ ਗਿਆ। ਪਾਕਿਸਤਾਨ ਦੇ ਹਾਕਮ 1947 ਤੋਂ ਬਾਅਦ ਲਗਤਾਰ ਹੀ ਇਸ ਇਲਾਕੇ ਵਿੱਚ ਗੈਰ ਬਲੋਚੀ ਲੋਕਾਂ ਨੂੰ ਵਸਾਉਦੇ ਆਏ ਹਨ ਅਤੇ ਬਲੋਚਿਸਤਾਨ ਦੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਦਾ ਰਹੇ ਹਨ।

### ਬਲੋਚਿਸਤਾਨ ਇਰਾਨ ਲਈ ਮਹੱਤਵਪੂਰਨ

ਬਲੋਚਿਸਤਾਨ ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਹੈ। ਜੋ ਕੁੱਲ ਪਾਕਿਸਤਾਨ ਦੇ ਲੱਗਭੱਗ 43 ਫੀਸਦੀ ਭੂ ਖੇਤਰ ਵਿੱਚ ਫੈਲਿਆ ਹੋਇਆ ਹੈ। ਇਹ ਸੂਬਾ ਕੁਦਰਤੀ ਤੌਰ ਉੱਤੇ ਕਾਫੀ ਅਮੀਰ ਹੈ, ਇੱਥੇ ਸੋਨਾ, ਤਾਂਬਾ, ਤੇਲ ਅਤੇ ਕੁਦਰਤੀ ਗੈਸਾਂ ਦਾ ਕਾਫੀ ਵੱਡਾ ਭੰਡਾਰ ਮੌਜੂਦ ਹੈ। ਲੱਗਭੱਗ 770 ਕਿਲੋਮੀਟਰ ਤੱਕ ਇਸਦਾ ਸਮੁੰਦਰੀ ਤਟੀ ਖੇਤਰ ਹੈ। ਜੋ ਇਸ ਨੂੰ ਹੋਰ ਵੀ ਮਹੱਤਵਪੂਰਨ ਬਣਾ ਦਿੰਦਾ ਹੈ। ਇਰਾਨ-ਪਾਕਿਸਤਾਨ ਦੀ ਇਹ 909 ਕਿਲੋਮੀਟਰ ਲੰਮੀ ਫੈਲੀ ਸਰਹੱਦ, ਜਿਸਨੂੰ ਸੁਨਹਿਰੀ ਰੇਖਾ ਵੀ ਕਿਹਾ ਜਾਂਦਾ ਹੈ, ਅਫਗਾਨਿਸਤਾਨ ਤੋਂ ਉੱਤਰੀ ਅਰਬ ਸਾਗਰ ਤੱਕ ਫੈਲੀ ਹੋਈ ਪੱਟੀ ਹੈ। ਜਿਸਦੇ ਦੋਵੇਂ ਪਾਸੇ ਲੱਗਭੱਗ ਦੋ ਕਰੋੜ ਬਲੋਚੀ ਪਾਕਿਸਤਾਨ ਦੇ ਬਲੋਚਿਸਤਾਨ ਤੇ ਇਰਾਨ ਦੇ ਸਿਸਤਾਨ-ਬਲੋਚਿਸਤਾਨ ਵਿੱਚ ਵਸਦੇ ਹਨ। ਪੰਜ ਲੱਖ ਦੇ ਲੱਗਭੱਗ ਬਲੋਚੀ ਅਫਗਾਨਿਸਤਾਨ ਦੇ ਨਾਲ਼ ਲਗਦੇ ਉੱਤਰੀ ਹਿੱਸੇ ਵਿੱਚ ਰਹਿੰਦੇ ਹਨ। ਤਿੰਨ ਮੁਲਕਾਂ ਵਿੱਚ ਟੋਟੇ ਕੀਤੇ ਬਲੋਚੀ ਲੋਕਾਂ ਦੀ ਗਿਣਤੀ ਲੱਗਭੱਗ ਦੋ ਕਰੋੜ ਬਣਦੀ ਹੈ ਜਿਹਨਾਂ ਦੀ ਸਾਂਝ ਇਤਿਹਾਸਕ ਹੈ, ਇਹਨਾਂ ਦੀ ਭਾਸ਼ਾ, ਖਿੱਤਾ, ਆਰਥਕ ਜੀਵਨ, ਸੱਭਿਆਚਾਰ ਦੀ ਪੁਰਾਣੀ ਸਾਂਝ ਹੈ, ਜੋ ਇਹਨਾਂ ਨੂੰ ਇੱਕ ਕੌਮ ਦੇ ਰੂਪ ਵਿੱਚ ਬੰਨਦੀ ਹੈ। ਪਰ ਇੱਕ ਕੌਮ ਹੋਣ ਦੇ ਬਾਵਜੂਦ ਬਲੋਚੀ ਲੋਕਾਂ ਦਾ ਆਪਣਾ ਕੌਮੀ ਰਾਜ ਨਹੀਂ। ਬਲੋਚੀ ਵਸੋਂ ਦਾ ਵੱਡਾ ਹਿੱਸਾ ਪਾਕਿਸਤਾਨੀ ਕਬਜੇ ਵਾਲ਼ੇ ਬਲੋਚਿਸਤਾਨ ਵਿੱਚ ਰਹਿੰਦਾ ਹੈ।

ਕੁਦਰਤੀ ਸੋਮਿਆਂ ਨਾਲ਼ ਭਰਪੂਰ ਹੋਣ ਕਰਕੇ ਇਰਾਨ ਅਤੇ ਪਾਕਿਸਤਾਨ ਬਲੋਚਿਸਤਾਨ ਨੂੰ ਹੱਥੋਂ ਖੁੱਸਣ ਨਹੀਂ ਦੇਣਾ ਚਾਹੁੰਦੇ। ਇਸ ਮਾਮਲੇ ਵਿੱਚ ਚੀਨ ਅਤੇ ਅਮਰੀਕਾ ਜਿਹੀਆਂ ਸਾਮਰਾਜੀ ਤਾਕਤਾਂ ਵੀ ਇਹਨਾਂ ਦਾ ਸਾਥ ਦੇ ਰਹੀਆਂ ਹਨ। ਚੀਨ ਬਲੋਚਿਸਤਾਨ ਦੇ ਗਵਾਦਰ ਇਲਾਕੇ ਵਿੱਚ ਇੱਕ ਬੰਦਰਗਾਹ ਦੀ ਉਸਾਰੀ ਕਰ ਰਿਹਾ ਹੈ ਤਾਂਕਿ ਚੀਨ ਤੋਂ ਤਿਆਰ ਮਾਲ ਅਸਾਨੀ ਨਾਲ਼ ਪਾਕਿਸਤਾਨ ਪਹੁੰਚਾਇਆ ਜਾ ਸਕੇ। ਸਰਮਾਏਦਾਰਾਂ ਅਤੇ ਸਾਮਰਾਜੀ ਗੱਠਜੋੜ ਹੇਠ ਬਲੋਚਿਸਤਾਨ ਦੇ ਲੋਕ ਕੁਦਰਤੀ ਸਾਧਨਾਂ ਦੀ ਅਮੀਰੀ ਹੋਣ ਦੇ ਬਾਵਜੂਦ ਵੀ ਅੰਤਾਂ ਦੀ ਗਰੀਬੀ, ਮਹਿੰਗਾਈ ਅਤੇ ਬੇਰੁਜਗਾਰੀ ਹੇਠ ਪਿਸ ਰਹੇ ਹਨ। ਇੱਥੇ ਸਕੂਲ, ਹਸਪਤਾਲ ਅਤੇ ਸਿਹਤ ਸਹੂਲਤਾਂ ਦੀ ਭਾਰੀ ਘਾਟ ਹੈ ਇਸਦੇ ਬਾਵਜੂਦ ਬਲੋਚੀ ਲੋਕਾਂ ਨੇ ਸਰਮਾਏਦਾਰਾਂ - ਸਾਮਰਾਜੀਆਂ ਦੇ ਗਠਜੋੜ ਨਾਲ਼ ਲੜਦਿਆਂ ਕੌਮੀ ਰਾਜ ਦੀ ਮੁਕਤੀ ਦਾ ਸੁਪਨਾ ਨਹੀਂ ਤਿਆਗਿਆ।

ਇਸ ਖਿੱਤੇ ਵਿੱਚ ਬਲੋਚੀ ਕੌਮ ਦੀ ਮੁਕਤੀ ਲਈ ਕਈ ਖਾੜਕੂ ਜਥੇਬੰਦੀਆਂ ਸਰਗਰਮ ਹਨ ਜਿਹਨਾਂ ਵਿੱਚ 'ਬਲੋਚ ਮੁਕਤੀ ਫੌਜ' ਅਤੇ 'ਬਲੋਚ ਮੁਕਤੀ ਮੋਰਚਾ' ਪ੍ਰਮੁੱਖ ਹਨ। ਇਸਤੋਂ ਬਿਨਾਂ ਸਾਲ 2012 ਵਿੱਚ 'ਜੈਸ਼-ਅਲ-ਅਦਲ' ਨਾਂ ਦੀ ਇੱਕ ਹੋਰ ਖਾੜਕੂ ਜਥੇਬੰਦੀ ਬਣੀ ਜੋ ਇਹਨਾਂ ਦੀ ਮੁਕਤੀ ਲਈ ਘੋਲ਼ ਕਰ ਰਹੀ ਹੈ।

**ਵਿਚਾਰ :–** ਪਰਮਾਤਮਾ ਦਾ ਸੀਸੀ ਟੀਵੀ ਕੈਮਰਾ ਕਦੇ ਬੰਦ ਨਹੀਂ ਹੁੰਦਾ –ਜਨਮੇਜਾ ਸਿੰਘ ਜੌਹਲ


ਰਜਿੰਦਰ ਸਿੰਘ ਪੁਰੇਵਾਲ

# ਪੰਜਾਬ ਦੇ ਗੰਧਲੇ ਪਾਣੀਆਂ ’ਤੇ ਤਿਆਰ ਕੀਤੀ ਰਿਪੋਰਟ ਹਾਈ ਕੋਰਟ ਨੇ ਮਨਜ਼ੂਰ ਕਿਉਂ ਨਹੀਂ ਕੀਤੀ ?

ਬੀਤੇ ਦਿਨੀਂ ਪੰਜਾਬ ਦੇ ਗੰਧਲੇ ਪਾਣੀਆਂ ’ਤੇ ਤਿਆਰ ਕੀਤੀ ਰਿਪੋਰਟ ਪੰਜਾਬ ਹਰਿਆਣਾ ਹਾਈ ਕੋਰਟ ਨੇ ਮਨਜ਼ੂਰ ਨਹੀਂ ਕੀਤੀ ਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਸੂਬੇ ਦੇ ਮੁੱਖ ਸਕੱਤਰ ਨੂੰ ਪੂਰੇ ਸੂਬੇ ਦੇ ਧਰਤੀ ਹੇਠਲੇ ਪਾਣੀ ਦੀ ਨਵੇਂ ਸਿਰੇ ਤੋਂ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਮਾਲਵਾ ਅਤੇ ਖਾਸ ਕਰਕੇ ਬਠਿੰਡਾ ਦੇ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮੌਜੂਦਗੀ ਅਤੇ ਕੈਂਸਰ ਦੇ ਵੱਧ ਰਹੇ ਮਾਮਲਿਆਂ ਬਾਰੇ 14 ਸਾਲਾਂ ਤੋਂ ਲੰਬਿਤ ਪਾਈ ਵੀ ਪਟੀਸ਼ਨ ’ਤੇ ਹਾਈ ਕੋਰਟ ਨੇ ਸੁਣਵਾਈ ਕੀਤੀ ਸੀ। ਹਾਈ ਕੋਰਟ ਨੇ ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਨੂੰ ਰੱਦ ਕਰਦਿਆਂ ਇਹ ਹੁਕਮ ਜਾਰੀ ਕੀਤੇ ਹਨ।

ਪੰਜਾਬ ਦੇ ਮਾਲਵੇ ਖੇਤਰ ਦੇ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮੌਜੂਦਗੀ ਨੂੰ ਲੈ ਕੇ ਸਾਲ 2010 ਵਿਚ ਪੰਜਾਬ ਹਰਿਆਣਾ ਹਾਈ ਕੋਰਟ ’ਚ ਇੱਕ ਪਟੀਸ਼ਨ ਪਾਈ ਗਈ ਸੀ। ਇਹ ਅਪੀਲ ਮੁਹਾਲੀ ਦੇ ਰਹਿਣ ਵਾਲੇ ਬਰਜਿੰਦਰ ਸਿੰਘ ਲੂੰਬਾ ਨੇ ਕੀਤੀ ਸੀ। ਦਾਅਵਾ ਕੀਤਾ ਗਿਆ ਸੀ ਕਿ ਮਾਲਵੇ ਖੇਤਰ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮੌਜੂਦਗੀ ਕਾਰਨ ਕੈਂਸਰ ਦੇ ਕੇਸ ਵੱਧ ਰਹੇ ਹਨ। ਜਿਸ ’ਤੇ ਸੂਬਾ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਇੱਥੇ ਰਹਿੰਦੇ ਲੋਕਾਂ ਨੂੰ ਜ਼ਰੂਰੀ ਸਹੂਲਤਾਂ ਮੁਹੱਈਆਂ ਕਰਵਾਈਆਂ ਜਾਣੀਆਂ ਚਾਹੀਦੀਆਂ।

ਪਟੀਸ਼ਨ ’ਚ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਇਸ ਖੇਤਰ ਵਿੱਚ ਕੈਂਸਰ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ ਪਰ ਸਰਕਾਰ ਲੋਕਾਂ ਨੂੰ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਕੋਈ ਕੰਮ ਨਹੀਂ ਕਰ ਰਹੀ। ਹਾਈ ਕੋਰਟ ਦੇ ਹੁਕਮਾਂ ’ਤੇ ਭਾਭਾ ਪਰਮਾਣੂ ਖੋਜ ਕੇਂਦਰ (ਬੀਏਆਰਸੀ) ਨੇ ਮਾਲਵਾ ਖੇਤਰ ਦੇ ਪਾਣੀ ਵਿੱਚ ਯੂਰੇਨੀਅਮ ਦੀ ਪਰਖ ਕਰਨ ਲਈ ਬੰਠਿਡਾ, ਫ਼ਿਰੋਜ਼ਪੁਰ, ਫ਼ਰੀਦਕੋਟ ਅਤੇ ਮਾਨਸਾ ਤੋਂ 1500 ਪਾਣੀ ਦੇ ਨਮੂਨੇ ਲਏ ਸਨ। ਇਨ੍ਹਾਂ ਨਮੂਨਿਆਂ ਵਿੱਚੋਂ 35 ਪ੍ਰਤੀਸ਼ਤ ਨਮੂਨਿਆਂ ਵਿੱਚ ਯੂਰੇਨੀਅਮ ਨਿਰਧਾਰਤ ਮਾਪਦੰਡਾਂ ਤੋਂ ਵੱਧ ਪਾਇਆ ਗਿਆ, ਜਿਸ ਵਿੱਚ ਬਠਿੰਡਾ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਪਾਇਆ ਗਿਆ।

ਐਟੋਮਿਕ ਐਨਰਜੀ ਰੈਗੂਲੇਟਰੀ ਬੋਰਡ ਮੁਤਾਬਕ ਪੀਣ ਵਾਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ 60 ਪੀਪੀਬੀ ਤੋਂ ਵੱਧ ਨਹੀਂ ਹੋਣੀ ਚਾਹੀਦੀ। ਪਰ ਬਠਿੰਡਾ ਜ਼ਿਲ੍ਹੇ ਦੇ ਪਾਣੀ ਵਿੱਚ ਇਹ ਮਾਤਰਾ 10 ਗੁਣਾ 684 ਪੀਪੀਬੀ ਅਜਿਹੀ ਸਥਿਤੀ ਵਿੱਚ ਇਹ ਪਾਣੀ ਪੀਣ ਯੋਗ ਨਹੀਂ ਮੰਨਿਆ ਜਾਂਦਾ ਸੀ।

ਉਦੋਂ ਤੋਂ ਹੀ ਹਾਈਕੋਰਟ ਵਿੱਚ ਇਸ ਮਾਮਲੇ ਦੀ ਲਗਾਤਾਰ ਸੁਣਵਾਈ ਹੋ ਰਹੀ ਸੀ ਅਤੇ ਸਰਕਾਰ ਵੱਲੋਂ ਲੋਕਾਂ ਨੂੰ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਦਿੱਤੀ ਜਾ ਰਹੀ ਸੀ। ਇਸ ਮਾਮਲੇ ਵਿੱਚ ਅਦਾਲਤ ਦੀ ਸਹਾਇਤਾ ਕਰ ਰਹੇ ਸੀਨੀਅਰ ਵਕੀਲ ਰੁਪਿੰਦਰ ਸਿੰਘ ਖੋਸਲਾ ਨੇ ਹਾਈ ਕੋਰਟ ਨੂੰ ਦੱਸਿਆ ਕਿ ਹੁਣ ਤੱਕ ਪੀਣ ਵਾਲੇ ਪਾਣੀ ਵਿੱਚ ਯੂਰੇਨੀਅਮ ਦੀ ਸਮੱਸਿਆ ਦੀ ਜਾਂਚ ਸਿਰਫ਼ ਮਾਲਵੇ ਤੱਕ ਹੀ ਸੀਮਤ ਰਹੀ ਹੈ।

ਸਾਡਾ ਮੰਨਣਾ ਹੈ ਕਿ ਕੀਟਨਾਸ਼ਕ, ਰਸਾਇਣਕ ਖਾਦਾਂ ਖ਼ਾਸ ਕਰ ਡੀਏਪੀ ਫਾਸਫੇਟ, ਥਰਮਲ ਪਲਾਂਟ ਦੀ ਸਵਾਹ ਆਦਿ ਇਸ ਲਈ ਮੁੱਖ ਤੌਰ ’ਤੇ ਜ਼ਿੰਮੇਵਾਰ ਹਨ। ਇਨ੍ਹਾਂ ਰਸਾਇਣਕ ਤੱਤਾਂ ਦਾ ਮਨੁੱਖੀ ਸਿਹਤ ਉੱਪਰ ਬੇਹੱਦ ਮਾੜਾ ਤੇ ਗੰਭੀਰ ਅਸਰ ਪੈਂਦਾ ਹੈ। ਇਹ ਦਿਲ, ਜਿਗਰ, ਫੇਫੜੇ, ਗੁਰਦੇ ਵਰਗੇ ਮਹੱਤਵਪੂਰਨ ਅੰਗਾਂ ਨੂੰ ਪ੍ਰਭਾਵਿਤ ਕਰਦੇ ਹਨ। ਯੂਰੇਨੀਅਮ ਇੱਕ ਰੇਡੀਓ ਐਕਟਿਵ ਪਦਾਰਥ ਵੀ ਹੈ। ਜਿਸ ਕਰਕੇ ਉਸ ਦਾ ਬੁਰਾ ਪ੍ਰਭਾਵ ਹੋਰ ਵੀ ਵਧ ਜਾਂਦਾ ਹੈ। ਪਾਣੀ ਵਿੱਚ ਯੂਰੇਨੀਅਮ, ਆਰਸੈਨਿਕ, ਲੈੱਡ ਦੀ ਮੌਜੂਦਗੀ ਗਰਭ ਵਿੱਚ ਪਲ ਰਹੇ ਬੱਚੇ ਦੇ ਵਿਕਾਸ ਨੂੰ ਵੀ ਪ੍ਰਭਾਵਿਤ ਕਰਦੇ ਹਨ।

ਅਬੋਹਰ ਫ਼ਾਜ਼ਿਲਕਾ ਦੇ ਕਈ ਇਲਾਕਿਆਂ ਵਿੱਚ ਦੇਖਿਆ ਗਿਆ ਕਿ ਕੁਝ ਪਿੰਡਾਂ ਦੇ ਬੱਚੇ ਮਾਨਸਿਕ ਤੇ ਸਰੀਰਿਕ ਰੂਪ ਵਿੱਚ ਆਪਣੀ ਉਮਰ ਤੋਂ ਘੱਟ ਵਿਕਸਿਤ ਹਨ। ਕੁਝ ਬੱਚੇ ਤੁਰ ਫਿਰ ਨਹੀਂ ਸਕਦੇ ਅਤੇ ਕੁਝ ਦੇਖ- ਬੋਲ ਨਹੀਂ ਸਕਦੇ।

ਬੱਚਿਆਂ ਦੇ ਨਾਲ ਨਾਲ ਵੱਡੀ ਉਮਰ ਦੇ ਲੋਕ ਪ੍ਰਭਾਵਿਤ ਨਜ਼ਰ ਆਏ। ਕੁਝ ਲੋਕਾਂ ਦੇ ਵਾਲ ਉਮਰ ਤੋਂ ਪਹਿਲਾਂ ਚਿੱਟੇ ਹੋ ਰਹੇ ਹਨ, ਕਈਆਂ ਦੇ ਗੁਰਦੇ ਖਰਾਬ ਹਨ ਅਤੇ ਕਈਆਂ ਨੂੰ ਕੈਂਸਰ ਹੈ। ਇਹੋ ਜਿਹੀ ਸਥਿਤੀ ਦੁਆਬੇ ਵਿਚ ਦਿਖ ਰਹੀ ਹੈ। ਯਾਦ ਰਹੇ ਕਿ ਸਾਲ 2012 ਵਿੱਚ ਭਾਬਾ ਐਟੋਮਿਕ ਰਿਸਰਚ ਸੈਂਟਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕੀਤੀ ਰਿਸਰਚ ਦੌਰਾਨ ਫਾਸਫੇਟ ਵਾਲੇ ਰਸਾਇਣਿਕ ਖਾਦਾਂ, ਐਲਕੇਲਾਨਿਟੀ ਅਤੇ ਸਿਲੈਨਿਟੀ ਨੂੰ ਇਸ ਲਈ ਸੰਭਾਵਿਤ ਕਾਰਨ ਮੰਨਿਆ ਗਿਆ ਸੀ। ਇਸ ਸਥਿਤੀ ਨਾਲ ਨਜਿੱਠਣ ਲਈ ਇਨ੍ਹਾਂ ਹਾਲਾਤਾਂ ਨੂੰ ਐਮਰਜੈਂਸੀ ਵਾਂਗ ਸਮਝਿਆ ਜਾਣਾ ਚਾਹੀਦਾ ਹੈ।

ਪੰਜਾਬ ਇੱਕ ਛੋਟਾ ਸੂਬਾ ਹੈ ਤੇ ਇਸ ਨੂੰ ਹਵਾ ਅਤੇ ਪਾਣੀ ਵਰਗੇ ਸਰੋਤਾਂ ਦੀ ਵਰਤੋਂ ਕਰਕੇ ਬਿਜਲੀ ਪੈਦਾ ਕਰਨੀ ਚਾਹੀਦੀ ਹੈ ਤਾਂ ਜੋ ਕੋਲੇ ਉਪਰ ਨਿਰਭਰਤਾ ਨੂੰ ਘਟਾਇਆ ਜਾ ਸਕੇ। ਰਾਜਨੀਤਿਕ ਪਾਰਟੀਆਂ ਨੂੰ ਇਹ ਮੁੱਦਾ ਆਪਣੇ ਚੋਣ ਮੈਨੀਫੈਸਟੋ ਵਿੱਚ ਰੱਖਣਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਇਸ ਵਲ ਧਿਆਨ ਦੇਣਾ ਚਾਹੀਦਾ ਹੈ। ਪਰ ਸਰਕਾਰ ਦਾ ਵਾਤਾਵਰਨ ਤੇ ਸਵਛ ਪਾਣੀ ਵਲ ਧਿਆਨ ਨਹੀਂ। ਆਪ ਸਰਕਾਰ ਕਾਰਣ ਪੰਜਾਬ ਦੇ ਹਾਲਾਤ ਹਰ ਪਖੋਂ ਚਿੰਤਾਜਨਕ ਹਨ। ਹਾਈਕੋਰਟ ਨੂੰ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS

# FUTURE OF SIKHS AS BRITISH CITIZENS


Gurmukh Singh OBE

Following recent disturbances, global Sikhs are watching the UK situation closely. Many have relatives and friends in this country. There is no shortage of advice for British Sikhs from Sikh intelligentsia in the light of wider discussions about the genuine concerns of the majority community.

One suggestion from a prominent Sikh Indian, shared by many, is that British Sikhs should keep a low profile. That demonstrations, public lobbying and religious celebrations do more harm than good. Rather that Sikhs should show how they have integrated successfully and contributed to the plural British society and way of life (also the main thrust of the *British Sikh Manifestos*). On the face of it, this sounds like sensible advice. However, part of it goes against the British Sikh experience since early 1960s when those in my generation came to this country.

It is not possible for some visible ethnic communities, including the Sikhs, to keep a low profile. In fact, I recall a study by the UK Policy Studies Institute many years ago which concluded that, unlike the Jewish people, communities unable to hide identities have been more successful in securing their democratic rights by standing out. They can integrate successfully by showing that they share universal human values with British pluralism. In fact, lawful activism like lobbying, taking up cases through law courts, demonstrations as part of the democratic process and sharing celebration of key events in their community history bring about better understanding of their way of life. The onus is on each community to show how they contribute to the British way of life. In this respect, the Sikhs have an impressive long-standing record of Anglo-Sikh relations.

Immigration seems to be out of control and is threatening multicultural harmony in the UK. Not only a significant percentage of the white majority but also well-established minority communities in the UK are concerned. British values which attracted us to this country, are under threat.

Those on the left of the political spectrum seem to have a complex about the wrongs done during the colonial period. Yet, little do they realise that most countries complaining about British colonial past, themselves practised the same sins or worse: like slavery, cruel socio-religious practices and exploitation of the masses by corrupt authoritarian rulers. Some visiting politicians from ex-colonial countries never tire of reminding us of the debt which Britian owes them. They forget the historical context and their own post-independence performance in own countries.

Behind the immigration issue are the concerns about religious fanaticism which is isolating communities from mainstream British way of life. In 2001, there were compelling background reasons why late S. Gurbachan Singh Sidhu and I researched and wrote *Sikh Religion and Islam* (link at footnote). It was a necessary response to Islamic zealots hyperactive in UK universities. S Indarjit Singh (now Lord) wrote the foreword and the publication was well received in the UK and some diaspora countries. Religion has an important role in human society. *Worldly pursuits for wealth and status need to be balanced by the quest for spiritual harmony.* However, no single religion can claim superiority over others and religious zealots seeking converts are missing the purpose of religion.

To conclude with a passage from last week: *Extreme religious ideologies will be continually challenged. In response, it is for religions to integrate successfully with the majority way of life while pushing towards a more liberal society which accepts diversity as added value.*

https://www.sikhmissionarysociety.org/sms/smspublications/
(look under Multifaith/Sikh Religion and Islam)

Gurmukh Singh OBE, Ret'd Principal Civil Servant (UK) sewauk2005@yahoo.co.uk

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਭਾਰਤ ਵਿਚ ਸਿਖ ਨਿਸ਼ਾਨੇ ਉਪਰ ਕਿਉਂ ?

## ✪ ਭਾਸ਼ਾ ਵਿਭਾਗ ਪੰਜਾਬ ਦੀ ਫਿਰਕੂ ਅਫਸਰਸ਼ਾਹੀ ਨੂੰ ਗੁਰਦੁਆਰਾ ਸ਼ਬਦ ਤੋਂ ਕਿਉਂ ਇਤਰਾਜ਼ ਹੈ ?
## ✪ ਮੁੰਬਈ ਦੇ ਸਿੱਖ ਟੀ. ਟੀ.ਈ ਨਾਲ ਰੇਲ੍ਹ ਵਿਚ ਫਿਰਕੂ ਗੁੰਡਿਆਂ ਵਲੋਂ ਕੁਟਮਾਰ, ਦਾੜ੍ਹੀ ਦੀ ਕੀਤੀ ਬੇਅਦਬੀ

ਸਿੱਖਾਂ ਦੀਆਂ ਮੁਸ਼ਕਿਲਾਂ ਤਾਂ ਭਾਰਤ ਦੀ ਆਜ਼ਾਦੀ ਤੋਂ ਲੈ ਕੇ ਕੌੜੀ ਵੇਲ ਵਾਂਗੂੰ ਵਧਦੀਆਂ ਹੀ ਜਾ ਰਹੀਆਂ ਹਨ। ਆਜ਼ਾਦੀ ਤੋਂ ਪਹਿਲਾਂ ਸਿੱਖਾਂ ਦੇ ਪੋਟਿਆਂ ਉਤੇ ਗਿਣੇ ਜਾਣ ਜੋਗੇ ਹੀ ਮੁੱਦੇ ਸਨ, ਪਰ ਅੱਜ ਸਿਰ ਦੇ ਵਾਲਾਂ ਤੋਂ ਵੀ ਸੰਘਣੇ ਹੋ ਚੁੱਕੇ ਹਨ। ਜੇ ਕਿਤੇ ਉਸ ਸਮੇਂ ਦੀ ਭਾਰਤੀ ਲੀਡਰਸ਼ਿਪ ਵਾਅਦਾ ਖਿਲਾਫੀ ਨਾ ਕਰਦੀ ਅਤੇ ਸਿੱਖਾਂ ਨਾਲ ਕੀਤੇ ਕੌਲ ਇਕਰਾਰ ਹੂ-ਬ-ਹੂ ਨਿਭਾਅ ਜਾਂਦੀ ਤਾਂ ਸ਼ਾਇਦ ਅੱਜ ਸਿਰਫ ਸਿੱਖਾਂ ਦੀ ਹੀ ਨਹੀਂ, ਸਗੋਂ ਸਾਰੇ ਭਾਰਤ ਦੀ ਕਿਸਮਤ ਹੀ ਕੁੱਝ ਹੋਰ ਹੁੰਦੀ, ਪਰ ਭਾਰਤੀ ਲੀਡਰਸ਼ਿਪ ਦੀ ਬੇਰੁਖੀ ਤੇ ਫਿਰਕੂਵਾਦ ਦਿਨ-ਬ-ਦਿਨ ਵੱਧਦੀ ਹੀ ਗਈ, ਜਿਸ ਕਰਕੇ ਸਿੱਖਾਂ ਵਿਚ ਨਿਰਾਸਤਾ ਹੋਣੀ ਕੁਦਰਤੀ ਸੀ ਅਤੇ ਸਿੱਖ ਬਹਾਦਰ ਤੇ ਜੁਝਾਰੂ ਕੌਮ ਹੋਣ ਕਰਕੇ, ਚੁੱਪ ਵੀ ਨਹੀਂ ਬੈਠ ਸਕਦੇ ਸਨ, ਇਸ ਕਰਕੇ ਸਿੱਖਾਂ ਨੂੰ ਸੰਘਰਸ਼ ਦਾ ਰਸਤਾ ਚੁਣਨਾ ਪੈ ਗਿਆ। ਸਿਖਾਂ ਦੀ ਬੋਲੀ, ਸਿਖ ਸਰੂਪ ਫਿਰਕਾਪ੍ਰਸਤਾਂ, ਫਿਰਕੂ ਅਫਸਰਸ਼ਾਹੀ, ਫਿਰਕੂ ਸਿਆਸਤ ਦੇ ਨਿਸ਼ਾਨੇ ਉਪਰ ਹੈ। ਇਥੋਂ ਤਕ ਭਾਸ਼ਾ ਵਿਭਾਗ, ਪੰਜਾਬ ਸਰਕਾਰ ਪੰਜਾਬੀ ਬੋਲੀ ਨੂੰ ਮਿਟਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਇਹ ਫਿਰਕੂ ਰਾਜਨੀਤੀ ਦਾ ਖਾਸਾ ਹੈ ਕਿ ਕਿਸੇ ਧਰਮ ਦੀ ਬੋਲੀ ਸਭਿਆਚਾਰ ਮਿਟਾ ਦਿਉ ਤਾਂ ਉਹ ਕੌਮ ਗੋਡਿਆਂ ਭਾਰ ਹੋ ਜਾਂਦੀ ਹੈ। ਸਿਖਾਂ ਨਾਲ ਵੀ ਅਜਿਹਾ ਹੋ ਰਿਹਾ ਹੈ। ਕੋਨਵਿੰਟ ਸਕੂਲਾਂ ਵਿਚ ਪੰਜਾਬੀ ਬੋਲਣ ਉਪਰ ਵੀ ਪਾਬੰਦੀ ਹੈ। ਇਹ ਇਕ ਫਿਰਕੂ ਵਰਤਾਰਾ ਹੈ।



ਹੁਣੇ ਜਿਹੇ ਸ੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕਤਰ ਜਸਵਿੰਦਰ ਸਿੰਘ ਐਡਵੋਕੇਟ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸੱਤਵੀਂ ਜਮਾਤ ਦੀ ਪੰਜਾਬੀ ਕਿਤਾਬ ਦੇ ਦੋ ਐਡੀਸ਼ਨ ਨੱਥੀ ਕਰਕੇ ਭਾਸ਼ਾ ਵਿਭਾਗ ਦੀ ਫਿਰਕੂ ਅਫਸਰਸ਼ਾਹੀ ਦਾ ਪਰਦਾਫਾਸ਼ ਕੀਤਾ ਕਿ ਸਤਵੀ ਕਲਾਸ ਦੇ ਸਿਲੇਬਸ ਦੇ ਨਵੇਂ ਐਡੀਸ਼ਨ ਦੀ ਕਹਾਣੀ ਬ ਵਾਲਾ ਪਿਆਰਾ ਸਿੰਘ ਦੀ ਪਹਿਲੀ ਹੀ ਸਤਰ ਵਿੱਚ ਗੁਰਦੁਆਰਾ ਸਾਹਿਬ ਦਾ ਜ਼ਿਕਰ ਕੱਟ ਦਿੱਤਾ ਗਿਆ ਹੈ। ਜ਼ਾਹਿਰ ਹੈ ਕਿ ਇਹ ਸੋਚ ਸਮਝ ਕੇ ਹੀ ਕੱਟਿਆ ਗਿਆ ਹੋਣਾ ਹੈ।

ਅਸਲ ਮਸਲਾ ਇਹ ਹੈ ਕਿ ਪੰਜਾਬ ਸਿਖਿਆ ਸਕੂਲ ਬੋਰਡ ਉਪਰ ਫਿਰਕੂ ਅਫਸਰਸ਼ਾਹੀ ਭਾਰੂ ਹੈ ਜਿਸ ਨੂੰ ਗੁਰਦੁਆਰਾ, ਸਿਖ ਧਰਮ ਚੰਗੇ ਨਹੀਂ ਲਗਦੇ। ਇਹ ਆਰੀਆ ਸਮਾਜੀ ਸਵਾਮੀ ਦਇਆ ਨੰਦ ਦੀ ਰਾਹ ਤੁਰੇ ਹੋਏ ਹਨ। ਜਿਸਨੇ ਸਤਿਆਰਥ ਵਿਚ ਗੁਰੂ ਨਾਨਕ ਸਾਹਿਬ ਤੇ ਗੁਰੂ ਗਰੰਥ ਸਾਹਿਬ ਵਿਚ ਦਰਜ ਭਗਤਾਂ ਬਾਰੇ ਇਤਰਾਜ਼ ਯੋਗ ਸ਼ਬਦ ਵਰਤੇ। ਗਿਆਨੀ ਦਿਤ ਸਿੰਘ ਨੇ ਇਸ ਫਿਰਕੂ ਵਿਚਾਰਧਾਰਾ ਦਾ ਪਰਦਾਫਾਸ਼ ਕੀਤਾ ਸੀ। ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਸਾਹਿਬ ਨੂੰ ਭਾਸ਼ਾ ਵਿਭਾਗ ਦੀ ਇਸ ਫਿਰਕੂ ਨੀਤੀ ਬਾਰੇ ਨੋਟਿਸ ਲੈਣਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਇਸ ਫਿਰਕੂ ਅਫਸਰਸ਼ਾਹੀ ਬਾਰੇ ਸਖਤ ਕਾਰਵਾਈ ਕਰਨੀ ਚਾਹੀਦੀ।

ਦੂਸਰੀ ਘਟਨਾ ਇਸੇ ਹਫਤੇ ਮੁੰਬਈ ਦੀ ਲੋਕਲ ਰੇਲ੍ਹ ਵਿੱਚ ਇਕ ਸਿੱਖ ਟੀ.ਟੀ.ਈ ਜਸਬੀਰ ਸਿੰਘ ਨਾਲ ਕੁੱਟਮਾਰ ਦੀ ਵਾਪਰੀ। ਇਕ ਬੇਟਿਕਟੇ ਫਿਰਕੂ ਯਾਤਰੀ ਵੱਲੋਂ ਟਰੈਵਲਿੰਗ ਟਿਕਟ ਇੰਸਪੈਕਟਰ ਨਾਲ ਕੁੱਟਮਾਰ ਕੀਤੀ ਹੈ। ਟੀ. ਟੀ. ਈ ਨੇ ਉਸ ਨੂੰ ਜ਼ੁਰਮਾਨਾ ਭਰਨ ਲਈ ਕਿਹਾ, ਜਿਸ ਤੋਂ ਬਾਅਦ ਅਨਿਕੇਤ ਭੋਸਲੇ ਨਾਮੀ ਫਿਰਕੂ ਗੁੰਡੇ ਨੇ ਜੁਰਮਾਨੇ ਨੂੰ ਲੈ ਕੇ ਬਹਿਸ ਕਰਨੀ ਸ਼ੁਰੂ ਕਰ ਦਿੱਤੀ ਅਤੇ ਬਾਅਦ ਵਿੱਚ ਉਸ ਨੇ ਕੁਟਮਾਰ ਕੀਤੀ ਤੇ ਦਾੜ੍ਹੀ ਵੀ ਖਿਚੀ। ਇਸ ਹਮਲੇ ਵਿੱਚ ਟੀ.ਟੀ.ਈ ਦੀ ਕਮੀਜ਼ ਵੀ ਪਾੜ ਦਿੱਤੀ ਗਈ ਹੈ।

ਇਸ ਤੋਂ ਬਾਅਦ ਰੇਲਵੇ ਸੁਰੱਖਿਆ ਬਲਾਂ ਦੇ ਜਵਾਨਾਂ ਨੇ ਉਸ ਨੂੰ ਨਾਲਸੋਪਾਰਾ ਸਟੇਸ਼ਨ 'ਤੇ ਰੇਲਗੱਡੀ ਤੋਂ ਉਤਾਰ ਲਿਆ ਅਤੇ ਬਾਅਦ ਵਿਚ ਯਾਤਰੀ ਨੇ ਆਪਣੀ ਗਲਤੀ ਮੰਨ ਲਈ ਅਤੇ ਲਿਖਤੀ ਮੁਆਫ਼ੀ ਮੰਗਦਿਆਂ ਜਸਬੀਰ ਸਿੰਘ ਨੂੰ 1,500 ਦਾ ਭੁਗਤਾਨ ਵੀ ਕੀਤਾ। ਪਰ ਪੁਲਿਸ ਨੇ ਇਸ ਫਿਰਕੂ ਗੁੰਡੇ ਤੇ ਉਸਦੇ ਸਾਥੀਆਂ ਉਪਰ ਕੇਸ ਦਰਜ ਨਹੀਂ ਕੀਤਾ। ਸ੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸ੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਘਟਨਾ ਦੀ ਨਿੰਦਾ ਕੀਤੀ ਹੈ ਤੇ ਕਿਹਾ ਕਿ ਫਿਰਕੂ ਗੁੰਡਿਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੁਸਲਮਾਨਾਂ ਬਾਅਦ ਸਿਖ ਫਿਰਕੂਆਂ ਦੇ ਨਿਸ਼ਾਨੇ ਉਪਰ ਹਨ। ਸਰਕਾਰ ਵੀ ਸਿਖਾਂ ਨਾਲ ਵਿਤਕਰਾ ਤੇ ਅਨਿਆਂ ਕਰ ਰਹੀ ਹੈ। ਬੰਦੀ ਸਿਖ ਛਡੇ ਨਹੀਂ ਜਾ ਰਹੇ। ਸੌਦਾ ਸਾਧ ਦੀ ਘੜੀ ਮੁੜੀ ਜਮਾਨਤ ਕੀਤੀ ਜਾ ਰਹੀ ਹੈ। ਇਸ ਨਾਲ ਸਰਕਾਰ ਵਿਰੁਧ ਸਿਖ ਜਗਤ ਵਿਚ ਰੋਸ ਫੈਲ ਰਿਹਾ ਹੈ।

# ਕੀ ਅਕਾਲ ਤਖਤ ਤੋਂ ਅਕਾਲੀ ਲੀਡਰਾਂ ਦੀ ਜੁਆਬਦੇਹੀ ਹੋਵੇਗੀ ?

## ✪ ਬਾਗੀ ਤੇ ਦਾਗੀ ਅਕਾਲੀ ਆਗੂ ਅਨੰਦਪੁਰ ਸਾਹਿਬ ਦੇ ਮਤੇ ਤੋਂ ਭਗੌੜੇ ਕਿਉ ਹਨ ?



ਕੋਈ ਵੀ ਅਕਾਲੀ ਆਗੂ ਚਾਹੇ ਬਾਗੀ ਹਨ ਚਾਹੇ ਦਾਗੀ ਹਨ, ਸਭ ਨੇ ਅਨੰਦਪੁਰ ਮਤੇ ਨੂੰ ਬੇਦਾਵਾ ਦਿਤਾ ਹੋਇਆ ਹੈ। ਅਧੀ ਕੌਮ ਮੋਰਚਿਆਂ ਵਿਚ ਤਬਾਹ ਕਰਕੇ ਲਹੂ ਲੂਹਾਨ ਕਰਕੇ ਸਿਖ ਪੰਥ ਨੂੰ ਨਿਤਾਣਾ ਕਰਨ ਤੇ ਗੁਲਾਮ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਜਿਵੇਂ ਅਸੀਂ ਕਹਿੰਦੇ ਹਾਂ ਸਾਡੀ ਖੇਡ ਖੇਡੀ ਜਾਵੇ। ਮਤਲਬ ਕਿ ਅਸੀਂ ਬਾਕੀ ਪਾਰਟੀਆਂ ਵਰਗੇ ਹੀ ਹਾਂ। ਸੱਤਾ ਦੀ ਭੁਖ, ਅਨੰਦਪੁਰ ਮਤੇ ਦਾ ਤਿਆਗ ਅਕਾਲੀ ਲੀਡਰਸ਼ਿਪ ਦੇ ਧੋਖਿਆਂ ਦੀ ਕਹਾਣੀ ਹੈ। ਇਸੇ ਕਰਕੇ ਅਨੰਦਪੁਰ ਮਤੇ ਨੂੰ ਵਿਸਾਰਨ ਵਾਲੇ ਸੰਤ ਹਰਚੰਦ ਸਿੰਘ ਲੌਂਗੋਵਾਲ ਇਨ੍ਹਾਂ ਸਤਾ ਲਾਲਸਾ ਰਖਣ ਵਾਲਿਆਂ ਦੇ ਮਹਾਗੁਰੂ ਸਨ ਤੇ ਇਸੇ ਕਰਕੇ ਅਕਾਲੀ ਲੀਡਰਸ਼ਿਪ ਲੌਂਗੋਵਾਲ ਦੀਆਂ ਬਰਸੀਆਂ ਮਨਾਉਂਦੇ ਹਨ ਜਿਸ ਨੇ ਸਿਖ ਪੰਥ ਤੇ ਪੰਜਾਬ ਦੇ ਹੱਕਾਂ ਨਾਲ ਧੋਖਾ ਕੀਤਾ।

### ਕੀ ਸੀ ਅਨੰਦਪੁਰ ਦਾ ਮਤਾ

ਭਾਰਤ ਵਿੱਚ ਜੇ ਕਿਸੇ ਖੇਤਰੀ ਏਜੰਡੇ ਨੇ ਕਦੇ ਕੌਮੀ ਸਿਆਸਤ ਦਾ ਰੁਖ਼ ਤੈਅ ਕੀਤਾ ਹੈ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ 'ਅਨੰਦਪੁਰ ਸਾਹਿਬ ਦਾ ਮਤਾ' ਹੈ।

ਮਤੇ ਵਿੱਚ ਲਿਖਿਆ ਗਿਆ ਹੈ, "ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ, ਨਿਸ਼ਚਿਤ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ 'ਮਨ-ਮੰਦਰ' ਵਿੱਚ ਉਕਰਿਆ ਚੱਲਿਆ ਆ ਰਿਹਾ ਹੈ, ਜਿਸ ਦਾ ਮਨੋਰਥ 'ਖਾਲਸਾ ਜੀ ਦੇ ਬੋਲ-ਬਾਲੇ' ਹੈ।"

ਇਸ ਮਤੇ ਵਿਚ ਅੱਗੇ ਲਿਖਿਆ ਗਿਆ ਹੈ, "ਖਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ-ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ-ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।" ਇਹੀ ਰਾਜਸੀ ਨਿਸ਼ਾਨਾ ਯਾਨੀ ਸਿਆਸੀ ਉਦੇਸ਼ ਫੈਡਰਲਿਜ਼ਮ ਸੀ।

ਇਹ ਮਤਾ ਅਖੀਰ ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਸਰਕਾਰੀਆ ਕਮਿਸ਼ਨ ਕੋਲ ਭੇਜ ਦਿੱਤਾ ਗਿਆ ਅਤੇ ਫਿਰ ਸੂਬੇ ਵਿੱਚ ਅਕਾਲੀ ਸਿਆਸਤ ਤੋਂ ਦੂਰ ਹੋ ਗਿਆ। ਆਨੰਦਪੁਰ ਮਤੇ ਦਾ ਤਿਆਗ ਅਕਾਲੀ ਆਗੂਆਂ ਦੀ ਸਿਆਸੀ ਮੌਤ ਸੀ।

ਇਸ ਮਤੇ ਦਾ ਨਿਸ਼ਾਨਾ ਸੀ ਕੰਗਾਲੀ ਭੁੱਖ ਨੰਗ ਤੇ ਥੁੜ੍ਹ ਨੂੰ ਦੂਰ ਕਰਨਾ, ਨਿਆਂਕਾਰ ਤੇ ਚੰਗੇ ਨਿਜ਼ਾਮ ਨੂੰ ਕਾਇਮ ਕਰਨ ਲਈ ਦੌਲਤ ਤੇ ਉਪਜ ਨੂੰ ਵਧਾਉਣਾ ਤੇ ਮੌਜੂਦਾ ਕਾਣੀ ਵੰਡ ਤੇ ਲੁੱਟ-ਖਸੁੱਟ ਨੂੰ ਦੂਰ ਕਰਨਾ। ਗੁਰਮਤਿ ਆਸ਼ੇ ਅਨੁਸਾਰ ਅਨਪੜ੍ਹਤਾ, ਛੂਤ-ਛਾਤ ਤੇ ਜ਼ਾਤ-ਪਾਤ ਦੇ ਵਿਤਕਰੇ ਨੂੰ ਹਟਾਉਣਾ।

ਮੰਦੀ ਸਿਹਤ ਤੇ ਬੀਮਾਰੀ ਨੂੰ ਦੂਰ ਕਰਨ ਦੇ ਉਪਾਓ, ਨਸ਼ਿਆਂ ਦੀ ਨਿਖੇਧੀ ਅਤੇ ਬੰਦਸ਼ ਤੇ ਸਰੀਰਕ ਅਰੋਗਤਾ ਦਾ ਵਾਧਾ, ਜਿਸ ਨਾਲ ਕੌਮ ਵਿੱਚ ਉਤਸ਼ਾਹ ਜਾਗੇ ਤੇ ਉਹ ਕੌਮੀ ਬਚਾਉ ਲਈ ਤਿਆਰ ਹੋ ਸੱਕੇ। ਇਹ ਮਨੋਰਥ ਸਪਸ਼ਟ ਕਰਦਾ ਹੈ ਕਿ ਅਨੰਦਪੁਰ ਸਾਹਿਬ ਦੇ ਮਤੇ ਦਾ ਰਾਜਨੀਤਕ ਮੰਤਵ ਖ਼ਾਲਸੇ ਦੇ ਬੋਲ ਬਾਲੇ, ਲੋੜੀਂਦਾ ਦੇਸ ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਣਾ ਸੀ।

ਸੁਆਲ ਇਹ ਹੈ ਕਿਉਂ ਭਗੌੜੀ ਹੈ ਅਕਾਲੀ ਲੀਡਰਸ਼ਿਪ ਪੰਥਕ ਨਿਸ਼ਾਨੇ ਤੋਂ। ਸਿਧਾ ਤੇ ਸਾਦਾ ਜੁਆਬ ਹੈ ਕਿ ਇਨ੍ਹਾਂ ਦਾ ਨਿਸ਼ਾਨਾ ਸਤਾ ਹਾਸਿਲ ਕਰਨਾ ਹੈ। ਇਹ ਅਜੋਕੇ ਧਨਾਢ ਜਾਗੀਰਦਾਰ ਸਤਾ ਦੀ ਲਾਲਸਾ ਰਖਣ ਵਾਲੇ ਅਕਾਲੀ ਆਗੂਆਂ ਨੂੰ ਅਨੰਦਪੁਰ ਦਾ ਮਤਾ ਤੇ ਪੰਜਾਬ ਕਾਜ ਦੇ ਲਈ ਸੰਘਰਸ਼ ਪਸੰਦ ਨਹੀਂ ਹੈ। ਉਹ ਇਹ ਆਖਦੇ ਹਨ ਇਹ ਪੁਰਾਣੀਆਂ ਗਲਾਂ ਹਨ। ਇਹ ਅਕਾਲੀ ਆਗੂ ਆਖਦੇ ਹਨ 1920 ਵਾਲੀ ਅਕਾਲੀ ਵਿਰਾਸਤ ਨਹੀਂ ਚਲਣੀ, ਕਿਉਂ ਕਿ ਉਸ ਸਮੇਂ ਦਾ ਸਿਖ ਕਿਰਦਾਰ ਹੁਣ ਨਹੀਂ ਹੈ।

ਕੀ ਪੰਥ ਦੇ ਨਿਸ਼ਾਨੇ ਤੋਂ ਭਗੌੜੇ ਹੋਣ ਵਾਲੇ ਅਕਾਲੀ ਆਗੂਆਂ ਨੂੰ ਸਿਖ ਪੰਥ ਮਨਜ਼ੂਰ ਕਰੇਗਾ। ਕੀ ਜਥੇਦਾਰ ਅਕਾਲ ਤਖਤ ਪੰਥਕ ਵਿਰਾਸਤ ਦੀ ਰਖਿਆ ਲਈ ਤੇ ਪੰਥਕ ਨਿਸ਼ਾਨਾ ਬਚਾਉਣ ਲਈ ਉਪਰਾਲਾ ਕਰਨਗੇ। ਦੋਸ਼ੀ ਲੀਡਰਸ਼ਿਪ ਨੂੰ ਕਟਿਹਰੇ ਵਿਚ ਖੜਾ ਕਰਨਗੇ।

# ਅਮਰੀਕਾ ਦੇ ਬਾਲਟੀਮੋਰ ਸ਼ਹਿਰ ਵਿਚ ਹੋਈ ਗੋਲੀਬਾਰੀ ਵਿਚ ਇਕ ਮੌਤ ਤੇ 7 ਹੋਰ ਜ਼ਖਮੀ



ਪੁਲਿਸ ਕਮਿਸ਼ਨਰ ਰਿਚਰਡ ਵੋਰਲੇਅ ਗੋਲੀਬਾਰੀ ਦੀ ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ।

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕੀ ਰਾਜ ਮੈਰੀਲੈਂਡ ਦੇ ਸ਼ਹਿਰ ਪੂਰਬੀ ਬਾਲਟੀਮੋਰ ਵਿਚ ਇਕ ਇਕੱਠ ਉਪਰ ਕੀਤੀ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 7 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਇਹ ਜਾਣਕਾਰੀ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਬਾਲਟੀਮੋਰ ਦੇ ਪੁਲਿਸ ਕਮਿਸ਼ਨਰ ਰਿਚਰਡ ਵੋਰਲੇਅ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੋਲੀਬਾਰੀ ਦੀ ਘਟਨਾ ਲੰਘੀ ਰਾਤ 8 ਵਜੇ ਦੇ ਆਸਪਾਸ 1300 ਬਲਾਕ ਸਪਰਿੰਗ ਸਟਰੀਟ ਬਾਲਟੀਮੋਰ ਵਿਚ ਵਾਪਰੀ। ਪੁਲਿਸ ਕਮਿਸ਼ਨਰ ਨੇ ਇਕੱਠ ਜਿਸ ਉਪਰ ਗੋਲੀਬਾਰੀ ਹੋਈ ਜਾਂ ਗੋਲੀਬਾਰੀ ਵਿਚ ਸ਼ਾਮਿਲ ਸ਼ੱਕੀਆਂ ਦੀ ਗਿਣਤੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਕਮਿਸ਼ਨਰ ਨੇ ਕਿਹਾ ਕਿ ਮੌਕੇ ਤੋਂ ਕਈ ਕਿਸਮ ਦੇ ਅਗਨ ਸ਼ਸ਼ਤਰ ਮਿਲੇ ਹਨ। ਕਮਿਸ਼ਨਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਘਟਨਾ ਸਬੰਧੀ ਕੋਈ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ। ਪੁਲਿਸ ਦਾ ਕਹਿਣਾ ਹੈ ਕਿ ਗੋਲੀਬਾਰੀ ਵਿਚ ਇਕ ਤੋਂ ਵਧ ਲੋਕ ਸ਼ਾਮਿਲ ਸਨ। ਪੁਲਿਸ ਦੁਆਰਾ ਜਾਰੀ ਬਿਆਨ ਅਨੁਸਾਰ ਜਦੋਂ ਪੁਲਿਸ ਘਟਨਾ ਸਥਾਨ 'ਤੇ ਪੁੱਜੀ ਤਾਂ ਉਥੇ ਕਈ ਪੀੜਤ ਮੌਜੂਦ ਸਨ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਇਨਾਂ ਸਾਰਿਆਂ ਨੂੰ ਹਸਪਤਾਲ ਲਿਜਾਇਆ ਗਿਆ। ਕੁਝ ਜ਼ਖਮੀ ਖੁਦ ਹੀ ਹਸਪਤਾਲ ਪਹੁੰਚ ਗਏ ਸਨ। ਜ਼ਖਮੀਆਂ ਵਿਚੋਂ ਇਕ ਐਨਥਨੀ ਮਾਰਟਿਨ (36) ਨਾਮੀ ਵਿਅਕਤੀ ਨੂੰ ਹਸਪਤਾਲ ਵਿਚ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਬਾਕੀ ਜ਼ਖਮੀਆਂ ਦੀ ਹਾਲਤ ਸਥਿੱਰ ਹੈ। ਜ਼ਖਮੀਆਂ ਵਿਚ ਇਕ ਔਰਤ (41) ਤੇ ਬਾਕੀ ਮਰਦ ਸ਼ਾਮਿਲ ਹਨ ਜਿਨਾਂ ਦੀ ਉਮਰ 21 ਤੋਂ 46 ਸਾਲਾਂ ਦੇ ਦਰਮਿਆਨ ਹੈ।

# ਅਮਰੀਕਾ ਦੇ ਟੈਕਸਾਸ ਰਾਜ ਵਿਚ ਇਕ ਭਿਆਨਕ ਸੜਕ ਹਾਦਸੇ ਵਿਚ 2 ਬੱਚਿਆਂ ਸਮੇਤ 5 ਦੀ ਮੌਤ * 19 ਸਾਲਾ ਡਰਾਈਵਰ ਨੂੰ ਕੀਤਾ ਗ੍ਰਿਫਤਾਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਫੋਰਟ ਵਰਥ, ਟੈਕਸਾਸ ਵਿਚ 2 ਕਾਰਾਂ ਦੀ ਆਪਸ ਵਿਚ ਹੋਈ ਟੱਕਰ ਦੇ ਸਿੱਟੇ ਵਜੋਂ 2 ਬੱਚਿਆਂ ਸਮੇਤ 5 ਵਿਅਕਤੀਆਂ ਦੀ ਮੌਤ ਹੋ ਗਈ ਜਦ ਕਿ ਇਕ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਹੈ। ਇਕ ਕਾਰ ਦੇ 19 ਸਾਲਾ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ । ਇਹ ਹਾਦਸਾ ਇੰਟਰਸਟੇਟ 35 ਡਬਲਯੂ ਉਪਰ ਹੋਇਆ ਜਿਸ ਕਾਰਨ ਇਹ ਸੜਕ ਕਈ ਘੰਟੇ ਬੰਦ ਰਹੀ। ਗ੍ਰਿਫਤਾਰ ਕੀਤੇ ਐਡੂਆਰਡੋ ਗੋਨਜ਼ਾਲੇਜ਼ ਵਿਰੁੱਧ ਨਸ਼ੇ ਵਿਚ ਕਾਰ ਚਲਾਉਣ ਤੇ 5 ਜਣਿਆਂ ਦੀ ਹੱਤਿਆ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਗੋਨਜ਼ਾ-ਲੇਜ਼ ਖੁਦ ਵੀ ਇਸ ਹਾਦਸੇ ਵਿਚ ਜ਼ਖਮੀ ਹੋ ਗਿਆ ਹੈ ਜਿਸ ਦੀ ਸਥਾਨਕ ਹਸਪਤਾਲ ਵਿਚ ਮਰਹਮ ਪੱਟੀ ਕੀਤੀ ਗਈ ਹੈ।

# ਸੀਐਮ ਭਗਵੰਤ ਮਾਨ ਵੱਲੋਂ ਪੰਜਾਬ ਦੀਆਂ ਔਰਤਾਂ ਨੂੰ ਰੱਖੜੀ ਦਾ ਤੋਹਫ਼ਾ

ਬਰਨਾਲਾ : ਬਰਨਾਲਾ ਵਿਖੇ ਰੱਖੜੀ ਦੇ ਤਿਉਹਾਰ ਮੌਕੇ ਰਾਜ ਪੱਧਰੀ ਸਮਾਗਮ ਦੌਰਾਨ ਸੰਬਧੋਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਔਰਤਾਂ ਲਈ ਵੱਡੇ ਤੋਹਫ਼ੇ ਦਾ ਐਲਾਨ ਕੀਤਾ ਗਿਆ। ਉਨ੍ਹਾਂ ਰੱਖੜੀ ਦੇ ਤਿਉਹਾਰ ਮੌਕੇ ਪੰਜਾਬ ਦੀਆਂ ਔਰਤਾਂ ਨੂੰ ਵੱਡੀ ਸੌਗਾਤ ਦਿੰਦਿਆਂ ਆਂਗਣਵਾੜੀ ਵਰਕਰਾਂ ਦੀਆਂ 3000 ਨਵੀਆਂ ਅਸਾਮੀਆਂ ਭਰਨ ਦੇ ਨਾਲ-ਨਾਲ ਔਰਤਾਂ ਲਈ ਰੋਜ਼ਗਾਰ ਦੇ ਵੱਡੇ ਮੌਕੇ ਪੈਦਾ ਕਰਨ ਦਾ ਐਲਾਨ ਕੀਤਾ। ਸੀਐਮ ਮਾਨ ਨੇ ਆਖਿਆ ਕਿ ਸਰਕਾਰ ਨੇ ਇਸ ਸਬੰਧੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਅਤੇ ਬਹੁਤ ਛੇਤੀ ਇਨ੍ਹਾਂ ਅਸਾਮੀਆਂ ਤੇ ਭਰਤੀ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਅੱਗੇ ਆਖਿਆ ਕਿ ਸੂਬਾ ਸਰਕਾਰ ਆਸ਼ਾ ਵਰਕਰਾਂ ਦੀਆਂ ਜਾਇਜ਼ ਮੰਗਾਂ ਫ਼ਰਸਤੁੋਤੇ ਹਮਦਰਦੀ ਨਾਲ ਵਿਚਾਰ ਕਰ ਰਹੀ ਹੈ।

# ਯੂ ਕੇ ਰਹਿੰਦੇ ਗੁਰਪ੍ਰੀਤ ਸਿੰਘ ਮੱਤਾ ਨੂੰ ਐਮ ਪੀ ਸਰਬਜੀਤ ਸਿੰਘ ਨੇ ਓ ਐਸ ਡੀ ਨਿਯੁਕਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਮਲੋਆ ਵੱਲੋਂ ਯੂ ਕੇ ਰਹਿੰਦੇ ਗੁਰਪ੍ਰੀਤ ਸਿੰਘ ਮੱਤਾ ਨੂੰ ਆਪਣਾ ਓ.ਐਸ.ਡੀ. ਨਿਯੁਕਤ ਕੀਤਾ ਹੈ।



ਗੁਰਪ੍ਰੀਤ ਸਿੰਘ ਮੱਤਾ

ਗੁਰਪ੍ਰੀਤ ਸਿੰਘ ਹੁਣ ਯੂ ਕੇ ਰਹਿੰਦੇ ਪੰਜਾਬੀਆਂ ਦੇ ਮਾਮਲਿਆਂ ਨੂੰ ਵੇਖਣਗੇ ਅਤੇ ਭਾਈ ਸਰਬਜੀਤ ਸਿੰਘ ਦੇ ਧਿਆਨ ਵਿੱਚ ਲਿਆਉਣਗੇ। ਗੱਲ ਕਰਦਿਆਂ ਭਾਈ ਮੱਤਾ ਨੇ ਕਿਹਾ ਕਿ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਦੇ ਮਾਮਲੇ ਅਤੇ ਸੋਸ਼ਲ ਮੀਡੀਆ ਉੱਪਰ ਸਿੱਖਾਂ ਖਿਲਾਫ ਕੀਤੇ ਜਾਂਦੇ ਕੂੜ ਪ੍ਰਚਾਰ ਨੂੰ ਰੋਕਣ ਲਈ ਯਤਨ ਕਰਨਗੇ। ਉਹਨਾ ਕਿਹਾ ਕਿ ਉਹ ਰਾਜਨੀਤੀ ਨੂੰ ਸਿੱਖ ਕੌਮ ਅੰਦਰ ਸੇਵਾ ਦੇ ਇਕ ਜ਼ਰੀਏ ਵਜੋਂ ਮੰਨਦੇ ਹਨ ਅਤੇ ਸਿੱਖ ਇਤਿਹਾਸ ਨੂੰ ਮੂਹਰੇ ਰੱਖ ਕੇ ਜਿੰਮੇਂਵਾਰੀਆਂ ਨਿਭਾਉਣਗੇ। ਉਨ੍ਹਾਂ ਕਿਹਾ ਕਿ ਐਮ ਪੀ ਸਰਬਜੀਤ ਸਿੰਘ ਵੱਲੋਂ ਜੋ ਲੋਕ ਭਲਾਈ ਕਾਰਜਾਂ ਲਈ ਲਹਿਰ ਚਲਾਈ ਜਾ ਰਹੀ ਹੈ ਉਸ ਨੂੰ ਹੋਰ ਤੇਜ਼ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਵੱਧ ਤੋਂ ਵੱਧ ਪੰਜਾਬੀਆਂ ਨੂੰ ਇੱਕ ਪਲੇਟ ਫਾਰਮ ਤੇ ਇਕੱਠੇ ਕਰਨ ਲਈ ਯਤਨਸ਼ੀਲ ਰਹਿਣਗੇ।

# ਕੋਲੋਰਾਡੋ ਵਿਚ ਡਰੱਗ ਤਸਕਰੀ ਗਿਰੋਹ ਦੇ ਸਰਗਨੇ ਨੂੰ 376 ਸਾਲ ਜੇਲ ਦੀ ਸਜ਼ਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੋਲੋਰਾਡੋ ਵਿਚ ਇਕ ਡਰੱਗ ਤਸਕਰੀ ਗਿਰੋਹ ਦੇ ਸਰਗਨੇ ਨੂੰ 376 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਇਹ ਜਾਣਕਾਰੀ ਕਾਊਂਟੀ ਅਧਿਕਾਰੀਆਂ ਨੇ ਦਿੱਤੀ ਹੈ। ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਇਕ ਜਿਊਰੀ ਨੇ ਇਸ ਸਾਲ ਜੂਨ ਵਿਚ ਜੋਸ ਅਰੇਲਾਨੋ-ਅਰੇਡੋਂਨਡੋ (67) ਨੂੰ ਡਰੱਗ ਨਾਲ ਸਬੰਧਿਤ ਤੇ ਕਾਲੇ ਧੰਨ ਨੂੰ ਚਿੱਟਾ ਕਰਨ ਸਬੰਧੀ 40 ਦੋਸ਼ਾਂ ਤਹਿਤ ਦੋਸ਼ੀ ਐਲਾਨਿਆ ਸੀ।**

ਚੀਫ ਡਿਪਟੀ ਡਿਸਟ੍ਰਿਕਟ ਅਟਾਰਨੀ ਮਾਈਕਲ ਪਿਰਾਗਲੀਆ ਨੇ ਬਿਆਨ ਵਿਚ ਕਿਹਾ ਹੈ ਕਿ " ਇਸ ਆਦਮੀ ਨੇ ਕਈ ਸਾਲ ਅਮਰੀਕੀਆਂ ਨੂੰ ਭਾਰੀ ਮਾਤਰਾ ਵਿਚ ਜ਼ਹਿਰ ਵੰਡੀ ਹੈ।" ਉਨਾਂ ਕਿਹਾ " ਇਸ ਨੇ ਕਿੰਨੇ ਲੋਕਾਂ ਦੀਆਂ ਜਿੰਦਗੀਆਂ ਤਬਾਹ ਕੀਤੀਆਂ ਹਨ ਇਸ ਬਾਰੇ ਕਦੀ ਵੀ ਸੱਚ ਸਾਹਮਣੇ ਨਹੀਂ ਆਵੇਗਾ। ਇਸ ਨੇ ਆਪਣੇ ਨਿੱਜੀ ਮੁਨਾਫੇ ਲਈ ਲੋਕਾਂ ਨੂੰ ਨਸ਼ੇ ਦਾ ਆਦੀ ਬਣਾਇਆ ਤੇ ਉਨਾਂ ਦਾ ਸੋਸ਼ਣ ਕੀਤਾ।" ਬਿਆਨ ਅਨੁਸਾਰ ਅਰੇਲਾਨੋ-ਅਰੇਡੋਂਨਡੋ ਨੂੰ ਕਾਊਂਟੀ ਵੱਲੋਂ ਗਠਿਤ ਇਕ ਡੱਰਗ ਟਾਸਕ ਫੋਰਸ ਵੱਲੋਂ ਲੁਕਵੇਂ ਢੰਗ ਨਾਲ ਕੀਤੀ ਜਾਂਚ ਜੋ ਜਾਂਚ 2019 ਵਿਚ ਸ਼ੁਰੂ ਹੋਈ ਸੀ, ਉਪਰੰਤ ਕਾਬੂ ਕੀਤਾ ਸੀ। ਇਸ ਜਾਂਚ ਵਿਚ ਪਤਾ ਲੱਗਾ ਕਿ ਡਰੱਗ ਮੈਕਸੀਕੋ ਤੋਂ ਨੇਵਾਡਾ ਤੇ ਐਰੀਜ਼ੋਨਾ ਲਿਜਾਏ ਜਾਂਦੇ ਸਨ ਤੇ ਇਸ ਤੋਂ ਬਾਅਦ ਇਹ ਡਰੱਗ ਅਰੇਲਾਨੋ-ਅਰੇਡੋਨਡ ਕੋਲ ਗਰੀਲੇ, ਕੋਲੋਰ-ਾਡੋ ਪਹੁੰਚਦੇ ਸਨ। ਅਧਿਕਾਰੀਆਂ ਨੇ ਸਤੰਬਰ 2020 ਵਿਚ ਅਰੇਲਾਨੋ ਅਰੇਡੋਂਨਡੋ ਦੇ ਘਰ ਦੀ ਤਲਾਸ਼ੀ ਲੈਣ ਤੋਂ ਪਹਿਲਾਂ ਉਸ ਕੋਲੋਂ ਗਾਹਕ ਬਣ ਕੇ ਡਰੱਗ ਵੀ ਖਰੀਦੇ ਸਨ।

# ਦੁਨੀਆਂ ਦੀ ਸਭ ਤੋਂ ਵੱਧ ਉਮਰ ਵਾਲੀ 117 ਸਾਲਾ ਔਰਤ ਦਾ ਦਿਹਾਂਤ

ਡਰਬੀ-(ਪੰਜਾਬ ਟਾਈਮਜ਼)-ਸਪੇਨ ਵਿੱਚ ਰਹਿਣ ਵਾਲੀ ਮਾਰੀਆ ਬਰਨੀਆਸ ਜਿਸ ਦੀ ਉਮਰ 117 ਸਾਲ ਸੀ, ਉਸ ਦਾ ਦਿਹਾਂਤ ਹੋ ਗਿਆ ਹੈ। ਉਸ ਦੇ ਪਰਿ-ਵਾਰਕ ਮੈਂਬਰਾਂ ਨੇ ਦੱਸਿਆ ਕਿ ਉਸ ਨੇ ਨਰਸਿੰਗ ਹੋਮ ਵਿੱਚ ਰਾਤ ਦੇ ਸਮੇਂ ਬਹੁਤ ਸ਼ਾਂਤਮਈ ਨੀਂਦ ਵਿੱਚ ਆਖਰੀ ਸਾਹ ਲਏ। ਉਸ ਨੇ ਆਪਣੀ ਜਿੰਦਗੀ ਵਿੱਚ ਦੋ ਵਰਲਡ ਵਾਰ, ਫਲੂ ਪੈਨਡੈਮਿਕ ਤੇ ਕੋਵਿਡ ਪੈਨਡੈਮਿਕ ਨੂੰ ਵੀ ਦੇਖਿਆ ।



# ਕੋਹੀਜ਼ਨ ਪਲੱਸ ਵੱਲੋਂ ਦੱਖਣੀ ਏਸ਼ੀਅਨ ਸੱਭਿਆਚਾਰ ਸਬੰਧੀ ਪ੍ਰੋਗਰਾਮ ਆਯੋਜਿਤ ਅਤੇ ਗ੍ਰੇਵਸ਼ੈਮ ਦੇ ਮਸ਼ਹੂਰ ਸ਼ਖਸੀਅਤਾਂ ਬਾਰੇ ਫ਼ਿਲਮਾਂ ਦਾ ਪ੍ਰਦਰਸ਼ਨ




ਕੋਹਿਜ਼ਨ ਪਲੱਸ ਵੱਲੋਂ ਆਯੋਜਿਤ ਕੀਤੇ ਗਏ ਦੋ ਵੱਖ ਵੱਖ ਪ੍ਰੋਗਰਾਮਾਂ ਵਿੱਚ ਭਾਗ ਲੈਣ ਵਾਲੇ ਦਰਸ਼ਕ ਤੇ ਮਹਿਮਾਨ

ਗ੍ਰੇਵਸ਼ੈਮ (ਮਨਪ੍ਰੀਤ ਸਿੰਘ ਬੱਧਨੀ ਕਲਾਂ) – ਬੀਤੇ ਦਿਨੀਂ ਇਥੇ ਕੋਹੀਜ਼ਨ ਪਲੱਸ ਦੁਆਰਾ ਦੱਖਣੀ ਏਸ਼ੀਅਨ ਵਿਰਾਸਤ ਮਹੀਨਾ ਮਨਾਇਆ ਗਿਆ। ਇਸ ਦੌਰਾਨ ਗ੍ਰੇਵਸ਼ੈਮ, ਡਾਰਟਫੋਰਡ ਅਤੇ ਆਸ ਪਾਸ ਦੇ ਸੈਂਕੜੇ ਸਥਾਨਕ ਲੋਕਾਂ ਨੇ ਇਸ ਵਿੱਚ ਭਾਗ ਲਿਆ। ਇਸ ਮੌਕੇ ਦੋ ਵੱਖ ਵੱਖ ਪ੍ਰੋਗਰਾਮ ਕਰਵਾਏ ਗਏ। ਪਹਿਲੇ ਪ੍ਰੋਗਰਾਮ ਦੌਰਾਨ ਦੱਖਣੀ ਏਸ਼ੀਅਨ ਕਲਾ ਤੇ ਸੰਗੀਤ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ, ਤੇ ਛੋਟੀਆਂ ਫਿਲਮਾਂ ਦਿਖਾਈਆਂ ਗਈਆਂ।

ਪਹਿਲਾ ਪ੍ਰੋਗਰਾਮ ਗ੍ਰੇਵਸ਼ੈਮ ਦੇ ਵੁੱਡਵਾਈਲ ਸਟੂਡੀਓ ਵਿਖੇ ਆਯੋਜਿਤ ਕੀਤਾ ਗਿਆ। 'ਬਿੱਗ ਸਟੋਰੀਜ਼ ਲੋਕਲ ਲੈਜਿੰਡਜ਼" ਤਹਿਤ ਸਥਾਨਕ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਵੱਖ-ਵੱਖ ਲੋਕਾਂ ਬਾਰੇ ਫਿਲਮਾਂ ਦਿਖਾਈਆਂ ਗਈਆਂ, ਜਿਹਨਾਂ ਨੂੰ ਲੋਕਾਂ ਪਾਸੋਂ ਭਰਵਾਂ ਹੁੰਘਾਰਾ ਮਿਲਿਆ। ਇਸ ਮੌਕੇ ਖਾਸ ਮਹਿਮਾਨਾਂ ਵਿੱਚ ਗ੍ਰੇਵਸ਼ੈਮ ਦੇ ਮੇਅਰ ਕੌਂਸਲਰ ਡੇਨੀਅਲ ਐਡਵੇਲ ਕਿੰਗ, ਐਂਡਰਿਊ ਵੁੱਡ ਡੀ ਐਲ, ਜੋ ਹੋਮਜ਼ ਡੀ ਐਲ ਅਤੇ ਜੇਨ ਲੋਡਨ ਡੀ ਐਲ ਅਤੇ ਐਨ ਐਚ ਕੈਂਟ ਦੇ ਚੇਅਰ ਅਤੇ ਮੇਡਵੇ ਸੀਡੀ ਫਰੈਡਰਿਕ ਨੇ ਵੀ ਹਾਜ਼ਰੀ ਭਰੀ।

ਇਹ ਸਾਰਾ ਸਮਾਗਮ ਡਿਪਟੀ ਲੈਫਟੀਨੈਂਟ ਗੁਰਵਿੰਦਰ ਸੰਧਰ ਐਮ ਬੀ ਈ, ਡੀ ਐਲ ਦੀ ਦੇਖ ਰੇਖ ਹੇਠ ਹੋਇਆ ਜਿਹਨਾਂ ਨੇ ਲੇਡੀ ਕੋਲਗਰੇਨ ਲੋਰਡ ਲੈਫਟੀਨੈਂਟ ਆਫ਼ ਕੈਂਟ ਦੀ ਪ੍ਰਤੀਨਿੱਧਤਾ ਕੀਤੀ।

ਦਿਖਾਈਆਂ ਗਈਆਂ ਤਿੰਨ ਫਿਲਮਾਂ ਵਿੱਚ ਪੰਜਾਬ ਯੂਨਾਈਟਿਡ ਫੁੱਟਬਾਲ ਕਲੱਬ ਬਾਰੇ ਸੀ, ਜਿਸ ਨੇ ਕਿ ਦੱਖਣੀ ਕਾਊਂਟੀਜ਼ ਈਸਟ ਫੁੱਟਬਾਲ ਲੀਗ ਵਿੱਚ ਵਧੀਆ ਭੂਮਿਕਾ ਨਿਭਾਈ। ਇਸ ਵਿੱਚ ਖਾਸ ਕਰਨ ਸੰਘੇੜਾ ਦਾ ਵਰਣਨ ਜ਼ਰੂਰੀ ਹੈ ਜਿਸ ਨੇ ਮਰਦਾਂ ਦੀ ਟੀਮ ਦੀ ਪਹਿਲ ਔਰਤ ਕੋਚ ਵਜੋਂ ਵਧੀਆ ਕੰਮ ਕੀਤਾ।

ਇਸੇ ਤਰ੍ਹਾਂ ਦੂਜੀ ਫਿਲਮ ਪ੍ਰਸਿੱਧ ਕਾਰੋਬਾਰੀ ਵਜੋਂ ਸੁਰਿੰਦਰ ਕੌਰ ਵਿਰਦੀ ਅਤੇ ਉਹਨਾਂ ਦੀ ਧੀ ਗੁਰਪ੍ਰੀਤ ਕੌਰ ਵਿਰਦੀ ਬਾਰੇ ਸੀ । ਇਸ ਫਿਲਮ ਵਿੱਚ ਉਹਨਾਂ ਨੇ ਆਪਣੇ ਕਾਰੋਬਾਰ ਦੀ ਸਫ਼ਲਤਾ ਬਾਰੇ ਦੱਸਿਆ। ਤੀਜੀ ਫਿਲਮ ਪੰਜਾਬੀ ਕਲਾਕਾਰ ਬਿੱਲ ਸੰਧਰ ਬਾਰੇ ਸੀ ਜਿਹਨੂੰ ਸੰਗੀਤ ਦੀ ਦੁਨੀਆ ਵਿੱਚ ਮਸ਼ੀਨ ਗੰਨ ਬਿਲੀ ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਯੂ ਕੇ ਵਿੱਚ ਅਤੇ ਅੰਤਰਰਾਸ਼ਟਰੀ ਪੱਧਰ ਤੇ ਨਾਮਣਾ ਖੱਟਿਆ ਹੈ। ਫਿਲਮਾਂ ਦਿਖਾਉਣ ਪਿੱਛੋਂ ਕੁੱਝ ਅਹਿਮ ਸ਼ਖ਼ਸੀਅਤਾਂ ਦਾ ਮਾਣ ਸਨਮਾਨ ਕੀਤਾ ਗਿਆ ਜਿਹਨਾਂ ਵਿੱਚ ਏਸ਼ੀਅਨ ਵੁਮੈਨਜ਼ ਗਰੁੱਪ ਦੀਆਂ ਬਲਬੀਰ ਕੌਰ ਆਹਲੂਵਾਲੀਆ ਅਤੇ ਸੁਖਦੇਵ ਕੌਰ ਸੰਧੂ, ਮਰਨੀ ਢੀਂਡਸਾ ਫੋਰ ਬਾਈ ਫੋਰ ਭੰਗੜਾ ਗਰੁੱਪ ਦੇ ਨਾਂ ਵਰਣਨਯੋਗ ਹਨ।

ਦੂਜਾ ਪ੍ਰੋਗਰਾਮ ਡਾਰਟਫੋਰਡ ਦੇ ਔਰਚਰਡ ਵੈਸਟ ਥੀਏਟਰ ਵਿਚ ਹੋਇਆ। ਇਥੇ ਨੇਪਾਲ, ਤੇਲਗੂ, ਬੰਗਲਾਦੇਸ਼ੀ ਅਤੇ ਪੰਜਾਬੀ ਕਲਾਕਾਰਾਂ ਨੇ ਕੱਥਕ, ਭਾਰਤ ਨਾਟਿਯਮ ਅਤੇ ਭੰਗੜੇਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ । ਇਸ ਮੌਕੇ 200 ਦੇ ਲਗਭੱਗ ਦਰਸ਼ਕਾਂ ਤੇ ਮਹਿਮਾਨਾਂ ਨੇ ਭਾਗ ਲਿਆ ਤੇ ਪ੍ਰੋਗਰਾਮ ਦਾ ਅਨੰਦ ਮਾਣਿਆ। ਡਾਰਟਫੋਰਡ ਦੇ ਮੇਅਰ ਕੌਂਸਲਰ ਐਂਡੀ ਲੋਇਡ ਨੇ ਖਾਸ ਤੌਰ ਤੇ ਸ਼ਿਰਕਤ ਕੀਤੀ। ਇਸ ਸਮੇਂ ਨੇਪਾਲੀ ਹਿੰਦੂ ਡਾਂਸ ਐਸੋਸੀਏਸ਼ਨ, ਡਾਰਟਫੋਰਡ ਤੇਲਗੂ ਐਸੋਸੀਏਸ਼ਨ, ਨੀਤਾ ਰੋਹਿਨੀ ਡਾਂਸ ਅਕੈਡਮੀ ਅਤੇ ਸੌਪਸਟਰ ਮਿਊਜ਼ਿਕ ਸਕੂਲ, ਫੋਰ ਬਾਈ ਫੋਰ ਯੂਥ ਕਲੱਬ ਅਤੇ ਕਿੰਗਜ਼ ਢੋਲ ਨੇ ਵਧੀਆ ਪੇਸ਼ਕਾਰੀ ਕੀਤੀ।

ਪ੍ਰੋਗਰਾਮ ਦੇ ਆਯੋਜਕ ਗੁਰਵਿੰਦਰ ਸੰਧਰ ਐਮ ਬੀ ਈ, ਡੀ ਐਲ ਨੇ ਕਿਹਾ ਕਿ ਇਸ ਵਾਰ ਅਸੀਂ ਦੱਖਣੀ ਏਸ਼ੀਅਨ ਵਿਰਾਸਤ ਮਹੀਨਾ ਮਨਾ ਕੇ ਬਹੁਤ ਮਾਣ ਮਹਿਸੂਸ ਕਰਦੇ ਹਾਂ। ਜਦੋਂ ਅਸੀਂ ਡਾਰਟਫੋਰਡ ਦਾ ਪ੍ਰੋਗਰਾਮ ਕਰ ਰਹੇ ਸਾਂ ਉਸ ਵਕਤ ਦੇਸ਼ ਦੇ ਕਈ ਹਿੱਸਿਆਂ ਵਿੱਚ ਨਸਲੀ ਹਿੰਸਾ ਵਾਪਰ ਰਹੀ ਸੀ। ਇਹਨਾਂ ਨਸਲੀ ਦੰਗਿਆਂ ਪਿੱਛੇ ਮਕਸਦ ਦੇਸ਼ ਵਿੱਚ ਸਮਾਜ ਦੇ ਵੱਖ ਵੱਖ ਵਰਗਾਂ ਵਿੱਚ ਵੰਡੀਆਂ ਪਾਉਣਾ ਸੀ। ਪਰ ਅਸੀਂ ਇਸ ਦੇ ਉਲਟ ਜੋ ਸਾਡੀ ਕੋਹੀਜ਼ਨ ਪਲੱਸ ਸੰਸਥਾ ਦਾ ਮੁੱਖ ਮੰਤਵ ਹੈ ਕਿ ਸਾਰਿਆਂ ਨੇ ਇਕੱਠੇ ਰਹਿਣਾ ਹੈ ਤੇ ਇੱਕ ਦੂਜੇ ਦਾ ਆਦਰ ਸਤਿਕਾਰ ਕਰਨਾ ਹੈ, ਉਸ ਮੁਤਾਬਕ ਅਸੀਂ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਇੱਕ ਮੰਚ ਤੇ ਲਿਆ ਰਹੇ ਸਾਂ। ਇਸ ਤਰ੍ਹਾਂ ਅਸੀਂ ਸਮਾਜ ਵਿੱਚ ਨਫ਼ਰਤ ਫੈਲਾਉਣ ਵਾਲੇ ਅਨਸਰਾਂ ਨੂੰ ਅਜਿਹਾ ਜਵਾਬ ਦਿੱਤਾ ਕਿ ਹਰ ਤਰ੍ਹਾਂ ਦੇ ਪਿਛੋਕੜ ਵਾਲੇ ਲੋਕਾਂ ਨੂੰ ਇਕੱਠੇ ਕਰ ਦਿੱਤਾ ਜਿਸ ਤੇ ਸਾਨੂੰ ਬਹੁਤ ਮਾਣ ਹੈ। ਸੰਧਰ ਨੇ ਸਾਰੇ ਸਹਿਯੋਗੀਆਂ ਤੇ ਨਾਲ ਸਾਥ ਦੇਣ ਵਾਲਿਆਂ ਦਾ ਹਾਰਦਿਕ ਧੰਨਵਾਦ ਕੀਤਾ।

# ਲੰਡਨ ਵਿੱਚ ਏਅਰ ਇੰਡੀਆ ਦੇ ਚਾਲਕ ਦਲ ਦੀ ਮਹਿਲਾ ਮੈਂਬਰ 'ਤੇ ਜਿਣਸੀ ਹਮਲਾ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਹੀਥਰੋ ਹਵਾਈ ਅੱਡੇ ਨੇੜੇ ਇੱਕ ਹੋਟਲ ਵਿੱਚ ਏਅਰ ਇੰਡੀਆ ਦੇ ਚਾਲਕ ਦਲ ਦੀ ਮਹਿਲਾ ਮੈਂਬਰ 'ਤੇ ਜਿਣਸੀ ਹਮਲਾ ਹੋਣ ਦੀ ਖਬਰ ਮਿਲੀ ਹੈ। ਕੁਝ ਰਿਪੋਰਟਾਂ ਅਨੁਸਾਰ ਚਾਲਕ ਦਲ ਦੀ ਮਹਿਲਾ ਮੈਂਬਰ ਨਾਲ ਜਬਰਜਨਾਹ ਕੀਤਾ ਗਿਆ ਹੈ। ਲੰਡਨ ਪੁਲਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਘਟਨਾ ਲੰਡਨ ਦੇ ਹੀਥਰੋ ਹਵਾਈ ਅੱਡੇ ਨਜ਼ਦੀਕ ਇੱਕ ਮਸ਼ਹੂਰ ਹੋਟਲ ਦੇ ਇੱਕ ਕਮਰੇ ਵਿੱਚ ਵਾਪਰੀ ਹੈ। ਏਅਰ ਇੰਡੀਆ ਨੇ ਵੀ ਹਮਲੇ ਦੀ ਪੁਸ਼ਟੀ ਕੀਤੀ ਹੈ ਅਤੇ ਜਬਰਜਨਾਹ ਬਾਰੇ ਕੁਝ ਨਹੀਂ ਕਿਹਾ।***

ਸ਼ਨੀਵਾਰ ਦੇਰ ਰਾਤ ਏਅਰ ਇੰਡੀਆ ਨੇ ਲੰਡਨ ਦੇ ਇਕ ਹੋਟਲ 'ਚ ਗੈਰ-ਕਾਨੂੰਨੀ ਘੁਸਪੈਠ ਦੀ ਘਟਨਾ 'ਤੇ ਇਕ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਪੀੜਤਾ ਨੂੰ ਮਦਦ ਪ੍ਰਦਾਨ ਕੀਤੀ ਜਾ ਰਹੀ ਹੈ। ਏਅਰ ਇੰਡੀਆ ਨੇ ਕਿਹਾ ਕਿ ਉਹ ਆਪਣੇ ਚਾਲਕ ਦਲ ਅਤੇ ਕ੍ਰਮਚਾਰੀਆਂ ਦੀ ਸੁਰੱਖਿਆ ਨੂੰ ਬਹੁਤ ਮਹੱਤਵ ਦਿੰਦਾ ਹੈ। ਅਸੀਂ ਇੱਕ ਪ੍ਰਮੁੱਖ ਅੰਤਰਰਾਸ਼ਟਰੀ ਹੋਟਲ ਵਿੱਚ ਗੈਰ-ਕਾਨੂੰਨੀ ਘੁਸਪੈਠ ਦੀ ਘਟਨਾ ਤੋਂ ਬਹੁਤ ਦੁਖੀ ਹਾਂ, ਜਿਸ ਦੇ ਨਤੀਜੇ ਵਜੋਂ ਸਾਡੇ ਇੱਕ ਚਾਲਕ ਦਲ ਦੇ ਮੈਂਬਰ ਨੂੰ ਨੁਕਸਾਨ ਪਹੁੰਚਿਆ ਹੈ।

ਏਅਰ ਇੰਡੀਆ ਲੰਡਨ ਪੁਲਿਸ ਨਾਲ ਤਾਲਮੇਲ ਕਰਕੇ ਕਾਨੂੰਨੀ ਕਾਰਵਾਈ ਕਰ ਰਹੀ ਹੈ ਅਤੇ ਹੋਟਲ ਪ੍ਰਬੰਧਕਾਂ ਨਾਲ ਕੰਮ ਕਰ ਰਹੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰਨ। ਇਸ ਦੇ ਨਾਲ ਹੀ ਪੀੜਤਾ ਦੀ ਨਿੱਜਤਾ ਦਾ ਖਿਆਲ ਰੱਖਣ ਦੀ ਵੀ ਅਪੀਲ ਕੀਤੀ ਹੈ।

# ਹੰਸ ਰਾਜ ਹੰਸ ਲੰਡਨ ਵਿੱਚ ਪੰਜਾਬੀ ਭਾਈਚਾਰੇ ਦੇ ਆਗੂਆਂ ਨੂੰ ਮਿਲੇ



**ਹੰਸ ਰਾਜ ਹੰਸ ਨਾਲ ਦਰਸ਼ਨ ਸਿੰਘ ਗਰੇਵਾਲ, ਲਾਰਡ ਰੰਮੀ ਰੇਂਜ਼ਰ ਅਤੇ ਦਵਿੰਦਰ ਤਿਆਗੀ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਉੱਘੇ ਪੰਜਾਬੀ ਗਾਇਕ ਅਤੇ ਰਾਜਸੀ ਨੇਤਾ ਹੰਸ ਰਾਜ ਹੰਸ ਨੇ ਲੰਡਨ ਵਿੱਚ ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਨਾਲ ਮੁਲਾਕਾਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀ ਜੇ ਓਵਰਸੀਜ਼ ਦੇ ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਨੇ ਦੱਸਿਆ ਕਿ ਹੰਸ ਰਾਜ ਹੰਸ ਨਾਲ ਭਾਰਤ ਅਤੇ ਖਾਸ ਤੌਰ ਤੇ ਪੰਜਾਬ ਦੀ ਅਜੋਕੀ ਰਾਜਸੀ ਅਤੇ ਸਮਾਜਿਕ ਸਥਿਤੀ ਬਾਰੇ ਗੱਲਬਾਤ ਕੀਤੀ। ਇਸ ਮੌਕੇ ਲਾਰਡ ਰੰਮੀ ਰੇਂਜ਼ਰ, ਦਵਿੰਦਰ ਤਿਆਗੀ ਆਦਿ ਹਾਜ਼ਰ ਸਨ। ਸ: ਗਰੇਵਾਲ ਨੇ ਕਿਹਾ ਕਿ ਸ੍ਰੀ ਹੰਸ ਰਾਜ ਹੰਸ ਦੀ ਪੰਜਾਬੀ ਗੀਤ ਸੰਗੀਤ ਨੂੰ ਜਿੱਥੇ ਵੱਡੀ ਦੇਣ ਹੈ, ਉੱਥੇ ਹੀ ਉਹ ਪੰਜਾਬ ਪ੍ਰਤੀ ਚਿੰਤਤ ਹਨ। ਇਸ ਮੌਕੇ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਦੀ ਸ਼ਲਾਘਾ ਕਰਦਿਆਂ ਹੰਸ ਰਾਜ ਹੰਸ ਨੇ ਕਿਹਾ ਕਿ ਮਾਣ ਵਾਲੀ ਗੱਲ ਹੈ ਕਿ ਮੇਹਨਤ ਮਜ਼ਦੂਰੀ ਕਰਨ ਆਏ ਲਾਰਡ ਰੰਮੀ ਰੇਂਜ਼ਰ ਵਰਗੇ ਬਹੁਤ ਸਾਰੇ ਪੰਜਾਬੀ ਅੱਜ ਬਰਤਾਨੀਆਂ ਦੀ ਸੰਸਦ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ।

# ਪਤੀ ਨੂੰ ਮਾਰਨ ਲਈ ਪਤਨੀ ਨੇ ਪ੍ਰੇਮੀ ਨਾਲ ਮਿਲ ਕੇ ਰਚੀ ਸੀ ਖਤਰਨਾਕ ਸਾਜਿਸ਼, ਵਟਸਐਪ ਚੈਟ ਰਾਹੀਂ ਖੁੱਲ੍ਹਿਆ ਭੇਦ

ਜਲੰਧਰ-17 ਸਾਲ ਪਹਿਲਾਂ ਪਿੰਡ ਕੁੱਕੜ ਪਿੰਡ ਵਾਸੀ ਹੈਪੀ ਦਾ ਵਿਆਹ ਗੁਰਦਾਸਪੁਰ ਦੀ ਰਹਿਣ ਵਾਲੀ ਸੋਨੀਆ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਦੋਵਾਂ ਦੇ ਚਾਰ ਬੱਚੇ ਹੋਏ ਜਦੋਂ ਤਿੰਨ ਸਾਲ ਪਹਿਲਾਂ ਗੋਲਡੀ ਅਚਾਨਕ ਬਿਮਾਰ ਹੋ ਗਿਆ। ਉਸ ਸਮੇਂ ਉਸ ਦੀ ਪਤਨੀ ਦਾ ਪਿੰਡ ਦੇ ਹੀ ਰਹਿਣ ਵਾਲੇ ਇੱਕ ਨੌਜਵਾਨ ਨਾਲ ਪ੍ਰੇਮ ਸਬੰਧ ਬਣ ਗਏ। ਪ੍ਰੇਮ ਸਬੰਧਾਂ ਦੀ ਖ਼ਾਤਰ ਪਤਨੀ ਨੇ ਪ੍ਰੇਮੀ ਨਾਲ ਮਿਲ ਕੇ ਪਤੀ ਨੂੰ ਮਾਰਨ ਦੀ ਸਾਜ਼ਿਸ਼ ਰਚੀ।

### ਵਟਸਐਪ ਚੈਟ ਰਾਹੀਂ ਹੋਇਆ ਖੁਲਾਸਾ

ਦੋਵਾਂ ਨੇ ਮਿਲ ਕੇ ਵਟਸਐਪ 'ਤੇ ਗੱਲਬਾਤ ਕਰਕੇ ਫੈਸਲਾ ਕੀਤਾ ਕਿ ਪ੍ਰੇਮੀ ਜ਼ਹਿਰ ਲੈ ਕੇ ਆਵੇਗਾ ਅਤੇ ਜੇ ਜ਼ਹਿਰ ਦਾ ਕੋਈ ਅਸਰ ਨਾ ਹੋਇਆ ਤਾਂ ਪ੍ਰੇਮੀ ਰਾਤ ਨੂੰ ਉਸ ਦਾ ਗਲਾ ਵੱਢ ਕੇ ਕਤਲ ਕਰ ਦੇਵੇਗਾ।

ਪਤਨੀ ਕੁਝ ਦਿਨ ਜ਼ਹਿਰ ਦਿੰਦੀ ਰਹੀ ਅਤੇ ਆਖਰਕਾਰ ਪਤੀ ਦੀ ਮੌਤ ਹੋ ਗਈ। ਪਤੀ ਦੇ ਉੱਥੋਂ ਚਲੇ ਜਾਣ ਤੋਂ ਬਾਅਦ ਪਤਨੀ ਨੇ ਮੌਕਾ ਸੰਭਾਲਿਆ, ਚਾਰ ਬੱਚਿਆਂ ਨੂੰ ਛੱਡ ਕੇ ਆਪਣੇ ਪ੍ਰੇਮੀ ਨਾਲ ਕਿਤੇ ਚਲੀ ਗਈ ਅਤੇ ਦੋ ਸਾਲ ਤੱਕ ਘਰ ਵਾਪਸ ਨਹੀਂ ਆਈ।

ਜੇਕਰ ਉਸ ਨੇ ਆਪਣਾ ਮੋਬਾਈਲ ਨਾ ਛੱਡਿਆ ਹੁੰਦਾ ਤਾਂ ਭੇਤ ਦਾ ਖੁਲਾਸਾ ਨਹੀਂ ਹੋਣਾ ਸੀ। ਜੇਕਰ ਪਤਨੀ ਘਰੋਂ ਨਿਕਲਦੇ ਸਮੇਂ ਆਪਣਾ ਮੋਬਾਈਲ ਘਰ ਨਾ ਛੱਡਦੀ ਤਾਂ ਕਤਲ ਦਾ ਰਾਜ਼ ਨਹੀਂ ਖੁਲ੍ਹਣਾ ਸੀ। ਜਦੋਂ ਪਰਿਵਾਰ ਵਾਲਿਆਂ ਨੂੰ ਮੋਬਾਈਲ ਮਿਲਿਆ ਤਾਂ ਉਨ੍ਹਾਂ ਨੇ ਉਸ ਦੀ ਆਪਣੇ ਪ੍ਰੇਮੀ ਨਾਲ ਕੀਤੀ ਚੈਟ ਫੜੀ, ਜਿਸ ਵਿਚ ਦੋਵੇਂ ਮਿਲ ਕੇ ਉਸ ਦੇ ਪਤੀ ਨੂੰ ਮਾਰਨ ਦੀ ਸਾਜ਼ਿਸ਼ ਰਚ ਰਹੇ ਸਨ। ਪਰਿਵਾਰ ਨੇ ਮੋਬਾਈਲ ਪੁਲਿਸ ਨੂੰ ਦੇ ਦਿੱਤਾ ਅਤੇ ਪੁਲੀਸ ਨੇ ਮੋਬਾਈਲ ਨੂੰ ਫੋਰੈਂਸਿਕ ਜਾਂਚ ਲਈ ਭੇਜ ਦਿੱਤਾ। ਦੋ ਸਾਲਾਂ ਦੀ ਜਾਂਚ ਤੋਂ ਬਾਅਦ ਕੈਂਟ ਥਾਣਾ ਪੁਲਸ ਨੇ ਮ੍ਰਿਤਕ ਗੋਲਡੀ ਦੀ ਪਤਨੀ ਸੋਨੀਆ ਅਤੇ ਉਸ ਦੇ ਪ੍ਰੇਮੀ ਮਨਜਿੰਦਰ ਸਿੰਘ ਖਿਲਾਫ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮ ਪੁਲੀਸ ਦੀ ਪਕੜ ਤੋਂ ਬਾਹਰ ਹੈ।

### 17 ਸਾਲ ਪਹਿਲਾਂ ਹੋਇਆ ਸੀ ਦੋਹਾਂ ਦਾ ਵਿਆਹ

ਹੈਪੀ ਦੇ ਪਿਤਾ ਬਲਦੇਵ ਸਿੰਘ ਨੇ ਪੁਲੀਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੇ ਲੜਕੇ ਦਾ ਵਿਆਹ ਕਰੀਬ 17 ਸਾਲ ਪਹਿਲਾਂ ਸੋਨੀਆ ਨਾਲ ਹੋਇਆ ਸੀ। ਉਕਤ ਵਿਆਹ ਤੋਂ ਦੋਵਾਂ ਦੇ ਚਾਰ ਬੱਚੇ ਸਨ। ਉਸ ਨੇ ਦੱਸਿਆ ਕਿ ਉਸ ਦੇ ਲੜਕੇ ਦੀ ਮੌਤ ਤੋਂ ਬਾਅਦ ਨੂੰਹ ਭੋਗ ਵਾਲੇ ਦਿਨ ਸ਼ਾਮ ਨੂੰ ਕਿਤੇ ਚਲੀ ਗਈ ਸੀ, ਜਿਸ ਤੋਂ ਬਾਅਦ ਪਰਿਵਾਰ ਨੇ ਕੈਂਟ ਥਾਣੇ ਵਿਚ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਈ ਅਤੇ ਪੁਲਸ ਨੇ ਉਸ ਦੀਆਂ 15 ਫੋਟੋਆਂ ਮੰਗਵਾਈਆਂ। ਉਹ ਆਪਣੇ ਪਰਿਵਾਰ ਸਮੇਤ ਉਸ ਦੇ ਕਮਰੇ ਵਿਚ ਆਪਣੀ ਨੂੰਹ ਦੀ ਫੋਟੋ ਲੱਭ ਰਿਹਾ ਸੀ ਜਦੋਂ ਉਸ ਨੂੰ ਉਸ ਦਾ ਫੋਨ ਆਇਆ, ਜਿਸ ਨੂੰ ਖੋਲ੍ਹਣ 'ਤੇ ਉਸ ਦੇ ਪੁੱਤਰ ਦੇ ਕਤਲ ਦਾ ਰਾਜ਼ ਖੁੱਲ੍ਹ ਗਿਆ। ਉਸ ਨੇ ਦੱਸਿਆ ਕਿ ਮੋਬਾਈਲ 'ਚ ਦੋਵਾਂ ਦੀ ਚੈਟ ਅਤੇ ਰਿਕਾਰਡਿੰਗ ਸੀ, ਜਿਸ 'ਚ ਦੋਵੇਂ ਆਪਸ 'ਚ ਗੱਲਾਂ ਕਰ ਰਹੇ ਸਨ ਕਿ ਜੇਕਰ ਹੈਪੀ ਦੀ ਮੌਤ ਜ਼ਹਿਰ ਕਾਰਨ ਨਾ ਹੋਈ ਤਾਂ ਰਾਤ ਨੂੰ ਉਸ ਦਾ ਗਲਾ ਘੁੱਟ ਕੇ ਕਤਲ ਕਰ ਦੇਣਗੇ। ਉਸ ਨੇ ਮੋਬਾਈਲ ਪੁਲੀਸ ਨੂੰ ਦੇ ਦਿੱਤਾ ਅਤੇ ਪੁਲੀਸ ਜਾਂਚ ਤੋਂ ਬਾਅਦ ਮੁਲਜ਼ਮ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰ ਲਿਆ ਗਿਆ। ਥਾਣਾ ਕੈਂਟ ਦੇ ਤਫਤੀਸ਼ੀ ਅਫਸਰ ਹਰਭਜਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਜਾਂਚ ਤੋਂ ਬਾਅਦ ਮ੍ਰਿਤਕ ਦੀ ਪਤਨੀ ਸੋਨੀਆ ਅਤੇ ਉਸ ਦੇ ਦੋਸਤ ਮਨਜਿੰਦਰ ਸਿੰਘ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਅਤੇ ਉਹ ਜਲਦ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲੈਣਗੇ।



### 10 ਨਵੰਬਰ 2022 ਦੀ ਹੈ ਘਟਨਾ

ਦੱਸ ਦੇਈਏ ਕਿ ਹੈਪੀ ਦੀ ਲਾਸ਼ ਪਰਿਵਾਰ ਨੂੰ 10 ਨਵੰਬਰ 2022 ਨੂੰ ਪਿੰਡ ਹੈਰੀਮਾਨਪੁਰ ਨੇੜੇ ਸ਼ੱਕੀ ਹਾਲਾਤਾਂ 'ਚ ਮਿਲੀ ਸੀ। ਉਸ ਦੀ ਮੌਤ ਤੋਂ ਕੁਝ ਦਿਨ ਬਾਅਦ ਉਸ ਦੀ ਪਤਨੀ ਸੋਨੀਆ ਘਰੋਂ ਚਲੀ ਗਈ ਸੀ। ਪਰਿਵਾਰ ਵਾਲੇ ਕਾਫੀ ਦੇਰ ਤੱਕ ਸੋਨੀਆ ਦੀ ਭਾਲ ਕਰਦੇ ਰਹੇ ਪਰ ਕੁਝ ਪਤਾ ਨਹੀਂ ਲੱਗਾ। ਇਸ ਸਬੰਧੀ ਪਰਿਵਾਰ ਵੱਲੋਂ ਗੁੰਮਸ਼ੁਦਗੀ ਦੀ ਰਿਪੋਰਟ ਵੀ ਦਰਜ ਕਰਵਾਈ ਗਈ ਸੀ ਅਤੇ ਉਸ ਤੋਂ ਬਾਅਦ ਪਰਿਵਾਰ ਨੂੰ ਸੋਨੀਆ ਦਾ ਮੋਬਾਈਲ ਮਿਲਿਆ, ਜਿਸ ਨੇ ਕਤਲ ਦਾ ਰਾਜ਼ ਖੋਲ੍ਹਿਆ।

### ਦੋ ਸਾਲ ਬਾਅਦ ਦਰਜ ਕੇਸ, ਸੁਣ ਕੇ ਪਿਤਾ ਭਾਵੁਕ ਹੋਏ

ਪਿਤਾ ਬਲਦੇਵ ਸਿੰਘ ਨੇ ਦੱਸਿਆ ਕਿ ਹੈਪੀ ਢਾਬੇ 'ਤੇ ਕੰਮ ਕਰਦਾ ਸੀ ਅਤੇ ਸਭ ਕੁਝ ਠੀਕ ਚੱਲ ਰਿਹਾ ਸੀ ਜਦੋਂ ਅਚਾਨਕ ਉਸ ਦੇ ਲੜਕੇ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਉਸ ਨੇ ਆਪਣੀ ਨੂੰਹ ਖਿਲਾਫ ਸਾਰੇ ਸਬੂਤ ਪੁਲਸ ਨੂੰ ਦਿੱਤੇ। ਉਹ ਆਪਣੇ ਪੁੱਤਰ ਨੂੰ ਇਨਸਾਫ਼ ਦਿਵਾਉਣ ਲਈ ਦੋ ਸਾਲਾਂ ਵਿੱਚ ਕਈ ਵਾਰ ਥਾਣੇ ਦੇ ਚੱਕਰ ਕੱਟਦਾ ਰਿਹਾ ਪਰ ਦੋ ਸਾਲਾਂ ਬਾਅਦ ਪੁਲੀਸ ਨੇ ਕੇਸ ਦਰਜ ਕਰ ਲਿਆ। ਜਦੋਂ ਉਸ ਨੂੰ ਪਤਾ ਲੱਗਾ ਕਿ ਉਸ ਦੇ ਪੁੱਤਰ ਦੇ ਕਤਲ ਦਾ ਕੇਸ ਦਰਜ ਹੋ ਗਿਆ ਹੈ ਤਾਂ ਉਹ ਭਾਵੁਕ ਹੋ ਗਏ। ਉਸ ਨੇ ਪੁਲੀਸ ਨੂੰ ਅਪੀਲ ਕੀਤੀ ਹੈ ਕਿ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਸਲਾਖਾਂ ਪਿੱਛੇ ਭੇਜਿਆ ਜਾਵੇ ਤਾਂ ਜੋ ਉਸ ਨੂੰ ਮਨ ਦੀ ਸ਼ਾਂਤੀ ਮਿਲੇ ਕਿ ਉਸ ਨੇ ਆਪਣੇ ਪੁੱਤਰ ਦੇ ਕਾਤਲਾਂ ਨੂੰ ਜੇਲ੍ਹ ਭੇਜ ਦਿੱਤਾ ਹੈ।

# ਪੇਕਿਆਂ ਤੋਂ ਨਹੀਂ ਲਿਆਂਦੇ ਸੀ 50 ਲੱਖ ਰੁਪਏ, ਸਹੁਰਿਆਂ ਦੇ ਤਸ਼ੱਦਦ ਕਾਰਨ ਵਿਆਹੁਤਾ ਨੇ ਜ਼ਹਿਰ ਖਾਧੀ

**✪ ਪਤੀ, ਸਹੁਰੇ, ਸੱਸ, ਦਿਓਰ, ਦਰਾਣੀ ਖ਼ਿਲਾਫ਼ ਮਾਮਲਾ ਦਰਜ**

ਫਗਵਾੜਾ-ਫਗਵਾੜਾ ਵਿਚ ਆਪਣੇ ਪਤੀ ਅਤੇ ਸਹੁਰੇ ਪਰਿਵਾਰ ਤੋਂ ਪਰੇਸ਼ਾਨ ਹੋ ਕੇ ਸਲ਼ਫ਼ਾਸ ਦੀਆਂ ਗੋਲ਼ੀਆਂ ਨਿਗਲ ਇਕ ਵਿਆਹੁਤਾ ਨੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਬਲਵਿੰਦਰ ਰਾਮ ਪਿੰਡ ਖੋਜਕੀਪੁਰ ਥਾਣਾ ਆਦਮਪੁਰ ਜ਼ਿਲ੍ਹਾ ਜਲੰਧਰ ਨੇ ਥਾਣਾ ਸਿਟੀ ਫਗਵਾੜਾ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਖ਼ੁਲਾਸਾ ਕੀਤਾ ਹੈ ਕਿ ਉਸ ਦੀ ਧੀ ਕਿਰਨਦੀਪ ਕੌਰ ਨੇ ਬੀ. ਫਾਰਮੇਸੀ ਤੱਕ ਪੜ੍ਹਾਈ ਕੀਤੀ ਸੀ। ਕਿਰਨਦੀਪ ਕੌਰ ਦਾ ਵਿਆਹ ਜੇਮਸ ਗਾਟ ਜਲੋਟਾ ਨਗਰ, ਪਟੇਲ ਨਗਰ, ਫਗਵਾੜਾ ਨਾਲ ਕੀਤਾ ਸੀ।

ਉਨ੍ਹਾਂ ਕਿਹਾ ਕਿ ਵਿਆਹ ਤੋਂ ਬਾਅਦ ਉਸ ਦਾ ਜਵਾਈ ਜੇਮਸ ਗਾਟ ਉਸ ਦੀ ਧੀ ਕਿਰਨਦੀਪ ਕੌਰ ਨਾਲ 3 ਮਹੀਨੇ ਫਗਵਾੜਾ 'ਚ ਰਿਹਾ, ਜਿਸ ਤੋਂ ਬਾਅਦ ਉਹ ਇੰਗਲੈਂਡ ਚਲਾ ਗਿਆ। ਇਸ ਤੋਂ ਬਾਅਦ ਉਸ ਦੀ ਪੁੱਤਰੀ ਨੇ ਇਕ ਬੇਟੇ ਨੂੰ ਜਨਮ ਦਿੱਤਾ। ਇਸ ਤੋਂ ਥੋੜ੍ਹੀ ਦੇਰ ਬਾਅਦ ਜੇਮਸ ਗੁੱਟ 21 ਅਪ੍ਰੈਲ 2022 ਨੂੰ ਆਪਣੇ ਭਰਾ ਦੇ ਵਿਆਹ ਲਈ ਫਗਵਾੜਾ ਆਇਆ ਅਤੇ ਫਿਰ ਲਗਭਗ 2 ਮਹੀਨੇ ਉਸ ਦੀ ਧੀ ਨਾਲ ਘਰ 'ਚ ਰਿਹਾ। ਜੇਮਸ ਗੈਟ ਅਤੇ ਉਸ ਦੇ ਪਰਿਵਾਰ ਨੇ ਉਸ ਦੀ ਧੀ ਕਿਰਨਦੀਪ ਕੌਰ 'ਤੇ ਪੇਕੇ ਘਰੋਂ 50 ਲੱਖ ਰੁਪਏ ਲਿਆਉਣ ਦਾ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਦਾਅਵਾ ਕਰਦੇ ਰਹੇ ਕਿ ਜਦੋਂ ਤੱਕ ਉਹ ਇਹ ਪੈਸਾ ਨਹੀਂ ਲਿਆਉਂਦੀ, ਉਦੋਂ ਤੱਕ ਉਸ ਨੂੰ ਇੰਗਲੈਂਡ ਨਹੀਂ ਭੇਜਿਆ ਜਾਵੇਗਾ।

ਇਸ ਦੌਰਾਨ ਸਹੁਰੇ ਘਰ ਦੇ ਹੋਰ ਲੋਕ ਉਸ ਦੇ ਪਤੀ ਕੋਲ ਇੰਗਲੈਂਡ ਚਲੇ ਗਏ ਅਤੇ ਉਥੇ ਰਹਿਣ ਲੱਗੇ। ਆਪਣੇ ਪੈਕੇ ਘਰੋਂ ਲੱਖਾਂ ਰੁਪਏ ਲਿਆਉਣ ਲਈ ਲਗਾਤਾਰ ਦਬਾਅ ਪਾਉਣ ਅਤੇ ਉਸ ਦੇ ਜਵਾਈ ਜੇਮਜ਼ ਗੈਟ ਅਤੇ ਸਹੁਰੇ ਪਰਿਵਾਰ ਵੱਲੋਂ ਉਸ ਦੀ ਧੀ ਕਿਰਨਦੀਪ ਕੌਰ ਨਾਲ ਕੀਤੇ ਜਾ ਰਹੇ ਭੈੜੇ ਵਿਵਹਾਰ ਤੋਂ ਪਰੇਸ਼ਾਨ ਹੋ ਕੇ ਹੁਣ ਉਸ ਦੀ ਪੁੱਤਰੀ ਕਿਰਨਦੀਪ ਕੌਰ ਨੇ ਜ਼ਹਿਰੀਲੀ ਸਲ਼ਫ਼ਾਸ ਦੀਆਂ ਗੋਲ਼ੀਆਂ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਹੈ।

ਬਲਵਿੰਦਰ ਰਾਮ ਦੀ ਸ਼ਿਕਾਇਤ 'ਤੇ ਪੁਲਸ ਨੇ ਉਸ ਦੇ ਮੁਲਜ਼ਮ ਪਤੀ ਜੇਮਸ ਗਾਟ, ਸਹੁਰੇ ਪਰਮਜੀਤ ਗਾਟ, ਸੱਸ ਸਰੋਜ ਬਾਲਾ, ਦਿਓਰ ਮਹਿਨੀਸ਼ ਗਾਟ, ਦਰਾਣੀ ਸੋਨੀਆ ਗਾਟ ਸਾਰੇ ਵਾਸੀ ਵਾਰਡ ਨੰਬਰ 4 ਜਲੋਟਾ ਨਗਰ ਪਟੇਲ ਨਗਰ ਫਗਵਾੜਾ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਪੰਜਾਬ ਵਿਚ ਘਿਓ ਦੇ ਨਾਂ 'ਤੇ ਵਿਕ ਰਿਹਾ ਏ ਜ਼ਹਿਰ !

**✪ ਹਾਈਡ੍ਰੋਜੋਨੇਟਿਡ ਫੈਟ ਅਤੇ ਰਿਫਾਇੰਡ ਤੇਲ ਦੀ ਮਿਲਾਵਟ ਵੀ ਪਾਈ ਗਈ, 21.4 ਫ਼ੀਸਦੀ ਨਮੂਨੇ ਫੇਲ੍ਹ ✪ ਖੋਏ ਦੇ ਵੀ 26 ਫੀਸਦ ਸੈਂਪਲ ਫੇਲ੍ਹ ਹੋਏ**



ਜਲੰਧਰ-ਜੇ ਤੁਸੀਂ ਵੀ ਦੇਸੀ ਘਿਓ ਖਾਣ ਦੇ ਸ਼ੌਕੀਨ ਹੋ, ਪਰ ਬਾਜ਼ਾਰ ਤੋਂ ਲਿਆ ਕੇ ਖਾਂਦੇ ਹੋ ਤਾਂ ਸਾਵਧਾਨ ਹੋ ਜਾਓ। ਪੰਜਾਬ ਅੰਦਰ ਦੇਸੀ ਘਿਓ ਦੇ 21.4 ਫ਼ੀਸਦੀ ਨਮੂਨੇ ਫੇਲ੍ਹ ਹੋ ਗਏ ਹਨ। ਇਨ੍ਹਾਂ ਨਮੂਨਿਆਂ ਵਿੱਚ ਦੇਸੀ ਘਿਓ ਵਿੱਚ ਹਾਈਡ੍ਰੋਜੋਨੇਟਿਡ ਫੈਟ ਅਤੇ ਰਿਫਾਇੰਡ ਤੇਲ ਦੀ ਮਿਲਾਵਟ ਵੀ ਪਾਈ ਗਈ ਹੈ। ਸਿਰਫ਼ 5 ਤੋਂ 10 ਫੀਸਦ ਹੀ ਸ਼ੁੱਧ ਦੇਸੀ ਘਿਓ ਹੁੰਦਾ ਹੈ। ਇਸ ਦੇ ਨਾਲ ਹੀ ਦੁੱਧ ਦੇ ਵੀ 13.6 ਫੀਸਦ ਨਮੂਨੇ ਮਿਆਰਾਂ 'ਤੇ ਖ਼ਰੇ ਨਹੀਂ ਉੱਤਰੇ ਹਨ। ਇੰਨਾ ਹੀ ਨਹੀਂ, ਖੋਏ ਦੇ ਵੀ 26 ਫੀਸਦ ਸੈਂਪਲ ਫੇਲ੍ਹ ਹੋਏ ਹਨ। ਦਰਅਸਲ ਪੰਜਾਬ ਸਰਕਾਰ ਨੇ 2023-24 ਦੌਰਾਨ ਇਹ ਸਾਰੀਆਂ ਵਸਤੂਆਂ ਦੇ ਨਮੂਨੇ ਲਏ ਸਨ ਅਤੇ ਫੂਡ ਐਂਡ ਡਰੱਗਜ਼ ਐਡਮਨਿਸਟ੍ਰੇਸ਼ਨ ਪੰਜਾਬ ਦੇ ਹੁਣ ਅੰਕੜੇ ਜਾਰੀ ਕੀਤੇ ਹਨ। ਦੁੱਧ ਦੇ 646 ਨਮੂਨਿਆਂ ਵਿੱਚੋਂ 88 ਨਮੂਨੇ ਮਿਆਰਾਂ 'ਤੇ ਖ਼ਰੇ ਨਹੀਂ ਉੱਤਰੇ। 2021 ਤੋਂ 2024 ਤੱਕ ਦੁੱਧ ਦੇ 20,988 ਨਮੂਨੇ ਲਏ ਗਏ ਸਨ। ਦੁੱਧ ਦੇ 20,988 ਸੈਂਪਲਾਂ ਵਿੱਚੋਂ 3,712 ਨਮੂਨੇ ਫੇਲ੍ਹ ਸਾਬਿਤ ਹੋਏ ਹਨ ਜੋ ਮਾਪਦੰਡਾਂ ਦੇ ਅਨੁਕੂਲ ਨਹੀਂ ਰਹੇ।

2023-24 ਦੀ ਗੱਲ ਕਰੀਏ ਤਾਂ ਇਸ ਦੌਰਾਨ ਦੁੱਧ ਅਤੇ ਦੁੱਧ ਤੋਂ ਬਣੇ ਉਤਪਾਦਾਂ ਦੇ ਕੁੱਲ 6,041 ਨਮੂਨੇ ਲਏ ਗਏ ਸਨ ਜਿਨ੍ਹਾਂ ਵਿੱਚੋਂ 929 ਨਮੂਨੇ ਫੇਲ੍ਹ ਹੋਏ ਹਨ। ਸਾਲ 2023-24 ਦੌਰਾਨ ਪੰਜਾਬ ਸਰਕਾਰ ਨੇ 1,577 ਸਿਵਲ ਕੇਸ ਕੀਤੇ ਅਤੇ 76 ਕੇਸਾਂ ਵਿੱਚ ਅਪਰਾਧਿਕ ਕਾਰਵਾਈ ਕੀਤੀ। ਬੀਤੇ ਤਿੰਨ ਵਰ੍ਹਿਆਂ ਵਿੱਚ 194 ਫੇਲ੍ਹ ਨਮੂਨਿਆਂ ਦੇ ਮਾਲਕਾਂ ਖ਼ਿਲਾਫ਼ ਅਪਰਾਧਿਕ ਕਾਰਵਾਈ ਹੋਈ ਹੈ। ਫੇਲ੍ਹ ਹੋਏ ਨਮੂਨਿਆਂ 'ਚੋਂ ਕੁੱਝ ਮਾਮਲਿਆਂ ਵਿੱਚ ਪਾਣੀ ਦੀ ਮਿਲਾਵਟ ਪਾਈ ਗਈ ਜਾਂ ਫਿਰ ਮਿਆਦ ਪੁਗਾ ਚੁੱਕੇ ਸਕਿਮਡ ਮਿਲਕ ਪਾਊਡਰ ਜਾਂ ਯੂਰੀਆ ਆਦਿ ਮਿਲਾਵਟ ਕਰਕੇ ਦੁਬਾਰਾ ਬਣਾਇਆ ਗਿਆ। ਇਹ ਚੀਜ਼ਾਂ ਮਨੁੱਖੀ ਸਰੀਰ ਲਈ ਬੇਹੱਦ ਹਾਨੀਕਾਰਕ ਹਨ।

# ਭਾਰਤੀ ਦੂਤਾਵਾਸ ਲੰਡਨ ਵਿੱਚ ਅਜ਼ਾਦੀ ਦਿਵਸ ਧੂਮਧਾਮ ਨਾਲ ਮਨਾਇਆ


ਭਾਰਤੀ ਦੂਤਾਵਾਸ ਲੰਡਨ ਵਿੱਚ ਅਜ਼ਾਦੀ ਦਿਵਸ ਮੌਕੇ ਦੇ ਦ੍ਰਿਸ਼



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਹਾਈਕਮਿਸ਼ਨ ਲੰਡਨ ਵਿਖੇ ਭਾਰਤ ਦਾ 78ਵਾਂ ਅਜ਼ਾਦੀ ਦਿਵਸ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਭਾਰਤੀ ਮੂਲ ਦੇ ਲਗਭਗ 1000 ਲੋਕਾਂ ਨੇ ਸ਼ਮੂਲੀਅਤ ਕੀਤੀ। ਭਾਰਤੀ ਹਾਈ ਕਮਿਸ਼ਨਰ ਵਿਕਰਮ ਦੁਰਾਏਸਵਾਮੀ ਨੇ ਲੰਡਨ ਸਥਿਤ ਇੰਡੀਆ ਹਾਊਸ ਵਿੱਚ ਤਿਰੰਗਾ ਲਹਿਰਾ ਕੇ ਸਮਾਗਮ ਦੀ ਆਰੰਭਤਾ ਕਰਦਿਆਂ ਰਾਸ਼ਟਰੀ ਗੀਤ ਜਨ ਗਨ ਮਨ ਦਾ ਗਾਇਨ ਕੀਤੀ ਗਿਆ।



ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ 'ਤੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਰਾਸ਼ਟਰ ਨੂੰ ਸੰਬੋਧਿਤ ਵਿਚਾਰਾਂ ਨੂੰ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੁਰਾਏਸਵਾਮੀ ਨੇ ਦੁਹਰਾਇਆ।ਦੁਰਾਈਸਵਾਮੀ ਨੇ ਕਿਹਾ ਕਿ ਲੰਡਨ ਵਿੱਚ ਪ੍ਰਵਾਸੀ ਭਾਰਤੀਆਂ ਦੇ ਨਾਲ-ਨਾਲ ਵਿਦੇਸ਼ੀ ਭਾਈਚਾਰੇ ਦੇ, ਭਾਰਤ ਦੇ ਦੋਸਤਾਂ ਦੀ ਮੇਜ਼ਬਾਨੀ ਕਰਨਾ ਹਮੇਸ਼ਾ ਖੁਸ਼ੀ ਅਤੇ ਸਨਮਾਨ ਦੀ ਗੱਲ ਹੈ। ਅੱਜ ਸਾਡੀ ਉਮੀਦ ਨਾਲੋਂ ਕਿਤੇ ਵੱਧ ਲੋਕ ਸਮਾਗਮ ਵਿੱਚ ਆਏ। ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਭਾਰਤ-ਯੂਕੇ ਸਬੰਧਾਂ ਬਾਰੇ ਗੱਲ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿੱਚ ਇਸ ਸਾਲ ਆਮ ਚੋਣਾਂ ਹੋਈਆਂ ਹਨ ਅਤੇ ਦੋ-ਪੱਖੀ ਸਾਂਝੇਦਾਰੀ ਬਹੁਤ ਚੰਗੀ ਸਥਿਤੀ ਵਿੱਚ ਹੈ। ਸਮਾਗਮ ਦੌਰਾਨ ਗੁਰੂ ਕਨਕ ਸ੍ਰੀਨਿਵਾਸਨ ਦੀ ਮੰਡਲੀ ਨੇ ਵਿਸ਼ੇਸ਼ ਭਰਤਨਾਟਿਅਮ ਪੇਸ਼ਕਾਰੀ ਦਿੱਤੀ।

ਇੰਡੀਆ ਹਾਊਸ ਦੇ ਬਾਹਰ ਸੁਰੱਖਿਆ ਦੇ ਭਾਰੀ ਪ੍ਰਬੰਧ ਕੀਤੇ ਗਏ ਸਨ ਅਤੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਛੋਟੇ ਬੱਚਿਆਂ ਸਮੇਤ ਬਹੁਤ ਸਾਰੇ ਲੋਕ ਕਤਾਰ ਵਿੱਚ ਖੜ੍ਹੇ ਵੇਖੇ ਗਏ।

## ਸਾਊਥਾਲ ਨਗਰ ਕੀਰਤਨ ਦੌਰਾਨ ਹਰਮੀਤ ਸਿੰਘ ਗਿੱਲ ਤੇ ਹਮਲਾ ਕਰਨ ਸਬੰਧੀ ਹਰੀ ਸਿੰਘ ਜੱਗਾ ਦੋਸ਼ੀ ਕਰਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਨਵੰਬਰ 2023 ਦੇ ਸਾਊਥਾਲ ਨਗਰ ਕੀਰਤਨ ਮੌਕੇ ਗੁਰ-ਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਜਨਰਲ ਸਕੱਤਰ ਸ: ਹਰਮੀਤ ਸਿੰਘ ਗਿੱਲ 'ਤੇ ਹਮਲਾ ਕਰਨ ਦੇ ਦੋਸ਼ ਤਹਿਤ ਹਰੀ ਸਿੰਘ ਉਰਫ ਜੱਗਾ ਨੂੰ ਸਥਾਨਿਕ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਹੈ, ਜਿਸ ਨੂੰ ਅਗਲੇ ਮਹੀਨੇ ਈਲਿੰਗ ਮੈਜਿਸਟਰੇਟ ਅਦਾਲਤ ਵਿੱਚ ਸਜ਼ਾ ਸੁਣਾਈ ਜਾਵੇਗੀ। ਜਿਕਰਯੋਗ ਹੈ ਕਿ ਇਹ ਝਗੜਾ ਭਾਈ ਅਵਤਾਰ ਸਿੰਘ ਖੰਡਾ ਦੀ ਤਸਵੀਰ ਵਾਲੇ ਇੱਕ ਬੈਨਰ ਨੂੰ ਲੈ ਕੇ ਹੋਇਆ ਸੀ। ਦੱਸਿਆ ਜਾ ਰਿਹਾ ਹੈ ਕਿ ਭਾਈ ਖੰਡਾ ਦੀ ਤਸਵੀਰ ਵਾਲਾ ਬੈਨਰ ਗੁਰਦੁਆਰਾ ਪਾਰਕ ਐਵੇਨਿਊ ਦੀ ਬਾਹਰਲੀ ਦੀਵਾਰ ਤੇ ਲਗਾਇਆ ਗਿਆ ਸੀ ਜਿਸ ਨੂੰ ਬਾਅਦ ਵਿੱਚ ਉਤਾਰ ਦਿੱਤਾ ਸੀ, ਜਿਸ ਨੂੰ ਲੈ ਕੇ ਤਕਰਾਰ ਹੋਇਆ ਸੀ, ਜੋ ਬਾਅਦ ਵਿੱਚ ਹਿੰਸਕ ਹੋ ਗਿਆ।

## ਜੀਵਨ ਜੁਗਤਿ ਸਮਾਗਮ 'ਚ 'ਗੁਰਬਾਣੀ ਵਿੱਚ ਸਿੱਖੀ ਜੀਵਨ ਜਾਚ' ਦੇ ਵਿਸ਼ੇ 'ਤੇ ਲੈਕਚਰ ਤੋਂ ਉਪਰੰਤ ਸਿੱਖ ਵਿਦਵਾਨ ਜੌਹਲ ਦਾ ਵਿਸ਼ੇਸ਼ ਸਨਮਾਨ


ਜੀਵਨ ਜੁਗਤਿ ਸਮਾਗਮ ਦੌਰਾਨ ਭਗਵਾਨ ਸਿੰਘ ਜੌਹਲ ਦਾ ਸਨਮਾਨ ਕਰਦੇ ਹੋਏ ਬਿਕਰਮਜੀਤ ਸਿੰਘ ਮੈਨੇਜਰ, ਜਸਵੀਰ ਸਿੰਘ ਬੈਂਕ ਵਾਲੇ, ਸ: ਸਤਿੰਦਰ ਸਿੰਘ ਚਾਵਲਾ ਅਤੇ ਪ੍ਰਬੰਧਕ

ਜਲੰਧਰ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 4 ਸਤੰਬਰ ਨੂੰ ਆ ਰਹੇ ਪਹਿਲੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਚਲ ਰਹੇ 'ਜੀਵਨ ਜੁਗਤਿ ਸਮਾਗਮ' ਸਮੇਂ ਗੁਰਬਾਣੀ 'ਚ ਸਿੱਖੀ ਜੀਵਨ ਜਾਚ ਦੇ ਵਿਸ਼ੇ ਤੇ ਪ੍ਰਸਿੱਧ ਵਿਦਵਾਨ ਸਿੱਖ ਚਿੰਤਕ ਤੇ ਬੁਲਾਰੇ ਭਗਵਾਨ ਸਿੰਘ ਜੌਹਲ ਨੇ ਗੁ: ਸੰਤੋਖ ਸਰ ਟਾਹਲੀ ਸਾਹਿਬ ਅੰਮ੍ਰਿਤਸਰ ਵਿਖੇ ਵਿਸ਼ੇਸ਼ ਵਖਿਆਨ ਦਿੱਤਾ। ਇਹ ਸਮਾਗਮ ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ਸੰਸਥਾ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 35 ਜੀਵਨ ਜੁਗਤਿ ਸਮਾਗਮਾਂ ਦੀ ਚਲ ਰਹੀ ਲੜੀ ਦਾ ਹਿੱਸਾ ਸੀ। ਇਸ ਮੌਕੇ ਭਗਵਾਨ ਸਿੰਘ ਜੌਹਲ ਦਾ ਵਿਸ਼ੇਸ਼ ਸਨਮਾਨ ਇਸ ਸੰਸਥਾ ਵੱਲੋਂ ਕੀਤਾ ਗਿਆ। ਇਸ ਸਮਾਗਮ 'ਚ ਬੀਬੀ ਪ੍ਰਭਜੋਤ ਕੌਰ ਬਟਾਲਾ, ਭਾਈ ਦਲਜੀਤ ਸਿੰਘ ਅਤੇ ਗਿਆਨੀ ਜਗਦੇਵ ਸਿੰਘ ਨੇ ਵੀ ਸਮਾਗਮ ਦੌਰਾਨ ਕੀਰਤਨ ਤੇ ਕਥਾ ਦੀ ਹਾਜ਼ਰੀ ਭਰੀ। ਇਸ ਮੌਕੇ ਭਾਈ ਜਸਬੀਰ ਸਿੰਘ ਬੈਂਕ ਵਾਲੇ, ਭਾਈ ਸਤਿੰਦਰ ਸਿੰਘ ਚਾਵਲਾ, ਭਾਈ ਦਵਿੰਦਰ ਸਿੰਘ, ਸ: ਅਮਰਜੀਤ ਸਿੰਘ ਅਰੋੜਾ, ਰਣਜੀਤ ਸਿੰਘ ਜੌਹਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਚਖੰਡ ਸ੍ਰੀ ਦਰਬਾਰ ਸਾਹਿਬ ਦੇ ਐਡੀ ਮੈਨੇਜਰ ਬਿਕਰਮਜੀਤ ਸਿੰਘ ਵੀ ਪੁੱਜੇ ਹੋਏ ਸਨ।

## ਸੌ ਮਿਲੀਅਨ ਡਰੱਗ ਕੇਸ ਵਿੱਚ ਦੋ ਨੂੰ ਚਾਰਜ ਕੀਤਾ ਗਿਆ

ਡਰਬੀ-ਪੰਜਾਬ ਟਾਈਮਜ਼)- ਪਿਛਲੇ ਦਿਨੀਂ ਮੁਹੰਮਦ ਤਾਰੀਕ ਤੇ ਹਾਈਆਨ ਆਲਮ ਕੋਲੋਂ 10 ਕਿਲੋ ਕੋਕੀਨ ਫੜੀ ਗਈ। ਉਹ ਕਾਫ਼ੀ ਲੰਮੇ ਸਮੇਂ ਤੋਂ ਡਰੱਗ ਦਾ ਕਾਰੋਬਾਰ ਕਰ ਰਹੇ ਸਨ। ਉਨ੍ਹਾਂ ਕੋਲ ਕਈ ਮਿਲੀਅਨ ਦੀ ਜਾਇਦਾਦ ਹੈ ਜੋ ਕਿ ਯੂਕੇ ਤੋਂ ਇਲਾਵਾ ਡੁੱਬਈ ਅਤੇ ਪਾਕਿਸਤਾਨ ਵਿੱਚ ਹਨ। ਉਨ੍ਹਾਂ ਕੋਲੋਂ ਹਜ਼ਾਰਾਂ ਪੌਂਡ ਕੈਸ਼ ਵੀ ਫੜਿਆ ਗਿਆ ਹੈ।



## ਅਗਲੇ ਸਾਲ ਤੋਂ ਯੂਰਪ ਜਾਣ ਲਈ ਆਨਲਾਈਨ ਵੀਜ਼ਾ ਲੈਣਾ ਪਵੇਗਾ

ਡਰਬੀ-ਪੰਜਾਬ ਟਾਈਮਜ਼)-ਅਗਲੇ ਸਾਲ ਤੋਂ ਯੂਰਪ ਲਈ ਵੀ ਕੈਨੇਡਾ ਵਾਂਗ ਵੀਜ਼ਾ ਲੈਣਾ ਪਿਆ ਕਰੇਗਾ। ਜਿਸ ਦੀ ਫੀਸ 6 ਪੌਂਡ ਹੋਵੇਗੀ। ਤੁਸੀਂ ਤਿੰਨ ਸਾਲ ਤੱਕ ਇਸ ਵੀਜੇ ਜਾ ਸਕਦੇ ਹੋ ਜਾਂ ਜਦੋਂ ਤੱਕ ਤੁਹਾਡੇ ਪਾਸਪੋਰਟ ਦੀ ਮਿਆਦ ਹੋਵੇਗੀ। ਸ਼ਾਇਦ ਯੂਕੇ ਦੀ ਗੌਰਮੈਂਟ ਵੀ ਇਸ ਤਰ੍ਹਾਂ ਕਰ ਸਕਦੀ ਹੈ।

## ਡਰੱਗ ਨਾਲ ਸਕਾਟਲੈਂਡ ਵਿੱਚ 1172 ਮੌਤਾਂ

ਡਰਬੀ-ਪੰਜਾਬ ਟਾਈਮਜ਼)-ਨਸ਼ੇ ਵਾਲੀ ਡਰੱਗ ਦੀ ਵਰਤੋਂ ਪਿਛਲੇ ਕਈ ਸਾਲਾਂ ਤੋਂ ਸਾਰੀ ਦੁਨੀਆਂ ਵਿੱਚ ਬਹੁਤ ਵਧ ਗਈ ਹੈ। ਅਮਰੀਕਾ ਅਤੇ ਰਸ਼ੀਆ ਵਿੱਚ ਵੀ ਵੱਡੀ ਗਿਣਤੀ ਵਿੱਚ ਹਰੇਕ ਸਾਲ ਕਾਫ਼ੀ ਜ਼ਿਆਦਾ ਡਰੱਗ ਨਾਲ ਮਰ ਜਾਂਦੇ ਹਨ। ਪਰ ਇਸ ਸਾਲ ਸਕੌਟਲੈਂਡ ਵਿੱਚ ਵੀ 1172 ਮੌਤਾਂ ਡਰੱਗ ਨਾਲ ਹੋਈਆਂ ਹਨ। ਪੰਜਾਬ ਵਿੱਚ 200-300 ਮੌਤਾਂ ਹਰੇਕ ਸਾਲ ਡਰੱਗ ਨਾਲ ਹੁੰਦੀਆਂ ਹਨ। ਸਕਾਟਲੈਂਡ ਦੀ ਅਬਾਦੀ ਤਾਂ ਪੰਜਾਬ ਤੋਂ ਬਹੁਤ ਘੱਟ ਹੈ। ਪਰ ਮੌਤਾਂ ਜ਼ਿਆਦਾ ਹੋ ਰਹੀਆਂ ਹਨ।

ਯੂਕੇ ਵਿੱਚ ਡਰੱਗ ਨਾਲ ਮਰਨ ਤੇ ਕੋਈ ਵੀ ਮੀਡੀਆ ਵੱਡੀ ਖਬਰ ਨਹੀਂ ਬਣਾਉਂਦਾ। ਸਰਕਾਰਾਂ ਬਹੁਤ ਕੋਸ਼ਿਸ਼ ਕਰਦੀਆਂ ਹਨ ਕਿ ਡਰੱਗ ਦੀ ਵਰਤੋਂ ਘੱਟੇ। ਪਰ ਡਰੱਗ ਡੀਲਰ ਸਿਰਫ਼ ਜ਼ਿਆਦਾ ਕਮਾਈ ਕਰਨ ਲਈ ਸਾਰੀ ਦੁਨੀਆਂ ਵਿਚ ਡਰੱਗ ਭੇਜਦੇ ਹਨ ਤੇ ਵੱਡੀ ਕਮਾਈ ਕਰਦੇ ਹਨ। ਪਰ ਲੋਕਾਂ ਦੇ ਬੱਚੇ ਮਰ ਰਹੇ ਹਨ। ਸਰਕਾਰਾਂ ਨੂੰ ਸਖਤੀ ਕਰਨੀ ਚਾਹੀਦੀ ਹੈ।

## ਕਰਾਈਮ ਨਿਊਜ਼

### ਵਿਆਹ ਦਾ ਝਾਂਸਾ ਦੇ ਕੇ ਨਸ਼ੀਲਾ ਪਦਾਰਥ ਪਿਲਾ ਕੇ ਲੜਕੀ ਨਾਲ ਬਣਾਏ ਸਰੀਰਕ ਸਬੰਧ, ਦੋਸ਼ੀ ਗ੍ਰਿਫ਼ਤਾਰ

✪ ਵਿਆਹਾ ਪ੍ਰੇਮੀ ਪ੍ਰੇਮਿਕਾ ਨੂੰ ਧਮਕਾਉਂਦਾ ਰਿਹਾ ਕਿ ਮੇਰੇ ਸਬੰਧ ਗੈਂਗਸਟਰਾਂ ਨਾਲ



ਖਰੜ-ਵਿਆਹ ਦਾ ਝਾਂਸਾ ਦੇ ਕੇ ਲੜਕੀ ਨਾਲ ਸਰੀਰਕ ਸਬੰਧ ਬਣਾਉਣ ਦੇ ਮਾਮਲੇ 'ਚ ਮੁਹਾਲੀ ਦੇ ਥਾਣਾ ਖਰੜ ਦੀ ਪੁਲਿਸ ਨੇ ਮੁਲਜ਼ਮ ਹਰਜਿੰਦਰ ਸਿੰਘ ਵਾਸੀ ਪਿੰਡ ਮੀਆਂਪੁਰ ਚੰਗਰ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਮੁਲਜ਼ਮ ਖ਼ਿਲਾਫ਼ ਵੱਖ-ਵੱਖ ਅਪਰਾਧਿਕ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੋਂ ਮੁਲਾਜ਼ਮ ਨੂੰ ਦੋ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਪੀੜਤ ਲੜਕੀ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਹਰਜਿੰਦਰ ਨੂੰ ਦੋ ਸਾਲਾਂ ਤੋਂ ਜਾਣਦੀ ਸੀ, ਜਿਸਨੇ ਆਪਣੇ ਆਪ ਨੂੰ ਅਣਵਿਆਹਿਆ ਹੋਇਆ ਦੱਸਿਆ ਸੀ। ਪੀੜਤ ਲੜਕੀ ਅਨੁਸਾਰ ਨੌਜਵਾਨ ਨੇ ਉਸ ਨੂੰ ਵਿਆਹ ਕਰਵਾਉਣ ਦਾ ਭਰੋਸਾ ਦਿੱਤਾ ਅਤੇ ਉਸਨੂੰ ਸੋਨੇ ਦੀ ਚੇਨ ਤੇ ਇੱਕ ਆਈਫੋਨ ਗਿਫ਼ਟ ਕੀਤਾ, ਜਿਸ ਤੋਂ ਬਾਅਦ ਉਸ ਨੇ ਨੌਜਵਾਨ ਨੂੰ ਵਿਆਹ ਕਰਵਾਉਣ ਲਈ ਕਿਹਾ ਪਰ ਉਹ ਟਾਲ-ਮਟੋਲ ਕਰਦਾ ਰਿਹਾ। ਪੀੜਤ ਅਨੁਸਾਰ ਮੁਲਜ਼ਮ 3 ਮਈ ਨੂੰ ਉਸ ਨੂੰ ਕਾਰ ਵਿੱਚ ਬਿਠਾ ਕੇ ਲੈ ਗਿਆ ਅਤੇ ਰਸਤੇ ਵਿੱਚ ਕੋਲਡ ਡਰਿੰਕ ਵਿੱਚ ਨਸ਼ੀਲੀ ਪਦਾਰਥ ਮਿਲਾ ਕੇ ਪਿਲਾ ਦਿੱਤੀ।

#### ਦੋਸਤਾਂ ਨੂੰ ਮੋਬਾਈਲ ਨੰਬਰ ਵੰਡਿਆ

ਪੀੜਤ ਲੜਕੀ ਨੇ ਦੱਸਿਆ ਕਿ ਇਸ ਤੋਂ ਬਾਅਦ ਨੌਜਵਾਨ ਉਸ ਨੂੰ ਮੁਹਾਲੀ ਦੇ ਫੇਜ਼-1 ਸਥਿਤ ਇਕ ਹੋਟਲ 'ਚ ਲੈ ਗਿਆ, ਜਿੱਥੇ ਉਸ ਨਾਲ ਸਰੀਰਕ ਸਬੰਧ ਬਣਾਏ। ਹੋਟਲ 'ਚ ਉਸਦੀ ਪਤਨੀ ਦਾ ਫੋਨ ਆਇਆ ਤਾਂ ਨੌਜਵਾਨ ਦਾ ਸਾਰਾ ਭੇਤ ਖੁਲ੍ਹ ਗਿਆ ਕਿ ਮੁਲਜ਼ਮ ਪਹਿਲਾਂ ਹੀ ਵਿਆਹਿਆ ਹੋਇਆ ਸੀ। ਇਸ ਤੋਂ ਬਾਅਦ ਦੋਵਾਂ ਵਿਚਾਲੇ ਲੜਾਈ ਹੋ ਗਈ, ਜਿਸ ਤੋਂ ਬਾਅਦ ਮੁਲਜ਼ਮ ਉਸਨੂੰ ਘਰ ਛੱਡ ਕੇ ਚਲਾ ਗਿਆ। ਪੀੜਤ ਅਨੁਸਾਰ ਬਾਅਦ 'ਚ ਮੁਲਜ਼ਮ ਨੇ ਪੀੜਤਾ ਦਾ ਮੋਬਾਈਲ ਨੰਬਰ ਆਪਣੇ ਦੋਸਤਾਂ ਵਿੱਚ ਵੰਡ ਦਿੱਤਾ, ਜਿਨ੍ਹਾਂ ਨੇ ਉਸ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਮੁਲਜ਼ਮ ਨੇ ਧਮਕੀ ਦਿੱਤੀ ਕਿ ਉਸ ਦੇ ਸਬੰਧ ਦੋ ਗੈਂਗਸਟਰਾਂ ਨਾਲ ਹਨ, ਜਿਸ ਕਾਰਨ ਉਹ ਡਰ ਗਈ ਤੇ ਬਾਅਦ ਵਿਚ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਪੁਲਿਸ ਨੇ ਮਾਮਲੇ ਦੀ ਜਾਂਚ ਕੀਤੀ ਅਤੇ ਜਾਂਚ ਤੋਂ ਬਾਅਦ ਪੁਲਿਸ ਨੇ ਤੱਥਾਂ ਦੇ ਆਧਾਰ 'ਤੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ।

# ਪਿੰਡ ਭਗਵਾਨਪੁਰ ਦੇ ਗੁਰਦੁਆਰਾ ਸਾਹਿਬ 'ਚ ਦਾਖ਼ਲ ਹੋ ਕੇ ਇਕ ਦੋਸ਼ੀ ਵਲੋਂ ਬੇਅਦਬੀ

## ✪ ਲੋਕਾਂ ਵਲੋਂ ਗਿੱਦੜਕੁਟ, ਗ੍ਰਿਫ਼ਤਾਰ





ਭੁਲੱਥ (ਕਪੂਰਥਲਾ)-ਇਥੋਂ ਨੇੜਲੇ ਪਿੰਡ ਭਗਵਾਨਪੁਰ ਦੇ ਗੁਰਦੁਆਰਾ ਸਾਹਿਬ ਵਿਚ ਬਾਅਦ ਦੁਪਹਿਰੇ ਇਕ ਵਿਅਕਤੀ ਵਲੋਂ ਗੁਰਦੁਆਰਾ ਸਾਹਿਬ ਵਿਚ ਦਾਖਲ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਨੂੰ ਪਾੜਦੇ ਹੋਏ ਉਥੇ ਪਏ ਹੋਰ ਸਮਾਨ ਦੀ ਬੇਅਦਬੀ ਕਰਨੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਗੁਰਦੁਆਰਾ ਸਾਹਿਬ ਦਾ ਗ੍ਰੰਥੀ ਵੀ ਮੌਕੇ 'ਤੇ ਪਹੁੰਚ ਗਿਆ ਤੇ ਉਨ੍ਹਾਂ ਬੇਅਦਬੀ ਕਰਨ ਵਾਲੇ ਵਿਅਕਤੀ ਨੂੰ ਕਾਬੂ ਕਰ ਲਿਆ।

ਘਟਨਾ ਦਾ ਰੌਲਾ ਪੈਣ 'ਤੇ ਕੁਝ ਕੁ ਮਿੰਟਾਂ ਵਿਚ ਵੱਡੀ ਗਿਣਤੀ ਵਿਚ ਪਿੰਡ ਦੇ ਲੋਕ ਮੌਕੇ 'ਤੇ ਪਹੁੰਚ ਗਏ ਤੇ ਰੋਹ ਵਿਚ ਆਏ ਲੋਕਾਂ ਨੇ ਬੇਅਦਬੀ ਕਰਨ ਵਾਲੇ ਵਿਅਕਤੀ ਦਾ ਕੁਟਾਪਾ ਚਾੜਣਾ ਸ਼ੁਰੂ ਕਰ ਦਿੱਤਾ। ਮੌਕੇ 'ਤੇ ਪਹੁੰਚੀ ਭੁਲੱਥ ਪੁਲਿਸ ਨੇ ਸੰਬੰਧਿਤ ਵਿਅਕਤੀ ਨੂੰ ਆਪਣੇ ਹਿਰਾਸਤ ਵਿਚ ਲੈ ਕੇ ਉਸ ਨੂੰ ਸਿਵਲ ਹਸਪਤਾਲ ਭੁਲੱਥ ਪਹੁੰਚਾਇਆ।

ਪੁੱਛਗਿੱਛ ਦੌਰਾਨ ਸਬੰਧਿਤ ਵਿਅਕਤੀ ਨੇ ਆਪਣਾ ਨਾਂਅ ਹਰਦੇਵ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਡੋਗਰਾਂਵਾਲਾ ਜ਼ਿਲ੍ਹਾ ਕਪੂਰਥਲਾ ਦੱਸਿਆ। ਬੇਅਦਬੀ ਦੀ ਇਸ ਘਟਨਾ ਕਾਰਨ ਰੋਹ ਵਿਚ ਆਏ ਪਿੰਡ ਦੇ ਲੋਕਾਂ ਨੇ ਸਿਵਲ ਹਸਪਤਾਲ ਭੁਲੱਥ ਮੂਹਰੇ ਧਰਨਾ ਦਿੱਤਾ ਤੇ ਮੰਗ ਕੀਤੀ ਕਿ ਸਬੰਧਿਤ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਜਲੰਧਰ ਦੇ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਸੰਬੰਧਿਤ ਵਿਅਕਤੀ ਵਿਰੁੱਧ ਥਾਣਾ ਭੁਲੱਥ ਵਿਚ ਪੁਲਿਸ ਵਲੋਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਨਰਸ ਨਾਲ ਬਲਾਤਕਾਰ, ਲੁੱਟ-ਖੋਹ ਤੇ ਕਤਲ ਵਿਚ ਫੜਿਆ ਗਿਆ ਕਾਤਲ

## ✪ ਔਰਤ ਦੀ ਲਾਸ਼ 8 ਅਗਸਤ ਨੂੰ ਬਿਲਾਸਪੁਰ ਵਿਖੇ ਝਾੜੀਆਂ ਵਿਚ ਪਿੰਜਰ ਹਾਲਤ ਵਿਚ ਮਿਲੀ

ਉਤਰਾਖੰਡ-ਉੱਤਰਾਖੰਡ ਦੇ ਊਧਮ ਸਿੰਘ ਨਗਰ ਤੋਂ ਕੋਲਕਾਤਾ ਵਰਗੀ ਘਟਨਾ ਸਾਹਮਣੇ ਆਈ ਹੈ। ਜਿੱਥੇ ਇੱਕ ਨਰਸ ਦਾ ਬਲਾਤਕਾਰ ਅਤੇ ਲੁੱਟ ਤੋਂ ਬਾਅਦ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਨਰਸ 30 ਜੁਲਾਈ ਤੋਂ ਲਾਪਤਾ ਸੀ, ਮ੍ਰਿਤਕ ਦੀ ਭੈਣ ਨੇ ਸਥਾਨਕ ਥਾਣੇ 'ਚ ਸ਼ਿਕਾਇਤ ਦਰਜ ਕਰਵਾਈ ਸੀ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਨੇ ਦੱਸਿਆ ਕਿ ਦੋਸ਼ੀ ਨੂੰ ਰਾਜਸਥਾਨ ਤੋਂ ਗ੍ਰਿਫ਼ਤਾਰ ਕਰਕੇ ਅਦਾਲਤ 'ਚ ਪੇਸ਼ ਕਰਨ ਉਪਰੰਤ ਜੇਲ੍ਹ ਭੇਜ ਦਿੱਤਾ ਗਿਆ।

ਦਰਅਸਲ, ਲਾਪਤਾ ਔਰਤ ਦੀ ਲਾਸ਼ 8 ਅਗਸਤ ਨੂੰ ਯੂਪੀ ਦੇ ਬਿਲਾਸਪੁਰ ਜ਼ਿਲ੍ਹੇ 'ਚ ਝਾੜੀਆਂ ਵਿਚ ਪਿੰਜਰ ਹਾਲਤ 'ਚ ਮਿਲੀ ਸੀ। ਪੋਸਟਮਾਰਟਮ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਔਰਤ ਦਾ ਬਲਾਤਕਾਰ ਤੋਂ ਬਾਅਦ ਗਲਾ ਘੁੱਟ ਕੇ ਕਤਲ ਕੀਤਾ ਗਿਆ ਸੀ। ਪੁਲਸ ਨੇ ਜਾਂਚ ਸ਼ੁਰੂ ਕੀਤੀ ਅਤੇ ਆਸਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਸਕੈਨਿੰਗ ਸ਼ੁਰੂ ਕੀਤੀ। ਨਾਲ ਹੀ ਮਹਿਲਾ ਦੇ ਫੋਨ ਦਾ ਈਐੱਮਆਈ ਨੰਬਰ ਵੀ ਨਿਗਰਾਨੀ 'ਤੇ ਰੱਖਿਆ ਗਿਆ ਸੀ। ਸੀਸੀਟੀਵੀ ਫੁਟੇਜ ਨੂੰ ਸਕੈਨ ਕਰਦੇ ਹੋਏ ਪੁਲਸ ਨੇ ਇੱਕ ਸ਼ੱਕੀ ਨੌਜਵਾਨ ਨੂੰ ਦੇਖਿਆ ਜੋ ਉਸਦਾ ਪਿੱਛਾ ਕਰਦਾ ਨਜ਼ਰ ਆ ਰਿਹਾ ਸੀ।



ਪੁਲਸ ਟੀਮ ਨੂੰ ਨਿਗਰਾਨੀ ਤੋਂ ਪਤਾ ਲੱਗਾ ਕਿ ਫ਼ੋਨ ਦੇ ਆਈਐਮਈਆਈ ਨੰਬਰ ਦੀ ਲੋਕੇਸ਼ਨ ਬਰੇਲੀ, ਯੂਪੀ ਵਿਚ ਹੈ। ਤੁਰੰਤ ਪੁਲਸ ਟੀਮ ਮੌਕੇ 'ਤੇ ਪਹੁੰਚੀ ਤਾਂ ਪਤਾ ਲੱਗਾ ਕਿ ਫ਼ੋਨ ਖੁਸ਼ਬੂ ਪਤਨੀ ਧਰਮਿੰਦਰ ਵਾਸੀ ਤੁਰਸਾਪੱਟੀ ਥਾਣਾ ਸ਼ਾਹੀ ਜ਼ਿਲ੍ਹਾ ਬਰੇਲੀ ਵੱਲੋਂ ਵਰਤਿਆ ਜਾ ਰਿਹਾ ਸੀ। ਪੁੱਛਗਿੱਛ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਉਸ ਦਾ ਪਤੀ ਧਰਮਿੰਦਰ ਵੀ ਫੋਨ ਦੀ ਵਰਤੋਂ ਕਰਦਾ ਹੈ। ਦੋਵੇਂ ਮੌਕੇ ਤੋਂ ਫਰਾਰ ਪਾਏ ਗਏ, ਜਿਸ ਤੋਂ ਬਾਅਦ ਪੁਲਸ ਨੇ ਉਨ੍ਹਾਂ ਨੂੰ ਫੜਨ ਲਈ ਟੀਮ ਤਾਇਨਾਤ ਕੀਤੀ ਅਤੇ ਫੋਨ ਦੀ ਲੋਕੇਸ਼ਨ 'ਤੇ ਨਜ਼ਰ ਰੱਖੀ।

ਜਾਂਚ ਦੌਰਾਨ ਪੁਲਸ ਨੂੰ ਧਰਮਿੰਦਰ ਦੀ ਲੋਕੇਸ਼ਨ ਜੋਧਪੁਰ, ਰਾਜਸਥਾਨ ਵਿੱਚ ਮਿਲੀ। ਪੁਲਸ ਟੀਮ ਨੇ ਮੰਗਲਵਾਰ ਨੂੰ ਉਸ ਨੂੰ ਫੜ ਕੇ ਦੇਹਰਾਦੂਨ ਲਿਆਂਦਾ, ਪੁੱਛਗਿੱਛ ਦੌਰਾਨ ਧਰਮਿੰਦਰ ਨੇ ਪੁਲਸ ਨੂੰ ਦੱਸਿਆ ਕਿ ਉਹ ਪਿਛਲੇ ਪੰਜ-ਛੇ ਮਹੀਨਿਆਂ ਤੋਂ ਜਾਫਰਪੁਰ ਦੀ ਇਕ ਕਣਕ ਦੀ ਫੈਕਟਰੀ ਵਿਚ ਕੰਮ ਕਰ ਰਿਹਾ ਸੀ। 30 ਜੁਲਾਈ ਨੂੰ ਉਸ ਨੇ ਇਕ ਔਰਤ ਨੂੰ ਹਨੇਰੇ ਵਿਚ ਇਕੱਲੀ ਘੁੰਮਦਿਆਂ ਦੇਖਿਆ। ਇਸ ਤੋਂ ਬਾਅਦ ਉਸ ਨੇ ਆਪਣਾ ਬੈਗ ਖਾਲੀ ਥਾਂ 'ਤੇ ਰੱਖਿਆ ਅਤੇ ਔਰਤ ਨੂੰ ਫੜ ਕੇ ਉਸ ਦਾ ਮੂੰਹ ਦਬਾਉਂਦੇ ਹੋਏ ਝਾੜੀਆਂ 'ਚ ਲੈ ਗਿਆ। ਲੁੱਟ ਦੇ ਨਾਲ-ਨਾਲ ਉਸ ਨਾਲ ਬਲਾਤਕਾਰ ਵੀ ਕੀਤਾ ਗਿਆ। ਜਦੋਂ ਔਰਤ ਨੇ ਰੌਲਾ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦੀ ਸਟਾਲ ਨਾਲ ਉਸ ਦਾ ਗਲਾ ਘੁੱਟ ਦਿੱਤਾ।

#### ਪੁਲਸ ਫ਼ੋਨ ਦੇ ਆਈਐੱਮਈਆਈ ਨੰਬਰ ਰਾਹੀਂ ਮੁਲਜ਼ਮਾਂ ਤੱਕ ਪਹੁੰਚੀ

ਉਸ ਨੇ ਔਰਤ ਦਾ ਮੋਬਾਈਲ ਖੋਹਣ ਤੋਂ ਬਾਅਦ ਉਸ ਨਾਲ ਬਲਾਤਕਾਰ ਕੀਤਾ ਅਤੇ ਫਿਰ ਪਛਾਣ ਛੁਪਾਉਣ ਲਈ ਉਸ ਦਾ ਮੂੰਹ ਪੱਥਰ ਨਾਲ ਕੁਚਲ ਦਿੱਤਾ। ਬਰੇਲੀ ਗਿਆ ਤੇ ਉਸ ਦੇ ਫੋਨ ਵਿਚ ਆਪਣਾ ਸਿਮ ਪਾ ਕੇ ਵਰਤਣ ਲੱਗਾ। ਜਦੋਂ ਉਸ ਨੂੰ ਪੁਲਸ ਦੀ ਭਨਕ ਲੱਗੀ ਤਾਂ ਉਹ ਜੋਧਪੁਰ ਭੱਜ ਗਿਆ। ਇਸ ਮਾਮਲੇ 'ਤੇ ਐੱਸਐੱਸਪੀ ਮੰਜੂਨਾਥ ਟੀਸੀ ਨੇ ਦੱਸਿਆ ਕਿ ਮੁਲਜ਼ਮ ਨੂੰ ਜੋਧਪੁਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਸ਼ੀ ਧਰਮਿੰਦਰ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ। ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਪੱਡਾ ਨੂੰ ਅੰਤਿਮ ਵਿਦਾਇਗੀ



ਭਜੀ ਖੀਰਾਂ ਵਾਲੀ ਨੂੰ ਅੰਤਿਮ ਵਿਦਾਇਗੀ ਦੇਣ ਮੌਕੇ ਪ੍ਰੀਵਾਰਿਕ ਮੈਂਬਰ ਅਤੇ ਕਬੱਡੀ ਪ੍ਰੇਮੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਪੱਡਾ ਭਜੀ ਖੀਰਾਂਵਾਲੀ ਨੂੰ ਬੀਤੇ ਦਿਨੀ ਵੁਲਵਰਹੈਂਪਟਨ ਵਿਖੇ ਅੰਤਿਮ ਵਿਦਾਇਗੀ ਦਿੱਤੀ ਗਈ। ਇਸ ਮੌਕੇ ਪ੍ਰੀਵਾਰਿਕ ਮੈਂਬਰਾਂ ਤੋਂ ਇਲਾਵਾ ਇੰਗਲੈਂਡ ਕਬੱਡੀ ਫੈਡਰੇਸ਼ਨ, ਕਬੱਡੀ ਕਲੱਬਾਂ ਦੇ ਨੁਮਾਇੰਦੇ, ਕਬੱਡੀ ਪ੍ਰੇਮੀ ਅਤੇ ਉੱਘੀਆਂ ਸਥਾਨਿਕ ਪੰਜਾਬੀ ਸਖਸ਼ੀਅਤਾਂ ਹਾਜ਼ਿਰ ਹੋਈਆਂ।**

ਅੰਤਮ ਸੰਸਕਾਰ ਤੋਂ ਬਾਅਦ ਗੁਰੂ ਨਾਨਕ ਗੁਰਦੁਆਰਾ ਸੈਜ਼ਲੀ ਸਟਰੀਟ ਵੁਲਵਰਹੈਂਪਟਨ ਵਿਖੇ ਪਾਠ ਦੇ ਭੋਗ ਪਾਏ ਗਏ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਅੰਤਮ ਰਸਮਾਂ ਅਦਾ ਕੀਤੀਆਂ। ਇਸ ਮੌਕੇ ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਬੋਲਦਿਆਂ ਸ: ਜਸਪਾਲ ਸਿੰਘ ਨਿੱਝਰ, ਗੁਰਦੀਪ ਸਿੰਘ ਸੋਮਲ ਦੀਪਾ ਮੌਲੀ ਨੇ ਕਿਹਾ ਕਿ ਹਰਭਜਨ ਸਿੰਘ ਭਜੀ ਖੀਰਾਂਵਾਲੀ ਨੇ ਜਿੱਥੇ ਵਧੀਆ ਕਬੱਡੀ ਖੇਡਦਿਆਂ ਨਾਮਣਾ ਖੱਟਿਆ, ਉੱਥੇ ਹੀ ਬਤੌਰ ਪ੍ਰਮੋਟਰ ਵੱਡਾ ਯੋਗਦਾਨ ਪਾਇਆ। ਸ: ਲੱਖਾ ਸਿੰਘ ਨੇ ਭਾਈਚਾਰੇ ਵੱਲੋਂ ਸ਼ਰਧਾਂਜ਼ਲੀ ਭੇਂਟ ਕਰਦਿਆਂ ਕਿਹਾ ਕਿ ਭਜੀ ਨੇ ਆਪਣੇ ਪਿੰਡ ਦਾ ਨਾਮ ਦੁਨੀਆਂ ਭਰ ਵਿੱਚ ਚਮਕਾਇਆ। ਅੰਤਮ ਵਿਦਾਇਗੀ ਦੇਣ ਵਾਲਿਆਂ ਵਿੱਚ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ, ਕੇਵਲ ਸਿੰਘ ਰਣਦੇਵਾ, ਜੋਗਿੰਦਰ ਸਿੰਘ ਦੁਸਾਂਝ, ਸੁਰਿੰਦਰ ਸਿੰਘ ਮਾਣਕ, ਕੁਲਵੰਤ ਸਿੰਘ ਸੰਘਾ, ਰਾਣਾ ਪੱਡਾ, ਸ਼ੀਰਾ ਸਿੰਘ ਔਲਖ, ਬਲਵਿੰਦਰ ਸਿੰਘ ਦੂਲੇ, ਹਰਜਿੰਦਰ ਸਿੰਘ ਬੋਈ, ਬਲਵਿੰਦਰ ਸਿੰਘ ਚੱਠਾ, ਪ੍ਰਮਜੀਤ ਸਿੰਘ ਰੰਧਾਵਾ, ਹਰਨੇਕ ਸਿੰਘ ਨੇਕਾ ਮੈਰੀਪੁਰ, ਕੰਮਾ ਔਜਲਾ, ਲਹਿੰਬਰ ਸਿੰਘ ਲੱਧੜ, ਹਿੰਮਤ ਸਿੰਘ ਸੋਹੀ, ਅਜਮੇਰ ਸਿੰਘ ਮੇਲਾ, ਸਤਿੰਦਰ ਸਿੰਘ ਗੋਲਡੀ, ਕੁਲਵੰਤ ਸਿੰਘ ਚੱਠਾ, ਕੁਲਬੀਰ ਸਿੰਘ ਖੱਖ, ਪਿਆਰਾ ਸਿੰਘ ਰੰਧਾਵਾ, ਕੇਸਰ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਚਾਹਲ, ਬਲਜੀਤ ਸਿੰਘ ਗਿੱਲ, ਬਿੰਦਰ ਸਿੰਘ ਫਿਰੋਜ਼ਪੁਰੀਆ, ਸ਼ਿੰਗਾਰਾ ਸਿੰਘ, ਰੇਸ਼ਮ ਸਿੰਘ ਡੇਲ, ਬਿੰਦਰ ਸਿੰਘ, ਸੁੱਚਾ ਸਿੰਘ ਮੁਠੱਡਾ, ਬਹਾਦਰ ਸਿੰਘ ਸ਼ੇਰਗਿੱਲ, ਸੁਖਦੇਵ ਸਿੰਘ ਔਜਲਾ, ਬਲਦੇਵ ਔਜਲਾ ਬੁਲਟ, ਪੰਮੀ ਮੁਠੱਡਾ, ਸੋਖਾ ਢੇਸੀ, ਮਨਪ੍ਰੀਤ ਸਿੰਘ ਬੱਧਨੀ ਕਲਾਂ, ਜਰਨੈਲ ਸਿੰਘ ਜ਼ੈਲਾ, ਜੀਤੀ ਕੂਨਰ, ਅਮਰੀਕ ਸਿੰਘ, ਜੀਤ ਸਿੰਘ ਪੁਰੇਵਾਲ, ਇਕਬਾਲ ਸਿੰਘ ਬਾਲਾ, ਜਸਬੀਰ ਸਿੰਘ ਢਿਲੋਂ, ਰਾਜਵਿੰਦਰ ਸਿੰਘ ਖਹਿਰਾ, ਦਿਲਬਾਗ ਸਿੰਘ ਰੰਧਾਵਾ, ਮਨਜੀਤ ਸਿੰਘ ਢੰਡਾ, ਗ਼ੇਲਾ ਸਿੰਘ, ਸਤਵਿੰਦਰ ਸਿੰਘ ਸੱਤੀ, ਮੇਜਰ ਸਿੰਘ, ਤਾਰੀ ਆਦਿ ਸਮੇਤ ਯੂ ਕੇ ਦੇ ਵੱਖ ਵੱਖ ਸ਼ਹਿਰਾਂ ਤੋਂ ਕਬੱਡੀ ਪ੍ਰੇਮੀ ਅਤੇ ਖਿਡਾਰੀ ਪਹੁੰਚੇ ਹੋਏ ਸਨ।

# ਬਰਤਾਨੀਆਂ ਦੇ ਮਹਾਰਾਜਾ ਚਾਰਲਸ ਤੀਜੇ ਦੀ ਤਸਵੀਰ ਵਾਲੇ ਸਿੱਕੇ ਜਾਰੀ



ਮਹਾਰਾਜਾ ਚਾਰਲਸ ਦੀ ਤਸਵੀਰ ਵਾਲੇ ਪਹਿਲੇ ਇੱਕ ਪੌਂਡ ਦੇ ਸਿੱਕੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਮਹਾਰਾਜਾ ਚਾਰਲਸ ਤੀਜੇ ਦੀ ਤਸਵੀਰ ਵਾਲੇ 1 ਪੌਂਡ ਦੇ ਸਿੱਕੇ ਇਸ ਹਫ਼ਤੇ ਆਮ ਲੋਕਾਂ ਦੀ ਵਰਤੋਂ ਲਈ ਜਾਰੀ ਕਰ ਦਿੱਤੇ ਹਨ। ਰੋਇਲ ਮਿੰਟ ਵੱਲੋਂ ਦੇਸ਼ ਭਰ ਦੇ ਡਾਕਘਰਾਂ ਅਤੇ ਬੈਂਕਾਂ ਨੂੰ ਲਗਭਗ 30 ਲੱਖ ਦੇ ਕਰੀਬ ਸਿੱਕੇ ਜਾਰੀ ਕੀਤੇ ਗਏ ਹਨ। ਸਿੱਕੇ ਦੇ ਇੱਕ ਪਾਸੇ ਮਹਾਰਾਜਾ ਦੇ ਨਵੇਂ ਰਾਜ-ਭਾਗ ਦੀ ਤਾਰੀਖ ਦੇ ਨਾਲ ਉਹਨਾਂ ਦੀ ਤਸਵੀਰ ਉੱਕਰੀ ਹੋਈ ਹੈ ਜਦ ਕਿ ਸਿੱਕੇ ਦੇ ਦੂਜੇ ਪਾਸੇ ਉਹਨਾਂ ਦੇ ਕੁਦਰਤ ਪ੍ਰਤੀ ਪਿਆਰ ਦੀ ਝਲਕ ਮਧੂ-ਮੱਖੀਆਂ ਦੀ ਇੱਕ ਜੋੜੀ ਉੱਕਰੀ ਹੋਈ ਹੈ। ਭਾਵੇਂ ਕਿ ਮਹਾਰਾਜਾ ਦੀ ਤਸਵੀਰ ਵਾਲੇ ਇਹ ਸਿੱਕੇ ਵਰਤੋਂ ਵਿੱਚ ਆ ਗਏ ਹਨ, ਪਰ ਮਹਾਰਾਣੀ ਦੀ ਤਸਵੀਰ ਵਾਲੇ ਸਿੱਕੇ ਪਹਿਲਾਂ ਵਾਂਗ ਹੀ ਵਰਤੋਂ ਵਿੱਚ ਰਹਿਣਗੇ। ਲੋੜ ਅਤੇ ਮੰਗ ਅਨੁਸਾਰ ਨਵੇਂ ਸਿੱਕੇ ਸਮੇਂ ਸਮੇਂ ਮਾਰਕੀਟ ਵਿੱਚ ਭੇਜੇ ਜਾਣਗੇ। ਰੋਇਲ ਮਿੰਟ ਦੀ ਡਾਇਰੈਕਟਰ ਰੇਬੇਕਾ ਮੋਰਗਨ ਨੇ ਕਿਹਾ, ਕਿ ਮਾਣ ਵਾਲੀ ਗੱਲ ਹੈ ਕਿ ਮਹਾਰਾਜਾ ਚਾਰਲਸ ਤੀਜੇ ਦੀ ਤਸਵੀਰ ਵਾਲੇ 1 ਪੌਂਡ ਦੇ ਸਿੱਕੇ ਹੁਣ ਪ੍ਰਚਲਨ ਵਿੱਚ ਹਨ। ਮਧੂ ਮੱਖੀਆਂ ਤੋਂ ਇਲਾਵਾ ਇੱਕ ਪੈਂਸ ਤੋਂ 2 ਪੌਂਡ ਤੱਕ ਦੇ ਹੋਰ ਸਿੱਕਿਆਂ ਤੇ ਅੱਠ ਵੱਖ ਵੱਖ ਡਿਜ਼ਾਇਨ ਹਨ ਜਿਹਨਾਂ ਤੇ ਪਸ਼ੂਆਂ, ਜੀਵਜੰਤੂਆਂ, ਜਾਨਵਰਾਂ ਆਦਿ ਦੀਆਂ ਤਸਵੀਰਾਂ ਉੱਕਰੀਆਂ ਹਨ।

# ਡਾਕਟਰਾਂ ਦੀ ਸੁਰੱਖਿਆ ਲਈ ਕਮੇਟੀ ਬਣੇਗੀ : ਕੇਂਦਰ ਸਰਕਾਰ

ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐਮਏ) ਨੇ ਕੋਲਕਾਤਾ ਦੇ ਆਰਜੀ ਕਾਰ ਮੈਡੀਕਲ ਕਾਲਜ ਵਿੱਚ ਇੱਕ ਮਹਿਲਾ ਡਾਕਟਰ ਨਾਲ ਬਲਾਤਕਾਰ ਅਤੇ ਹੱਤਿਆ ਦੇ ਵਿਰੋਧ ਵਿੱਚ 17 ਅਗਸਤ ਨੂੰ ਸਵੇਰੇ 6 ਵਜੇ ਤੋਂ 24 ਘੰਟਿਆਂ ਲਈ ਗੈਰ-ਐਮਰਜੈਂਸੀ ਮੈਡੀਕਲ ਸੇਵਾਵਾਂ ਵਾਪਸ ਲੈਣ ਦਾ ਐਲਾਨ ਕੀਤਾ ਹੈ। ਕੋਲਕਾਤਾ ਵਿੱਚ ਇੱਕ ਡਾਕਟਰ ਦੀ ਬਲਾਤਕਾਰ ਅਤੇ ਹੱਤਿਆ ਨੂੰ ਲੈ ਕੇ ਪੂਰੇ ਦੇਸ਼ ਵਿੱਚ ਗੁੱਸੇ ਦਾ ਮਾਹੌਲ ਹੈ। ਦਰਅਸਲ ਡਾਕਟਰਾਂ ਦੀ ਮੁੱਖ ਮੰਗ ਹੈ ਕਿ ਡਾਕਟਰਾਂ ਦੀ ਸੁਰੱਖਿਆ ਦਾ ਪੱਕਾ ਇੰਤਜਾਮ ਕੀਤਾ ਜਾਵੇ। ਇਸ ਉਤੇ ਕੇਂਦਰ ਸਰਕਾਰ ਨੇ ਕਿਹਾ ਕਿ ਉਹ ਇਸ ਲਈ ਕਮੇਟੀ ਬਣਾ ਰਹੀ ਹੈ ਅਤੇ ਡਾਕਟਰ ਆਪਣੀ ਹੜਤਾਲ ਖ਼ਤਮ ਕਰ ਕੇ ਕੰਮ ਉਤੇ ਪਰਤ ਆਉਣ।


VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

CONSTRUCTION BUILDERS REQUIRED ON VARIOUS SITES IN UK

Job Type: 5319 Construction & building trades not elsewhere classified

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਇੰਗਲੈਂਡ ਕਬੱਡੀ ਫੈਡਰੇਸ਼ਨ ਯੂ.ਕੇ.

## 2024-25 ਲਈ ਗਵਰਨਿੰਗ ਬਾਡੀ ਐਂਡੋਰਸਮੈਂਟ (ਜੀ.ਬੀ.ਈ.) ਜਾਰੀ ਕਰਨ ਵਾਲੇ ਮਾਪਦੰਡਾਂ ਦੀ ਸਾਲਾਨਾ ਸਮੀਖਿਆ

ਇੰਗਲੈਂਡ ਕਬੱਡੀ ਫੈਡਰੇਸ਼ਨ (ਯੂ.ਕੇ.) 2024-25 ਲਈ ਗਵਰਨਿੰਗ ਬਾਡੀ ਐਂਡੋਰਸਮੈਂਟ (ਜੀ.ਬੀ.ਈ.) ਜਾਰੀ ਕਰਨ ਵਾਲੇ ਮਾਪਦੰਡਾਂ ਦੀ ਸਾਲਾਨਾ ਸਮੀਖਿਆ ਪ੍ਰਕਿਰਿਆ ਦੇ ਹਿੱਸੇ ਵਜੋਂ ਇੱਕ ਸਲਾਹ-ਮਸ਼ਵਰਾ ਕਰ ਰਹੀ ਹੈ। 2024-25 ਲਈ ਪ੍ਰਸਤਾਵਿਤ ਮਾਪਦੰਡ ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਵੈਬਸਾਈਟ: ***www.kabaddiuk.co.uk*** ਉੱਤੇ ਦੇਖੇ ਜਾ ਸਕਦੇ ਹਨ। ਜਾਂ ਹੇਠਾਂ ਦਿੱਤੇ ਇਸ ਲਿੰਕ ਤੇ ਦੇਖੋ:

https://kabaddiuk.co.uk/assets/pdf/Proposed-Kabaddi-GBE-Criteria-2024-25.pdf

ਸਾਰੀਆਂ ਦਿਲਚਸਪੀ ਰੱਖਣ ਵਾਲੀਆਂ ਪਾਰਟੀਆਂ ਨੂੰ ਪ੍ਰਸਤਾਵਿਤ ਮਾਪਦੰਡਾਂ ਦੀ ਸਮੀਖਿਆ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ ਅਤੇ ਜੋ ਵੀ ਟਿੱਪਣੀਆਂ ਉਹ ਕਰਨਾ ਚਾਹੁੰਦੇ ਹਨ, ਉਹ ਸ਼ੁੱਕਰਵਾਰ 30 ਅਗਸਤ 2024 ਨੂੰ ਸ਼ਾਮ 5 ਵਜੇ ਤੱਕ ਇਸ ਈਮੇਲ *ssm@manaksolicitors.co.uk* 'ਤੇ ਭੇਜ ਸਕਦੇ ਹਨ। ਸਾਰੀਆਂ ਸਕਾਰਾਤਮਕ ਟਿੱਪਣੀਆਂ ਅਤੇ ਯੋਗਦਾਨ ਇੰਗਲੈਂਡ ਕਬੱਡੀ ਫੈਡਰੇਸ਼ਨ ਨੂੰ ਮਿਲਣ ਉਪਰੰਤ ਉਹਨਾਂ 'ਤੇ ਪੂਰੀ ਤਰ੍ਹਾਂ ਵਿਚਾਰ ਕਰਕੇ ਅੰਤਿਮ ਮਾਪਦੰਡ ਹੋਮ ਆਫਿਸ (ਗ੍ਰਹਿ ਮੰਤਰਾਲੇ) ਦੀ ਪ੍ਰਵਾਨਗੀ ਲਈ ਭੇਜੇ ਜਾਣਗੇ।

***ਆਪਣੇ ਸੁਝਾਅ ਅਤੇ ਸਲਾਹ ਮਸ਼ਵਰਾ ਹੇਠਾਂ ਦਿੱਤੇ ਈਮੇਲ ਤੇ 30 ਅਗਸਤ ਤੋਂ ਪਹਿਲਾਂ ਭੇਜੋ ਜੀ***

## Kabaddi GBE Issuing Criteria for 2024 -25 Review Consultation - 20/08/2024

England Kabaddi Federation (UK) is conducting a consultation as part of its annual review process of Governing Body Endorsement (GBE) Issuing Criteria for 2024 -25. The proposed criteria for 2024-25 can be viewed at ***www.kabaddiuk.co.uk***. or see on the link below:

**https://kabaddiuk.co.uk/assets/pdf/Proposed-Kabaddi-GBE-Criteria-2024-25.pdf**

All interested parties are invited to review the proposed criteria and send any comments they wish to make by email to ***ssm@manaksolicitors.co.uk*** by no later than 5:00pm on Friday 30th August 2024. All positive comments and contributions received will be fully considered by the EKF before a final criteria is put forward for approval to the Home Office.

## ਜਾਰੀ ਕਰਤਾ = ਇੰਗਲੈਂਡ ਕਬੱਡੀ ਫੈਡਰੇਸ਼ਨ ਯੂ.ਕੇ.

## ENGLAND KABADDI FEDERATION U.K.

**Email:ssm@manaksolicitors.co.uk / www.kabaddiuk.co.uk**

# ਭਾਰਤੀ ਹਾਈ ਕਮਿਸ਼ਨ ਲੰਡਨ ਸਾਹਮਣੇ ਯੂ.ਕੇ. ਦੀਆਂ ਸਿੱਖ ਜਥੇਬੰਦੀਆਂ ਵਲੋਂ ਭਾਰਤ ਦੇ ਆਜ਼ਾਦੀ ਦਿਹਾੜੇ ਮੌਕੇ ਰੋਸ ਮੁਜਾਹਰਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਹਾਈ ਕਮਿਸ਼ਨ ਲੰਡਨ ਸਾਹਮਣੇ ਯੂ.ਕੇ. ਦੀਆਂ ਸਿੱਖ ਜਥੇਬੰਦੀਆਂ ਵਲੋਂ ਭਾਰਤ ਦੇ ਆਜ਼ਾਦੀ ਦਿਹਾੜੇ ਮੌਕੇ ਜ਼ਬਰਦਸਤ ਰੋਸ ਮੁਜਾਹਰਾ ਕੀਤਾ ਗਿਆ, ਜਿਸ ਵਿਚ ਦੇਸ਼ ਭਰ ਤੋਂ ਸਿੱਖ ਆਗੂਆਂ ਨੇ ਹਿੱਸਾ ਲਿਆ । ਪ੍ਰਦਰਸ਼ਨਕਾਰੀਆਂ ਨੇ ਇਸ ਮੌਕੇ ਕਿਹਾ ਕਿ 1947 ਵਿਚ ਸਿੱਖਾਂ ਨਾਲ ਅਜ਼ਾਦੀ ਦੇ ਨਾਮ ਵੱਡਾ ਧੋਖਾ ਕੀਤਾ ਗਿਆ। ਰੋਸ ਮੁਜਾਹਰੇ ਵਿਚ ਸਿੱਖ ਆਗੂਆਂ ਨੇ ਕਿਹਾ ਕਿ ਸਿੱਖ ਕੌਮ ਖ਼ਾਲਿਸਤਾਨ ਲਈ ਲਗਾਤਾਰ ਸੰਘਰਸ਼ ਕਰਦੀ ਰਹੇਗੀ ।

ਇਸ ਮੌਕੇ ਭਾਈ ਵਧਾਵਾ ਸਿੰਘ ਬੱਬਰ, ਭਾਈ ਰਣਜੀਤ ਸਿੰਘ ਨੀਟਾ ਅਤੇ ਭਾਈ ਮਹਿਲ ਸਿੰਘ ਸਮੇਤ ਲੰਬੇ ਅਰਸੇ ਤੋਂ ਜੇਲ੍ਹਾਂ ਵਿਚ ਬੰਦ ਭਾਈ ਜਗਤਾਰ ਸਿੰਘ ਹਾਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਜਗਤਾਰ ਸਿੰਘ ਜੱਗੀ ਜੌਹਲ, ਭਾਈ ਬਲਵੰਤ ਸਿੰਘ, ਭਾਈ ਪਰਮਜੀਤ ਸਿੰਘ ਭਿਉਰਾ, ਭਾਈ ਰਮਨਦੀਪ ਸਿੰਘ ਬੱਗਾ, ਭਾਈ ਹਰਦੀਪ ਸਿੰਘ ਸ਼ੇਰਾ ਅਤੇ ਭਾਈ ਅੰਮ੍ਰਿਪਾਲ ਸਿੰਘ ਸਮੇਤ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਗਈ।



ਭਾਰਤੀ ਹਾਈ ਕਮਿਸ਼ਨ ਲੰਡਨ ਸਾਹਮਣੇ ਪ੍ਰਦਰਸ਼ਨ ਕਰਦੇ ਸਿੱਖ ਜਥੇਬੰਦੀਆਂ ਦੇ ਆਗੂ

ਰੋਸ ਮੁਜਾਹਰੇ ਵਿਚ ਹੋਰਨਾ ਤੋਂ ਇਲਾਵਾ ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੇ ਕੋਆਰਡੀਨੇਟਰਜ਼ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਸਿੱਖਸ ਫਾਰ ਜਸਟਿਸ ਭਾਈ ਦੁਪਿੰਦਰਜੀਤ ਸਿੰਘ, ਭਾਈ ਪਰਮਜੀਤ ਸਿੰਘ ਪੰਮਾ, ਕੌਂਸਲ ਆਫ ਖਾਲਿਸਤਾਨ ਭਾਈ ਅਮਰੀਕ ਸਿੰਘ ਸਹੋਤਾ,ਭਾਈ ਰਣਜੀਤ ਸਿੰਘ ਸਰਾਏ,ਧਰਮਯੁੱਧ ਜਥਾ ਦਮਦਮੀ ਟਕਸਾਲ ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ, ਭਾਈ ਕੁਲਵੰਤ ਸਿੰਘ ਮੁਠੱਡਾ, ਭਾਈ ਸੁਖਵਿੰਦਰ ਸਿੰਘ ਖਾਲਸਾ, ਭਾਈ ਮਨਪ੍ਰੀਤ ਸਿੰਘ, ਭਾਈ ਬਲਵਿੰਦਰ ਸਿੰਘ ਢਿਲੋਂ, ਭਾਈ ਕੇਹਰ ਸਿੰਘ, ਭਾਈ ਸਰਬਜੀਤ ਸਿੰਘ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਆਦਿ ਹਾਜ਼ਰ ਸਨ ।

## ਸ਼ੇਰਗੜ੍ਹ ਚੀਮਾ ਦੇ ਨੌਜਵਾਨ ਗੁਰਵੀਰ ਸਿੰਘ ਚੀਮਾ ਦੀ ਇੰਗਲੈਂਡ ਵਿੱਚ ਮੌਤ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਲੇਰਕੋਟਲਾ ਦੇ ਸ਼ੇਰਗੜ੍ਹ ਚੀਮਾ ਦੇ ਨੌਜਵਾਨ 23 ਸਾਲਾ ਗੁਰਵੀਰ ਸਿੰਘ ਚੀਮਾ ਦੀ ਇੰਗਲੈਂਡ ਵਿੱਚ ਮੌਤ ਹੋਣ ਦੀ ਖ਼ਬਰ ਮਿਲੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਪ੍ਰੀਤ ਸਿੰਘ ਚੀਮਾ ਨੇ ਦੱਸਿਆ ਕਿ ਗੁਰਵੀਰ ਸਿੰਘ ਸਪਾਊਸ ਵੀਜ਼ਾ 'ਤੇ 9 ਕੁ ਮਹੀਨੇ ਪਹਿਲਾਂ ਯੂ ਕੇ ਆਇਆ ਸੀ ਅਤੇ ਲੰਡਨ ਦੇ ਰਮਫੋਰਡ ਵਿਖੇ ਰਹਿ ਰਿਹਾ ਸੀ। ਜਿੱਥੇ ਉਸ ਨੂੰ ਬੀਤੇ ਸੋਮਵਾਰ ਮੌਕੇ 'ਤੇ ਪਹੁੰਚੀ ਐਂਬੂਲੈਂਸ ਨੇ ਮ੍ਰਿਤਕ ਐਲਾਨ ਦਿੱਤਾ ਸੀ ਅਤੇ ਮੌਤ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਗੁਰਵੀਰ ਦੀ ਮ੍ਰਿਤਕ ਦੇਹ ਕੁਈਨਜ਼ ਮੈਰੀ ਹਸਪਤਾਲ ਰਮਫੋਰਡ ਵਿਖੇ ਰੱਖੀ ਹੋਈ ਹੈ ਜਿਸ ਨੂੰ ਪੰਜਾਬ ਭੇਜਣ ਲਈ ਭਾਈਚਾਰੇ ਨੂੰ ਮਦਦ ਦੀ ਗੁਹਾਰ ਲਾਈ ਗਈ ਹੈ।

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED


How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ ।
ਜਾਇਦਾਦ ਸਬੰਧੀ ਤਜਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD Supporting a greener future
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU

UK office based matchmaking service for
BRITISH ASIANS of all ages from mid 20's to 60's.
Professional, graduates and non-graduates, single,
divorced and widowed, with and without children
Guaranteed introduction service - Since 1972



Please feel free to contact
Parag or Ashaa Bhargava
to discuss your requirements
confidentially and without
obligation!

*We are available from 10.00am to 5.00pm Monday to Saturday (Closed Sunday and Bank Holiday Weekends)*

*Clients/customers are requested to make an appointment if wishing to visit the office or meet us personally.*

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਮੋਦੀ ਦਾ 'ਇਕ ਦੇਸ਼, ਇਕ ਚੋਣ' ਦਾ ਨਾਅਰਾ ਫਲਾਪ ਕਿਉਂ ਹੋਇਆ ?

**✪ ਚੋਣ ਕਮਿਸ਼ਨ ਚਾਰ ਰਾਜਾਂ ਦੀਆਂ ਚੋਣਾਂ ਇਕੱਠੀਆਂ ਨਾ ਕਰਾ ਸਕਿਆ ✪ ਚਾਰ ਰਾਜਾਂ ਦੀ ਚੋਣ ਕਰਵਾਉਣ ਲਾਇਕ ਹੀ ਸੁਰੱਖਿਆ ਬਲ ਭਾਰਤ ਵਿਚ ਉਪਲਬਧ ਨਹੀਂ**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਗਭਗ ਹਰ ਸਾਲ 15 ਅਗਸਤ 'ਤੇ ਲਾਲ ਕਿਲ੍ਹੇ ਤੋਂ ਆਪਣੇ ਭਾਸ਼ਨ 'ਚ ਹੋਰ ਗੱਲਾਂ ਤੋਂ ਇਲਾਵਾ 'ਵੰਨ ਨੇਸ਼ਨ, ਵੰਨ ਇਲੈਕਸ਼ਨ' (ਇਕ ਦੇਸ਼, ਇਕ ਚੋਣ) ਦੀ ਚਰਚਾ ਜ਼ਰੂਰ ਕਰਦੇ ਹਨ। ਇਸ ਵਾਰ ਵੀ ਉਨ੍ਹਾਂ ਇਹ ਚਰਚਾ ਇਸ ਅੰਦਾਜ਼ ਵਿਚ ਕੀਤੀ, ਮੰਨੋ ਜਿਵੇਂ ਹੁਣ ਉਹ ਇਸ 'ਤੇ ਸੱਚਮੁੱਚ ਅਮਲ ਕਰਨ ਦਾ ਇਰਾਦਾ ਰੱਖਦੇ ਹਨ, ਪਰ ਉਨ੍ਹਾਂ ਦਾ ਇਹ ਇਰਾਦਾ ਇਕ ਦਿਨ ਬਾਅਦ ਹੀ ਗ਼ੁਬਾਰਾ ਸਾਬਿਤ ਹੋ ਗਿਆ।

ਅਗਲੇ ਹੀ ਦਿਨ 16 ਅਗਸਤ ਨੂੰ ਚੋਣ ਕਮਿਸ਼ਨ ਨੇ ਉਸ ਗ਼ੁਬਾਰੇ ਵਿਚ ਪਿੰਨ ਚੁਭੋ ਕੇ ਉਸ ਦੀ ਹਵਾ ਕੱਢ ਦਿੱਤੀ। ਜ਼ਿਕਰਯੋਗ ਹੈ ਕਿ ਇਸ ਸਾਲ ਚਾਰ ਰਾਜਾਂ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਉਮੀਦ ਸੀ ਕਿ ਚੋਣ ਕਮਿਸ਼ਨ ਪ੍ਰਧਾਨ ਮੰਤਰੀ ਦੇ ਇਰਾਦੇ ਮੁਤਾਬਿਕ ਚਾਰਾਂ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅਤੇ ਵੱਖ-ਵੱਖ ਰਾਜਾਂ 'ਚ ਲਗਭਗ 30 ਵਿਧਾਨ ਸਭਾ ਸੀਟਾਂ ਦੀਆਂ ਜ਼ਿਮਨੀ ਚੋਣਾਂ ਇਕੱਠਿਆਂ ਕਰਵਾਉਣ ਦਾ ਐਲਾਨ ਕਰੇਗਾ, ਪਰ ਇੰਝ ਨਾ ਹੋਇਆ। ਕਮਿਸ਼ਨ ਨੇ ਸਿਰਫ਼ ਹਰਿਆਣਾ ਅਤੇ ਜੰਮੂ-ਕਸ਼ਮੀਰ ਦੀਆਂ ਚੋਣਾਂ ਦਾ ਪ੍ਰੋਗਰਾਮ ਹੀ ਐਲਾਨਿਆ। ਦੱਸਣਯੋਗ ਹੈ ਕਿ ਹਰਿਆਣਾ ਅਤੇ ਮਹਾਰਾਸ਼ਟਰ ਵਿਧਾਨ ਸਭਾ ਦੀਆਂ ਚੋਣਾਂ ਹਮੇਸ਼ਾ ਇਕੱਠਿਆਂ ਹੁੰਦੀਆਂ ਸਨ, ਪਰ ਇਸ ਵਾਰ ਮਹਾਰਾਸ਼ਟਰ ਦੀਆਂ ਚੋਣਾਂ ਵੀ ਹਰਿਆਣਾ ਦੇ ਨਾਲ ਐਲਾਨੀਆਂ ਨਹੀਂ ਗਈਆਂ। ਚੋਣ ਕਮਿਸ਼ਨ ਨੇ ਇਸ ਪਿੱਛੇ ਜੋ ਕਾਰਨ ਦੱਸੇ ਹਨ, ਉਹ ਬੇਹੱਦ ਲੱਚਰ ਅਤੇ ਹਾਸੋਹੀਣੇ ਹਨ। ਕਮਿਸ਼ਨ ਨੇ ਖ਼ਾਸ ਤੌਰ 'ਤੇ ਸੁਰੱਖਿਆ ਬਲਾਂ ਦੀ ਉਪਲਬਧਤਾ ਦੀ ਦਲੀਲ ਦਿੱਤੀ। ਸਵਾਲ ਹੈ ਕਿ ਜਦੋਂ ਚਾਰ ਰਾਜਾਂ ਦੀ ਚੋਣ ਕਰਵਾਉਣ ਲਾਇਕ ਹੀ ਸੁਰੱਖਿਆ ਬਲ ਦੇਸ਼ 'ਚ ਉਪਲਬਧ ਨਹੀਂ ਹਨ ਤਾਂ ਫਿਰ ਸਾਰੀਆਂ ਚੋਣਾਂ ਇਕੱਠਿਆਂ ਕਰਵਾਉਣ ਲਈ ਉਹ ਸੁਰੱਖਿਆ ਬਲ ਕਿੱਥੋਂ ਲਿਆਏਗਾ ? ਜ਼ਾਹਿਰ ਹੈ ਕਿ ਕਮਿਸ਼ਨ ਨੇ ਜੋ ਫ਼ੈਸਲਾ ਕੀਤਾ ਹੈ, ਉਹ ਰਾਜਨੀਤਕ ਕਾਰਨਾਂ ਨਾਲ ਸਰਕਾਰ ਦੇ ਕਹਿਣ 'ਤੇ ਕੀਤਾ ਗਿਆ ਹੈ ਅਤੇ ਇਸ ਨਾਲ ਸਾਬਿਤ ਹੋਇਆ ਹੈ ਕਿ 'ਵੰਨ ਨੇਸ਼ਨ, ਵੰਨ ਇਲੈਕਸ਼ਨ' ਮਹਿਜ਼ ਇਕ ਸ਼ਿਗੂਫ਼ਾ ਹੈ।

## ਆਖਿਰ ਮਾਇਆਵਤੀ ਨੂੰ ਬਹੁਜਨ ਰਾਜਨੀਤੀ ਵੱਲ ਪਰਤਣਾ ਪਿਆ

**✪ ਦਲਿਤ ਵੋਟ ਦੂਜੀਆਂ ਪਾਰਟੀਆਂ ਵਿਚ ਵੰਡਿਆ ਗਿਆ ✪ ਮੋਦੀ ਸਰਕਾਰ ਤੋਂ ਕੀਤੀ ਜਾਤੀ ਆਧਾਰਿਤ ਮਰਦਮਸ਼ੁਮਾਰੀ ਕਰਵਾਉਣ ਦੀ ਮੰਗ**



ਲੋਕ ਸਭਾ ਚੋਣਾਂ 'ਚ ਬਹੁਜਨ ਸਮਾਜਵਾਦੀ ਪਾਰਟੀ (ਬਸਪਾ) ਇਕ ਵੀ ਸੀਟ ਨਹੀਂ ਜਿੱਤ ਸਕੀ, ਕਿਉਂਕਿ ਉਸ ਦੇ ਮੁੱਖ ਦਲਿਤ ਵੋਟ ਦੂਜੀਆਂ ਪਾਰਟੀਆਂ ਦੇ ਪਾਲੇ ਵਿਚ ਚਲੇ ਗਏ ਸਨ। ਹੁਣ ਬਸਪਾ ਸੁਪਰੀਮੋ ਮਾਇਆਵਤੀ ਨਵੀਂ ਰਣਨੀਤੀ ਅਜ਼ਮਾ ਰਹੀ ਹੈ, ਤਾਂ ਕਿ ਮੂਲ ਗੱਲਾਂ 'ਤੇ ਪਰਤ ਕੇ ਪਾਰਟੀ ਦੀਆਂ ਬਹੁਜਨ ਯੋਜਨਾਵਾਂ ਨੂੰ ਨਵੇਂ ਸਿਰਿਓਂ ਤਿਆਰ ਕੀਤਾ ਜਾ ਸਕੇ। ਉਨ੍ਹਾਂ ਨੇ ਕੇਂਦਰ ਸਰਕਾਰ ਕੋਲੋਂ ਜਾਤੀ ਆਧਾਰਿਤ ਮਰਦਮਸ਼ੁਮਾਰੀ ਕਰਵਾਉਣ ਦੀ ਮੰਗ ਵੀ ਕੀਤੀ ਹੈ। ਹਾਲਾਂਕਿ, ਪਾਰਟੀ ਦੇ ਸਾਹਮਣੇ ਚੁਣੌਤੀ ਨਾ ਸਿਰਫ਼ ਬ੍ਰਾਹਮਣ, ਮੁਸਲਿਮ ਅਤੇ ਗ਼ੈਰ-ਯਾਦਵ ਪੱਛੜੇ ਵਰਗ ਦੀਆਂ ਵੋਟਾਂ ਨੂੰ ਵਾਪਸ ਜਿੱਤਣ ਦੀ ਹੈ, ਜਿਸ ਰਣਨੀਤੀ ਨੇ ਇਸ ਨੂੰ 2007 'ਚ ਸੱਤਾ 'ਚ ਪਹੁੰਚਾਇਆ, ਸਗੋਂ ਲਗਭਗ 21 ਫ਼ੀਸਦੀ ਦਲਿਤ ਵੋਟਾਂ ਨੂੰ ਵੀ ਵਾਪਸ ਜਿੱਤਣ ਦੀ ਵੀ ਹੈ, ਜਿਸ ਵਿਚ 12 ਫ਼ੀਸਦੀ ਜਾਟਵ ਹਨ, ਜੋ ਮਾਇਆਵਤੀ ਦੀ ਜਾਤੀ ਹੈ। ਪਾਰਟੀ ਅਹੁਦੇਦਾਰਾਂ ਮੁਤਾਬਿਕ, ਸੁਪਰੀਮ ਕੋਰਟ ਦੇ ਰਾਖਵਾਂਕਰਨ ਫ਼ੈਸਲੇ ਦਾ ਮੁੱਦਾ ਚੁੱਕਣ ਤੋਂ ਇਲਾਵਾ ਬਸਪਾ ਨੇ ਪਾਰਟੀ ਵਲੋਂ ਕੀਤੀਆਂ ਜਾਂਦੀਆਂ ਨਿਯੁਕਤੀਆਂ 'ਚ ਜਾਤੀਗਤ ਸਮੀਕਰਨਾਂ 'ਤੇ ਵੀ ਧਿਆਨ ਦੇਣ ਦਾ ਫ਼ੈਸਲਾ ਕੀਤਾ ਹੈ। ਉੱਤਰ ਪ੍ਰਦੇਸ਼ ਵਿਚ ਕੁਝ ਜ਼ਿਲ੍ਹਾ ਇਕਾਈਆਂ ਵਿਚ ਅੱਧ ਨਾਲੋਂ ਜ਼ਿਆਦਾ ਜ਼ਿੰਮੇਵਾਰੀਆਂ ਦਲਿਤ ਅਤੇ ਅਤਿ ਪੱਛੜੇ ਭਾਈਚਾਰੇ ਦੇ ਆਗੂਆਂ ਨੂੰ ਸੌਂਪ ਦਿੱਤੀਆਂ ਗਈਆਂ ਹਨ, ਜਿਸ ਨਾਲ ਬਦਲਾਅ ਦੇਖਿਆ ਜਾ ਰਿਹਾ ਹੈ। ਇਸ ਨੂੰ ਹੋਰਨਾਂ ਜ਼ਿਲ੍ਹਿਆਂ ਅਤੇ ਰਾਜ ਇਕਾਈਆਂ ਵਿਚ ਵੀ ਲਾਗੂ ਕੀਤਾ ਜਾਣਾ ਵਾਲਾ ਹੈ।

# ਅਰੁੰਧਤੀ ਰਾਏ ਵੈਕਲਾਵ ਹੈਵਲ ਸੈਂਟਰ ਵਲੋਂ 'ਡਿਸਟਰਬਿੰਗ ਦ ਪੀਸ' ਪੁਰਸਕਾਰ ਨਾਲ ਸਨਮਾਨਿਤ

ਦਿੱਲੀ-ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਨੂੰ ਅਮਰੀਕਾ ਸਥਿਤ 'ਡਿਸਟਰਬਿੰਗ ਦ ਪੀਸ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਸਾਲ 2024 ਲਈ ਇਹ ਪੁਰਸਕਾਰ ਗੈਰ-ਲਾਭਕਾਰੀ ਸੰਸਥਾ ਵੈਕਲਾਵ ਹੈਵਲ ਸੈਂਟਰ ਵਲੋਂ ਦਿੱਤਾ ਗਿਆ ਸੀ। ਇਹ ਪੁਰਸਕਾਰ ਅਰੁੰਧਤੀ ਰਾਏ ਦੇ ਨਾਲ ਇਰਾਨ ਦੀ ਔਰਤ ਤੌਮਾਜ਼ ਸਲੇਹੀ ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ ਸੀ। ਸਲੇਹੀ ਨੂੰ ਈਰਾਨ ਦੀ ਸਰਕਾਰ ਦੇ ਖਿਲਾਫ ਸਿਆਸੀ ਵਿਰੋਧ ਪ੍ਰਦਰਸ਼ਨਾਂ ਲਈ ਗੀਤ ਲਿਖਣ ਲਈ ਜਾਣਿਆ ਜਾਂਦਾ ਹੈ।

ਪੁਰਸਕਾਰ ਦੀ ਘੋਸ਼ਣਾ ਕਰਦੇ ਹੋਏ ਜਿਊਰੀ ਮੈਂਬਰ ਸਲਿਲ ਤ੍ਰਿਪਾਠੀ ਨੇ ਕਿਹਾ ਕਿ ਰਾਏ ਭਾਰਤ ਦੇ ਹਾਸ਼ੀਏ 'ਤੇ ਪਏ ਅਤੇ ਵਾਂਝੇ ਲੋਕਾਂ ਲਈ ਅਵਾਜਜ਼ ਉਠਾਉਂਦੇ ਹਨ। ਉਨ੍ਹਾਂ



ਕਿਹਾ ਕਿ ਬੁਕਰ ਪੁਰਸਕਾਰ ਜੇਤੂ ਲੇਖਕਾ ਉਨ੍ਹਾਂ ਲੋਕਾਂ ਦੀ ਆਵਾਜ਼ ਉਠਾਉਂਦੀ ਹੈ ਜਿਨ੍ਹਾਂ ਦੀਆਂ ਜ਼ਮੀਨਾਂ ਵੱਡੇ ਕਾਰੋਬਾਰ ਲਈ ਹਥਿਆਈਆਂ ਗਈਆਂ ਹਨ, ਜੋ ਭਾਰਤ ਦੀਆਂ ਕਾਰਪੋਰੇਟ ਪਖੀ ਨੀਤੀਆਂ ਦਾ ਵਿਰੋਧ ਕਰਦੇ ਹਨ, ਜੋ ਦਲਿਤਾਂ ਲਈ ਬੋਲਦੇ ਹਨ, ਅਤੇ ਜੋ ਸਵੈ-ਨਿਰਣੇ ਲਈ ਲੜਦੇ ਹਨ, ਪੀੜਤਾਂ ਦੀ ਮਦਦ ਕਰਦੇ ਹਨ ।

ਵੈਕਲਾਵ ਹੈਵਲ ਸੈਂਟਰ ਹਰ ਸਾਲ ਇੱਕ ਦਲੇਰ ਸਖਸ਼ੀਅਤ ਨੂੰ ਇਨਾਮ ਦਿੰਦਾ ਹੈ। ਇਸ ਦੇ ਨਾਲ ਹੀ ਇਹ ਮਨੁੱਖੀ ਅਧਿਕਾਰਾਂ ਲਈ ਲੜ ਰਹੇ ਵਿਸ਼ਵ ਲੇਖਕਾਂ ਨੂੰ ਸਾਹਮਣੇ ਲਿਆਉਣਾ ਚਾਹੁੰਦਾ ਹੈ। ਅਵਾਰਡ ਦਾ ਨਾਮ ਵੈਕਲਾਵ ਹੈਵਲ ਦੇ ਨਾਮ ਉੱਤੇ ਰੱਖਿਆ ਗਿਆ ਹੈ ਜੋ ਇੱਕ ਲੇਖਕ ਅਤੇ ਰਾਜਨੀਤਿਕ ਵਿਰੋਧੀ ਸੀ ਜੋ ਬਾਅਦ ਵਿੱਚ ਚੈਕੋਸਲੋਵਾਕੀਆ ਦਾ ਰਾਸ਼ਟਰਪਤੀ ਬਣਿਆ। ਅਤੇ ਇਸ ਨਾਲ ਉਹ ਚੈੱਕ ਗਣਰਾਜ ਦਾ ਪਹਿਲਾ ਰਾਸ਼ਟਰਪਤੀ ਸੀ।

ਇਸ ਐਵਾਰਡ ਤਹਿਤ 4.19 ਲੱਖ ਰੁਪਏ ਦਿੱਤੇ ਜਾਂਦੇ ਹਨ। ਇਸਦੇ ਨਾਲ ਹੀ, ਇਸਨੂੰ ਇੱਕ ਨਿੱਜੀ ਸਮਰਥਨ ਮੰਨਿਆ ਜਾਂਦਾ ਹੈ ਜੋ ਇਸਦੇ ਅੰਦਰ ਹੈਵਲ ਦੀ ਵਿਰਾਸਤ ਰੱਖਦਾ ਹੈ। ਅਤੇ ਦੁਨੀਆ ਭਰ ਦੇ ਬਹੁਤ ਸਾਰੇ ਲੇਖਕਾਂ ਦੇ ਧਿਆਨ ਵਿੱਚ ਵੀ ਆਉਂਦਾ ਹੈ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਲੜ ਰਹੇ ਹਨ।

ਜੂਨ ਦੇ ਮਹੀਨੇ ਵਿੱਚ, ਰਾਏ ਨੂੰ 2024 ਲਈ 'ਪੈਨ ਪਿੰਟਰ' ਪੁਰਸਕਾਰ ਵੀ ਮਿਲਿਆ ਸੀ। ਜਿਸ ਦੀ ਸਥਾਪਨਾ 2009 ਵਿੱਚ ਨੋਬਲ ਪੁਰਸਕਾਰ ਵਿਜੇਤਾ ਅਤੇ ਨਾਟਕਕਾਰ ਹੈਰੋਲਡ ਪਿੰਟਰ ਦੀ ਯਾਦ ਵਿੱਚ ਕੀਤੀ ਗਈ ਸੀ।

## ਠੱਗ ਏਜੰਟਾਂ ਨੇ ਥਾਣੇਦਾਰ ਦੀ ਨੂੰਹ ਨੂੰ ਇੰਗਲੈਂਡ ਭੇਜਣ ਦੇ ਨਾਂ 'ਤੇ 9.35 ਲੱਖ ਦੀ ਮਾਰੀ ਠੱਗੀ, ਕੇਸ ਦਰਜ਼

ਨਵਾਂਸ਼ਹਿਰ-ਥਾਣੇਦਾਰ ਦੀ ਨੂੰਹ ਨੂੰ ਯੂ. ਕੇ. ਭੇਜਣ ਦੇ ਨਾਂ 'ਤੇ 9.35 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਏਜੰਟ ਖ਼ਿਲਾਫ਼ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ ਵਿਚ ਪਰਮਜੀਤ ਸਿੰਘ ਪਿੰਡ ਹਾਜ਼ੀਪੁਰ ਥਾਣਾ ਗੜ੍ਹਸ਼ੰਕਰ ਨੇ ਦੱਸਿਆ ਕਿ ਉਹ ਪੁਲਸ ਵਿਭਾਗ ਵਿਚ ਬਤੌਰ ਏ. ਐੱਸ. ਆਈ. ਸੇਵਾਵਾਂ ਨਿਭਾ ਰਿਹਾ ਹੈ। ਉਸ ਦੀ ਨੂੰਹ ਸਿਮਰਨ ਆਈਲੈਟਸ ਪਾਸ ਕਰਕੇ ਵਿਦੇਸ਼ ਜਾਣ ਦੀ ਇੱਛੁਕ ਸੀ, ਜਿਸ ਬਾਰੇ ਉਸ ਨੇ ਆਪਣੇ ਇਕ ਦੋਸਤ ਨਾਲ ਗੱਲਬਾਤ ਕੀਤੀ ਸੀ। ਉਸ ਨੇ ਦੱਸਿਆ ਕਿ ਉਸ ਦੇ ਦੋਸਤ ਨੇ ਇਕ ਟਰੈਵਲ ਏਜੰਟ ਸ਼ਿਵਮ ਸਿੰਘ ਪੁੱਤਰ ਸ਼ਾਮ ਸਿੰਘ ਵਾਸੀ ਨੈਨੀਤਾਲ (ਉੱਤਰਾਖੰਡ) ਬਾਰੇ ਜਾਣਕਾਰੀ ਦਿੱਤੀ।

ਉਸ ਨੇ ਦੱਸਿਆ ਕਿ ਉਕਤ ਟਰੈਵਲ ਏਜੰਟ ਵੱਲੋਂ ਉਸ ਦੀ ਨੂੰਹ ਨੂੰ ਯੂ. ਕੇ. ਭੇਜਣ ਦਾ ਸੌਦਾ 14.50 ਲੱਖ ਰੁਪਏ ਵਿਚ ਤੈਅ ਹੋਇਆ ਸੀ। ਏਜੰਟ ਦੇ ਕਹਿਣ 'ਤੇ ਉਸ ਨੇ ਕੁੱਲ 9,35,065 ਰੁਪਏ ਉਸ ਦੇ ਖ਼ਾਤੇ ਵਿਚ ਜਮ੍ਹਾ ਕਰਵਾ ਦਿੱਤੇ। ਸ਼ਿਕਾਇਤਕਰਤਾ ਨੇ ਦੱਸਿਆ ਕਿ ਰਕਮ ਲੈਣ ਤੋਂ ਬਾਅਦ ਉਕਤ ਏਜੰਟ ਨੇ ਉਸ ਦਾ ਅਤੇ ਉਸ ਦੇ ਦੋਸਤ ਦਾ ਫੋਨ ਚੁੱਕਣਾ ਬੰਦ ਕਰ ਦਿੱਤਾ। ਉਕਤ ਏਜੰਟ ਨੇ ਨਾ ਤਾਂ ਉਸ ਦੀ ਨੂੰਹ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕਰ ਰਿਹਾ ਹੈ।

ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ 'ਚ ਦੋਸ਼ੀ ਏਜੰਟ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਅਤੇ ਉਸ ਦੀ ਰਕਮ ਵਾਪਸ ਕਰਵਾਉਣ ਦੀ ਮੰਗ ਕੀਤੀ ਹੈ। ਉਕਤ ਸ਼ਿਕਾਇਤ ਦੀ ਜਾਂਚ ਡੀ. ਐੱਸ. ਪੀ. ਪੱਧਰ ਦੇ ਅਧਿਕਾਰੀ ਵੱਲੋਂ ਦਿੱਤੀ ਗਈ ਨਤੀਜਾ ਰਿਪੋਰਟ ਦੇ ਆਧਾਰ 'ਤੇ ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਨੇ ਦੋਸ਼ੀ ਏਜੰਟ ਸ਼ਿਵਮ ਸਿੰਘ ਖ਼ਿਲਾਫ਼ ਧੋਖਾਦੇਹੀ ਦਾ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# COMMUNITIES IN GRAVESHAM AND DARTFORD ENJOY SOUTH ASIAN HERITAGE MONTH CELEBRATIONS ARRANGED BY COHESION PLUS

COHESION +

## ਕੁਹੀਜ਼ਨ + (ਪਲੱਸ) ਵੱਲੋਂ ਦੱਖਣੀ ਏਸ਼ੀਅਨ ਮਹੀਨਾ ਸਫ਼ਲਤਾ ਪੂਰਬਕ ਮਨਾਇਆ

## ਗ੍ਰੇਵਜ਼ੈਮ ਦੇ ਸਥਾਨਕ ਲੋਕਾਂ ਦੀ ਸਫਲਤਾ ਬਾਰੇ ਤਿੰਨ ਫਿਲਮਾਂ ਦਿਖਾਈਆਂ ਗਈਆਂ



**ਦੱਖਣੀ ਏਸ਼ੀਆ ਦੇ ਸੱਭਿਆਚਾਰ ਦੀ ਪੇਸ਼ਕਾਰੀ ਦੌਰਾਨ, ਕੱਥਕ, ਭਾਰਤ ਨਾਟਿਯਮ ਅਤੇ ਪੰਜਾਬੀ ਭੰਗੜੇ ਦੌਰਾਨ ਲੋਕਾਂ ਨੇ ਖੂਬ ਮਨੋਰੰਜਨ ਕੀਤਾ**



========== *For further information on the work of Cohesion Plus* ==========

**Contact Gurvinder Sandher MBE, Deputy Lieutenant of Kent on 01474 369329 / www.cohesionplus.com**

# ਭਾਰਤ ਦੀ ਖੇਡਾਂ ਵਿੱਚ ਅਜਿਹੀ ਦੁਰਦਸ਼ਾ ਕਿਉਂ ਹੈ ?

✪ ਸੋਨੇ ਦਾ ਤਗਮਾ ਕਿਉਂ ਨਹੀਂ ਜਿਤ ਸਕਿਆ ਭਾਰਤ ? ✪ ਪਾਕਿਸਤਾਨ ਨੇ ਸੋਨੇ ਦਾ ਥਗਮਾ ਜਿਤਕੇ ਭਾਰਤ ਨੂੰ ਪਛਾੜਿਆ ✪ ਵਿਨੇਸ਼ ਫਿਗੋਟ ਨੂੰ ਮੈਡਲ ਨਾ ਮਿਲਣ ਪਿਛੇ ਕਿਸਦੀ ਸਾਜਿਸ਼ ?

## ਖਾਸ ਖਬਰ

ਭਾਰਤ ਦੀ ਓਲੰਪਿਕ ਟੀਮ ਛੇ ਤਮਗੇ ਲੈ ਕੇ ਪੈਰਿਸ ਤੋਂ ਪਰਤੀ ਹੈ, ਜਿਸ ਵਿੱਚ ਇੱਕ ਚਾਂਦੀ ਦਾ ਤਗਮਾ ਅਤੇ ਪੰਜ ਕਾਂਸੀ ਦੇ ਤਗਮੇ ਸ਼ਾਮਲ ਹਨ। ਭਾਰਤ ਕੋਈ ਵੀ ਸੋਨ ਤਗਮਾ ਨਹੀਂ ਜਿੱਤ ਸਕਿਆ। ਇਸ ਲਈ ਛੇ ਤਗਮਿਆਂ ਦੇ ਬਾਵਜੂਦ ਭਾਰਤ ਤਮਗਾ ਸੂਚੀ ਵਿੱਚ 71ਵੇਂ ਸਥਾਨ 'ਤੇ ਰਿਹਾ। ਦੂਜੇ ਪਾਸੇ ਪਾਕਿਸਤਾਨ ਦੇ ਅਰਸ਼ਦ ਨਦੀਮ ਨੇ ਜੈਵਲਿਨ ਥ੍ਰੋਅ ਵਿੱਚ ਸੋਨ ਤ.ਗਮਾ ਜਿੱਤਿਆ ਹੈ, ਜੋ ਉਸ ਦਾ ਇੱਕੋ ਇੱਕ ਤ.ਗਮਾ ਹੈ, ਇਸੇ ਕਰਕੇ ਪਾਕਿਸਤਾਨ ਤ.ਗਮੇ ਦੀ ਸੂਚੀ ਵਿੱਚ ਭਾਰਤ ਤੋਂ ਉਪਰ ਹੈ। ਭਾਰਤ ਨੇ ਪਿਛਲੀ ਵਾਰ ਦੇ ਮੁਕਾਬਲੇ ਇੱਕ ਤ.ਗਮਾ ਘੱਟ ਜਿੱਤਿਆ ਸੀ ਅਤੇ ਨੀਰਜ ਚੋਪੜਾ ਇਕੱਲੇ ਅਜਿਹੇ ਖਿਡਾਰੀ ਸਨ ਜਿਨ੍ਹਾਂ ਨੇ ਦੂਜੀ ਵਾਰ ਤ.ਗਮਾ ਜਿੱਤਿਆ ਸੀ। ਬਾਕੀ ਸਾਰੇ ਨਵੇਂ ਮੈਡਲ ਜੇਤੂ ਹਨ।

ਹਾਲਾਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ 15 ਅਗਸਤ ਨੂੰ ਲਾਲ ਕਿਲੇ ਤੋਂ ਭਾਸ਼ਣ ਦੇ ਰਹੇ ਸਨ ਤਾਂ ਉਨ੍ਹਾਂ ਕਿਹਾ ਸੀ ਕਿ ਭਾਰਤ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਵਾਲਾ ਦੇਸ਼ ਬਣ ਜਾਵੇਗਾ। ਵਰਤਮਾਨ ਵਿੱਚ ਇਹ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਵਾਲਾ ਦੇਸ਼ ਹੈ ਅਤੇ ਕੁਝ ਸਮਾਂ ਪਹਿਲਾਂ ਇਹ ਸੱਤਵੇਂ ਅਤੇ ਇਸ ਤੋਂ ਪਹਿਲਾਂ 10ਵੇਂ ਸਥਾਨ 'ਤੇ ਸੀ। ਪਰ ਇਸ ਅਨੁਪਾਤ ਵਿੱਚ ਭਾਰਤ ਨੂੰ ਓਲੰਪਿਕ ਤਮਗਾ ਸੂਚੀ ਵਿੱਚ ਥਾਂ ਕਿਉਂ ਨਹੀਂ ਮਿਲਦੀ ?

ਧਿਆਨ ਰਹੇ ਕਿ ਪੈਰਿਸ ਓਲੰਪਿਕ ਵਿਚ ਦੁਨੀਆ ਦੇ 6 ਚੋਟੀ ਦੀ ਅਰਥਵਿਵਸਥਾ ਵਾਲੇ ਦੇਸ਼ਾਂ ਨੇ ਮੈਡਲ ਟੇਬਲ ਵਿਚ ਟਾਪ 10 ਵਿਚ ਜਗ੍ਹਾ ਬਣਾਈ ਸੀ। ਜੇਕਰ ਅਮਰੀਕਾ ਸਭ ਤੋਂ ਵੱਡੀ ਅਰਥਵਿਵਸਥਾ ਹੈ ਤਾਂ ਮੈਡਲ ਟੇਬਲ ਵਿਚ ਪਹਿਲੇ ਨੰਬਰ 'ਤੇ ਹੈ ਅਤੇ ਜੇਕਰ ਚੀਨ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਹੈ ਤਾਂ ਉਹ ਦੂਜੇ ਨੰਬਰ 'ਤੇ ਹੈ। ਇਸੇ ਤਰ੍ਹਾਂ ਜਰਮਨੀ, ਜਾਪਾਨ, ਬ੍ਰਿਟੇਨ ਅਤੇ ਫਰਾਂਸ ਨੂੰ ਵੀ ਸਿਖਰਲੇ ਦਸ ਵਿੱਚ ਥਾਂ ਮਿਲੀ ਹੈ। ਦੂਜੇ ਪਾਸੇ, ਭਾਰਤ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਵਾਲਾ ਦੇਸ਼ ਹੈ ਅਤੇ ਤਮਗਾ ਸੂਚੀ ਵਿੱਚ 71ਵੇਂ ਸਥਾਨ 'ਤੇ ਹੈ। ਜੇਕਰ ਗੋਲਡ ਮੈਡਲਾਂ ਨੂੰ ਹਟਾ ਦਿੱਤਾ ਜਾਵੇ ਤਾਂ ਕੁੱਲ ਮੈਡਲਾਂ ਦੇ ਮਾਮਲੇ 'ਚ ਭਾਰਤ 37ਵੇਂ ਸਥਾਨ 'ਤੇ ਹੈ। ਇਹ ਇਸਦੀ ਅਰਥਵਿਵਸਥਾ ਦੇ ਆਕਾਰ ਦੇ ਲਿਹਾਜ਼ ਨਾਲ ਵੀ ਬਹੁਤ ਮਾੜੀ ਹੈ ਪਰ ਪ੍ਰਤੀ ਵਿਅਕਤੀ ਆਮਦਨ ਦੇ ਲਿਹਾਜ਼ ਨਾਲ ਕੁਝ ਬਿਹਤਰ ਹੈ। ਕੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਵਾਲਾ ਦੇਸ਼ ਬਣਨ ਤੋਂ ਬਾਅਦ ਇਸ ਵਿਚ ਕੋਈ ਬਦਲਾਅ ਆਵੇਗਾ ?

ਲੋੜ ਇਸ ਗੱਲ ਦੀ ਹੈ ਕਿ ਖੇਡ ਪ੍ਰਬੰਧਾਂ ਵਿਚ ਖਾਸ ਧਿਆਨ ਦਿਤਾ ਜਾਵੇ ਤੇ ਅਫਸਰਸ਼ਾਹੀ ਉਪਰ ਕੰਟਰੋਲ ਕੀਤਾ ਜਾਵੇ ਜੋ ਸਿਫਾਰਸ਼ੀ ਭਰਤੀ ਕਰਦੀ ਹੈ ਤੇ ਖਿਡਾਰੀਆਂ ਦਾ ਸ਼ੋਸ਼ਣ ਕਰਦੀ ਹੈ।



## ਕੀ ਵਿਨੇਸ਼ ਦੀ ਹਾਰ ਪਿਛੇ ਬ੍ਰਿਜਭੂਸ਼ਨ ਦਾ ਹੱਥ ਏ ?

ਪੈਰਿਸ ਉਲੰਪਿਕ ਵਿਚ 50 ਕਿੱਲੋ ਭਾਰ ਵਰਗ ਵਿਚ ਵਿਨੇਸ਼ ਫੋਗਾਟ ਨਾਲ ਜੋ ਹੋਇਆ, ਉਸ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਕਹਾਣੀਆਂ ਪ੍ਰਚਲਿਤ ਹਨ। ਸਾਰੀਆਂ ਕਹਾਣੀਆਂ ਸਾਜਿਸ਼ ਥਿਊਰੀ ਨਾਲ ਜੁੜੀਆਂ ਹਨ। ਉਨ੍ਹਾਂ ਵਿਚੋਂ ਇਕ ਕਹਾਣੀ ਇਹ ਹੈ ਕਿ ਭਾਰਤੀ ਕੁਸ਼ਤੀ ਮਹਾਸੰਘ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਬ੍ਰਿਜਭੂਸ਼ਨ ਸ਼ਰਨ ਸਿੰਘ ਨੇ ਯਕੀਨੀ ਬਣਾਇਆ ਕਿ ਵਿਨੇਸ਼ ਫੋਗਾਟ ਨੂੰ ਤਗਮਾ ਨਾ ਮਿਲੇ। ਜੇਕਰ ਵਿਨੇਸ਼ ਸੋਨ ਜਾਂ ਚਾਂਦੀ ਤਗਮਾ ਲੈ ਕੇ ਆਉਂਦੀ ਤਾਂ ਸਭ ਤੋਂ ਜ਼ਿਆਦਾ ਕਿਰਕਿਰੀ ਬ੍ਰਿਜਭੂਸ਼ਨ ਦੀ ਹੁੰਦੀ ਅਤੇ ਉਸ ਤੋਂ ਬਾਅਦ ਭਾਜਪਾ ਤੇ ਕੇਂਦਰ ਸਰਕਾਰ ਦੀ ਹੁੰਦੀ। ਜਿਸ ਸਮੇਂ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਨੂੰ ਲੈ ਕੇ ਵਿਨੇਸ਼ ਨੇ ਧਰਨਾ ਦਿੱਤਾ ਸੀ, ਉਸ ਸਮੇਂ ਬ੍ਰਿਜਭੂਸ਼ਨ ਨੇ ਕਿਹਾ ਸੀ ਕਿ ਉਹ ਉਲੰਪਿਕ ਲਈ ਕੁਆਲੀਫਾਈ ਵੀ ਨਹੀਂ ਕਰ ਸਕੇਗੀ। ਇਸ ਲਈ ਸਾਜਿਸ਼ ਥਿਊਰੀ ਪ੍ਰਚਾਰਿਤ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਬ੍ਰਿਜਭੂਸ਼ਨ ਦਹਾਕਿਆਂ ਤੱਕ ਕੁਸ਼ਤੀ ਸੰਘਾਂ ਦੀ ਰਾਜਨੀਤੀ ਨਾਲ ਜੁੜਿਆ ਰਿਹਾ ਹੈ ਅਤੇ ਉਸ ਨੇ ਆਪਣੇ ਸੰਪਰਕਾਂ ਦਾ ਫਾਇਦਾ ਚੁੱਕ ਕੇ ਭਾਰਤੀ ਕੁਸ਼ਤੀ ਸੰਘ ਦੇ ਕਾਰਜਕਾਰੀ ਪ੍ਰਧਾਨ ਸੰਜੈ ਸਿੰਘ ਨੂੰ ਪੈਰਿਸ ਭੇਜਿਆ ਅਤੇ ਉੱਥੇ ਉਲੰਪਿਕ ਸੰਘ ਦੇ ਆਪਣੇ ਸੰਪਰਕਾਂ ਰਾਹੀਂ ਇਹ ਯਕੀਨੀ ਬਣਾਇਆ ਕਿ ਵਿਨੇਸ਼ ਨੂੰ ਤਗਮਾ ਨਾ ਮਿਲੇ। ਹਾਲਾਂਕਿ ਇਸ ਦਾ ਕੋਈ ਆਧਾਰ ਹੈ ਜਾਂ ਨਹੀਂ ਹੈ, ਇਹ ਜਾਂਚ ਦਾ ਵਿਸ਼ਾ ਹੈ।

ਪਰ ਇਹ ਸਵਾਲ ਜ਼ਰੂਰ ਹੈ ਕਿ, ਕੀ ਸੱਚਮੁੱਚ ਬ੍ਰਿਜਭੂਸ਼ਨ ਦੇ ਹੱਥ ਇੰਨੇ ਲੰਬੇ ਹਨ ਕਿ ਉਹ ਉਲੰਪਿਕ ਵਿਚ ਤਗਮਾ ਰੁਕਵਾ ਸਕਦਾ ਹੈ ? ਵਿਨੇਸ਼ ਦਾ ਭਾਰ ਕਿਵੇਂ ਵਧਿਆ, ਇਸ ਦੀ ਜਾਂਚ ਕਿਉਂ ਨਹੀਂ ਹੋ ਰਹੀ ? ਫਿਲਹਾਲ, ਇਹ ਸਵਾਲ ਵੀ ਹੈ ਕਿ ਵਿਨੇਸ਼ ਫੋਗਾਟ ਨਿਯਮ ਤਹਿਤ ਖੇਡ ਕੇ ਫਾਈਨਲ ਤੱਕ ਪਹੁੰਚੀ ਸੀ ਤਾਂ ਉਨ੍ਹਾਂ ਨੂੰ ਚਾਂਦੀ ਦਾ ਤਗਮਾ ਯਕੀਨੀ ਤੌਰ 'ਤੇ ਮਿਲਣਾ ਚਾਹੀਦਾ ਸੀ, ਉਹ ਕਿਉਂ ਨਹੀਂ ਮਿਲਿਆ ?


## ਵਿਨੇਸ਼ ਦਾ ਸੁਆਗਤ



ਪੈਰਿਸ ਓਲੰਪਿਕ 'ਚ 100 ਗ੍ਰਾਮ ਭਾਰ ਜ਼ਿਆਦਾ ਹੋਣ ਕਾਰਨ ਅਯੋਗ ਕਰਾਰ ਦਿੱਤੀ ਗਈ ਪਹਿਲਵਾਨ ਵਿਨੇਸ਼ ਫੋਗਾਟ ਦੀ ਦੇਸ਼ ਵਾਪਸੀ ਹੋ ਗਈ ਹੈ। ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਪੁੱਜੀ ਵਿਨੇਸ਼ ਫੋਗਾਟ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਦੌਰਾਨ ਪਹਿਲਵਾਨ ਬਜਰੰਗ ਪੂਨੀਆ, ਸਾਕਸ਼ੀ ਮਲਿਕ ਤੇ ਕਾਂਗਰਸੀ ਸੰਸਦ ਮੈਂਬਰ ਦੀਪੇਂਦਰ ਹੁੱਡਾ ਸਮੇਤ ਵੱਡੀ ਗਿਣਤੀ 'ਚ ਲੋਕਾਂ ਨੇ ਵਿਨੇਸ਼ ਦਾ ਸਵਾਗਤ ਕੀਤਾ। ਹਾਲਾਂਕਿ ਬਜਰੰਗ ਪੂਨੀਆ ਤੇ ਸਾਕਸ਼ੀ ਮਲਿਕ ਨੂੰ ਮਿਲਣ ਮੌਕੇ ਵਿਨੇਸ਼ ਫੋਗਾਟ ਭਾਵੁਕ ਹੋ ਗਈ ਤੇ ਆਪਣੇ ਹੰਝੂਆਂ ਨੂੰ ਰੋਕ ਨਹੀਂ ਪਾਈ। ਹਵਾਈ ਅੱਡੇ ਤੋਂ ਨਿਕਲਣ ਤੋਂ ਬਾਅਦ ਖੁੱਲ੍ਹੀ ਜੀਪ ਵਿਚ ਨਜ਼ਰ ਆਈ ਵਿਨੇਸ਼ ਫੋਗਾਟ ਦੀਆਂ ਅੱਖਾਂ ਨਮ ਸਨ। ਦੱਸਣਯੋਗ ਹੈ ਕਿ ਪੈਰਿਸ ਓਲੰਪਿਕ 'ਚ ਲਗਾਤਾਰ ਤਿੰਨ ਜਿੱਤ ਦਰਜ ਕਰਨ ਤੋਂ ਬਾਅਦ ਫਾਈਨਲ 'ਚ ਥਾਂ ਬਣਾਈ ਸੀ, ਪਰ ਫਾਈਨਲ ਮੈਚ ਦੀ ਸਵੇਰ ਨੂੰ ਵਿਨੇਸ਼ ਫੋਗਾਟ ਨੂੰ 100 ਗ੍ਰਾਮ ਭਾਰ ਜ਼ਿਆਦਾ ਹੋਣ ਕਾਰਨ ਅਯੋਗ ਕਰਾਰ ਦੇ ਦਿੱਤਾ ਗਿਆ। ਓਲੰਪਿਕ 'ਚ ਮੈਡਲ ਜਿੱਤਣ ਦਾ ਸੁਪਨਾ ਚਕਨਾਚੂਰ ਹੋਣ ਤੋਂ ਬਾਅਦ ਵਿਨੇਸ਼ ਨੇ ਕੁਸ਼ਤੀ ਤੋਂ ਸੰਨਿਆਸ ਦਾ ਐਲਾਨ ਕਰ ਦਿੱਤਾ ਸੀ।

## ਕੋਟਲੀ ਕਲਾਂ ਵਿਚ ਨੌਜਵਾਨ ਦਾ ਗੋਲੀਆਂ ਮਾਰ ਕੇ ਕੀਤਾ ਕਤਲ

### ✪ ਪਿੰਡ ਦੀ ਕੁੜੀ ਛੇੜਨ ਤੋਂ ਰੋਕਣ ਕਾਰਣ ਹੋਇਆ ਸੀ ਕਤਲ



ਮਾਨਸਾ-ਪਿੰਡ ਕੋਟਲੀ ਕਲਾਂ ਵਿੱਚ 26 ਸਾਲਾ ਸੁਖਵਿੰਦਰ ਸਿੰਘ ਜੋ ਪਿੰਡ ਦੇ ਬੱਸ ਸਟੈਂਡ 'ਤੇ ਖੜ੍ਹਾ ਸੀ, ਦੀ ਪੁਰਾਣੀ ਰੰਜਿਸ਼ ਦੇ ਚੱਲਦਿਆਂ ਉਸੇ ਪਿੰਡ ਦੇ ਹੀ ਦੋ ਨੌਜਵਾਨਾਂ ਨੇ ਉਸ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਸੁਖਵਿੰਦਰ ਸਿੰਘ ਆਪਣੇ ਪਰਿਵਾਰ ਦਾ ਇਕਲੌਤਾ ਪੁੱਤਰ ਸੀ। ਪੁਲੀਸ ਨੇ ਕਤਲ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਦੀ ਗ੍ਰਿਫ਼ਤਾਰੀ ਲਈ ਟੀਮਾਂ ਬਣਾ ਕੇ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਹਨ। ਮ੍ਰਿਤਕ ਦੇ ਮਾਮਾ ਮਨਜੀਤ ਸਿੰਘ ਨੇ ਦੱਸਿਆ ਕਿ ਹਮਲਾਵਰ ਪਿੰਡ ਦੀ ਕਿਸੇ ਲੜਕੀ 'ਤੇ ਨਜ਼ਰ ਰੱਖਦੇ ਸਨ ਜਿਸ ਦਾ ਸੁਖਵਿੰਦਰ ਸਿੰਘ ਨੇ ਵਿਰੋਧ ਕੀਤਾ ਸੀ। ਇਕ ਵਾਰ ਕੁੱਟਮਾਰ ਨੂੰ ਲੈ ਕੇ ਸੁਖਵਿੰਦਰ ਸਿੰਘ 'ਤੇ ਪਰਚਾ ਵੀ ਹੋਇਆ ਸੀ ਜਿਸ ਵਿੱਚ ਉਸ ਨੂੰ ਜੇਲ੍ਹ ਹੋਈ ਅਤੇ ਉਹ ਸਾਲ 2023 ਵਿਚ ਜ਼ਮਾਨਤ 'ਤੇ ਆਇਆ ਸੀ। ਇਸ ਤੋਂ ਬਾਅਦ ਹੁਣ ਹਮਲਾਵਰਾਂ ਨੇ ਉਸ ਦੀ ਹੱਤਿਆ ਕਰ ਦਿੱਤੀ। ਥਾਣਾ ਸਿਟੀ-2 ਮਾਨਸਾ ਦੇ ਮੁਖੀ ਦਲਜੀਤ ਸਿੰਘ ਨੇ ਦੱਸਿਆ ਕਿ ਪੁਲੀਸ ਨੇ ਮ੍ਰਿਤਕ ਸੁਖਵਿੰਦਰ ਸਿੰਘ ਦੇ ਪਿਤਾ ਕਰਮਜੀਤ ਸਿੰਘ ਦੇ ਬਿਆਨਾਂ 'ਤੇ ਨਾਰਾਇਣ ਸਿੰਘ ਤੇ ਗੁਰਪ੍ਰੀਤ ਸਿੰਘ ਖਿਲਾਫ ਕੇਸ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਦੇਹਰਾਦੂਨ ਦੀ ਬੱਸ ਵਿਚ ਅੱਲੜ ਲੜਕੀ ਨਾਲ ਸਮੂਹਿਕ ਬਲਾਤਕਾਰ ਹੋਇਆ

ਦੇਹਰਾਦੂਨ-ਕੋਲਕਾਤਾ ਡਾਕਟਰ ਬਲਾਤਕਾਰ ਤੇ ਕਤਲ ਮਾਮਲੇ ਨੂੰ ਲੈ ਕੇ ਦੇਸ਼ ਭਰ ਵਿਚ ਕਾਫੀ ਗੁੱਸਾ ਹੈ। ਇਸ ਦੌਰਾਨ ਉੱਤਰਾਖੰਡ ਤੋਂ ਵੀ ਸਮੂਹਿਕ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਦਿੱਲੀ ਤੋਂ ਦੇਹਰਾਦੂਨ ਜਾਣ ਵਾਲੀ ਬੱਸ ਵਿੱਚ ਉੱਤਰ ਪ੍ਰਦੇਸ਼ ਦੀ ਇੱਕ ਨਾਬਾਲਗ ਲੜਕੀ ਨਾਲ ਕਥਿਤ ਸਮੂਹਿਕ ਬਲਾਤਕਾਰ ਦੇ ਮਾਮਲੇ ਵਿੱਚ ਪੁਲਸ ਨੇ ਐਤਵਾਰ ਨੂੰ ਦੇਹਰਾਦੂਨ ਦੇ ਬੱਸ ਅੱਡੇ 'ਤੇ ਪੰਜ ਮੁਲਜ਼ਮਾਂ ਧਰਮਿੰਦਰ ਕੁਮਾਰ (32) ਤੇ ਰਾਜਪਾਲ (57), ਦੇਵੇਂਦਰ (52), ਰਾਜੇਸ਼ ਕੁਮਾਰ ਸੋਨਕਰ (38) ਤੇ ਉੱਤਰ ਪ੍ਰਦੇਸ਼ ਦੇ ਫਰੂਖਾਬਾਦ ਜ਼ਿਲ੍ਹੇ ਦੇ ਰਵੀ ਕੁਮਾਰ (34 ਨੂੰ ਗ੍ਰਿਫ਼ਤਾਰ ਕੀਤਾ ਹੈ।

# ਪ੍ਰਦੂਸ਼ਣ ਭਾਰਤ ਵਿਚ ਕਰੋੜਾਂ ਲੋਕ ਅੱਖਾਂ ਦੀਆਂ ਭਿਆਨਕ ਬਿਮਾਰੀਆਂ ਦਾ ਕਾਰਣ ਬਣਿਆ

ਖਾਸ ਖਬਰ

## ✪ ਨੀਮ ਹਕੀਮ ਡਾਕਟਰ ਗਲਤ ਇਲਾਜ ਕਰਕੇ ਲੋਕਾਂ ਦੀਆਂ ਅੱਖਾਂ ਦਾ ਕਰ ਰਹੇ ਨੇ ਨੁਕਸਾਨ





ਭਾਰਤ ਵਿਚ ਕਰੋੜਾਂ ਲੋਕ ਅੱਖਾਂ ਦੀਆਂ ਭਿਆਨਕ ਬਿਮਾਰੀਆਂ ਦਾ ਸਾਹਮਣਾ ਕਰ ਰਹੇ ਹਨ।ਗੁਰਬਤ ਤੇ ਪ੍ਰਦੂਸ਼ਣ ਅੱਖਾਂ ਦੇ ਦੁਸ਼ਮਣ ਬਣੇ ਹੋਏ ਹਨ। ਉਮਰ ਵਧਣ ਵਾਲੀ ਆਬਾਦੀ ਤੇ ਅਰਧ-ਗਰਮ ਖੇਤਰਾਂ ਕਾਰਨ ਦੇਸ਼ ਦੀ ਸਥਿਤੀ ਹੋਰਨਾਂ ਮੁਲਕਾਂ ਤੋਂ ਮਾੜੀ ਹੋਣ ਦਾ ਪਤਾ ਲੱਗਿਆ ਹੈ। ਹਾਲਾਂਕਿ, ਰਾਸ਼ਟਰੀ ਪ੍ਰੋਗਰਾਮ ਦੇ ਤਹਿਤ ਵਿੱਤੀ ਵਰ੍ਹੇ ਦੌਰਾਨ ਅੱਖਾਂ ਦੇ ਰੋਗ ਮੋਤੀਆ ਬਿੰਦ ਤੋਂ ਪ੍ਰਭਾਵਿਤ 1 ਕਰੋੜ ਤੋਂ ਵੱਧ ਲੋਕਾਂ ਦੀ ਸਰਜਰੀ ਕਰਨ ਦਾ ਟੀਚਾ ਰੱਖਿਆ ਗਿਆ ਹੈ। ਅੰਨੇਪਣ ਦੀ ਸਮੱਸਿਆ ਨਾਲ ਨਜਿੱਠਣ ਲਈ ਹੋਰਨਾਂ ਰਾਜਾਂ ਦੇ ਨਾਲ-ਨਾਲ ਪੰਜਾਬ ਨੂੰ 4 ਸਾਲਾਂ ਦੌਰਾਨ 3589 ਕਰੋੜ ਰੁਪਏ ਪ੍ਰਦਾਨ ਕਰਨ ਦਾ ਦਾਅਵਾ ਵੀ ਕੇਂਦਰੀ ਸਿਹਤ ਮੰਤਰਾਲੇ ਵਲੋਂ ਕੀਤਾ ਗਿਆ ਹੈ। ਇਹ ਵੀ ਕਿ ਭਾਰਤ ਸਰਕਾਰ ਵਲੋਂ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਰਾਜਾਂ ਨੂੰ ਕਰੋੜਾਂ ਰੁਪਏ ਫ਼ੰਡ ਪ੍ਰਦਾਨ ਕਰਨ ਰਹੀ ਹੈ ਪਰ ਬਾਵਜੂਦ ਇਸ ਦੇ ਜਨ-ਜਾਗਰੂਕਤਾ ਦੀ ਕਮੀ ਸਾਹਮਣੇ ਆਈ ਹੈ।

ਪਿੰਡਾਂ ਵਿਚ ਰਹਿੰਦੇ ਗਰੀਬ ਤੇ ਲੋੜਵੰਦ ਲੋਕ ਅਜੇ ਵੀ ਗੋਹੇ ਵਾਲਾ ਚੁੱਲ੍ਹਾ ਬਾਲਦੇ ਹਨ ਅਤੇ ਧੂੰਏ ਤੇ ਆਰਥਿਕ ਤੰਗੀਆਂ ਕਾਰਨ ਉਨ੍ਹਾਂ ਨੂੰ ਅੱਖਾਂ ਦੀਆਂ ਗੰਭੀਰ ਬਿਮਾਰੀਆਂ ਲਗ ਰਹੀਆਂ ਹਨ। ਇਹ ਵੀ ਕਿ ਪਿੰਡਾਂ ਦੇ ਲੋਕ ਅਜੇ ਵੀ ਨੀਮ ਹਕੀਮਾਂ ਵਲੋਂ ਸੁਣਾਏ ਜਾਂਦੇ ਟੋਟਕਿਆਂ 'ਤੇ ਵਿਸ਼ਵਾਸ ਕਰਕੇ ਅੱਖਾਂ ਵਿਚ ਡਾਕਟਰ ਦੀ ਸਲਾਹ ਤੋਂ ਬਿਨਾਂ ਹੀ ਅੱਖਾਂ ਵਿਚ ਦਵਾਈ ਪਾ ਲੈਂਦੇ ਹਨ।

ਰਾਸ਼ਟਰੀ ਅੰਨੇਪਣ ਅਤੇ ਨੇਤਰਹੀਣਤਾ ਸਰਵੇਖਣ 2007 ਦੇ ਅਨੁਸਾਰ ਦੇਸ਼ ਵਿਚ ਅੰਨ੍ਹੇਪਣ ਦਾ ਪ੍ਰਚਲਨ 1 ਫ਼ੀਸਦੀ ਸੀ।ਸਾਲ 2015 ਤੋਂ 2019 ਦੌਰਾਨ ਕਰਵਾਏ ਗਏ ਸਰਵੇਖਣ ਅਨੁਸਾਰ ਅੰਨ੍ਹੇਪਣ ਦਾ ਪ੍ਰਸਾਰ 0.36 ਫ਼ੀਸਦੀ ਸੀ, ਜੋ ਕਿ ਆਬਾਦੀ ਦੇ ਲਿਹਾਜ ਨਾਲ 5 ਕਰੋੜ ਤੋਂ ਜ਼ਿਆਦਾ ਬਣਦਾ ਹੈ। ਹਾਲਾਂਕਿ, ਨੇਤਰਹੀਣਤਾ ਅਤੇ ਦ੍ਰਿਸ਼ਟੀ ਦੀ ਕਮਜ਼ੋਰੀ ਦੇ ਕਾਬੂ ਲਈ ਰਾਸ਼ਟਰੀ ਪ੍ਰੋਗਰਾਮ ਐਨ.ਪੀ.ਸੀ.ਬੀ. ਦੇ ਤਹਿਤ ਖਾਸ ਤੌਰ 'ਤੇ ਪੇਂਡੂ ਖੇਤਰਾਂ ਵਿਚ ਅੰਨੇ ਲੋਕਾਂ ਦੀ ਗਿਣਤੀ ਨਿਰਧਾਰਿਤ ਕਰਨ ਲਈ ਕੋਈ ਸਰਵੇਖਣ ਨਹੀਂ ਕੀਤਾ ਗਿਆ ਹੈ। ਉਕਤ ਜਾਰੀ ਅੰਕੜਿਆਂ 'ਤੇ ਅਧਾਰਿਤ ਦਰ ਅਨੁਸਾਰ ਭਾਰਤ 'ਚ ਮੋਤੀਆਬਿੰਦ ਦੇ 66.2 ਫ਼ੀਸਦੀ, ਕੋਰਨੀਅਲ ਧੁੰਦਲਾਪਨ 7.4 ਫ਼ੀਸਦੀ, ਮੋਤੀਆਬਿੰਦ ਦੀਆਂ ਸਰਜੀਕਲ ਪੇਚੀਦਗੀਆਂ 7.2 ਫ਼ੀਸਦੀ, ਗਲਾਕੋਮਾ 5.5 ਫ਼ੀਸਦੀ ਅਤੇ ਹੋਰ 7.8 ਫ਼ੀਸਦੀ ਅੱਖਾਂ ਦੀਆਂ ਹੋਰਨਾਂ ਬਿਮਾਰੀਆਂ ਤੋਂ ਪੀੜਤ ਹਨ। ਇਹ ਵੀ ਕਿ ਪਿਛਲੇ 3 ਸਾਲਾਂ ਅਤੇ ਮੌਜੂਦਾ ਸਾਲ ਦੌਰਾਨ ਅੰਨ੍ਹੇਪਣ ਦੀ ਸਮੱਸਿਆ ਨਾਲ ਨਜਿੱਠਣ ਲਈ ਰਾਜਾਂ, ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।

ਇਹ ਵੀ ਕਿ ਲੱਦਾਖ, ਅੰਡੇਮਨ, ਚੰਡੀਗੜ੍ਹ, ਦਮਨ ਤੇ ਦਿਊ ਨੂੰ ਹੋਰਨਾਂ ਰਾਜਾਂ ਦੇ ਮੁਕਾਬਲੇ ਫ਼ੰਡ ਘੱਟ ਦਿੱਤੇ ਗਏ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਖੇਤਰਾਂ ਵਿਚ ਬਿਮਾਰੀ ਦਾ ਪ੍ਰਕੋਪ ਘੱਟ ਹੈ। ਇਹ ਵੀ ਕਿ ਭਾਰਤ ਸਰਕਾਰ ਕੇਂਦਰੀ ਪ੍ਰੋਗਰਾਮ ਨੂੰ ਲਾਗੂ ਕਰਦੀ ਹੈ, ਜੋ ਪੂਰੇ ਦੇਸ਼ ਵਿਚ ਅੰਨ੍ਹੇਪਣ ਦੇ ਸਾਰੇ ਕਾਰਨਾਂ ਨੂੰ ਇਕ ਸਮਾਨ ਰੂਪ ਵਿਚ ਹੱਲ ਕਰਦਾ ਹੈ। ਇਹ ਕਿ ਉਕਤ ਪ੍ਰੋਗਰਾਮ ਤਹਿਤ ਮਿਸ਼ਨ ਮੋਡ ਮੋਤੀਆਬਿੰਦ ਸਰਜਰੀ ਮੁਹਿੰਮ 2022-23 ਦੌਰਾਨ 75 ਲੱਖ ਲੋਕਾਂ ਦੇ ਅਪਰੇਸ਼ਨ ਕੀਤੇ ਗਏ ਅਤੇ ਸਾਲ 2023-24 ਲਈ 90 ਲੱਖ ਸਰਜਰੀਆਂ ਅਪਰੇਸਨਾਂ ਕਰਨ ਦੇ ਨਾਲ-ਨਾਲ ਸਾਲ 2024-25 ਲਈ 1 ਕਰੋੜ 5 ਲੱਖ ਮੋਤੀਆਬਿੰਦ ਸਰਜਰੀ ਦੇ ਸਾਲਾਨਾ ਟੀਚੇ ਨਾਲ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਇਸ ਤੋਂ ਇਲਾਵਾ ਕੇਰਾਟੋਪਲਾਸਟੀ ਲਈ ਕੋਰਨੀਆ ਕਲੈਕਸ਼ਨ ਅਤੇ ਐਨਕਾਂ ਦੀ ਵੰਡ ਵੀ ਕੀਤੀ ਜਾਂਦੀ ਹੈ। ਇਹ ਵੀ ਕਿ ਪੇਂਡੂ ਖੇਤਰਾਂ ਅੰਦਰ ਜਾਗਰੂਕਤਾ ਦੀ ਕਮੀ ਹੋਣ ਕਾਰਨ ਲੋਕ ਆਪਣੇ ਨਵਜੰਮੇ ਬੱਚਿਆਂ ਨੂੰ ਵਿਟਾਮਿਨ ਏ ਦੀਆਂ ਪਹਿਲੇ 5 ਸਾਲਾਂ ਦੌਰਾਨ 9 ਖ਼ੁਰਾਕਾਂ ਪਿਆਉਣੀਆਂ ਵੀ ਜ਼ਰੂਰੀ ਨਹੀਂ ਸਮਝਦੇ, ਜਿਸ ਕਾਰਨ ਬਹੁਤ ਸਾਰੇ ਮਾਮਲਿਆਂ ਵਿਚ ਬੱਚਿਆ ਨੂੰ ਅੰਧਰਾਤੇ ਦੀ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲਾਂਕਿ, ਉਕਤ ਪ੍ਰੋਗਰਾਮਾਂ ਤਹਿਤ ਛੋਟੇ ਬੱਚਿਆ ਸਮੇਤ ਸਕੂਲੀ ਬੱਚਿਆਂ ਦਾ ਨਿਰੀਖਣ ਕੀਤੇ ਜਾਣ ਦੀਆਂ ਹਦਾਇਤਾਂ ਹਨ ਅਤੇ ਲੋਕਾਂ ਨੂੰ ਅੱਖਾਂ ਦੇ ਅਪਰੇਸਨਾਂ ਸਮੇਂ ਲੈਂਜ ਵੀ ਮੁਫ਼ਤ ਪਾਏ ਜਾਂਦੇ ਹਨ, ਪ੍ਰੰਤੂ ਲੋਕ ਲੈਨਜਾਂ ਦੀ ਕੁਆਲਿਟੀ ਤੋਂ ਜ਼ਿਆਦਾ ਤਸੱਲੀ ਮਹਿਸੂਸ ਨਹੀਂ ਕਰਦੇ, ਇਸ ਕਰਕੇ ਵੱਡੀ ਗਿਣਤੀ ਲੋਕ ਨਿੱਜੀ ਹਸਪਤਾਲਾਂ ਅੰਦਰ ਮਹਿੰਗਾ ਇਲਾਜ ਕਰਵਾਉਣ ਲਈ ਮਜ਼ਬੂਰ ਹਨ। ਇਹ ਵੀ ਕਿ ਪੇਂਡੂ ਆਬਾਦੀ ਅੰਦਰ ਅੱਖਾਂ ਦੇ ਇਲਾਜ ਲਈ ਡਾਕਟਰੀ ਤੇ ਮੈਡੀਕਲ ਸਹੂਲਤਾਂ ਨਾ ਹੋਣਾ ਵੀ ਮਰੀਜ਼ਾਂ ਦੀ ਗਿਣਤੀ ਵਿਚ ਵਾਧਾ ਕਰ ਰਿਹਾ ਹੈ।

# ਸਾਈਬਰ ਅਪਰਾਧ ਨੂੰ ਰੋਕਣ ਲਈ ਇਕਜੁੱਟ ਹੋਏ ਦੁਨੀਆ ਦੇ ਕਈ ਦੇਸ਼

ਵਿਸ਼ੇਸ਼ ਖਬਰ

## ✪ ਸੰਯੁਕਤ ਰਾਸ਼ਟਰ ਦੇ ਸਾਈਬਰ ਕ੍ਰਾਈਮ ਕਨਵੈਨਸ਼ਨ ਦੇ ਖਰੜੇ ਨੂੰ ਮਿਲੀ ਮਨਜ਼ੂਰੀ



ਵਧਦੇ ਸਾਈਬਰ ਅਪਰਾਧਾਂ ਨੂੰ ਰੋਕਣ ਲਈ ਹੁਣ ਦੁਨੀਆ ਦੇ ਕਈ ਦੇਸ਼ ਇਕਜੁੱਟ ਹੋ ਗਏ ਹਨ। ਸੰਯੁਕਤ ਰਾਸ਼ਟਰ ਦੀ ਪਹਿਲਕਦਮੀ 'ਤੇ ਇਕ ਸਾਈਬਰ ਕ੍ਰਾਈਮ ਕਨਵੈਨਸ਼ਨ ਦਾ ਖਰੜਾ ਤਿਆਰ ਕੀਤਾ ਗਿਆ ਹੈ, ਜਿਸ ਨੂੰ ਹਾਲ ਹੀ ਵਿਚ ਮਨਜ਼ੂਰੀ ਦਿੱਤੀ ਗਈ ਹੈ। ਇਸ ਸੰਧੀ ਦੇ ਖਰੜੇ ਵਿੱਚ ਜਾਂਚ ਏਜੰਸੀਆਂ ਨੂੰ ਨਵੀਆਂ ਸ਼ਕਤੀਆਂ ਦੇਣ ਅਤੇ ਅੰਤਰਰਾਸ਼ਟਰੀ ਤਾਲਮੇਲ ਵਧਾਉਣ ਦੇ ਪ੍ਰਸਤਾਵ ਸ਼ਾਮਲ ਹਨ। ਹੁਣ ਇਹ ਖਰੜਾ ਤਿੰਨ ਮਹੀਨਿਆਂ ਬਾਅਦ ਹੋਣ ਵਾਲੀ ਸੰਯੁਕਤ ਰਾਸ਼ਟਰ ਮਹਾਸਭਾ 'ਚ ਪੇਸ਼ ਕੀਤਾ ਜਾਵੇਗਾ, ਜਿੱਥੇ ਇਸ ਦੇ ਪਾਸ ਹੋਣ ਦੀ ਪੂਰੀ ਸੰਭਾਵਨਾ ਹੈ।

ਹਾਲਾਂਕਿ, ਬਹੁਤ ਸਾਰੇ ਮਨੁੱਖੀ ਅਧਿਕਾਰ ਕਾਰਕੁਨ, ਤਕਨੀਕੀ ਕੰਪਨੀਆਂ, ਅਕਾਦਮਿਕ ਸੰਸਥਾਵਾਂ, ਉਦਯੋਗਿਕ ਸੰਸਥਾਵਾਂ ਅਤੇ ਹੋਰ ਸੰਧੀ ਦਾ ਵਿਰੋਧ ਕਰ ਰਹੇ ਹਨ। ਉਹ ਚਿੰਤਤ ਹਨ ਕਿ ਸਰਕਾਰਾਂ ਨਾਗਰਿਕਾਂ ਦੀ ਨਿਗਰਾਨੀ ਕਰਨ ਲਈ ਸੰਧੀ ਦੀ ਵਰਤੋਂ ਕਰ ਸਕਦੀਆਂ ਹਨ, ਵਿਅਕਤੀਗਤ ਆਜ਼ਾਦੀਆਂ ਨੂੰ ਖਤਰੇ ਵਿੱਚ ਪਾ ਸਕਦੀਆਂ ਹਨ।

ਸੰਯੁਕਤ ਰਾਸ਼ਟਰ ਦੀ ਸਾਈਬਰ ਕ੍ਰਾਈਮ ਕਾਨਫਰੰਸ ਨੇ ਦੋ ਹਫ਼ਤਿਆਂ ਦੀ ਵਿਚਾਰ-ਵਟਾਂਦਰੇ ਤੋਂ ਬਾਅਦ ਸਾਈਬਰ ਅਪਰਾਧ ਸੰਧੀ ਦੇ ਖਰੜੇ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਸ ਸੰਧੀ 'ਤੇ ਪਿਛਲੇ ਤਿੰਨ ਸਾਲਾਂ ਤੋਂ ਕੰਮ ਚੱਲ ਰਿਹਾ ਸੀ। ਇਸ ਦਾ ਮੁੱਖ ਉਦੇਸ਼ ਸਾਈਬਰ ਅਪਰਾਧਾਂ ਨੂੰ ਵਧੇਰੇ ਕੁਸ਼ਲਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਰੋਕਣਾ ਹੈ।

ਸਾਈਬਰ ਕ੍ਰਾਈਮ ਸੰਧੀ ਦੇ ਤਹਿਤ ਦੇਸ਼ਾਂ ਨੂੰ ਕੁਝ ਨਵੇਂ ਕਾਨੂੰਨ ਬਣਾਉਣ ਦੀ ਲੋੜ ਹੋਵੇਗੀ। ਇਹ ਕਾਨੂੰਨ ਹੇਠ ਲਿਖੇ ਅਨੁਸਾਰ ਹਨ:

ਗੈਰ-ਜਨਤਕ ਡੇਟਾ ਦੀ ਸੁਰੱਖਿਆ: ਦੇਸ਼ਾਂ ਨੂੰ ਅਜਿਹੇ ਕਾਨੂੰਨ ਬਣਾਉਣੇ ਚਾਹੀਦੇ ਹਨ ਜੋ ਬਿਨਾਂ ਇਜਾਜ਼ਤ ਦੇ ਗੈਰ-ਜਨਤਕ ਡੇਟਾ ਨੂੰ ਕੈਪਚਰ ਕਰਨਾ ਗੈਰ-ਕਾਨੂੰਨੀ ਬਣਾਉਂਦੇ ਹਨ। ਇਸ ਤੋਂ ਇਲਾਵਾ ਡਾਟਾ ਨੂੰ ਅਣਅਧਿਕਾਰਤ ਤਰੀਕੇ ਨਾਲ ਨੁਕਸਾਨ ਪਹੁੰਚਾਉਣਾ, ਮਿਟਾਉਣ, ਤਬਦੀਲੀ ਜਾਂ ਦਬਾਉਣ ਨੂੰ ਵੀ ਗੈਰ-ਕਾਨੂੰਨੀ ਮੰਨਿਆ ਜਾਵੇਗਾ।

ਸਾਈਬਰ ਅਪਰਾਧਾਂ ਵਿੱਚ ਵਰਤੇ ਜਾਣ ਵਾਲੇ ਯੰਤਰਾਂ 'ਤੇ ਪਾਬੰਦੀ: ਦੇਸ਼ਾਂ ਨੂੰ ਅਜਿਹੇ ਕਾਨੂੰਨ ਬਣਾਉਣੇ ਚਾਹੀਦੇ ਹਨ ਜੋ ਸਾਈਬਰ ਅਪਰਾਧਾਂ ਵਿੱਚ ਵਰਤੇ ਜਾਂਦੇ ਉਪਕਰਨਾਂ ਦੇ ਉਤਪਾਦਨ, ਆਯਾਤ, ਵਿਕਰੀ ਜਾਂ ਖਰੀਦ 'ਤੇ ਪਾਬੰਦੀ ਲਗਾਉਂਦੇ ਹਨ। ਇਸ ਦੇ ਤਹਿਤ ਹੈਕਿੰਗ ਲਈ ਪਾਸਵਰਡ ਅਤੇ ਲਾਗਇਨ ਜਾਣਕਾਰੀ ਦੀ ਖਰੀਦੋ-ਫਰੋਖਤ ਨੂੰ ਵੀ ਗੈਰ-ਕਾਨੂੰਨੀ ਕਰਾਰ ਦਿੱਤਾ ਜਾਵੇਗਾ।

ਬਾਲ ਜਿਨਸੀ ਸ਼ੋਸ਼ਣ ਸਮੱਗਰੀ : ਸਰਕਾਰਾਂ ਨੂੰ ਬਾਲ ਜਿਨਸੀ ਸ਼ੋਸ਼ਣ ਸਮੱਗਰੀ ਨੂੰ ਪ੍ਰਸਾਰਣ, ਸਟੋਰ ਕਰਨ ਜਾਂ ਦੇਖਣ ਦੀ ਕਿਸੇ ਵੀ ਕੋਸ਼ਿਸ਼ ਨੂੰ ਸਾਈਬਰ ਅਪਰਾਧ ਵਜੋਂ ਵਿਚਾਰਨਾ ਚਾਹੀਦਾ ਹੈ।

ਔਨਲਾਈਨ ਜਿਨਸੀ ਅਪਰਾਧ: ਕਿਸੇ ਬੱਚੇ ਦੇ ਵਿਰੁੱਧ ਜਿਨਸੀ ਅਪਰਾਧ ਕਰਨ ਲਈ ਔਨਲਾਈਨ ਪ੍ਰਬੰਧ ਕਰਨਾ ਅਤੇ ਕਿਸੇ ਵਿਅਕਤੀ ਦੀਆਂ ਗੂੜ੍ਹੀਆਂ ਤਸਵੀਰਾਂ ਜਾਂ ਵੀਡੀਓਜ਼ ਨੂੰ ਉਸਦੀ ਸਹਿਮਤੀ ਤੋਂ ਬਿਨਾਂ ਔਨਲਾਈਨ ਸਾਂਝਾ ਕਰਨਾ ਵੀ ਸਾਈਬਰ ਅਪਰਾਧ ਮੰਨਿਆ ਜਾਵੇਗਾ।

ਮਾਮਲਾ ਵਿਦੇਸ਼ ਸੈਟਲ ਹੋਣ ਦਾ

# ਕੰਟਰੈਕਟ ਵਿਆਹ ਲਈ ਅੰਡਰ ਗ੍ਰੈਜੂਏਟ ਦੀ ਥਾਂ ਗਰੈਜੂਏਟ ਕੁੜੀਆਂ ਦੀ ਮੰਗ ਵਧੀ

## ✪ ਕੈਨੇਡਾ ਨੇ ਨਿਯਮਾਂ ਵਿਚ ਬਦਲਾਅ ਹੋਣ ਕਾਰਣ ਇਹ ਝੁਕਾਅ ਹੋਇਆ ✪ ਸਮਝੌਤਾ ਵਿਆਹਾਂ' ਵਿਚ ਹੋ ਰਹੇ ਨੇ ਫਰਾਡ, ਖਰਚਾ ਲੈ ਕੇ ਵਿਦੇਸ਼ ਜਾਣ ਮਗਰੋਂ ਮੁੱਕਰ ਜਾਂਦੀਆਂ ਨੇ ਨੱਢੀਆਂ

### ਵਿਸ਼ੇਸ਼ ਰਿਪੋਟ

ਪੰਜਾਬ ਵਿਚ ਹੁਣ 'ਬੈਂਡ ਗਰਲਜ਼' ਦੀ ਵੁੱਕਤ ਘਟੀ ਹੈ ਜਿਨ੍ਹਾਂ ਦਾ ਲੜ ਫੜ ਕੇ ਨੌਜਵਾਨ ਵਿਦੇਸ਼ ਪੱਕਾ ਹੋਣ ਦਾ ਅਰਮਾਨ ਪਾਲਦੇ ਸਨ। ਵਕਤ ਨੂੰ ਹੁਣ ਮੋੜਾ ਪਿਆ ਹੈ। ਜਿਨ੍ਹਾਂ ਬਾਰ੍ਹਵੀਂ ਪਾਸ ਲੜਕੀਆਂ ਦੇ ਪੱਲੇ ਆਇਲਸ (ਆਇਲੈਟਸ) ਦੇ ਬੈਂਡ ਵੀ ਹਨ, ਪਰ ਉਨ੍ਹਾਂ ਨੂੰ ਵਿਦੇਸ਼ ਪੜ੍ਹਾਈ ਦਾ ਕੋਈ ਖਰਚਾ ਚੁੱਕਣ ਵਾਲਾ ਲੜਕਾ ਨਹੀਂ ਲੱਭ ਰਿਹਾ ਹੈ। ਕੈਨੇਡਾ ਨੇ ਨਿਯਮਾਂ 'ਚ ਸਖ਼ਤੀ ਕਰਕੇ ਵਿਦੇਸ਼ ਉਡਾਰੀ ਦੀਆਂ ਸੱਧਰਾਂ ਨੂੰ ਮਧੋਲਿਆ ਹੈ। ਕੋਈ ਸਮਾਂ ਸੀ ਜਦੋਂ ਬਾਰ੍ਹਵੀਂ ਪਾਸ ਆਇਲਸ ਬੈਂਡ ਪ੍ਰਾਪਤ ਲੜਕੀ ਲਈ ਕਤਾਰ ਲੱਗ ਜਾਂਦੀ ਸੀ।

ਸਮੁੱਚੇ ਪੰਜਾਬ ਵਿਚ ਇਹ ਰੁਝਾਨ ਰਿਹਾ ਹੈ ਕਿ ਆਇਲਸ ਬੈਂਡ ਵਾਲੀਆਂ ਲੜਕੀਆਂ ਦੇ ਮਾਪੇ ਓਦਾਂ ਦਾ ਵਰ ਤਲਾਸ਼ਦੇ ਸਨ ਜਿਹੜੇ ਲੜਕੀ ਦੀ ਵਿਦੇਸ਼ ਪੜ੍ਹਾਈ ਦਾ ਖਰਚਾ ਚੁੱਕਣ ਨੂੰ ਤਿਆਰ ਹੁੰਦੇ ਸਨ। ਕੈਨੇਡਾ ਨੇ ਹੁਣ ਇਹ ਲਾਜ਼ਮੀ ਕਰ ਦਿੱਤਾ ਹੈ ਕਿ ਵਿਦੇਸ਼ ਪੜ੍ਹਾਈ ਕਰਨ ਵਾਲੀ ਗਰੈਜੂਏਟ ਲੜਕੀ ਹੀ ਆਪਣੇ ਜੀਵਨ ਸਾਥੀ ਨੂੰ ਵਿਦੇਸ਼ ਬੁਲਾ ਸਕੇਗੀ। ਨਤੀਜਾ ਇਹ ਨਿਕਲਿਆ ਹੈ ਕਿ ਬੈਂਡਾਂ ਵਾਲੀਆਂ ਬਾਰ੍ਹਵੀਂ ਪਾਸ ਲੜਕੀਆਂ ਨੂੰ ਅਜਿਹੇ ਵਰ ਨਹੀਂ ਮਿਲ ਰਹੇ ਹਨ। ਹੁਣ ਗਰੈਜੂਏਟ ਲੜਕੀਆਂ ਦੀ ਪੁੱਛ ਵਧੀ ਹੈ। ਕਿਉਂਕਿ ਗ੍ਰੈਜੂਏਟ ਲੜਕੀ ਆਪ ਤੇ ਪਰਿਵਾਰ ਸਹਿਤ ਕੈਨੇਡਾ ਪੀਆਰ ਲੈ ਸਕਦੀ ਹੈ।ਨਵੇਂ ਨਿਯਮ ਅੰਡਰ-ਗਰੈਜੂਏਟ ਕੋਰਸਜ਼ ਲਈ ਜਾ ਰਹੀਆਂ ਨਵੀਆਂ ਕੁੜੀਆਂ ਆਪਣੇ ਪਤੀ ਨੂੰ ਨਾਲ ਜਾਂ ਪੜ੍ਹਾਈ ਦੇ ਦੌਰਾਨ ਕੈਨਡਾ ਨਹੀਂ ਸੱਦ ਸਕਣਗੀਆਂ।

ਮੋਗਾ ਦੇ ਪਿੰਡ ਸੈਦੋਕੇ ਦਾ ਮੈਰਿਜ ਬਿਊਰੋ ਚਾਲਕ ਮਨਦੀਪ ਕੁਮਾਰ ਦੱਸਦਾ ਹੈ ਕਿ ਹੁਣ ਉਹ ਬੈਂਡ ਵਾਲੀਆਂ ਬਾਰ੍ਹਵੀਂ ਪਾਸ ਲੜਕੀਆਂ ਦੇ ਕੇਸ ਲੈਣੋਂ ਹਟ ਗਏ ਹਨ ਕਿਉਂਕਿ ਲੜਕਿਆਂ ਦੀ ਦਿਲਚਸਪੀ ਹੁਣ ਗਰੈਜੂਏਟ ਲੜਕੀਆਂ ਵੱਲ ਹੋ ਗਈ ਹੈ। ਜਿਆਦਾਤਰ ਕੰਟਰੈਕਟ ਵਿਆਹ ਦਾ ਰਿਵਾਜ ਹੈ।

ਆਸਟਰੇਲੀਆ ਦੀਆਂ ਫਾਈਲਾਂ ਬੰਦ ਹਨ ਜਦੋਂ ਕਿ ਕੈਨੇਡਾ ਵਿਚ ਸਪਾਊਸ ਵੀਜ਼ੇ ਲਈ ਲੜਕੀ ਦੀ ਗਰੈਜੂਏਸ਼ਨ ਹੋਣੀ ਲਾਜ਼ਮੀ ਹੈ। ਉਹ ਹੁਣ ਜ਼ਿਆਦਾ ਪੀਆਰ ਰਿਸ਼ਤੇ ਹੀ ਕਰਾਉਂਦੇ ਹਨ। ਚੇਤੇ ਰਹੇ ਕਿ ਮਾਲਵੇ ਵਿਚ ਇਹ ਰੁਝਾਨ ਸਭ ਤੋਂ ਵੱਧ ਰਿਹਾ ਹੈ। ਲੜਕੇ ਵਾਲਿਆਂ ਨੇ ਜ਼ਮੀਨਾਂ ਵੇਚ ਕੇ ਬੈਂਡਾਂ ਵਾਲੀਆਂ ਕੁੜੀਆਂ ਨੂੰ ਸਟੱਡੀ ਲਈ ਵਿਦੇਸ਼ ਭੇਜਿਆ ਸੀ।

ਅਸਲ ਵਿਚ ਇਹ 'ਸਮਝੌਤਾ ਵਿਆਹ' ਸਨ ਤੇ ਜਿਨ੍ਹਾਂ ਲੋੜਵੰਦ ਘਰਾਂ ਦੀਆਂ ਕੁੜੀਆਂ ਦੇ ਆਇਲਸ 'ਚੋਂ ਚੰਗੇ ਬੈਂਡ ਆ ਜਾਂਦੇ ਸਨ, ਉਨ੍ਹਾਂ ਨਾਲ ਸਮਝੌਤੇ ਤਹਿਤ ਮੁੰਡੇ ਵਾਲਾ ਪਰਿਵਾਰ ਕੁੜੀ ਦੀ ਪੜ੍ਹਾਈ ਦਾ ਸਮੁੱਚਾ ਖਰਚਾ ਚੁੱਕਦਾ ਅਤੇ ਬਦਲੇ ਵਿਚ ਲੜਕੀ ਵਿਆਹ ਕਰਾ ਕੇ ਲੜਕੇ ਨੂੰ ਵਿਦੇਸ਼ ਵਿਚ ਪੱਕਾ ਕਰਾਉਂਦੀ ਸੀ।

ਬਠਿੰਡਾ ਦੇ ਪਿੰਡ ਮੰਡੀ ਕਲਾਂ ਦਾ ਹਰਦੀਪ ਸਿੰਘ ਦੀਪਾ, ਜੋ ਵਿਚੋਲੇ ਦਾ ਕੰਮ ਕਰਦਾ ਹੈ, ਦਾ ਕਹਿਣਾ ਹੈ ਕਿ ਉਸ ਕੋਲ ਬਾਰ੍ਹਵੀਂ ਪਾਸ ਆਇਲਸ 'ਚੋਂ ਪੂਰੇ ਬੈਂਡ ਲੈਣ ਵਾਲੀਆਂ ਕੁੜੀਆਂ ਦੇ ਰਿਸ਼ਤੇ ਹਨ ਜਿਨ੍ਹਾਂ ਲਈ ਸੱਤ ਮਹੀਨੇ ਤੋਂ ਕੋਈ ਖਰਚਾ ਚੁੱਕਣ ਵਾਲਾ ਰਿਸ਼ਤਾ ਨਹੀਂ ਮਿਲਿਆ। ਉਹ ਦੱਸਦਾ ਹੈ ਕਿ ਹੁਣ ਪੀਆਰ ਵਾਲੀਆਂ ਕੁੜੀਆਂ ਤੇ ਮੁੰਡਿਆਂ ਦੀ ਜ਼ਿਆਦਾ ਮੰਗ ਵਧੀ ਹੈ। ਇਸੇ ਤਰ੍ਹਾਂ ਬਰਨਾਲਾ ਦੇ ਪਿੰਡ ਪੱਖੋ ਕਲਾਂ ਦਾ ਮੈਰਿਜ ਬਿਊਰੋ ਇੰਚਾਰਜ ਬੇਅੰਤ ਸਿੰਘ ਸਿੱਧੂ ਦੋ ਵਰ੍ਹਿਆਂ ਵਿਚ ਬੈਂਡਾਂ ਵਾਲੇ 33 ਰਿਸ਼ਤੇ ਕਰਾ ਚੁੱਕਾ ਹੈ। ਉਸ ਦਾ ਕਹਿਣਾ ਹੈ ਕਿ ਹੁਣ ਆਇਲਸ ਬੈਂਡ ਲੈਣ ਵਾਲੀਆਂ ਗਰੈਜੂਏਟ ਕੁੜੀਆਂ ਦੀ ਮੰਗ ਹੈ ਕਿਉਂਕਿ ਸਪਾਊਸ ਵੀਜ਼ੇ ਲਈ ਕੈਨੇਡਾ ਨੇ ਗਰੈਜੂਏਸ਼ਨ ਲਾਜ਼ਮੀ ਕਰ ਦਿੱਤੀ ਹੈ। ਉਹ ਦੱਸਦਾ ਹੈ ਕਿ ਉਸ ਕੋਲ ਦੋ ਤਿੰਨ ਅਜਿਹੇ ਰਿਸ਼ਤੇ ਆਏ ਹਨ ਜਿਨ੍ਹਾਂ ਲਈ ਕੋਈ ਲੜਕਾ ਮਿਲ ਨਹੀਂ ਰਿਹਾ ਹੈ।



### ਕੰਟਰੈਕਟ ਮੈਰਿਜ ਕੀ ਹੈ ?

ਪੰਜਾਬ ਵਿੱਚ ਨੌਜਵਾਨ ਖਾਸ ਕਰਕੇ ਮੁੰਡੇ, ਕੈਨੇਡਾ ਜਾਣ ਲਈ ਆਈਲੈਟਸ ਪਾਸ ਕਰਨ ਵਾਲੀ ਲੜਕੀ ਨਾਲ ਕੰਟ੍ਰੈਕਟ ਵਿਆਹ ਕਰਵਾਉਂਦੇ ਹਨ। ਦੋਵੇਂ ਜਣੇ ਉਦੋਂ ਤੱਕ ਇਕੱਠੇ ਰਹਿੰਦੇ ਹਨ ਜਦੋਂ ਤੱਕ ਉਹਨਾਂ ਨੂੰ ਕੈਨੇਡਾ ਦੀ ਪੀ ਆਰ ਨਹੀਂ ਮਿਲ ਜਾਂਦੀ ਫਿਰ ਉਹ ਅਲੱਗ ਹੋ ਜਾਂਦੇ ਹਨ। ਕੰਟ੍ਰੈਕਟ ਦੇ ਵਿਆਹ ਵਿਚ ਮੁੰਡੇ ਵਿਆਹ ਸਮਾਗਮ ਦਾ ਖਰਚਾ, ਲੜਕੀ ਦੀ ਕੈਨਡਾ ਵਿੱਚ ਪੜ੍ਹਾਈ ਦੀ ਫੀਸ ਅਤੇ ਹੋਰ ਖਰਚੇ ਚੱਕਦੇ ਹਨ। ਆਮ ਤੌਰ 'ਤੇ, ਲੜਕੀ ਕੈਨੇਡਾ ਚਲੀ ਜਾਂਦੀ ਹੈ, ਅਤੇ ਕੁਝ ਮਹੀਨਿਆਂ ਬਾਅਦ, ਉਹ ਆਪਣੇ ਪਤੀ ਦਾ ਓਪਨ ਵਰਕ ਪਰਮਿਟ ਅਪਲਾਈ ਕਰ ਦਿੰਦੀ ਹੈ ਜਾਂ ਫਿਰ ਮੁਡਾ ਤੇ ਕੁੜੀ ਵਿਆਹ ਤੋਂ ਬਾਅਦ ਭਾਰਤ ਤੋਂ ਕੈਨੇਡਾ ਦਾ ਵੀਜ਼ਾ ਜਾਂਦੇ ਹਨ।

ਪੰਜਾਬ ਦੀਆਂ ਖੇਤਰੀ ਭਾਸ਼ਾਵਾਂ ਦੇ ਅਖਬਾਰਾਂ ਵਿੱਚ ਵਿਆਹ ਸੰਬੰਧੀ ਕਾਲਮ ਇਸ਼ਤਿਹਾਰਾਂ ਨਾਲ ਭਰੇ ਹੋਏ ਹਨ, ਜਿੱਥੇ ਲੜਕੇ ਕੈਨੇਡਾ ਜਾਣ ਦੇ ਉਦੇਸ਼ ਨਾਲ ਵਿਆਹ ਅਤੇ ਪੜ੍ਹਾਈ ਦਾ ਸਾਰਾ ਖਰਚਾ ਚੁੱਕਣ ਦੀ ਪੇਸ਼ਕਸ਼ ਕਰਦੇ ਹੋਏ ਕੰਟ੍ਰੈਕਟ ਜਾਂ ਅਸਲੀ ਵਿਆਹ ਲਈ ਆਈਲੈਟਸ ਪਾਸ ਲੜਕੀ ਦੀ ਲੋੜ ਦੱਸੀ ਜਾਂਦੀ ਹੈ। ਨਿਯਮ ਬਦਲਣ ਨਾਲ ਗ੍ਰੈਜੂਏਟ ਲੜਕੀਆਂ ਦੀ ਡਿਮਾਂਡ ਵਧੀ ਹੈ ਜਿਹਨਾਂ ਦੇ 7 ਤੋਂ ਅੱਠ ਬੈਂਡ ਹਨ।

'ਸਮਝੌਤਾ ਵਿਆਹਾਂ' ਵਿਚ ਲੰਘੇ ਵਰ੍ਹਿਆਂ ਵਿਚ ਫਰਾਡ ਕੇਸ ਵੀ ਕਾਫ਼ੀ ਹੋਏ ਹਨ। ਕੁੜੀਆਂ ਖਰਚਾ ਲੈ ਕੇ ਵਿਦੇਸ਼ ਜਾਣ ਮਗਰੋਂ ਮੁੱਕਰ ਜਾਂਦੀਆਂ ਸਨ। ਪੰਜਾਬ ਵਿਚ ਲੰਘੇ ਅੱਠ ਵਰ੍ਹਿਆਂ ਵਿਚ ਅਜਿਹੇ ਕਰੀਬ 300 ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ 'ਚ ਲੜਕੇ ਵਾਲਿਆਂ ਨੇ ਐੱਨਆਰਆਈ ਥਾਣਿਆਂ ਵਿਚ ਲੜਕੀਆਂ ਖ਼ਿਲਾਫ਼ ਸ਼ਿਕਾਇਤਾਂ ਦਰਜ ਕਰਾਈਆਂ ਹਨ। ਇਨ੍ਹਾਂ ਚੱਕਰਾਂ 'ਚ ਕਈ ਲੜਕੇ ਇੱਥੇ ਖ਼ੁਦਕੁਸ਼ੀ ਵੀ ਕਰ ਚੁੱਕੇ ਹਨ। ਮਾਨਸਾ ਜ਼ਿਲ੍ਹੇ ਦੇ ਪਿੰਡ ਜੋਗਾ ਦਾ ਸੰਧੂ ਮੈਰਿਜ ਬਿਊਰੋ ਵਾਲਾ ਰਾਜਵਿੰਦਰ ਸਿੰਘ ਦੱਸਦਾ ਹੈ ਕਿ ਪਹਿਲਾਂ ਤਾਂ ਬੈਂਡਾਂ ਵਾਲੀ ਇੱਕ ਇੱਕ ਕੁੜੀ ਵਾਸਤੇ ਕਈ ਕਈ ਰਿਸ਼ਤੇ ਤਿਆਰ ਹੁੰਦੇ ਸਨ। ਪਿੰਡ ਚੱਕ ਬਖਤੂ ਦਾ ਗੁਰਪ੍ਰੀਤ ਸਿੰਘ ਦੱਸਦਾ ਹੈ ਕਿ ਹੁਣ ਤਾਂ ਬਾਰ੍ਹਵੀਂ ਪਾਸ ਆਇਲਸ ਬੈਂਡ ਲੈਣ ਵਾਲੀ ਕੁੜੀ ਦੇ ਮਾਪੇ ਇਹ ਪੇਸ਼ਕਸ਼ ਵੀ ਕਰ ਰਹੇ ਹਨ ਕਿ ਉਹ ਅੱਧਾ ਖਰਚਾ ਪੱਲਿਓਂ ਚੁੱਕ ਲੈਣਗੇ ਤੇ ਬਾਕੀ ਲੜਕੇ ਵਾਲੇ ਖਰਚਾ ਕਰ ਦੇਣ।

ਆਇਲਸ ਕੋਚਿੰਗ ਸੈਂਟਰ ਵਾਲੇ ਇੱਕ ਮਾਲਕ ਦਾ ਪ੍ਰਤੀਕਰਮ ਸੀ ਕਿ ਪਹਿਲਾਂ ਬਾਰ੍ਹਵੀਂ ਪਾਸ ਆਇਲਸ ਪਾਸ ਲੜਕੀਆਂ ਦੀ ਪੁੱਛ ਪੜਤਾਲ ਲਈ ਬਹੁਤ ਮਾਪੇ ਕੇਂਦਰਾਂ ਵਿਚ ਆਉਂਦੇ ਸਨ ਪਰ ਹੁਣ ਬਦਲੇ ਨਿਯਮਾਂ ਨੇ ਸਮਾਜਿਕ ਤਾਣਾ ਬਾਣਾ ਵੀ ਬਦਲ ਦਿੱਤਾ ਹੈ। ਅਖ਼ਬਾਰਾਂ ਵਿਚ ਵੀ ਮਾਪਿਆਂ ਨੂੰ ਬੈਂਡ ਵਾਲੀਆਂ ਕੁੜੀਆਂ ਦੇ ਇਸ਼ਤਿਹਾਰ ਹੁਣ ਵਾਰ ਵਾਰ ਦੇਣੇ ਪੈ ਰਹੇ ਹਨ। ਇਹ ਸਾਰਾ ਵਰਤਾਰਾ ਮਜਬੂਰੀ ਅਤੇ ਵਿਦੇਸ਼ ਜਾਣ ਦੀ ਲਾਲਸਾ ਦਾ ਪ੍ਰਗਟਾਵਾ ਕਰਦਾ ਹੈ।

### ਕੀ ਕਹਿੰਦੇ ਹਨ ਚਿੰਤਕ

ਸਰੀ ਤੋਂ ਪੱਤਰਕਾਰ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਕਹਿੰਦੇ ਹਨ ਕਿ ਜਿੰਨ੍ਹੀਆਂ ਧੱਜੀਆਂ ਵਿਆਹ ਨਿਯਮਾਂ ਦੀਆਂ ਪੰਜਾਬੀਆਂ ਨੇ ਉਡਾਈਆਂ ਹਨ, ਉਹ ਦੁਨੀਆਂ ਵਿੱਚ ਸ਼ਾਇਦ ਹੀ ਕਿਸੇ ਨੇ ਉਡਾਈਆਂ ਹੋਣ। ਉਹ ਕਹਿੰਦੇ ਹਨ, ''ਅਸੀਂ ਤਾਂ ਕਈ ਖ਼ਬਰਾਂ ਸੁਣ ਕੇ ਹੀ ਹੈਰਾਨ ਹੋ ਜਾਂਦੇ ਹਨ, ਜਦੋਂ ਪਤਾ ਲੱਗਦਾ ਕਿ ਪੰਜਾਬ ਵਿੱਚ ਮਾਂ-ਬਾਪ ਤੋਂ ਲੈ ਕੇ ਬਰਾਤ ਵੀ ਕਿਰਾਏ ਤੇ ਮਿਲ ਜਾਂਦੀ ਹੈ, ਲੋਕ ਤਾਂ ਵਿਦੇਸ਼ ਜਾਣ ਲਈ ਭੈਣਾਂ ਤੱਕ ਨਾਲ ਵਿਆਹ ਕਰਵਾ ਲੈਂਦੇ ਹਨ, ਕੰਟਰੈਕਟ ਮੈਰਿਜ ਤੇ ਵੱਟੇ ਦੇ ਵਿਆਹਾਂ ਦੀ ਵਿਦੇਸ਼ੀ ਕਾਨੂੰਨ ਘਾੜਿਆਂ ਨੂੰ ਵੀ ਬਾਅਦ ਵਿਚ ਹੀ ਭਿਣਕ ਪੈਂਦੀ ਹੈ।'' ਪਹਿਲਾਂ ਵਿਦੇਸ਼ ਤੋਂ ਆਏ ਪੱਕੇ ਮੁੰਡੇ ਜਾਂ ਕੁੜੀ ਨੂੰ ਲੱਖਾਂ ਰੁਪਏ ਦੇਣ ਅਤੇ ਵਿਆਹ ਉੱਤੇ ਪੱਲਿਓਂ ਖਰਚ ਕਰਕੇ ਬਾਕੀ ਟੱਬਰ ਜਹਾਜ਼ ਚੜ੍ਹਨ ਦਾ 'ਜੁਗਾੜ' ਕਰਦਾ ਸੀ ਪਰ ਵਿਦੇਸ਼ਾਂ ਵਿੱਚ ਇਮੀਗਰੇਸ਼ਨ ਨਿਯਮਾਂ ਦੇ ਬਦਲਣ ਨਾਲ ਪੰਜਾਬੀਆਂ ਨੇ ਵੀ 'ਨਿਯਮ' ਬਦਲ ਲਏ ਹਨ''। ਹੁਣ ਆਈਲੈਟਸ ਵਿੱਚ ਲਏ ਚੰਗੇ ਬੈਂਡ ਵਿਦੇਸ਼ੀ ਧਰਤੀ ਉੱਤੇ ਉਤਰਨ ਦਾ ਸਾਧਨ ਬਣ ਗਏ ਹਨ। ਇਸ ਤਰ੍ਹਾਂ ਦੇ ਜੁਗਾੜ ਵਿਆਹ ਵਿਦੇਸ਼ਾਂ ਵਿੱਚ ਸਪਾਊਸ ਵੀਜ਼ੇ ਜਾਂ ਪਰਿਵਾਰਕ ਵੀਜ਼ੇ ਦੀ ਦੁਰਵਰਤੋਂ ਦੀ ਸਟੀਕ ਮਿਸਾਲ ਹੈ। ਇਹ ਜੁਗਾੜੂ ਵਿਆਹ ਵਿਚੋਲਿਆਂ ਰਾਹੀ ਨਹੀਂ ਸਗੋਂ ਪੰਜਾਬੀ ਅਖ਼ਬਾਰਾਂ 'ਚ ਵਿਆਹਾਂ ਸਬੰਧੀ ਇਸ਼ਤਿਹਾਰਾਂ ਰਾਹੀ ਵੀ ਹੁੰਦੇ ਹਨ। ਹੁਣ ਬੈਂਡਾਂ ਵਾਲੀ ਗ੍ਰੈਜੂਏਟ ਲੜਕੀ ਦੀ ਡਿਮਾਂਡ ਵਧ ਗਈ ਹੈ।

ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਗਿਆਨ ਸਿੰਘ ਦਾ ਕਹਿਣਾ ਹੈ ਕਿ ਆਈਲੈਟਸ ਵਾਲੇ ਵਿਆਹ ਦਾ ਰੁਝਾਨ ਪੂਰੇ ਪੰਜਾਬ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਉਹ ਆਖਦੇ ਹਨ, "ਇਸ ਦਾ ਕਾਰਨ ਪੰਜਾਬ ਵਿੱਚ ਰੋਜ਼ਗਾਰ ਦੀ ਘਾਟ ਅਤੇ ਕੈਨੇਡਾ ਦੀ ਚਕਾਚੌਂਧ। ਕੁੜੀ ਜਦੋਂ ਕੈਨੇਡਾ ਪਹੁੰਚ ਜਾਂਦੀ ਹੈ ਤਾਂ ਮੁੰਡਾ ਅਤੇ ਕੁੜੀ ਦੇ ਵਿਚਾਰਾਂ ਵਿੱਚ ਫਰਕ ਆਉਣ ਕਾਰਨ ਮਾਮਲੇ ਉਲਝ ਜਾਂਦੇ ਹਨ। ਆਈਲੈਟਸ ਵਾਲੇ ਜ਼ਿਆਦਾ ਵਿਆਹ ਪੰਜਾਬ ਵਿੱਚ ਜਨਰਲ ਵਰਗ ਵਿੱਚ ਹੋ ਰਹੇ ਹਨ। ਮੁੰਡਿਆਂ ਦੀ ਘੱਟ ਪੜਾਈ ਅਤੇ ਆਈਲੈਟਸ ਵਿੱਚ ਬੈਂਡ (ਸਕੌਰ) ਨਾ ਆਉਣ ਕਾਰਨ ਅਕਸਰ ਉਹ ਕੁੜੀਆਂ ਦੇ ਨਾਲ ਵਿਆਹ ਦੇ ਸਹਾਰੇ ਕੈਨੇਡਾ ਜਾਣ ਬਾਰੇ ਸੋਚਦੇ ਹਨ।"

# ਕਿਸਮਤ ਦੇ ਸਿਤਾਰੇ

## ਵੀਰਵਾਰ 22 ਅਗਸਤ ਬੁੱਧਵਾਰ 28 ਅਗਸਤ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਸੰਤਾਨ ਤੇ ਉਸ ਦੇ ਕੈਰੀਅਰ ਸਬੰਧੀ ਕੁਝ ਨਾ ਕੁਝ ਚਿੰਤਾ ਬਣੀ ਰਹੇਗੀ। ਚਾਹੇ ਗੁਜ਼ਾਰੇਯੋਗ ਆਮਦਨ ਦੇ ਵਸੀਲੇ ਬਣਦੇ ਰਹਿਣਗੇ, ਪਰ ਭੱਜ-ਦੌੜ ਜ਼ਿਆਦਾ ਰਹੇਗੀ। ਹਾਲਾਤ ਵਿੱਚ ਸੁਧਾਰ ਅਤੇ ਕਿਸੇ ਨਵੇਂ ਖੇਤਰ ਵਿੱਚ ਰੁਝਾਨ ਵਧੇਗਾ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ,

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਕਾਰੋਬਾਰ ਵਿੱਚ ਤਰੱਕੀ ਅਤੇ ਅੱਗੇ ਵੱਧਣ ਦੇ ਮੌਕੇ ਮਿਲਣਗੇ। ਪਰਿਵਾਰ ਵਿੱਚ ਸ਼ੁੱਭ ਮੰਗਲ ਕੰਮ ਵੀ ਹੋਣਗੇ। ਵਿਗੜੇ ਕੰਮਾਂ ਵਿੱਚ ਖਾਸ ਆਦਮੀ ਦੀ ਮਦਦ ਨਾਲ ਸੁਧਾਰ ਦੇ ਯੋਗ ਹਨ। ਪਰਿਵਾਰਕ ਸਹਿਯੋਗ ਵੀ ਮਿਲੇ-ਗਾ, ਪਰ ਬਣਦੇ ਕੰਮਾਂ ਵਿੱਚ ਰੁਕਾਵਟ ਕਾਰਨ ਮਨ ਪ੍ਰੇਸ਼ਾਨ ਰਹੇਗਾ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਹੋਵੇਗਾ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਇਸ ਹਫ਼ਤੇ ਕੁਝ ਵਿਗੜੇ ਕੰਮ ਬਣਨ ਦੇ ਯੋਗ ਹਨ। ਆਮਦਨ ਦੇ ਨਾਲ ਖਰਚ ਵੀ ਵੱਧਣਗੇ। ਗੁੱਸਾ ਜ਼ਿਆਦਾ ਆਉਣ ਨਾਲ ਕੋਈ ਨੁਕਸਾਨ ਹੋ ਸਕਦਾ ਹੈ। ਕਾਰੋਬਾਰ ਵਿੱਚ ਸੰਘਰਸ਼ ਤੇ ਮਿਹਨਤ ਕਰਨ ਨਾਲ ਗੁਜ਼ਾਰੇਯੋਗ ਆਮਦਨ ਦੇ ਵਸੀਲੇ ਬਣਨਗੇ। ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਬਣਦੇ ਕੰਮਾਂ ਵਿੱਚ ਅੜਚਨਾਂ ਪੈਦਾ ਹੋਣਗੀਆਂ। ਪਰਿਵਾਰ ਬਾਰੇ ਚਿੰਤਾ ਬਣੀ ਰਹੇਗੀ। ਫਜ਼ੂਲ ਦੀ ਭੱਜ-ਦੌੜ ਤੇ ਦਿਮਾਗੀ ਤਣਾਅ ਵੀ ਰਹੇਗਾ। ਕਿਸੇ ਨਜ਼ਦੀਕੀ ਨਾਲ ਅਨਬਣ ਹੋਣ ਦਾ ਡਰ ਹੈ। ਸਵਾਰੀ ਆਦਿ ਖਰੀਦਣ ਦੀ ਯੋਜਨਾ ਵੀ ਬਣ ਸਕਦੀ ਹੈ। ਹਮੇਸ਼ਾ ਆਪਣੀ ਚਾਦਰ ਦੇਖ ਕੇ ਪੈਰ ਪਸਾਰੋ,

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਇਸ ਹਫਤੇ ਆਮਦਨ ਘੱਟ ਅਤੇ ਖਰਚ ਜ਼ਿਆਦਾ ਰਹਿਣਗੇ। ਵਪਾਰ ਅਤੇ ਨੌਕਰੀ ਵਿੱਚ ਰੁਝੇਵੇਂ ਜ਼ਿਆਦਾ ਹੋਣਗੇ। ਪਰਿਵਾਰ ਵਿੱਚ ਕੁਝ ਮੱਤਭੇਦ ਵੀ ਉੱਭਰਨਗੇ। ਗੁੱਸਾ ਅਤੇ ਉਤੇਜਨਾ ਤੋਂ ਬਚੋ, ਨਹੀਂ ਤਾਂ ਨੁਕਸਾਨ ਹੋ ਸਕਦਾ ਹੈ। ਮਾਤਾ ਪਿਤਾ ਨੂੰ ਗੁਰਦੁਆਰਾ ਸਾਹਿਬ ਸਵੇਰ ਜਾਂ ਸ਼ਾਮ ਦਿਨ ਵਿੱਚ ਇਕ ਵਾਰ ਜਰੂਰ ਲੈ ਕੇ ਜਾਵੋ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਇਸ ਹਫਤੇ ਵਧੇਰੇ ਮਿਹਨਤ ਨਾਲ ਵੀ ਧਨ ਲਾਭ ਥੋੜਾ ਹੀ ਰਹੇਗਾ। ਆਪਣੇ ਅਹੁਦੇ ਵਿੱਚ ਤਰੱਕੀ ਅਤੇ ਮਾਣ-ਇੱਜ਼ਤ ਬਣਾਏ ਰੱਖਣ ਲਈ ਸੰਘਰਸ਼ ਦਾ ਸਾਹਮਣਾ ਕਰਨਾ ਪਵੇਗਾ। ਸਿਹਤ ਢਿੱਲੀ ਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਕਿਸੇ ਗਰੀਬ ਪਰਿਵਾਰ ਦੇ ਬੱਚੇ ਨੂੰ ਕਿਤਾਬਾਂ ਲੈ ਕੇ ਦਿਉ, ਕਮਾਈ ਵਿੱਚ ਬਰਕਤ ਹੋਵੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਆਮਦਨ ਘੱਟ ਤੇ ਖਰਚ ਜ਼ਿਆਦਾ ਹੋਣਗੇ। ਦਿਮਾਗੀ ਤਣਾਅ ਕਾਰਨ ਮਨ ਅਸ਼ਾਂਤ ਰਹੇਗਾ। ਕਾਰੋਬਾਰੀ ਖੇਤਰਾਂ ਵਿੱਚ ਸੰਯਮ ਨਾਲ ਮਿਹਨਤ ਕਰਨ 'ਤੇ ਲਾਭ ਦੇ ਰਸਤੇ ਖੁੱਲ੍ਹਣਗੇ, ਪਰ ਸਿਹਤ ਸਬੰਧੀ ਖਾਸ ਧਿਆਨ ਦੀ ਲੋੜ ਹੈ। ਕਿਸੇ ਦੀ ਨਿੰਦਾ-ਚੁਗਲੀ ਤੋਂ ਆਪਣੇ ਆਪ ਨੂੰ ਦੂਰ ਰੱਖੋ, ਕੰਮ ਨਾਲ ਮਤਲਬ ਰੱਖੋ, ਮਾਣ-ਇੱਜ਼ਤ ਵਧੇਗਾ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਗੁੱਸਾ ਅਤੇ ਉਤੇਜਨਾ ਜ਼ਿਆਦਾ ਰਹੇਗੀ। ਧਨ ਦਾ ਫਜ਼ੂਲ ਖਰਚ ਵੀ ਹੋਵੇਗਾ। ਉੱਚ ਅਧਿਕਾਰੀਆਂ ਨਾਲ ਮੇਲ ਅਤੇ ਆਮਦਨ ਦੇ ਸਾਧਨ ਬਣਦੇ ਰਹਿਣਗੇ। ਮਨ ਅਸ਼ਾਂਤ ਤੇ ਅਸੰਤੁਸ਼ਟ ਰਹੇਗਾ। ਸੱਟ ਆਦਿ ਲੱਗਣ ਦਾ ਡਰ ਹੈ, ਸਾਵਧਾਨੀ ਵਰਤੋ। ਮਾਤਾ ਪਿਤਾ ਨੂੰ ਪਿਆਰ ਨਾਲ ਸਤਿ ਸ੍ਰੀ ਅਕਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਵਪਾਰ ਵਿੱਚ ਖਾਸ ਉਤਾਰ-ਚੜ੍ਹਾਵ ਦੇ ਯੋਗ ਹਨ। ਸਮੇਂ ਮੁਤਾਬਕ ਠੀਕ ਫੈਸਲਾ ਲੈਣਾ ਚਾਹੀਦਾ ਹੈ। ਕਿਸੇ ਦੂਸਰੇ 'ਤੇ ਵਿਸ਼ਵਾਸ ਕਰਨ ਨਾਲ ਧਨ ਦੇ ਨੁਕਸਾਨ ਦਾ ਡਰ ਹੈ। ਧਰਮ-ਕਰਮ ਵਿੱਚ ਦਿਲਚ-ਸਪੀ ਵਧੇਗੀ ਅਤੇ ਮਿੱਤਰਾਂ ਨਾਲ ਮੇਲ-ਮਿਲਾਪ ਵੀ ਹੋਵੇਗਾ। ਕਿਸੇ ਨਾਲ ਨਾ ਬੋਲੋ, ਮਨ ਅੰਦਰ ਸਿਰਫ਼ ਪ੍ਰਮਾਤਮਾਂ ਨੂੰ ਯਾਦ ਕਰੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਨਜ਼ਦੀਕੀ ਬੰਧੂਆਂ ਨਾਲ ਫਜ਼ੂਲ ਦਾ ਤਣਾਅ ਬਣਿਆ ਰਹੇਗਾ। ਸੰਤਾਨ ਨਾਲ ਮੱਤਭੇਦ ਤੇ ਸਿਹਤ ਢਿੱਲੀ ਰਹੇਗੀ। ਬਣਦੇ ਕੰਮਾਂ ਵਿੱਚ ਰੁਕਾਵਟਾਂ ਪੈ ਸਕਦੀਆਂ ਹਨ। ਪਰਿਵਾਰਕ ਮਾਹੌਲ ਆਮ ਵਰਗਾ, ਪਰ ਵਿਚਾਰਕ ਮੱਤਭੇਦ ਹੋਣਗੇ। ਨੌਕਰੀ ਵਿੱਚ ਬਦਲਾਵ ਦੇ ਸੰਕੇਤ ਹਨ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ, ਕਾਰੋਬਾਰ ਠੀਕ ਹੋਣਗੇ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਇਸ ਹਫ਼ਤੇ ਆਮਦਨ ਘੱਟ ਅਤੇ ਖਰਚ ਜ਼ਿਆਦਾ ਹੋਣਗੇ। ਥੋੜ੍ਹੇ-ਬਹੁਤ ਸਾਧਨਾਂ ਨਾਲ ਧਨ ਪ੍ਰਾਪਤੀ ਦੇ ਵਸੀਲੇ ਬਣਦੇ ਰਹਿਣਗੇ। ਭਾਈ-ਬੰਧੂਆਂ ਨਾਲ ਮੇਲ-ਜੋਲ ਵਧੇਗਾ। ਵਿਲਾਸ ਆਦਿ ਕੰਮਾਂ 'ਤੇ ਧਨ ਦਾ ਖਰਚ ਹੋਵੇਗਾ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਕਾਰੋਬਾਰੀ ਖੇਤਰਾਂ ਵਿੱਚ ਧਨ ਆਉਣ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਨਵੀਆਂ ਯੋਜਨਾਵਾਂ ਵੀ ਬਣਨਗੀਆਂ। ਮਿਹਨਤ ਕਰਨ 'ਤੇ ਕਾਰਜ ਸਿੱਧੀ ਅਤੇ ਖੁਸ਼ੀ ਦੇ ਮੌਕੇ ਮਿਲਣਗੇ। ਸ਼ੁੱਭ ਸਮਾਚਾਰ ਵੀ ਮਿਲਣਗੇ। ਸੰਤਾਨ ਸਬੰਧੀ ਚਿੰਤਾ ਅਤੇ ਕੈਰੀਅਰ ਵਿੱਚ ਰੁਕਾਵਟਾਂ ਦਾ ਸਾਹਮਣਾ ਰਹੇਗਾ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

# ਹਾਸੇ ਦੀ ਪਟਾਰੀ

**ਵਕੀਲ,** ਤਲਾਕ ਕਰਾਉਣ ਦੇ 50 ਹਜ਼ਾਰ ਰੁਪਏ ਲੱਗਣਗੇ।

ਪਤੀ, ਪਾਗਲ ਹੋ ਗਿਆ? ਪੰਡਤ ਜੀ ਨੇ 1100 ਰੁਪਏ ਵਿੱਚ ਵਿਆਹ ਕਰਵਾ ਦਿੱਤਾ ਸੀ।

ਵਕੀਲ, ਦੇਖ ਲਿਆ ਨਾ ਸਸਤੇ ਕੰਮ ਦਾ ਨਤੀਜਾ।

*---*---*

**ਵਿਆਹ** ਵਿੱਚ ਵਿਦਾਈ ਵੇਲੇ ਸਹੁਰੇ ਨੇ ਅੱਖਾਂ ਵਿੱਚ ਅੱਥਰੂ ਭਰ ਕੇ ਬੜੇ ਪਿਆਰ ਨਾਲ ਜਵਾਈ ਨੂੰ ਕਿਹਾ, ਧਿਆਨ ਰੱਖੀਂ ਬੇਟਾ।

ਉਸ ਵੇਲੇ ਜਵਾਈ ਵੀ ਬਹੁਤ ਭਾਵੁਕ ਹੋ ਕੇ ਰੋਣ ਲੱਗਾ। ਇਕ ਮਹੀਨੇ ਬਾਅਦ ਜਵਾਈ ਨੂੰ ਪਤਾ ਲੱਗਾ ਕਿ ਸਹੁਰਾ ਸਾਹਿਬ ਆਪਣੇ ਜਵਾਈ ਨੂੰ ਹੀ ਆਪਣਾ ਧਿਆਨ ਰੱਖਣ ਲਈ ਕਹਿ ਰਹੇ ਸਨ।

*---*---*

**ਡਾਕਟਰ** (ਪ੍ਰਮੋਦ ਨੂੰ), ਰਾਤ ਨੂੰ ਟੈਨਸ਼ਨ ਨਾਲ ਨਹੀਂ ਸੌਣਾ ਚਾਹੀਦਾ।

ਪ੍ਰਮੋਦ, ਤਾਂ ਕੀ ਉਸ ਨੂੰ ਪੇਕਿਆਂ ਨੂੰ ਭੇਜ ਦੇਵਾਂ?


ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME..........................................................
ADDRESS.......................................................
..........................POST CODE............................
TEL...........................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੁਈਟ**

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ


ਸਵ: ਸ੍ਰ. ਉਮਰਾਓ ਅਟਵਾਲ

**KINGSWAY BANQUETING SUITE**
270-272 BATH ROAD, HOUNSLOW, MIDDLESEX, TW4 7DF.
*(OPP. HOUNSLOW WEST TUBE STATION)*
**TEL: 020 8570 8351**
*Email:* Kingswaylondon@icloud.com, *www.kingswaybanqueting.com*

# ਮੋਦੀ ਸਰਕਾਰ ਦੇ ਸੈਕੂਲਰ ਸਿਵਲ ਕੋਡ ਦੀ ਫੂਕ ਨਿਕਲੀ, ਵਿਰੋਧੀ ਧਿਰਾਂ ਮੋਦੀ ਸਰਕਾਰ ਦੇ ਏਜੰਡੇ ਖਿਲਾਫ ਡਟੀਆਂ

**ਵਿਸ਼ੇਸ਼ ਰਿਪੋਟ** ✪ ਟੀਡੀਪੀ ਅਤੇ ਜੇਡੀ-ਯੂ ਵਲੋਂ ਮੋਦੀ ਦੇ ਫੈਸਲੇ ਦਾ ਵਿਰੋਧ, ਕਿਹਾ ਕਿ ਸਾਰੇ ਫੈਸਲੇ ਸਲਾਹ ਨਾਲ ਹੋਣਗੇ ✪ ਪੰਥਕ ਜਥੇਬੰਦੀਆਂ ਵਲੋਂ ਡਟਵਾਂ ਵਿਰੋਧ


ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ 78ਵੇਂ ਆਜ਼ਾਦੀ ਦਿਹਾੜੇ ਮੌਕੇ ਲਾਲ ਕਿਲੇ ਦੀ ਫ਼ਸੀਲ ਤੋਂ ਦੇਸ਼ ਨੂੰ ਆਪਣੇ ਲਗਾਤਾਰ 11ਵੇਂ ਸੰਬੋਧਨ ਵਿਚ ਜਿੱਥੇ 'ਸੈਕੂਲਰ' ਸਿਵਲ ਕੋਡ ਨੂੰ ਸਮੇਂ ਦੀ ਲੋੜ ਦੱਸਿਆ, ਉਥੇ ਇਕੋ ਵੇਲੇ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਕਰਵਾਉਣ ਦੀ ਵਕਾਲਤ ਕੀਤੀ। ਇਕਸਾਰ ਸਿਵਲ ਕੋਡ (ਯੂਸੀਸੀ) ਤੇ 'ਇਕ ਰਾਸ਼ਟਰ ਇਕ ਚੋਣ' ਦੋਵੇਂ ਹੀ ਸੱਤਾਧਾਰੀ ਭਾਜਪਾ ਦੇ ਚੋਣ ਮੈਨੀਫੈਸਟੋ ਵਿਚ ਸ਼ਾਮਲ ਹਨ। ਉਨ੍ਹਾਂ ਆਪਣੀ ਗੱਲ ਰੱਖਣ ਲਈ ਸੁਪਰੀਮ ਕੋਰਟ ਦੇ ਫੈਸਲਿਆਂ ਦਾ ਵੀ ਹਵਾਲਾ ਦਿੱਤਾ। ਸ੍ਰੀ ਮੋਦੀ ਨੇ ਕਿਹਾ, "ਸਮਾਜ ਦਾ ਇਕ ਵੱਡਾ ਵਰਗ ਮੰਨਦਾ ਹੈ ਤੇ ਇਹ ਸੱਚ ਵੀ ਹੈ ਕਿ ਮੌਜੂਦਾ ਸਿਵਲ ਕੋਡ ਇਕ ਤਰੀਕੇ ਨਾਲ ਫਿਰਕੂ ਸਿਵਲ ਕੋਡ ਹੈ। ਅਸੀਂ 75 ਸਾਲ ਇਸ ਫਿਰਕੂ ਸਿਵਲ ਕੋਡ ਨਾਲ ਕੱਢੇ ਹਨ। ਇਹ ਸਿਵਲ ਕੋਡ ਹੈ ਜੋ ਪੱਖਪਾਤ ਨੂੰ ਹੱਲਾਸ਼ੇਰੀ ਦਿੰਦਾ ਹੈ। ਇਹ ਦੇਸ਼ ਨੂੰ ਧਾਰਮਿਕ ਲੀਹਾਂ 'ਤੇ ਵੰਡਦਾ ਹੈ ਤੇ ਨਾਬਰਾਬਰੀ ਦਾ ਪ੍ਰਚਾਰ ਪਾਸਾਰ ਕਰਦਾ ਹੈ। ਹੁਣ ਸਾਨੂੰ ਸੈਕੂਲਰ ਸਿਵਲ ਕੋਡ ਵੱਲ ਵਧਣਾ ਹੋਵੇਗਾ। ਦੇਸ਼ ਵਿਚ ਧਰਮ-ਨਿਰਪੱਖ ਸਿਵਲ ਕੋਡ ਸਮੇਂ ਦੀ ਲੋੜ ਹੈ। ਇਹ ਸੰਵਿਧਾਨ ਦੀ ਰੂਹ ਹੈ।

ਸਿਆਸੀ ਮਾਹਿਰ ਆਖਦੇ ਹਨ ਕਿ ਇਸ ਕਨੂੰਨ ਨੂੰ ਲਾਗੂ ਕਰਨਾ ਮੋਦੀ ਲਈ ਸੌਖਾ ਨਹੀਂ। ਇਹ ਗੱਲ ਉਨ੍ਹਾਂ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਕਹੀ ਸੀ। ਤਦ ਇਹ ਗਲ ਅਲੱਗ ਸੀ. ਉਸ ਸਮੇਂ ਲੋਕ ਸਭਾ ਵਿੱਚ ਭਾਰਤੀ ਜਨਤਾ ਪਾਰਟੀ ਕੋਲ ਬਹੁਮਤ ਸੀ ਅਤੇ ਹੁਣ ਆਮ ਚੋਣਾਂ ਵਿੱਚ ਭਾਜਪਾ ਦੇ ਖੰਭ ਉਖੜ ਗਏ ਹਨ। ਭਾਜਪਾ ਕੋਲ ਬਹੁਮਤ ਨਹੀਂ ਹੈ। ਇਸ ਕਾਰਣ ਉਹ ਇਹ ਕਨੂੰਨ ਲਾਗੂ ਨਹੀਂ ਕਰ ਸਕਣਗੇ।

## ਵਿਰੋਧੀ ਧਿਰਾਂ ਵਲੋਂ ਸਖਤ ਵਿਰੋਧ

ਵਿਰੋਧੀ ਧਿਰਾਂ ਨੇ ਆਜ਼ਾਦੀ ਦਿਹਾੜੇ ਦੀ ਤਕਰੀਰ ਵਿਚ 'ਫਿਰਕੂ ਸਿਵਲ ਕੋਡ' ਬਾਰੇ ਟਿੱਪਣੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਿਖੇਧੀ ਕਰਦਿਆਂ ਉਨ੍ਹਾਂ 'ਤੇ 'ਵੰਡਪਾਊ ਏਜੰਡੇ' ਦੇ ਪ੍ਰਚਾਰ ਪਾਸਾਰ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਟਿੱਪਣੀ ਸੰਵਿਧਾਨ ਨਿਰਮਾਤਾ ਬੀਆਰ ਅੰਬੇਡਕਰ ਦਾ 'ਵੱਡਾ ਅਪਮਾਨ' ਹਨ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦਾਅਵਾ ਕੀਤਾ ਕਿ ਸ੍ਰੀ ਮੋਦੀ ਨੇ ਲਾਲ ਕਿਲੇ ਦੀ ਫ਼ਸੀਲ ਤੋਂ

## ਯੂਸੀਸੀ ਦੇ ਦਾਇਰੇ ਵਿੱਚ ਕੀ ਆਉਂਦਾ ਹੈ ?



ਯੂਸੀਸੀ ਦੇ ਦਾਇਰੇ ਵਿੱਚ ਉਹ ਵਿਰਾਸਤੀ ਮਾਮਲੇ ਆਉਣਗੇ ਜੋ ਪੀੜ੍ਹੀ ਦਰ ਪੀੜ੍ਹੀ ਚੱਲ ਰਹੇ ਹਨ, ਜਿਵੇਂ ਜਾਇਦਾਦ ਅਤੇ ਹੋਰ ਸੰਪੱਤੀ, ਜ਼ਮੀਨ ਨੂੰ ਟ੍ਰਾਂਸਫਰ ਕਰਨਾ ਵੀ ਇਸ ਦੇ ਦਾਇਰੇ ਵਿੱਚ ਆਉਂਦਾ ਹੈ। ਵਿਆਹ ਦੇ ਰੀਤੀ ਰਿਵਾਜ਼ਾਂ 'ਤੇ ਵੀ ਯੂਸੀਸੀ ਦਾ ਅਸਰ ਪਵੇਗਾ ਕਿਉਂਕਿ ਯੂਸੀਸੀ ਵਿੱਚ ਇੱਕ ਕਾਨੂੰਨੀ ਨਿਯਮ ਹੋਵੇਗਾ, ਜੋ ਸਾਰਿਆਂ ਨੂੰ ਮੰਨਣਾ ਪੈਂਦਾ ਹੈ। ਵਿਆਹ ਤੋਂ ਬਾਅਦ ਹੋਣ ਵਾਲੇ ਝਗੜੇ ਵੀ ਇਸ ਦੇ ਦਾਇਰੇ ਵਿੱਚ ਆਉਣਗੇ ਜਿਵੇਂ ਤਲਾਕ ਵਰਗੇ ਮਾਮਲੇ ਵੀ ਇਸ ਦੇ ਅੰਡਰ ਆਉਣਗੇ। ਇਸ ਤੋਂ ਇਲਾਵਾ ਤਲਾਕ ਤੋਂ ਬਾਅਦ ਜਵਾਕਾਂ ਨੂੰ ਗੋਦ ਲੈਣ ਵੇਲੇ ਜਾਂ ਬੱਚਿਆਂ ਦੀ ਕਸਟੱਡੀ ਵਰਗੇ ਮਾਮਲਿਆਂ 'ਤੇ ਵੀ ਇਸ ਦਾ ਅਸਰ ਪਵੇਗਾ। ਬੱਚਿਆਂ ਦੇ ਮਾਪਿਆਂ ਦੇ ਅਧਿਕਾਰ ਵੀ ਇਸ ਦੇ ਅਸਰ ਤੋਂ ਵਾਂਝੇ ਨਹੀਂ ਰਹਿ ਸਕਦੇ। ਸਧਾਰਨ ਭਾਸ਼ਾ ਵਿੱਚ ਗੱਲ ਕੀਤੀ ਜਾਵੇ ਤਾਂ ਜਨਮ ਤੋਂ ਲੈ ਕੇ ਵਿਆਹ ਅਤੇ ਬੁਢਾਪੇ ਤੱਕ ਪੀੜ੍ਹੀ-ਦਰ-ਪੀੜ੍ਹੀ ਜੋ ਵੀ ਨਿੱਜੀ ਮਾਮਲੇ ਹਨ ਇਸ ਦੇ ਦਾਇਰੇ ਵਿੱਚ ਹੋਵੇਗਾ।

ਆਪਣੀ 'ਈਰਖਾ, ਸ਼ਰਾਰਤ ਤੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਆਪਣੀ ਸਮਰੱਥਾ ਦੀ ਖੁੱਲ੍ਹ ਕੇ ਨੁਮਾਇਸ਼ ਕੀਤੀ।' ਇਹ ਕਹਿਣਾ ਕਿ ਹੁਣ ਤੱਕ ਸਾਡੇ ਕੋਲ 'ਫ਼ਿਰਕੂ ਸਿਵਲ ਕੋਡ' ਸੀ ਡਾ. ਅੰਬੇਦਕਰ, ਜੋ ਹਿੰਦੂ ਪਰਸਨਲ ਲਾਅਜ਼ (ਜਿਨ੍ਹਾਂ 1950ਵਿਆਂ ਦੇ ਮੱਧ ਵਿਚ ਹਕੀਕੀ ਰੂਪ ਲਿਆ) ਵਿਚ ਸੁਧਾਰਾਂ ਦੇ ਮਹਾਨ ਚੈਂਪੀਅਨ ਦਾ ਵੱਡਾ ਨਿਰਾਦਰ ਹੈ। ਆਰਐੱਸਐੱਸ ਤੇ ਜਨ ਸੰਘ ਇਨ੍ਹਾਂ ਸੁਧਾਰਾਂ ਦਾ ਜਮ ਕੇ ਵਿਰੋਧ ਕਰਦੇ ਰਹੇ ਹਨ।"

ਉਧਰ ਸੀਪੀਆਈ ਦੇ ਜਨਰਲ ਸਕੱਤਰ ਡੀ. ਰਾਜਾ ਨੇ ਕਿਹਾ ਕਿ ਸ੍ਰੀ ਮੋਦੀ ਨੇ ਆਜ਼ਾਦੀ ਦਿਹਾੜੇ ਦੀ ਆਪਣੀ ਤਕਰੀਰ ਵਿਚ ਦੇਸ਼ ਨੂੰ ਇਕਜੁੱਟ ਕਰਨ ਤੇ ਲੋਕਾਂ ਨੂੰ ਪ੍ਰੇਰਨਾ ਦੇਣ ਲਈ ਕੋਈ ਮੁੱਦਾ ਨਹੀਂ ਰੱਖਿਆ। ਉਨ੍ਹਾਂ ਕਿਹਾ, "ਸ੍ਰੀ ਮੋਦੀ ਨੇ ਜੋ ਕੁਝ ਬੋਲਿਆ ਉਹ ਆਰਐੱਸਐੱਸ ਦਾ ਵੰਡਪਾਊ ਏਜੰਡਾ ਹੈ। ਪ੍ਰਧਾਨ ਮੰਤਰੀ ਨੇ 2047 ਦੀ ਗੱਲ ਕੀਤੀ, ਪਰ ਉਹ ਦੇਸ਼ ਦੀ ਅਨੇਕਤਾ ਤੇ ਵੰਨ-ਸੁਵੰਨਤਾ ਦੀ ਗੱਲ ਕਰਨ ਵਿਚ ਨਾਕਾਮ ਰਹੇ। ਉਹ ਦੇਸ਼ 'ਤੇ ਇਕਸਾਰਤਾ ਥੋਪਣ ਦੀ ਕੋਸ਼ਿਸ਼ ਕਰ ਰਹੇ ਹਨ।"

## ਭਾਜਪਾ ਦੇ ਬਹੁਤੇ ਭਾਈਵਾਲਾਂ ਨੇ ਯੂਸੀਸੀ ਨਾਲੋਂ ਦੂਰੀ ਬਣਾਈ

ਭਾਜਪਾ ਦੇ ਬਹੁਤੇ ਭਾਈਵਾਲਾਂ ਨੇ ਇਕਸਾਰ ਸਿਵਲ ਕੋਡ (ਯੂਸੀਸੀ) ਦੀ ਹਮਾਇਤ ਬਾਰੇ ਹਾਲ ਦੀ ਘੜੀ ਆਪਣੇ ਪੱਤੇ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ ਹੈ। ਮੋਦੀ ਸਰਕਾਰ ਲਈ ਕਾਮਨ ਸਿਵਲ ਕੋਡ ਬਿੱਲ ਪਾਸ ਕਰਵਾਉਣਾ ਆਸਾਨ ਨਹੀਂ ਹੋਵੇਗਾ।

ਮੋਦੀ ਦੇ ਇਸ ਐਲਾਨ ਤੋਂ ਬਾਅਦ, ਮੁਸਲਿਮ ਨੇਤਾਵਾਂ ਦੇ ਇੱਕ ਸਮੂਹ ਨੇ ਸੱਤਾਧਾਰੀ ਐਨਡੀਏ ਗਠਜੋੜ ਦੇ ਨੇਤਾ ਤੇਲਗੂ ਦੇਸ਼ਮ ਪਾਰਟੀ ਦੇ ਨੇਤਾ ਐਨ ਚੰਦਰਬਾਬੂ ਨਾਇਡੂ ਨਾਲ ਮੁਲਾਕਾਤ ਕੀਤੀ। ਨਾਇਡੂ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਜਦੋਂ ਤੱਕ ਉਹ ਕੇਂਦਰੀ ਸ਼ਕਤੀ ਵਿਚ ਹਿੱਸੇਦਾਰ ਹਨ, 'ਸੈਕੂਲਰ ' ਕੋਡ ਵਰਗੀ ਕੋਈ ਪਹਿਲਕਦਮੀ ਨਹੀਂ ਹੋਵੇਗੀ। ਜਨਤਾ ਦਲ (ਯੂ) ਵਿੱਚ ਵੀ ਬੇਚੈਨੀ ਦੇਖਣ ਨੂੰ ਮਿਲੀ ਹੈ।

ਨਤੀਜੇ ਵਜੋਂ 16 ਅਗਸਤ ਨੂੰ ਭਾਜਪਾ ਪ੍ਰਧਾਨ ਜੇਪੀ ਨੱਡਾ ਦੇ ਘਰ ਐਨਡੀਏ ਦੀ ਮੀਟਿੰਗ ਸੱਦਣੀ ਪਈ। ਇਹ ਵੀ ਫੈਸਲਾ ਕੀਤਾ ਗਿਆ ਕਿ ਹਰ ਮਹੀਨੇ ਐਨਡੀਏ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਹੋਵੇਗੀ ਅਤੇ ਉਥੇ ਹੀ ਨੀਤੀਗਤ ਫੈਸਲੇ ਲਏ ਜਾਣਗੇ। ਫਿਲਹਾਲ ਇਸ ਦਾ ਮਤਲਬ ਇਹ ਹੈ ਕਿ ਮੋਦੀ ਵੱਲੋਂ ਕੀਤੇ ਗਏ ਐਲਾਨ ਦੇ ਪ੍ਰਚਾਰ ਤੋਂ ਭਾਜਪਾ ਨੂੰ ਭਾਵੇਂ ਜੋ ਵੀ ਸਿਆਸੀ ਲਾਭ ਮਿਲ ਜਾਵੇ, ਉਸ ਨਾਲ ਸਬੰਧਤ ਬਿੱਲ ਪਾਸ ਕਰਵਾਉਣਾ ਆਸਾਨ ਨਹੀਂ ਹੋਵੇਗਾ। ਇਸ ਤੋਂ ਇਹ ਸੰਕੇਤ ਦੇ ਤੌਰ 'ਤੇ ਲਿਆ ਜਾ ਸਕਦਾ ਹੈ ਕਿ ਭਾਜਪਾ ਹੁਣ ਪਿਛਲੀ ਲੋਕ ਸਭਾ ਵਾਂਗ ਕਿਸੇ ਹੋਰ ਰਾਏ 'ਤੇ ਵਿਚਾਰ ਕੀਤੇ ਬਿਨਾਂ ਵਿਵਾਦਪੂਰਨ ਬਿੱਲਾਂ ਨੂੰ ਅੱਗੇ ਵਧਾਉਣ ਦੀ ਸਮਰੱਥਾ ਨਹੀਂ ਰੱਖਦੀ। ਇਸ ਦੇ ਲਈ ਉਸ ਨੂੰ ਘੱਟੋ-ਘੱਟ ਆਪਣੇ ਗਠਜੋੜ ਅੰਦਰ ਘੱਟੋ-ਘੱਟ ਸਹਿਮਤੀ ਬਣਾਉਣੀ ਪਵੇਗੀ। ਟੀਡੀਪੀ ਅਤੇ ਜੇਡੀ-ਯੂ ਵਕਫ਼ ਬੋਰਡ ਬਿੱਲ ਤੱਕ ਚੁੱਪ ਰਹੇ, ਪਰ ਹੁਣ ਉਨ੍ਹਾਂ ਨੂੰ ਆਪਣੀ ਰਾਜਨੀਤੀ ਲਈ ਖ਼ਤਰਾ ਨਜ਼ਰ ਆਉਣ ਲੱਗਾ ਹੈ। ਹੁਣ ਦੇਖਣਾ ਇਹ ਹੈ ਕਿ ਮੋਦੀ-ਸ਼ਾਹ ਦੀ ਲੀਡਰਸ਼ਿਪ ਇਸ ਸਥਿਤੀ ਨੂੰ ਸੰਭਾਲਣ 'ਚ ਕਾਮਯਾਬ ਹੁੰਦੀ ਹੈ ਜਾਂ ਨਹੀਂ। ਉਧਰ ਭਾਜਪਾ ਦੀ ਦੂਜੀ ਸਭ ਤੋਂ ਵੱਡੀ ਭਾਈਵਾਲ ਜੇਡੀਯੂ ਨੇ ਕਿਹਾ ਕਿ ਪਾਰਟੀ ਅਜਿਹੇ ਕਿਸੇ ਸੁਧਾਰ ਦੀ ਹਮਾਇਤ ਕਰੇਗੀ। ਪਾਰਟੀ ਦੇ ਤਰਜਮਾਨ ਕੇਸੀ ਤਿਆਗੀ ਨੇ ਕਿਹਾ ਕਿ ਉਹ ਧਾਰਮਿਕ ਸਮੂਹਾਂ ਤੇ ਰਾਜਾਂ ਸਣੇ ਸਾਰੇ ਸਬੰਧਤ ਭਾਈਵਾਲਾਂ ਨਾਲ ਸਹਿਮਤੀ ਬਣਾਉਣ ਮਗਰੋਂ ਹੀ ਜ਼ੋਰ ਅਜ਼ਮਾਈ ਕਰਨਗੇ।

## ਕੀ ਹੈ ਇਹ ਬਿਲ

ਯੂਸੀਸੀ ਵਿੱਚ ਯੂ ਦਾ ਮਤਲਬ ਯੂਨੀਫਾਰਮ, ਸੀ ਮਤਲਬ ਸਿਵਿਲ ਅਤੇ ਦੂਜੇ ਸੀ ਦਾ ਮਤਲਬ ਕੋਡ ਮਤਲਬ ਯੂਨੀਫਾਰਮ ਸਿਵਲ ਕੋਡ। ਪੰਜਾਬੀ ਵਿੱਚ ਇਹ ਸ਼ਬਦ ਸਾਂਝਾ ਸਿਵਲ ਕੋਡ ਜਾਂ ਇੱਕਸਾਰ ਨਾਗਰਿਕਤਾ ਵਜੋਂ ਆਇਆ ਹੈ। ਸਧਾਰਨ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਉਹ ਕਾਨੂੰਨ ਜੋ ਭਾਰਤ ਦੇ ਸਾਰੇ ਕਾਨੂੰਨ ਨਾਗਰਿਕਾਂ ਲਈ ਜਾਤੀ, ਧਰਮ, ਜਨਮ, ਲਿੰਗ, ਕਬੀਲੇ ਦੀ ਪਰਵਾਹ ਕੀਤੇ ਬਿਨਾਂ ਲਾਗੂ ਹੁੰਦੇ ਹਨ। ਯੂਸੀਸੀ ਦੇਸ਼ ਦੇ ਕਰੋੜਾਂ ਲੋਕਾਂ ਨਾਲ ਜੁੜਿਆ ਹੋਇਆ ਹੈ। ਇਹ ਪੰਜਾਬੀਆਂ ਤੇ ਸਿਖਾਂ ਨਾਲ ਵੀ ਜੁੜਿਆ ਹੋਇਆ ਹੈ।

## ਗੋਆ, ਯੂਸੀਸੀ ਲਾਗੂ ਕਰਨ ਵਾਲਾ ਇਕਲੌਤਾ ਸੂਬਾ

ਗੋਆ ਭਾਰਤ ਦਾ ਇਕਲੌਤਾ ਅਜਿਹਾ ਸੂਬਾ ਹੈ, ਜਿੱਥੇ ਯੂਸੀਸੀ ਲਾਗੂ ਹੈ। ਯੂਸੀਸੀ ਲਾਗੂ ਹੋਣ ਤੋਂ ਬਾਅਦ ਗੋਆ ਵਿੱਚ ਹਿੰਦੂ, ਮੁਸਲਿਮ ਅਤੇ ਇਸਾਈ ਸਾਰੇ ਧਰਮਾਂ ਲਈ ਇੱਕੋ ਕਾਨੂੰਨ ਹੈ। ਵਿਆਹ, ਤਲਾਕ, ਉੱਤਰਾਧਿਕਾਰਤਾ ਲਈ ਇੱਕੋ ਕਾਨੂੰਨ ਹੈ। ਗੋਆ ਵਿੱਚ ਵਿਆਹ ਦਾ ਅਰਥ ਇਕੱਠੇ ਰਹਿਣਾ ਅਤੇ ਜਾਇਜ਼ ਪਰਿਵਾਰ ਦਾ ਗਠਨ ਕਰਨਾ ਹੈ। ਵਿਆਹ ਕਰਵਾਉਣ ਲਈ ਜੋੜੇ ਨੂੰ ਰਜਿਸਟਾਰ ਅੱਗੇ ਪੇਸ਼ ਹੋਣਾ ਪੈਂਦਾ ਹੈ। ਰਜਿਸਟਰਾਰ ਵੱਲੋਂ ਦੱਸੇ ਗਏ ਕੁਝ ਖਾਸ ਨਿਯਮ ਮੰਨਣੇ ਪੈਂਦੇ ਹਨ। ਉਸ ਤੋਂ ਬਾਅਦ ਜੋੜਾ ਆਪਣੀ ਵਿਆਹੁਤਾ ਜ਼ਿੰਦਗੀ ਸ਼ੁਰੂ ਕਰ ਸਕਦਾ ਹੈ। ਹਿੰਦੂ ਧਰਮ ਗੋਆ ਵਿੱਚ ਦੋ ਵਿਆਹ ਦੀ ਤਜਵੀਜ਼ ਵੀ ਹੈ। ਪਰ ਇੱਥੇ ਕੁਝ ਪਾਬੰਦੀਆਂ ਵੀ ਹਨ ਜਿਵੇਂ ਕਿਸੇ ਵੀ ਪਤੀ ਜਾਂ ਪਤਨੀ ਨੂੰ ਦੂਜੇ ਜੀਵਨ ਸਾਥੀ ਦੀ ਹੱਤਿਆ ਕਰਨ ਜਾਂ ਉਕਸਾਉਣ ਲਈ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ, ਦੂਜਾ ਵਿਆਹ ਨਹੀਂ ਕਰਵਾ ਸਕਦਾ।

## ਸਿੱਖ ਜਥੇਬੰਦੀਆਂ ਵੱਲੋਂ ਯੂਨੀਫਾਰਮ ਸਿਵਲ ਕੋਡ ਮੁੱਢੋਂ ਰੱਦ

ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ, "ਅਕਾਲੀ ਦਲ ਨੇ ਹਮੇਸ਼ਾ ਸਾਰੇ ਦੇਸ਼ ਵਿਚ ਇਕਸਾਰ ਸਿਵਲ ਕੋਡ (ਯੂ ਸੀ ਸੀ) ਲਾਗੂ ਕਰਨ ਦਾ ਵਿਰੋਧ ਕੀਤਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਇਸ ਤਰ੍ਹਾਂ ਦੇ ਕਾਨੂੰਨ ਨਾਲ ਬਹੁਤ ਸਾਰੇ ਸੂਬਾਈ ਸੱਭਿਆਚਾਰ ਪ੍ਰਭਾਵਿਤ ਹੋਣਗੇ। ਧਾਮੀ ਨੇ ਕਿਹਾ, "ਖ਼ਾਲਸੇ ਦੀ ਹਸਤੀ ਆਜ਼ਾਦ ਹੈ। ਇਸ ਉਪਰ ਕੋਈ ਕੋਡ ਲਾਗੂ ਨਹੀਂ ਹੁੰਦਾ ਅਤੇ ਖ਼ਾਲਸੇ ਦਾ ਆਪਣਾ ਕੋਡ ਹੈ, ਜੋ ਗੁਰੂ ਸਾਹਿਬ ਨੇ ਬਖਸ਼ਿਆ ਹੈ। ਯੂਸੀਸੀ ਬਾਰੇ ਮੈਂ ਸਮਝਦਾ ਕਿ ਏਥੇ ਵੱਖ-ਵੱਖ ਸਟੇਟਾਂ ਹਨ ਅਤੇ ਉਨ੍ਹਾਂ ਦਾ ਆਪਣਾ ਸੱਭਿਆਚਾਰ ਹੈ। ਧਾਮੀ ਮੁਤਾਬਕ, "ਜੇਕਰ ਕੋਈ ਧੱਕਾ ਹੋਵੇਗਾ ਤਾਂ ਇਸ ਨਾਲ ਸਾਡੀਆਂ ਰਵਾਇਤਾਂ ਅਤੇ ਸੱਭਿਆਚਾਰ ਵੀ ਖਤਮ ਹੋ ਜਾਣਗੇ। ਅਸੀਂ ਤਾਂ ਇਸ ਦੇ ਸਵਾਲ ਬਾਰੇ ਲਿਖ ਕੇ ਭੇਜਿਆ ਸੀ ਕਿ ਇਹ ਲਾਗੂ ਨਾ ਕੀਤਾ ਜਾਵੇ।"

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਪਰਮਜੀਤ ਸਿੰਘ ਸਰਨਾ ਸਰਨਾ ਅਤੇ ਮਨਜੀਤ ਸਿੰਘ ਜੀਕੇ ਨੇ ਯੂਨੀਫਾਰਮ ਸਿਵਲ ਕੋਡ ਦਾ ਵਿਰੋਧ ਕਰਦਿਆਂ ਇਸ ਨੂੰ ਦੇਸ਼ ਨੂੰ ਵੰਡਣ ਦੀ ਕੋਸ਼ਿਸ਼ ਕਰਾਰ ਦਿੱਤਾ। ਜੀਕੇ ਨੇ ਕਿਹਾ ਕਿ ਆਜ਼ਾਦੀ ਦੇ 75 ਸਾਲ ਬਾਅਦ ਵੀ ਸਿੱਖਾਂ ਲਈ ਕੋਈ ਪਰਸਨਲ ਲਾਅ ਨਹੀਂ ਹੈ। ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸਿੱਖ ਪਰਸਨਲ ਲਾਅ ਬਣਾਉਣ ਲਈ ਤੁਰੰਤ ਵਿਦਵਾਨਾਂ ਦੀ ਕਮੇਟੀ ਬਣਾਉਣੀ ਚਾਹੀਦੀ ਹੈ। ਉਸ ਤੋਂ ਬਾਅਦ ਸਿੱਖ ਪਰਸਨਲ ਲਾਅ ਲਾਗੂ ਕਰਨ ਲਈ ਸਰਕਾਰ 'ਤੇ ਦਬਾਅ ਬਣਾਇਆ ਜਾਵੇ। ਹੁਣ ਤੱਕ ਸੰਵਿਧਾਨ ਵਿੱਚ ਸਾਨੂੰ ਹਿੰਦੂ ਧਰਮ ਦਾ ਹਿੱਸਾ ਮੰਨ ਕੇ ਸਾਡੇ ਉੱਤੇ ਹਿੰਦੂ ਪਰਸਨਲ ਲਾਅ ਲਾਗੂ ਹੈ। ਬੇਸ਼ੱਕ ਸਿੱਖ ਜੋੜੇ ਦਾ ਵਿਆਹ ਆਨੰਦ ਮੈਰਿਜ ਐਕਟ ਤਹਿਤ ਰਜਿਸਟਰਡ ਹੁੰਦਾ ਹੈ ਪਰ ਉਹਦਾ ਤਲਾਕ ਹਿੰਦੂ ਮੈਰਿਜ ਐਕਟ ਤਹਿਤ ਹੁੰਦਾ ਹੈ। ਜਦਕਿ ਸਾਡੀਆਂ ਸਾਰੀਆਂ ਰਸਮਾਂ ਦੂਜੇ ਧਰਮਾਂ ਨਾਲੋਂ ਵੱਖਰੀਆਂ ਹਨ।

# ਸਾਲ 2050 ਤੱਕ ਮਰਦਾਂ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਧਣ ਦੀ ਸੰਭਾਵਨਾ

## ✪ ਔਰਤਾਂ ਦੇ ਮੁਕਾਬਲੇ ਮਰਦਾਂ ਨੂੰ ਕੈਂਸਰ ਹੋਣ ਦਾ ਖ਼ਤਰਾ ਜ਼ਿਆਦਾ




ਲੰਡਨ-ਕੈਂਸਰ ਇਹ ਇੱਕ ਅਜਿਹੀ ਬਿਮਾਰੀ ਹੈ ਜਿਸ ਦੀ ਕੋਈ ਸੀਮਾ ਨਹੀਂ ਹੈ, ਇਹ ਕਿਸੇ ਵੀ ਉਮਰ ਵਿੱਚ ਕਿਸੇ ਨੂੰ ਵੀ ਹੋ ਸਕਦੀ ਹੈ। ਇਹ ਪੂਰੇ ਪਰਿਵਾਰ ਦੇ ਸਮਾਜਿਕ-ਆਰਥਿਕ ਪਿਛੋਕੜ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਹਾਲਾਂਕਿ, ਇੱਕ ਤਾਜ਼ਾ ਖੋਜ ਨੇ ਇਸ ਬਾਰੇ ਬਹੁਤ ਚਿੰਤਾ ਪ੍ਰਗਟ ਕੀਤੀ ਹੈ, ਸਾਲ 2050 ਤੱਕ ਮਰਦਾਂ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਧਣ ਵਾਲੀ ਹੈ।

ਜਿਵੇਂ-ਜਿਵੇਂ ਵਿਸ਼ਵ ਪੱਧਰ 'ਤੇ ਜੀਵਨ ਦੀ ਸੰਭਾਵਨਾ ਵੱਧ ਰਹੀ ਹੈ, ਕੈਂਸਰ ਹੋਣ ਦਾ ਖ਼ਤਰਾ ਵੀ ਵਧ ਰਿਹਾ ਹੈ। ਬੁੱਢੇ ਮਰਦ ਕੁਝ ਕਿਸਮਾਂ ਦੇ ਕੈਂਸਰ ਲਈ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ, ਜਿਵੇਂ ਕਿ ਪ੍ਰੋਸਟੇਟ ਅਤੇ ਫੇਫੜਿਆਂ ਦਾ ਕੈਂਸਰ, ਜੋ ਕਿ ਮਰਦਾਂ ਵਿੱਚ ਕੈਂਸਰ ਦੇ ਸਭ ਤੋਂ ਆਮ ਰੂਪ ਹਨ।

### ਇਹ ਖੋਜ ਪੂਰੇ 185 ਦੇਸ਼ਾਂ ਨੂੰ ਅਧਾਰ ਮੰਨ ਕੇ ਕੀਤੀ ਗਈ ਹੈ

ਖੋਜਕਰਤਾਵਾਂ ਨੇ ਮਰਦਾਂ ਵਿੱਚ ਕੈਂਸਰ ਦੀਆਂ ਘਟਨਾਵਾਂ ਅਤੇ ਮੌਤ ਦਰ ਦਾ ਅੰਦਾਜ਼ਾ ਲਗਾਉਣ ਲਈ 185 ਦੇਸ਼ਾਂ ਅਤੇ ਖੇਤਰਾਂ ਦੇ ਨਾਲ-ਨਾਲ 30 ਕੈਂਸਰ ਦੀਆਂ ਕਿਸਮਾਂ ਅਤੇ ਜਨਸੰਖਿਆ ਡੇਟਾ ਨੂੰ ਦੇਖਿਆ। ਇਸ ਖੋਜ ਵਿੱਚ ਖੋਜਕਰਤਾਵਾਂ ਨੇ ਪਾਇਆ ਕਿ ਮਰਦ ਔਰਤਾਂ ਦੇ ਮੁਕਾਬਲੇ ਸਿਗਰਟਨੋਸ਼ੀ ਅਤੇ ਸ਼ਰਾਬ ਪੀਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ, ਜਿਸ ਨਾਲ ਉਨ੍ਹਾਂ ਵਿੱਚ ਕੈਂਸਰ ਅਤੇ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦਾ ਖਤਰਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ, ਮਰਦਾਂ ਨੂੰ ਕੰਮ 'ਤੇ ਕਾਰਸੀਨੋਜਨਾਂ ਦੇ ਸੰਪਰਕ ਵਿੱਚ ਆਉਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਅਤੇ ਕੈਂਸਰ ਲਈ ਜਾਂਚ ਕੀਤੇ ਜਾਣ ਦੀ ਸੰਭਾਵਨਾ ਘੱਟ ਹੁੰਦੀ ਹੈ।

### 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਹੈ ਖਤਰਾ

ਖੋਜਕਰਤਾਵਾਂ ਦੇ ਅਨੁਸਾਰ, 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਮਰਦਾਂ ਵਿੱਚ ਛੋਟੇ ਮਰਦਾਂ ਨਾਲੋਂ ਘੱਟ ਬਚਣ ਦੀ ਦਰ ਸੀ ਕਿਉਂਕਿ ਉਹ ਥੈਰੇਪੀ ਪ੍ਰਤੀ ਘੱਟ ਸਹਿਣਸ਼ੀਲ ਹੁੰਦੇ ਹਨ ਅਤੇ ਜੀਵਨ ਵਿੱਚ ਬਾਅਦ ਵਿੱਚ ਜਾਂਚ ਪ੍ਰਾਪਤ ਕਰਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਵਿੱਚੋਂ ਕੁਝ ਸਿਹਤ ਸੰਭਾਲ ਲਈ ਭੁਗਤਾਨ ਕਰਨ ਵਿੱਚ ਅਸਮਰੱਥ ਹਨ। ਇਸ ਸਮੇਂ ਦੌਰਾਨ, ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਕੈਂਸਰ ਨਾਲ ਮਰਨ ਵਾਲੇ ਬਜ਼ੁਰਗਾਂ ਦੀ ਗਿਣਤੀ 3.4 ਮਿਲੀਅਨ ਤੋਂ ਵੱਧ ਕੇ 7.7 ਮਿਲੀਅਨ ਹੋ ਜਾਵੇਗੀ, ਜਦੋਂ ਕਿ ਨਵੇਂ ਕੇਸਾਂ ਦੀ ਗਿਣਤੀ 2022 ਵਿੱਚ 6 ਮਿਲੀਅਨ ਤੋਂ ਵੱਧ ਕੇ 2050 ਤੱਕ 13.1 ਮਿਲੀਅਨ ਹੋ ਜਾਵੇਗੀ।

ਖੋਜਕਰਤਾਵਾਂ ਨੇ ਵੱਖ-ਵੱਖ ਦੇਸ਼ਾਂ ਦੀ ਆਰਥਿਕ ਸਥਿਤੀ ਦੇ ਅਨੁਸਾਰ ਕੈਂਸਰ ਵਿੱਚ ਅੰਤਰ ਵੀ ਪਛਾਣੇ ਹਨ,ਖੋਜਕਰਤਾਵਾਂ ਨੇ ਲਿਖਿਆ, "2022 ਅਤੇ 2050 ਦੇ ਵਿਚਕਾਰ, ਅਫਰੀਕਾ ਅਤੇ ਪੂਰਬੀ ਮੈਡੀਟੇਰੀਅਨ ਵਿੱਚ, ਘਟਨਾਵਾਂ ਦੇ ਮਾਮਲਿਆਂ ਅਤੇ ਮੌਤਾਂ ਦੀ ਗਿਣਤੀ ਵਿੱਚ 2.5 ਗੁਣਾ ਵਾਧਾ ਹੋਣ ਦਾ ਅਨੁਮਾਨ ਹੈ। ਇਸਦੇ ਉਲਟ, ਯੂਰਪ ਵਿੱਚ ਲਗਭਗ ਅੱਧੇ ਵਾਧੇ ਦਾ ਅਨੁਮਾਨ ਹੈ।"

### 2022 ਤੋਂ 2050 ਤੱਕ ਇਸ ਪ੍ਰਤੀਸ਼ਤ ਵਿੱਚ ਵਾਧਾ ਹੋਵੇਗਾ

2022 ਤੋਂ 2050 ਤੱਕ 87% ਤੋਂ ਵੱਧ ਦੇ ਵਾਧੇ ਦੇ ਨਾਲ, 2050 ਵਿੱਚ ਦੁਨੀਆ ਭਰ ਵਿੱਚ ਕੈਂਸਰ ਦੇ ਕੇਸਾਂ ਅਤੇ ਮੌਤਾਂ ਦਾ ਮੁੱਖ ਕਾਰਨ ਫੇਫੜਿਆਂ ਦਾ ਕੈਂਸਰ ਹੋਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਕੋਲੋਰੈਕਟਲ ਅਤੇ ਪ੍ਰੋਸਟੇਟ ਕੈਂਸਰ ਆਉਂਦਾ ਹੈ। ਪ੍ਰੋਸਟੇਟ ਕੈਂਸਰ 2050 ਤੱਕ ਹੋਰ ਜਾਨਲੇਵਾ ਬਣਨ ਜਾ ਰਿਹਾ ਹੈ। ਇਸ ਦੇ ਨਾਲ ਹੀ ਚਮੜੀ ਦੇ ਕੈਂਸਰ ਕਾਰਨ ਜ਼ਿਆਦਾ ਲੋਕਾਂ ਦੀ ਮੌਤ ਹੋ ਸਕਦੀ ਹੈ।

# ਜੁਆਰੀ ਨੇ ਬਜ਼ੁਰਗ ਔਰਤ ਦਾ ਕੀਤਾ ਕਤਲ



ਠਾਣੇ-ਠਾਣੇ ਜ਼ਿਲ੍ਹੇ ਦੇ ਭਿਵੰਡੀ ਵਿੱਚ ਪੁਲਸ ਨੇ ਇੱਕ ਵਿਅਕਤੀ ਅਭਿਮਨਿਊ ਨੇ ਇੱਕ 74 ਸਾਲਾ ਪਹਿਲਾਂ ਬਜ਼ੁਰਗ ਔਰਤ ਦਾ ਤੇਜ਼ਧਾਰ ਹਥਿਆਰ ਨਾਲ ਗਲਾ ਵੱਢ ਦਿੱਤਾ ਫਿਰ ਸੋਨੇ ਦੇ ਗਹਿਣੇ ਲੈ ਕੇ ਫ਼ਰਾਰ ਹੋ ਗਿਆ। ਇਸ ਦੌਰਾਨ ਉਸ ਨੇ ਵਾਰਦਾਤ ਦੇ ਸਬੂਤ ਨਸ਼ਟ ਕਰਨ ਲਈ ਘਰ ਨੂੰ ਅੱਗ ਲੱਗਾ ਦਿੱਤੀ। ਪੁਲਸ ਨੇ ਕਿਹਾ ਕਿ ਉਸਨੂੰ ਗ੍ਰਿਫ਼ਤਾਰ ਕਰ ਲਿਆ। ਉਸ 'ਤੇ ਕਤਲ ਅਤੇ ਹੋਰ ਅਪਰਾਧਾਂ ਦੇ ਵੀ ਦੋਸ਼ ਹਨ।"

ਅਧਿਕਾਰੀ ਅਨੁਸਾਰ ਜਾਂਚ ਤੋਂ ਪਤਾ ਲੱਗਾ ਹੈ ਕਿ ਗੁਪਤਾ ਆਨਲਾਈਨ ਜੂਆ ਖੇਡਣ ਦਾ ਆਦੀ ਸੀ ਅਤੇ ਉਹ 2 ਲੱਖ ਰੁਪਏ ਤੋਂ ਵੱਧ ਦੇ ਪੈਸੇ ਹਾਰ ਚੁੱਕਾ ਸੀ। ਜੂਏ ਵਿਚ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਉਸ ਨੇ ਨਾਦਰ ਦੇ ਘਰ ਲੁੱਟ ਦੀ ਵਾਰਦਾਤ ਕਰਨ ਦੀ ਯੋਜਨਾ ਬਣਾਈ।

# 12 ਫ਼ੀਸਦੀ ਭਾਰਤੀ ਮਸਾਲੇ ਸਿਹਤ ਲਈ ਘਾਤਕ ਸਿਧ ਹੋਏ

## ✪ ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਟੈਸਟਿੰਗ ਵਿਚ 474 ਨਮੂਨੇ ਫੇਲ੍ਹ
## ✪ ਉਤਪਾਦਾਂ ਵਿੱਚ ਇਸ ਕੀਟਨਾਸ਼ਕ ਦੀ ਜ਼ਿਆਦਾ ਮਾਤਰਾ ਹੋਣ ਕਾਰਨ ਕੈਂਸਰ ਹੋਣ ਦਾ ਖਤਰਾ




ਨਵੀਂ ਦਿੱਲੀ-ਭਾਰਤ ਵਿੱਚ ਵਿਕਣ ਵਾਲੇ 12% ਮਸਾਲੇ ਗੁਣਵੱਤਾ ਅਤੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ ਹਨ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਨੇ 4054 ਮਸਾਲਿਆਂ ਦੇ ਨਮੂਨਿਆਂ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ 474 ਨਮੂਨੇ ਖਾਣਯੋਗ ਨਹੀਂ ਸਨ। ਮਈ ਤੋਂ ਜੁਲਾਈ ਦਰਮਿਆਨ ਹੋਈ ਇਸ ਜਾਂਚ ਦੀ ਜਾਣਕਾਰੀ ਆਰਟੀਆਈ ਰਾਹੀਂ ਹਾਸਲ ਕੀਤੀ ਗਈ ਹੈ।

ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਨੇ ਅਪ੍ਰੈਲ-ਮਈ 2024 ਵਿੱਚ ਸਿੰਗਾਪੁਰ ਅਤੇ ਹਾਂਗਕਾਂਗ ਵਿੱਚ ਮਸਾਲਿਆਂ ਦੀ ਗੁਣਵੱਤਾ ਅਤੇ ਪਾਬੰਦੀ ਦੀਆਂ ਖ਼ਬਰਾਂ 'ਤੇ ਸਵਾਲ ਉਠਾਏ ਜਾਣ ਤੋਂ ਬਾਅਦ ਇਹ ਟੈਸਟ ਸ਼ੁਰੂ ਕੀਤਾ ਸੀ।

ਫੂਡ ਅਥਾਰਟੀ ਐਫਐਸਐਸਏਆਈ ਨੇ ਆਪਣੇ ਜਵਾਬ ਵਿੱਚ ਕਿਹਾ ਕਿ ਟੈਸਟ ਕੀਤੇ ਗਏ ਮਸਾਲਿਆਂ ਦੇ ਬ੍ਰਾਂਡ ਵੇਰਵੇ ਉਪਲਬਧ ਨਹੀਂ ਹਨ ਪਰ ਉਹ ਗੁਣਵੱਤਾ ਅਤੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਨਾ ਕਰਨ ਵਾਲੀਆਂ ਕੰਪਨੀਆਂ ਵਿਰੁੱਧ ਕਾਰਵਾਈ ਕਰ ਰਹੀ ਹੈ। ਇਸ ਦੇ ਨਾਲ ਹੀ, ਐਮਡੀਐਚ ਅਤੇ ਐਵਰਰੈਸਟ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਉਤਪਾਦ ਖਪਤਕਾਰਾਂ ਲਈ ਸੁਰੱਖਿਅਤ ਹਨ।

### 2023-24 ਵਿੱਚ 37,425 ਕਰੋੜ ਰੁਪਏ ਦੇ ਮਸਾਲਿਆਂ ਦਾ ਨਿਰਯਾਤ

ਐਮਡੀਐਚ ਅਤੇ ਐਵਰੈਸਟ ਦੇ ਮਸਾਲੇ ਭਾਰਤੀ ਮਾਰਕੀਟ ਦੇ ਨਾਲ-ਨਾਲ ਦੁਨੀਆ ਭਰ ਵਿੱਚ ਵੇਚੇ ਜਾਂਦੇ ਹਨ। ਜਿਓਨ ਮਾਰਕੀਟ ਰਿਸਰਚ ਅਨੁਸਾਰ, 2022 ਵਿੱਚ ਭਾਰਤ ਦੇ ਘਰੇਲੂ ਮਸਾਲਾ ਬਾਜ਼ਾਰ ਦੀ ਕੀਮਤ 87,608 ਕਰੋੜ ਰੁਪਏ ਤੋਂ ਵੱਧ ਸੀ। ਵਿੱਤੀ ਸਾਲ 2023-24 ਵਿੱਚ ਭਾਰਤ ਤੋਂ ਮਸਾਲਿਆਂ ਦੇ ਨਿਰਯਾਤ ਦਾ ਮੁੱਲ 37,425 ਕਰੋੜ ਰੁਪਏ ਤੋਂ ਵੱਧ ਹੋਣ ਦਾ ਅਨੁਮਾਨ ਹੈ।

### ਸਿੰਗਾਪੁਰ-ਹਾਂਗਕਾਂਗ ਵਿੱਚ ਭਾਰਤੀ ਮਸਾਲਿਆਂ ਵਿੱਚ ਕੀਟਨਾਸ਼ਕ

ਅਪ੍ਰੈਲ 2024 ਵਿੱਚ, ਹਾਂਗਕਾਂਗ ਅਤੇ ਸਿੰਗਾਪੁਰ ਵਿੱਚ ਸਰਕਾਰ ਦੁਆਰਾ ਐਮਡੀਐਚ ਅਤੇ ਐਵਰੈਸਟ ਦੇ ਚਾਰ ਮਸਾਲਿਆਂ 'ਤੇ ਪਾਬੰਦੀ ਲਗਾਉਣ ਤੋਂ ਬਾਅਦ, ਭਾਰਤ ਸਰਕਾਰ ਨੇ ਹੁਣ ਫੂਡ ਕਮਿਸ਼ਨਰਾਂ ਨੂੰ ਸਾਰੀਆਂ ਕੰਪਨੀਆਂ ਦੇ ਮਸਾਲਿਆਂ ਦੇ ਨਮੂਨੇ ਇਕੱਠੇ ਕਰਨ ਲਈ ਕਿਹਾ ਸੀ।

ਮੀਡੀਆ ਰਿਪੋਰਟਾਂ 'ਚ ਦਾਅਵਾ ਕੀਤਾ ਗਿਆ ਸੀ ਕਿ ਦੋਵਾਂ ਕੰਪਨੀਆਂ ਦੇ ਇਨ੍ਹਾਂ ਉਤਪਾਦਾਂ 'ਚ ਕੀਟਨਾਸ਼ਕ 'ਈਥਲੀਨ ਆਕਸਾਈਡ' ਦੀ ਜ਼ਿਆਦਾ ਮਾਤਰਾ ਹੋਣ ਕਾਰਨ ਪਾਬੰਦੀ ਲਗਾਈ ਗਈ ਸੀ। ਇਨ੍ਹਾਂ ਉਤਪਾਦਾਂ ਵਿੱਚ ਇਸ ਕੀਟਨਾਸ਼ਕ ਦੀ ਜ਼ਿਆਦਾ ਮਾਤਰਾ ਹੋਣ ਕਾਰਨ ਕੈਂਸਰ ਹੋਣ ਦਾ ਖਤਰਾ ਹੈ।

ਹਾਂਗਕਾਂਗ ਦੇ ਫੂਡ ਸੇਫਟੀ ਡਿਪਾਰਟਮੈਂਟ ਨੇ ਕਿਹਾ ਸੀ ਕਿ ਐਮਡੀਐਚ ਗਰੁੱਪ ਦੇ ਤਿੰਨ ਮਸਾਲਿਆਂ ਦੇ ਮਿਸ਼ਰਣਾਂ - ਮਦਰਾਸ ਕਰੀ ਪਾਊਡਰ, ਸਾਂਭਰ ਮਸਾਲਾ ਪਾਊਡਰ ਅਤੇ ਕਰੀ ਪਾਊਡਰ ਵਿੱਚ ਉੱਚ ਮਾਤਰਾ ਵਿੱਚ ਐਥੀਲੀਨ ਆਕਸਾਈਡ ਪਾਇਆ ਗਿਆ ਸੀ। ਇਹ ਕਾਰਸੀਨੋਜਨਿਕ ਕੀਟਨਾਸ਼ਕ ਐਵਰੈਸਟ ਦੇ ਫਿਸ਼ ਕਰੀ ਮਸਾਲਾ ਵਿੱਚ ਵੀ ਪਾਇਆ ਗਿਆ ਸੀ।

# ਅਕਾਲੀ ਦਲ ਅੰਮ੍ਰਿਤਸਰ ਵਲੋਂ 'ਪੰਥਕ ਹੋਕਾ ਦਲਿਤਾਂ ਦੇ ਵਿਹੜੇ ਤੱਕ' ਮੁਹਿੰਮ ਦਲਿਤ ਮੁਕਤੀ ਦੀ ਲਹਿਰ ਕੀਤੀ ਸ਼ੁਰੂ

## ✪ ਅਧੀਨ ਗ਼ਰੀਬ ਸਿੱਖਾਂ ਨੂੰ ਮਾਣ-ਸਨਮਾਨ ਦੇਣ ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਾਂਗੇ-ਮਾਨ

ਫ਼ਤਹਿਗੜ੍ਹ ਸਾਹਿਬ-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪੰਜਾਬ ਵਿਚ ਵੱਸਦੇ ਗ਼ਰੀਬ, ਮਜ਼ਲੂਮ, ਲਿਤਾੜੇ ਵਰਗਾਂ ਦੇ ਵਿਹੜਿਆਂ ਤੱਕ ਪਹੁੰਚ ਕਰਦੇ ਹੋਏ ਆਉਣ ਵਾਲੇ ਸਮੇਂ ਵਿਚ ਬਰਾਬਰਤਾ ਦੇ ਹੱਕ ਅਧਿਕਾਰ ਨੂੰ ਪੂਰਨ ਰੂਪ ਵਿਚ ਲਾਗੂ ਕਰਨ ਲਈ ਵਚਨਬੱਧ ਹੋਵੇਗੀ, ਜਿਸ ਤਹਿਤ ਸਿਆਸੀ ਤੇ ਧਰਮੀ ਨਿਜ਼ਾਮ ਪ੍ਰਾਪਤ ਕਰਨ ਉਪਰੰਤ ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚ ਸਾਂਝੀਵਾਲਤਾ ਦੀ ਸੋਚ ਅਧੀਨ ਇਕ ਸ਼ਮਸ਼ਾਨਘਾਟ, ਇਕ ਧਰਮਸ਼ਾਲਾ ਤੇ ਇਕ ਸਾਂਝੇ ਗੁਰੂਘਰ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਪੂਰਨ ਕੀਤੀ ਜਾਵੇਗੀ।

ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ



ਮਾਨ ਨੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮਾਤਾ ਗੁਜਰੀ ਨਿਵਾਸ ਵਿਖੇ ਪੰਜਾਬ ਦੇ ਜਿਲਿਆਂ ਤੋਂ ਆਏ ਇਨ੍ਹਾਂ ਵਰਗਾਂ ਨਾਲ ਸੰਬੰਧਿਤ ਸੰਗਤਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ ਅਤੇ ਇਸ ਮਕਸਦ ਦੀ ਪ੍ਰਾਪਤੀ ਲਈ 'ਪੰਥਕ ਹੋਕਾ ਦਲਿਤਾਂ ਦੇ ਵਿਹੜੇ ਤੱਕ' ਮੁਹਿੰਮ ਦਾ ਆਗਾਜ਼ ਕੀਤਾ।

ਇਸ ਮੌਕੇ ਸ. ਮਾਨ ਵਲੋਂ ਪਾਰਟੀ ਦੇ ਸੀਨੀਅਰ ਆਗੂ ਡਾ. ਹਰਜਿੰਦਰ ਸਿੰਘ ਜੱਖੂ ਨੂੰ ਇਸ ਉਪਰੋਕਤ ਟੀਮ ਦਾ ਕਨਵੀਨਰ ਨਿਯੁਕਤ ਕਰਨ ਦਾ ਐਲਾਨ ਕੀਤਾ, ਜਿਨ੍ਹਾਂ ਨੇ ਅਗਲੇ ਮਹੀਨੇ ਤੱਕ ਆਪਣੀ 11 ਮੈਂਬਰੀ ਕਮੇਟੀ ਦਾ ਗਠਨ ਕਰਕੇ ਇਸ ਗੰਭੀਰ ਵਿਸ਼ੇ 'ਤੇ ਜ਼ਿੰਮੇਵਾਰੀਆਂ ਪੂਰਨ ਕਰਨ ਦਾ ਭਰੋਸਾ ਦਿਵਾਇਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਇਕਬਾਲ ਸਿੰਘ ਟਿਵਾਣਾ ਨੇ ਕਿਹਾ ਕਿ ਭਾਵੇਂ ਤਕਰੀਰਾਂ, ਲਿਖਤਾਂ ਤੇ ਹੋਰ ਹੋਣ ਵਾਲੇ ਪ੍ਰੋਗਰਾਮਾਂ ਵਿਚ ਇਨ੍ਹਾਂ ਵਰਗਾਂ ਦੇ ਨਾਲ ਬਰਾਬਰਤਾ ਦੀ ਗੱਲ ਕੀਤੀ ਜਾਂਦੀ ਹੈ, ਪਰ ਅਮਲੀ ਰੂਪ ਵਿਚ ਇਨ੍ਹਾਂ ਵਰਗਾਂ ਨਾਲ ਇਹ ਵਿਤਕਰਾ ਅੱਜ ਵੀ ਜਾਰੀ ਹੈ।

ਪ੍ਰੋ. ਮਹਿੰਦਰਪਾਲ ਸਿੰਘ ਜਨਰਲ ਸਕੱਤਰ ਨੇ ਇਤਿਹਾਸਕ ਮਿਸਾਲਾਂ ਦਿੰਦੇ ਹੋਏ ਡਾ. ਜੱਖੂ ਨੂੰ ਇਸ ਮਿਸ਼ਨ ਦੀ ਪ੍ਰਾਪਤੀ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।

# ਜ਼ੀਰਾ ਦੇ ਪਿੰਡ ਨੂਰਪੁਰ ਮਾਛੀਆਂ ਗੈਂਗਲੈਂਡ ਬਣਿਆ

## ✪ ਤਿੰਨ ਗੱਡੀਆਂ ਵਿਚ ਆਏ ਬਦਮਾਸ਼ਾਂ ਨੇ ਅੰਨ੍ਹੇਵਾਹ ਚਲਾਈਆਂ ਗੋਲ਼ੀਆਂ

ਜ਼ੀਰਾ-ਜ਼ੀਰਾ ਦੇ ਪਿੰਡ ਨੂਰਪੁਰ ਮਾਛੀਆਂ ਵਿਚ ਕੁਝ ਹਥਿਆਰਬੰਦ ਲੋਕਾਂ ਵੱਲੋਂ ਇਕ ਪਰਿਵਾਰ 'ਤੇ ਉਸ ਸਮੇਂ ਗੋਲੀਆਂ ਚਲਾ ਦਿੱਤੀਆਂ ਜਦੋਂ ਪਰਿਵਾਰ ਪਿੰਡ ਵਿਚ ਬਣੇ ਕਿਸੇ ਧਾਰਮਿਕ ਸਥਾਨ ਤੋਂ ਮੱਥਾ ਟੇਕ ਕੇ ਆਪਣੇ ਘਰ ਨੂੰ ਵਾਪਸ ਆ ਰਿਹਾ ਸੀ। ਪਰਿਵਾਰਿਕ ਮੈਂਬਰਾਂ ਨੂੰ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਮਿਲੇ ਹੋਏ ਗਨਮੈਨ ਵੱਲੋਂ ਗੋਲੀ ਚਲਾਏ ਜਾਣ 'ਤੇ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਸਿਵਲ ਹਸਪਤਾਲ ਜ਼ੀਰਾ ਵਿਖੇ ਜੇਰੇ ਇਲਾਜ ਗੁਰਜੰਟ ਸਿੰਘ ਨੇ ਦੱਸਿਆ ਕਿ ਉਹ ਖੇਤੀਬਾੜੀ ਕਰਦਾ ਹੈ ਅਤੇ ਜ਼ੀਰਾ ਦੇ ਪਿੰਡ ਨੂਰਪੁਰ ਮਾਛੀਵਾੜਾ ਵਿਖੇ ਇਕ ਧਾਰਮਿਕ ਸਥਾਨ 'ਤੇ ਮੱਥਾ ਟੇਕ ਕੇ ਵਾਪਸ ਆ ਰਿਹਾ ਸੀ ਤਾਂ ਉਸ ਸਮੇਂ ਤਿੰਨ ਚਾਰ ਗੱਡੀਆਂ 'ਤੇ ਸਵਾਰ ਹੋ ਕੇ ਆਏ ਹਥਿਆਰਾਂ ਨਾਲ ਲੈਸ ਹਮਲਾਵਰਾਂ ਨੇ ਉਸ ਉੱਪਰ ਸਿੱਧੀਆਂ ਗੋਲੀਆਂ ਚਲਾ ਦਿੱਤੀਆਂ। ਉਸ ਦੀ ਜਾਨ ਬਚਾਉਣ ਲਈ ਪੰਜਾਬ-ਹਰਿਆਣਾ ਹਾਈਕੋਰਟ ਵੱਲੋਂ ਮਿਲੇ ਗੰਨ ਮੈਨ ਨੇ ਵੀ ਹਮਲਾਵਰਾਂ 'ਤੇ ਜਵਾਬੀ ਕਾਰਵਾਈ ਕਰਦਿਆਂ ਗੋਲੀਆਂ ਚਲਾ ਦਿੱਤੀਆਂ, ਜਿਸ ਤੋਂ ਬਾਅਦ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਕੀ ਕਹਿਣਾ ਹੈ ਪੁਲਸ ਦਾ-ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਐੱਚ. ਓ. ਥਾਣਾ ਸਦਰ ਜ਼ੀਰਾ ਬਲਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਮੌਕੇ 'ਤੇ ਕਈ ਖੋਲ੍ਹ ਬਰਾਮਦ ਹੋਏ ਹਨ। ਇਸ ਗੋਲੀਬਾਰੀ ਦੌਰਾਨ ਗੰਨਮੈਨ ਵੱਲੋਂ ਚਲਾਈ ਗਈ ਗੋਲੀ ਹਮਲਾਵਰਾਂ ਦੇ ਇਕ ਆਦਮੀ ਦੇ ਵੀ ਲੱਗੀ ਹੈ। ਪੁਲਸ ਵੱਲੋਂ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਡੰਕੀ ਲਾ ਕੇ ਫਰਾਂਸ ਜਾ ਰਿਹਾ ਭੁਲੱਥ ਦਾ ਨੌਜਵਾਨ ਰਾਹ ਵਿੱਚ ਗੁੰਮ

## ✪ ਪੀੜਤ ਪਰਿਵਾਰ ਵਲੋਂ ਭਾਰਤ ਸਰਕਾਰ, ਪੰਜਾਬ ਸਰਕਾਰ ਤੇ ਯੂਰਪ ਵਿਚ ਰਹਿੰਦੇ ਪੰਜਾਬੀਆਂ ਨੂੰ ਅਪੀਲ ਕਿ ਸਾਡੀ ਮਦਦ ਕੀਤੀ ਜਾਵੇ

ਭੁਲੱਥ-ਜਨਵਰੀ ਮਹੀਨੇ ਰੁਜ਼ਗਾਰ ਦੀ ਭਾਲ ਵਿਚ ਡੰਕੀ ਲਾ ਕੇ ਫਰਾਂਸ ਲਈ ਰਵਾਨਾ ਹੋਇਆ ਭੁਲੱਥ ਕਸਬੇ ਦਾ 18 ਸਾਲਾ ਨੌਜਵਾਨ ਰਸਤੇ ਵਿੱਚ ਲਾਪਤਾ ਹੋ ਗਿਆ ਹੈ। ਨੌਜਵਾਨ ਦੇ ਪਿਤਾ ਬੌਬੀ ਚੰਦ ਨੇ ਦੱਸਿਆ ਕਿ ਉਸ ਦਾ ਇਕਲੌਤਾ ਪੁੱਤਰ ਸਾਗਰ ਸੁਨਹਿਰੇ ਭਵਿੱਖ ਦੀ ਆਸ ਵਿੱਚ ਏਜੰਟ ਰਾਹੀਂ ਫਰਾਂਸ ਗਿਆ ਸੀ ਤੇ ਪਿਛਲੇ ਅੱਠ ਮਹੀਨਿਆਂ ਤੋਂ ਉਸ ਦਾ ਕੋਈ ਥਹੁ-ਪਤਾ ਨਹੀਂ ਲੱਗ ਰਿਹਾ। ਪੀੜਤ ਪਰਿਵਾਰ ਨੇ ਭਾਰਤ ਸਰਕਾਰ, ਪੰਜਾਬ ਸਰਕਾਰ ਤੇ ਯੂਰਪ ਵਿਚ ਰਹਿੰਦੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੇ ਲੜਕੇ ਦਾ ਥਹੁ-ਪਤਾ ਲਾਉਣ ਵਿਚ ਮਦਦ ਕੀਤੀ ਜਾਵੇ।

ਪੀੜਤ ਪਿਤਾ ਨੇ ਦੱਸਿਆ ਕਿ 14 ਲੱਖ ਰੁਪਏ ਵਿਚ ਇਕ ਮਹਿਲਾ ਏਜੰਟ ਰਾਹੀਂ ਫਰਾਂਸ ਭੇਜਣ ਲਈ ਸੌਦਾ ਤੈਅ ਹੋਇਆ ਸੀ। ਏਜੰਟ ਨੇ 8.20 ਲੱਖ ਰੁਪਏ ਦੀ ਪਹਿਲੀ ਕਿਸ਼ਤ ਲੈ ਕੇ ਉਨ੍ਹਾਂ ਦੇ ਪੁੱਤਰ ਨੂੰ ਰੂਸ ਭੇਜ ਦਿੱਤਾ, ਜਿੱਥੋਂ ਅੱਗੇ ਉਸ ਨੇ ਬੇਲਾਰੂਸ, ਲਿਥੁਆਨੀਆ, ਲਾਤਵੀਆ ਤੇ ਜਰਮਨੀ ਰਸਤੇ ਫਰਾਂਸ ਪਹੁੰਚਣਾ ਸੀ। ਇਸ ਦੌਰਾਨ ਫਰਵਰੀ ਮਹੀਨੇ ਪਰਿਵਾਰ ਨੂੰ ਸਾਗਰ ਦਾ ਫੋਨ ਆਇਆ ਕਿ ਉਹ ਬੇਲਾਰੂਸ ਵਿੱਚ ਹੈ। ਉਸ ਤੋਂ ਬਾਅਦ 6 ਮਹੀਨੇ ਬੀਤ ਗਏ ਨਾ ਤਾਂ ਉਸ ਦੇ ਪੁੱਤਰ ਦਾ ਕੋਈ ਫੋਨ ਆਇਆ ਅਤੇ ਨਾ ਹੀ ਉਸ ਬਾਰੇ ਕੋਈ ਗੱਲ ਸੁਣੀ ਹੈ। ਬੌਬੀ ਚੰਦ ਨੇ ਕਿਹਾ ਕਿ



ਏਜੰਟਾਂ ਮੁਤਾਬਕ ਉਨ੍ਹਾਂ ਦਾ ਪੁੱਤਰ ਜਰਮਨੀ ਪੁਲੀਸ ਦੀ ਹਿਰਾਸਤ ਵਿਚ ਹੈ, ਪਰ ਉਸ ਦੇ ਦੋਸਤਾਂ ਨੇ ਦਾਅਵਾ ਕੀਤਾ ਕਿ ਫਰਾਂਸ ਤੱਕ ਦੇ ਸਫ਼ਰ ਦੌਰਾਨ ਲਾਤਵੀਆ ਵਿਚ ਬਰਫ਼ 'ਚ ਫਸਣ ਕਰਕੇ ਸਾਗਰ ਦੀ ਮੌਤ ਹੋ ਗਈ ਹੈ। ਪਰਿਵਾਰ ਨੇ ਦਿੱਲੀ ਵਿਚ ਲਾਤਵੀਆ ਦੂਤਾਵਾਸ ਨਾਲ ਸੰਪਰਕ ਕੀਤਾ ਤਾਂ ਪਤਾ ਲੱਗਾ ਕਿ ਉਥੋਂ ਦੀ ਪੁਲੀਸ ਨੂੰ ਬਰਫ਼ ਵਿਚੋਂ ਲਾਸ਼ ਬਰਾਮਦ ਹੋਈ ਹੈ ਜਿਸ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ। ਪਰਿਵਾਰ ਨੇ ਮੰਗ ਕੀਤੀ ਕਿ ਬਰਫ਼ 'ਚੋਂ ਮਿਲੀ ਲਾਸ਼ ਨਾਲ ਡੀਐੱਨਏ ਟੈਸਟ ਕਰਵਾਉਣ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣ। ਪਰਿਵਾਰ ਨੇ ਏਜੰਟ ਖਿਲਾਫ਼ ਕਾਰਵਾਈ ਦੀ ਵੀ ਮੰਗ ਕੀਤੀ ਹੈ। ਬੌਬੀ ਚੰਦ ਨੇ ਦੱਸਿਆ ਕਿ ਉਨ੍ਹਾਂ ਦੋ ਮਹੀਨੇ ਪਹਿਲਾਂ ਥਾਣਾ ਭੁਲੱਥ ਵਿਚ ਲਿਖਤੀ ਸ਼ਿਕਾਇਤ ਦਿੱਤੀ ਸੀ, ਪਰ ਅਜੇ ਤੱਕ ਕੋਈ ਸੁਣਵਾਈ ਨਹੀਂ ਹੋਈ। ਉਧਰ ਥਾਣਾ ਭੁਲੱਥ ਦੇ ਅਧਿਕਾਰੀਆਂ ਨੇ ਦੱਸਿਆ ਕਿ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

# ਪੰਜਾਬ ਦੀ ਧੀ ਸਤਵੀਰ ਕੌਰ ਕੈਨੇਡਾ ਪੁਲਿਸ ਵਿੱਚ ਬਤੌਰ ਜੇਲ੍ਹ ਸੁਪਰਡੈਂਟ ਭਰਤੀ ਹੋਈ, ਸਿਖ ਪੰਥ ਦਾ ਨਾਮ ਰੋਸ਼ਨ ਕੀਤਾ



ਜਲੰਧਰ-ਸੰਗਰੂਰ ਦੇ ਪਿੰਡ ਬੜਰੁੱਖਾ ਦੀ ਸਤਵੀਰ ਕੌਰ ਕੈਨੇਡਾ ਪੁਲਿਸ ਵਿੱਚ ਬਤੌਰ ਜੇਲ੍ਹ ਸੁਪਰਡੈਂਟ ਭਰਤੀ ਹੋਈ ਹੈ। ਸਤਵੀਰ ਦੇ ਲਈ ਇਹ ਰਾਹ ਅਸਾਨ ਨਹੀ ਪਰਿਵਾਰ ਮੁਤਾਬਿਕ ਸਤਵੀਰ 2018 ਵਿੱਚ ਕੈਨੇਡਾ ਗਈ ਸੀ ਅਤੇ ਪੜ੍ਹਾਈ ਤੋਂ ਬਾਅਦ ਉਸ ਨੇ ਸਰਕਾਰੀ ਬੱਸ ਡਰਾਈਵਰ ਦੀ ਨੌਕਰੀ ਕੀਤੀ। ਸਤਵੀਰ ਕੌਰ ਬਰੰਪਟਨ ਵਿੱਚ ਜੇਲ੍ਹ ਸੁਪਰਡੈਂਟ ਲਈ ਚੁਣੀ ਗਈ ਹੈ ਅਤੇ 9 ਸਤੰਬਰ ਨੂੰ ਉਹ ਆਪਣਾ ਅਹੁਦਾ ਸੰਭਾਲਣ ਜਾ ਰਹੀ ਹੈ। ਸਤਵੀਰ ਦੇ ਪਿਤਾ ਆਪ ਵੀ ਜੇਲ੍ਹ ਵਿਭਾਗ ਵਿੱਚ ਸੇਵਾਵਾਂ ਨਿਭਾ ਚੁੱਕੇ ਹਨ ਉਨ੍ਹਾਂ ਦੀ ਤਿੰਨ ਧੀਆਂ ਅਤੇ ਇਕ ਪੁੱਤਰ ਹੈ। ਪਿਤਾ ਨੇ ਦੱਸਿਆ ਧੀ ਸਤਵੀਰ ਅੱਜ ਇਸ ਕਦਰ ਕਾਬਿਲ ਹੋ ਚੁੱਕੀ ਹੈ ਕਿ ਉਸ ਨੇ ਮੈਨੂੰ 10 ਲੱਖ ਰੁਪਏ ਦੀ ਗੱਡੀ ਲੈ ਕੇ ਦਿੱਤੀ ਅਤੇ ਆਪਣੇ ਲਈ 43 ਲੱਖ ਰੁਪਏ ਦੀ ਕਾਰ ਖਰੀਦੀ। ਸਤਵੀਰ ਜਦੋਂ ਸਰਕਾਰੀ ਬੱਸ ਚਲਾਉਂਦੀ ਸੀ ਤਾਂ ਉਸਨੂੰ ਪੁਲਿਸ ਵਿਚ ਜੇਲ੍ਹ ਵਿਭਾਗ ਦੀ ਨੌਕਰੀ ਕੈਨੇਡਾ ਦੇ ਵਿੰਨੀਪੈੱਗ ਦੇ ਸਮੁੰਦਰ ਵਿਚ ਮਿਲ ਗਈ ਸੀ ਪਰ ਉਸਦਾ ਇਹ ਨੌਕਰੀ ਕਰਨ ਲਈ ਦਿਲ ਨਹੀਂ ਮੰਨਿਆ। 3 ਮਹੀਨਿਆਂ ਬਾਅਦ ਫਿਰ ਉਸਨੂੰ ਇਹ ਨੌਕਰੀ ਪ੍ਰਾਪਤ ਹੋਈ ਅਤੇ ਉਸਨੇ ਆਪਣੇ ਮਾਪਿਆਂ ਨਾਲ ਸਲਾਹ ਕਰਕੇ ਇਸ ਨੌਕਰੀ ਨੂੰ ਪ੍ਰਾਪਤ ਕੀਤਾ।

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

# ਹਰੇਕ ਭਾਰਤੀ ਦਾ ਦਰਦ ਉਲੰਪਿਕ ਖੇਡ ਵਿੱਚ ਵਿਨੇਸ਼ ਕਿਉਂ ਨਾ ਹੋਈ ਸਫਲ ?

ਅਜੋਕੀਆਂ ਸਮੁੱਚੀਆਂ ਖੇਡਾਂ (ਪੈਰਿਸ ਉਲੰਪਿਕ) ਵਿੱਚ ਜਿਹੜਾ ਧਿਆਨ ਪਹਿਲਵਾਨੀ ਵਿੱਚ ਭਾਰਤੀ ਬੇਟੀ ਨੇ ਖਿੱਚਿਆ ਸੀ, ਉਸ ’ਤੇ ਤਰ੍ਹਾਂ-ਤਰ੍ਹਾਂ ਦੀਆਂ ਸਭ ਪਾਸਿਉਂ ਚਿੰਤਾਵਾਂ ਅਤੇ ਟਿੱਪਣੀਆਂ ਦੀ ਹਨੇਰੀ ਆਈ ਹੋਈ ਹੈ। ਉਹ ਘਟਨਾ ਹਰਿਆਣਵੀ ਬੇਟੀ ਵਿਨੇਸ਼ ਫੋਗਾਟ ਨਾਲ ਪੈਰਿਸ ਉਲੰਪਿਕ ਖੇਡਾਂ ਦੌਰਾਨ ਵਾਪਰੀ ਹੈ, ਜਿਸ ਘਟਨਾ ਨੇ ਸਭ ਭਾਰਤੀਆਂ ਨੂੰ ਇਕਦਮ ਹੈਰਾਨ ਪ੍ਰੇਸ਼ਾਨ ਕਰ ਰੱਖਿਆ ਹੈ। ਇਸ ’ਤੇ ਅੱਜਕੱਲ੍ਹ ਹਮਦਰਦੀ ਦੇ ਰੂਪ ਵਿੱਚ ਵੱਖ-ਵੱਖ ਟਿੱਪਣੀਆਂ ਹੋ ਰਹੀਆਂ ਹਨ।

ਬੇਟੀ ਵਿਨੇਸ਼ ਫੋਗਾਟ, ਜਿਸ ਨੂੰ ਉਨ੍ਹਾਂ ਦੇ ਪਿਤਾ ਜੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਚਾਚਾ ਜੀ ਨੇ ਇਸ ਬਾਬਤ ਧਰਮ ਨਿਭਾਇਆ। ਬੇਟੀ ਖੇਡਦੀ-ਖੇਡਦੀ ਅੱਜ ਉਨੱਤੀ ਸਾਲ ਦੀ ਹੋ ਚੁੱਕੀ ਹੈ, ਜਿਸ ਨੇ ਆਪਣੇ ਭਾਰ ਦੇ ਬਰਾਬਰ ਵੱਖ-ਵੱਖ ਸਮੇਂ ਵੱਖ-ਵੱਖ ਦੇਸ਼ਾਂ ਵੱਲੋਂ ਗੇਮਾਂ ਵਿੱਚ ਹਿੱਸਾ ਲੈ ਕੇ ਅਣਗਿਣਤ ਤਮਗੇ ਜਿੱਤੇ ਹਨ। ਇਨ੍ਹਾਂ ਵਿੱਚ ਚਾਂਦੀ, ਕਾਂਸੀ ਅਤੇ ਸੋਨੇ ਦੇ ਹਨ। ਵਿਨੇਸ਼ ਫੋਗਾਟ ਨੇ ਹਾਰ ਕਦੇ ਨਾ ਮੰਨੀ ਸੀ ਨਾ ਹੀ ਕਦੇ ਦੇਖੀ ਸੀ। ਹੁਣ ਵੀ ਪੈਰਿਸ ਉਲੰਪਿਕ ਖੇਡਾਂ ਵਿੱਚ ਭਲਵਾਨੀ ਵਿੱਚ ਉਹ ਸੋਨੇ ਦੇ ਤਮਗੇ ਦੇ ਬਿਲਕੁਲ ਨੇੜੇ ਸੀ। ਕਾਰਨ, ਜਿਸ ਤਰ੍ਹਾਂ ਵਿਨੇਸ਼ ਫੋਗਾਟ ਨੇ ਸੈਮੀਫਾਈਨਲ ਵਿੱਚ ਆਪਣੀ ਵਿਰੋਧੀ ਨੂੰ ਪਿਛਲੇ ਮਿੰਟਾਂ ਵਿੱਚ ਹਰਾ ਕੇ ਉਸ ਪਹਿਲਵਾਨ ਲੇਡੀ ਤੋਂ ਜਿੱਤੀ, ਜਿਸ ਨੇ ਵੀ ਕਦੇ ਹਾਰ ਨਹੀਂ ਸੀ ਦੇਖੀ। ਉਹ ਤਕਰੀਬਨ ਬਿਆਸੀ (82) ਵਾਰ ਜਿੱਤਦੀ ਆਈ ਸੀ। ਪਰ ਇਸ ਨੂੰ ਤੁਸੀਂ ਕੀ ਕਹਿ ਸਕਦੇ ਹੋ ਚੌਰੰਜਾ ਕਿਲੋ ਭਾਰ ਵਿੱਚ ਖੇਡਦੀ-ਖੇਡਦੀ ਆਪਣਾ ਭਾਰ ਘਟਾ ਕੇ ਪੰਜਾਹ ਕਿਲੋ ਵਿੱਚ ਸੈਮੀਫਾਈਨਲ ਜਿੱਤ ਗਈ। ਪਰ ਜਦੋਂ ਫਾਈਨਲ ਵਿੱਚ ਖੇਡਣ ਵਾਸਤੇ ਭਾਰ ਜੋਖਿਆ ਗਿਆ ਤਾਂ ਉਹ ਪੰਜਾਹ ਕਿਲੋ ਸੌ ਗ੍ਰਾਮ ਨਿਕਲਿਆ। ਇਹ ਸਭ ਵਿਨੇਸ਼ ਫੋਗਾਟ ਖਿਡਾਰਨ ਤੋਂ ਇਲਾਵਾ ਬਾਕੀ ਨਾਲ ਗਏ ਸਟਾਫ



ਮੈਂਬਰਾਂ ਦੇ ਧਿਆਨ ਵਿੱਚ ਸੀ, ਜਿਸ ਕਰਕੇ ਹਰਿਆਣਵੀ ਬੇਟੀ ਫਾਈਨਲ ਖੇਡਣ ਤੋਂ ਪਹਿਲੀ ਰਾਤ, ਹਰ ਤਰੀਕੇ ਨਾਲ ਆਪਣਾ ਭਾਰ ਘਟਾਉਣ ਦੀ ਕੋਸ਼ਿਸ਼ ਕਰਦੀ ਰਹੀ, ਭਾਰੀ ਕਸਰਤ ਤੋਂ ਇਲਾਵਾ ਇੱਥੋਂ ਤਕ ਉਸ ਨੇ ਆਪਣੇ ਨੌਹਾਂ ਸਮੇਤ ਕੁਝ ਵਾਲ ਵੀ ਕਟਾ ਦਿੱਤੇ, ਆਪਣਾ ਖ਼ੂਨ ਵੀ ਕਢਾਇਆ। ਸੂਤਰ ਦੱਸਦੇ ਹਨ ਕਿ ਬਹੁਤ ਵਾਰ ਭਾਰ ਘਟਦਾ-ਘਟਦਾ ਇੱਕ ਸਟੇਜ ’ਤੇ ਆਣ ਕੇ ਰੁਕ ਜਾਂਦਾ ਹੈ। ਹਰਿਆਣਵੀ ਬੇਟੀ ਨਾਲ ਵੀ ਅਜਿਹਾ ਹੀ ਹੋਇਆ। ਵਿਨੇਸ਼ ਫੋਗਾਟ ਤੇ ਉਸ ਦੀ ਟੀਮ ਸਮੁੱਚੇ ਸਿਰ ਦੇ ਵਾਲ ਕੱਟਣ ਲਈ ਉਸਤਰਾ ਫੇਰਨ ਲਈ ਵੀ ਤਿਆਰ ਸਨ, ਪਰ ਵਾਲਾਂ ਦਾ ਭਾਰ ਬਹੁਤ ਘੱਟ ਹੋਣ ਕਰਕੇ ਅਜਿਹਾ ਨਹੀਂ ਹੋ ਸਕਿਆ।

ਸੌ ਗ੍ਰਾਮ ਕਰਕੇ ਉਸ ਨੂੰ ਉਲੰਪਿਕ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ। ਬਾਅਦ ਵਿੱਚ ਵੱਖ-ਵੱਖ ਪਾਰਟੀਆਂ ਅਤੇ ਸਰਕਾਰ ਵੱਲੋਂ ਅਤੇ ਦੇਸ਼ ਦੀਆਂ ਵੱਖ-ਵੱਖ ਸ਼ਖਸੀਅਤਾਂ ਵੱਲੋਂ ਵੱਖ-ਵੱਖ ਬਿਆਨ ਦੇ ਕੇ ਆਪੋ-ਆਪਣੀ ਹਮਦਰਦੀ ਪ੍ਰਗਟਾਈ ਗਈ। ਕਈਆਂ ਨੇ ਇਸ ਪਿੱਛੇ ਕੋਈ ਸਾਜ਼ਿਸ਼ ਦੱਸੀ, ਪਰ ਅਸੀਂ ਕਿਸੇ ਸਾਜ਼ਿਸ਼ ਨੂੰ ਨਹੀਂ ਮੰਨਦੇ। ਇਡੀ ਵੱਡੀ ਸੰਸਥਾ ਅਜਿਹਾ ਕੰਮ ਕਿਵੇਂ ਕਰ ਸਕਦੀ ਹੈ? ਵੱਡੇ-ਵੱਡੇ ਖਿਡਾਰੀਆਂ, ਇੱਥੋਂ ਤਕ ਵਿਨੇਸ਼ ਫੋਗਾਟ ਦੀ ਭੈਣ ਤੇ ਚਾਚੇ ਨੇ ਇੱਕ ਇੰਟਰਵਿਊ ਵਿੱਚ ਕਿਸੇ ਅਜਿਹੀ ਸਾਜ਼ਿਸ਼ ਤੋਂ ਇਨਕਾਰ ਕੀਤਾ ਹੈ। ਉਂਝ ਮੌਜੂਦਾ ਕੇਂਦਰੀ ਸਰਕਾਰ ਨੇ ਵੀ ਆਪਣਾ ਬਣਦਾ ਫਰਜ਼ ਪੂਰਾ ਨਹੀਂ ਕੀਤਾ। ਉਲਟ ਪਾਰਲੀਮੈਂਟ ਵਿੱਚ ਖੇਡ ਮੰਤਰੀ ਨੇ ਇੱਕ ਛੋਟੀ ਜਿਹੀ ਗੱਲ ਕਰਕੇ ਆਪਣੀ ਪੁਜ਼ੀਸ਼ਨ ਹਾਸੋਹੀਣੀ ਬਣਾਈ ਕਿ ਅਸੀਂ ਵਿਨੇਸ਼ ਫੋਗਾਟ ’ਤੇ ਅੱਜ ਤਕ ਸੱਤਰ ਲੱਖ ਤੋਂ ਵੱਧ ਖ਼ਰਚ ਚੁੱਕੇ ਹਾਂ। ਇੰਨਾ ਖਰਚਾ ਤਾਂ ਵਜ਼ੀਰ ਛੋਟੇ-ਛੋਟੇ ਹਵਾਈ ਯਾਤਰਾ ਕਰਕੇ ਆਮ ਫਜ਼ੂਲ-ਖਰਚੀ ਕਰਦੇ ਰਹਿੰਦੇ ਹਨ। ਉਲੰਪਿਕ ਖੇਡਾਂ ਦੌਰਾਨ ਅਸੂਲਾਂ ਮੁਤਾਬਕ ਹਰ ਖਿਡਾਰੀ ਨੂੰ ਆਪਣਾ ਭਾਰ ਜੋਖਣ ਵਾਸਤੇ ਪੰਦਰਾਂ ਮਿੰਟ ਦਾ ਸਮਾਂ ਦਿੱਤਾ ਜਾਂਦਾ ਹੈ। ਖਿਡਾਰੀ ਜਦੋਂ ਚਾਹੇ ਜਿੰਨੀ ਵਾਰੀ ਮਰਜ਼ੀ ਚਾਹੇ ਮਿਥੇ ਸਮੇਂ ਵਿੱਚ ਆਪਣਾ ਭਾਰ ਜੋਖ ਸਕਦਾ ਹੈ, ਕੋਈ ਮਨਾਹੀ ਨਹੀਂ। ਬਾਕੀ ਗੱਲ ਰਹੀ ਸਾਜ਼ਿਸ਼ ਦੀ, ਕੋਈ ਸਾਥੀ, ਹਮਦਰਦ ਜਿਹੜੇ ਨਾਲ ਹੁੰਦੇ ਹਨ, ਕਿਸੇ ਨੂੰ ਕੁਝ ਖੁਆ ਨਹੀਂ ਸਕਦੇ, ਨਾ ਹੀ ਮਜਬੂਰ ਕਰ ਸਕਦੇ ਹਨ। ਹਮਦਰਦ, ਹਮਦਰਦੀ ਦਿਖਾਉਣ ਵਾਸਤੇ ਅਜਿਹੀਆਂ ਗੱਲਾਂ ਕਰਦੇ ਰਹਿੰਦੇ ਹਨ। ਚੋਟੀ ਦੇ ਕੋਚ ਅਤੇ ਖਿਡਾਰੀ ਦੱਸਦੇ ਹਨ ਕਿ ਅਜਿਹੇ ਸਮੇਂ ਤਾਂ ਖਿਡਾਰੀ ਦੰਦਾਂ ਨੂੰ ਬਰੱਸ਼ ਕਰਨ ਵੇਲੇ ਵੀ ਅਜਿਹਾ ਖਿਆਲ ਰੱਖਦੇ ਹਨ ਕਿ ਕਿਤੇ ਕਰੂਲੀ ਕਰਦੇ ਸਮੇਂ ਪਾਣੀ ਦਾ ਘੁੱਟ ਪੇਟ ਅੰਦਰ ਪ੍ਰਵੇਸ਼ ਨਾ ਹੋ ਜਾਵੇ।

ਉਂਜ ਅਜਿਹੇ ਵਕਤ ਸਭ ਨੂੰ ਖਿਡਾਰੀ ਨਾਲ ਹਮਦਰਦੀ ਹੋਣੀ ਸੁਭਾਵਿਕ ਹੁੰਦੀ ਹੈ। ਕਾਰਨ, ਹਰ ਖਿਡਾਰੀ ਸਮੁੱਚੇ ਦੇਸ਼ ਲਈ ਖੇਡ ਰਿਹਾ ਹੁੰਦਾ ਹੈ। ਤਮਗਾ ਜਿੱਤਣ ਤੋਂ ਬਾਅਦ ਉਹ ਖਿਡਾਰੀ ਜਿੱਥੇ ਆਪਣੇ ਲਈ ਖੁਸ਼ੀ ਪ੍ਰਾਪਤ ਕਰਦਾ ਹੈ, ਉੱਥੇ ਸਮੁੱਚੇ ਦੇਸ਼ ਦਾ ਨਾਂਅ ਉੱਚਾ ਕਰਦਾ ਹੈ। ਆਪਣੇ ਸੂਬੇ, ਆਪਣੇ ਪਿੰਡ ਅਤੇ ਆਪਣੇ ਮਾਂ-ਬਾਪ ਸਮੇਤ ਆਪਣੇ ਕੋਚ ਦਾ ਨਾਂਅ ਉੱਚਾ ਕਰਦਾ ਹੈ। ਪ੍ਰਧਾਨ ਮੰਤਰੀ ਤੋਂ ਲੈ ਕੇ ਵਿਰੋਧੀ ਧਿਰ ਦੇ ਵੱਖ-ਵੱਖ ਨੇਤਾਵਾਂ ਨੇ ਵਿਨੇਸ਼ ਫੋਗਾਟ ਨਾਲ ਹਮਦਰਦੀ ਪ੍ਰਗਟਾ ਕੇ ਬੇਟੀ ਨੂੰ ਹੌਸਲਾ ਦਿੱਤਾ ਹੈ। ਪਰ ਸੌ ਗ੍ਰਾਮ ਭਾਰ ਦੀ ਖੇਡ ਨੇ ਬੇਟੀ ਨੂੰ ਅੰਦਰੋਂ ਤੋੜ ਦਿੱਤਾ ਹੈ, ਜਿਸ ਨੇ ਸੈਮੀਫਾਈਨਲ ਜਿੱਤਣ ਕਰਕੇ ਚਾਂਦੀ ਤਮਗੇ ਦੀ ਮੰਗ ਕੀਤੀ ਸੀ, ਜੋ ਉਲੰਪਿਕ ਅਸੂਲਾਂ ਮੁਤਾਬਕ ਨਹੀਂ ਮੰਨੀ ਗਈ। ਉਸ ਨੇ ਮਾਂ ਨੂੰ ਸੰਬੋਧਨ ਹੁੰਦਿਆਂ ਆਪਣਾ ਦੁੱਖ ਰੋਇਆ ਹੈ ਕਿ ਮਾਂ ਕੁਸ਼ਤੀ ਜਿੱਤ ਗਈ ਹੈ, ਮੈਂ ਹਾਰ ਗਈ ਹਾਂ।

ਬੇਟੀ ਨੇ ਭਾਵੁਕ ਹੋ ਕੇ ਇਸ ਗੇਮ ਨੂੰ ਸਦਾ ਲਈ ਅਲਵਿਦਾ ਆਖ ਦਿੱਤਾ ਹੈ। ਉਸ ਨੇ ਕਿਹਾ ਕਿ ਮੈਂ ਆਪਣੀ ਉਮਰ ਮੁਤਾਬਕ ਆਪਣੀ ਸਾਰੀ ਦੀ ਸਾਰੀ ਸ਼ਕਤੀ ਝੋਕ ਦਿੱਤੀ ਹੈ। ਮੈਂ ਕਦੇ ਵੀ ਇਸ ਤੋਂ ਵੱਧ ਨਹੀਂ ਕਰ ਸਕਦੀ। ਇਸ ਕਰਕੇ ਹਮਦਰਦੀ ਵੀ ਨਿਰਾਸ਼ ਹੋਏ ਹਨ। ਪਰਿਵਾਰ, ਪਿੰਡ ਸਮੇਤ ਸਭ ਅਜਿਹੇ ਐਲਾਨ ਤੋਂ ਨਿਰਾਸ਼ਾ ਦੇ ਆਲਮ ਵਿੱਚ ਹਨ। ਇਹ ਅਲੱਗ ਗੱਲ ਹੈ ਕਿ ਉਨ੍ਹਾਂ ਦੇ ਚਾਚਾ ਜੀ ਅਤੇ ਹਮਦਰਦ ਨੇੜ੍ਹੂਆਂ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਜ਼ਿੰਮਾ ਲਿਆ ਹੈ। ਸਭ ਨੇ ਦੇਖਿਆ ਪਿਛਲੇ ਸਮੇਂ ਖਿਡਾਰੀਆਂ ਨਾਲ ਦਿੱਲੀ ਧਰਨੇ ਦੌਰਾਨ ਭਾਜਪਾ ਆਗੂਆਂ ਸਮੇਤ ਭਲਵਾਨਾਂ ਨਾਲ ਕੀ ਕੁਝ ਨਹੀਂ ਹੋਇਆ। ਤਰ੍ਹਾਂ-ਤਰ੍ਹਾਂ ਦੀਆਂ ਪਹਿਲਵਾਨ ਧੀਆਂ ਨੂੰ ਗੱਲਾਂ ਸੁਣਨੀਆਂ ਪਈਆਂ। ਲੰਮਾ ਧਰਨਾ ਦੇਣ ਦੇ ਬਾਵਜੂਦ ਉਨ੍ਹਾਂ ਦੀ ਸ਼ਿਕਾਇਤ ਦੇ ਅਧਾਰ ’ਤੇ ਕੋਈ ਐੱਫ ਆਈ ਆਰ ਸੰਬੰਧਤ ਭਾਜਪਾ ਆਗੂ ਖਿਲਾਫ਼ ਦਰਜ ਨਹੀਂ ਹੋਈ। ਅਗਰ ਹੋਈ ਤਾਂ ਉਹ ਉੱਪਰਲੀ ਅਦਾਲਤ ਦੇ ਕਹਿਣ ’ਤੇ ਹੋਈ ਹੈ। ਅੱਜ ਤਕ ਸੰਬੰਧਤ ਮੁਦਈਆਂ ਅਤੇ ਗਵਾਹਾਂ ਨੂੰ ਧਮਕੀਆਂ ਮਿਲ ਰਹੀਆਂ ਹਨ। ਅਜਿਹੇ ਵਾਤਾਵਰਣ ਵਿੱਚੋਂ ਨਿਕਲ ਕੇ ਬੇਟੀ ਵਿਨੇਸ਼ ਫੋਗਾਟ ਵਰਗੀਆਂ ਧੀਆਂ ਸੋਨੇ ਦੇ ਤਮਗਿਆਂ ਨੂੰ ਉਲੰਪਿਕ ਖੇਡਾਂ ਵਿੱਚ ਹੱਥ ਪਾਉਣ ਲਈ ਜੇ ਪਹੁੰਚੀਆਂ ਹਨ, ਇਹ ਉਨ੍ਹਾਂ ਦਾ ਹੌਸਲਾ ਹੀ ਹੈ ਕਿ ਉਹ ਸਭ ਕੁਝ ਮਾੜਾ ਬੀਤਣ ਦੇ ਬਾਅਦ ਸਿਖਰ ਤਕ ਪਹੁੰਚੀਆਂ ਅਤੇ ਪਹੁੰਚੇ ਹਨ, ਜਿਸ ਕਰਕੇ ਸਭ ਖਿਡਾਰੀ ਵਧਾਈ ਦੇ ਹੱਕਦਾਰ ਹਨ।

ਅੱਜ ਦੇ ਦਿਨ ਸਭ ਤੋਂ ਚੰਗੀ ਕੋਸ਼ਿਸ਼ ਹਰਿਆਣੇ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਦੀ ਹੈ। ਉਨ੍ਹਾਂ ਹੌਸਲਾ ਦਿੰਦਿਆਂ ਆਖਿਆ ਹੈ ਕਿ ਸੌ ਗ੍ਰਾਮ ਵੱਧ ਭਾਰ, ਜਿਸ ਕਰਕੇ ਉਹ ਜਿੱਤ ਕੇ ਹਾਰੀ ਹੈ, ਅਸੀਂ ਉਸ ਦਾ ਸਵਾਗਤ ਜੇਤੂਆਂ ਵਾਂਗ ਕਰਾਂਗੇ ਅਤੇ ਬਣਦੀਆਂ ਸਹੂਲਤਾਂ ਉਸ ਦੀ ਝੋਲੀ ਪਾਵਾਂਗੇ। ਭਾਵੇਂ ਇਹ ਸਭ ਚੋਣਾਂ ਕਰਕੇ ਹੋਇਆ ਹੈ, ਬਾਵਜੂਦ ਇਸਦੇ ਅਜਿਹੇ ਐਲਾਨ ਦਾ ਸਵਾਗਤ ਕਰਨਾ ਬਣਦਾ ਹੈ।

## ਵਿਨੇਸ਼ ਫੋਗਾਟ ਭਾਵੁਕ ਹੋਕੇ ਬੋਲੀ ‘ਮੇਰੀ ਵਾਰੀ ਲੱਗਦਾ ਹੈ ਰੱਬ ਸੁੱਤਾ ਰਹਿ ਗਿਆ’ !

### ✪ ਹੁਣ ਚਾਂਦੀ ਦਾ ਵੀ ਨਹੀਂ ਮਿਲੇਗਾ ਤਗਮਾ

ਰੈਸਲਰ ਵਿਨੇਸ਼ ਫੋਗਾਟ ਦੀ ਸਿਲਵਰ ਮੈਡਲ ਅਪੀਲ ਖਾਰਿਜ ਹੋਣ ਦੇ ਬਾਅਦ ਭਾਵੁਕ ਪੋਸਟ ਲਿਖੀ ਹੈ। ਉਨ੍ਹਾਂ ਨੇ ਇੰਸਟਰਾਗਰਾਮ ਐਕਾਉਂਟ ‘ਤੇ ਰੋਂਦੇ ਹੋਏ ਫੋਟੋ ਪਾਈ ਅਤੇ ਗਾਇਕ ਬੀ ਪ੍ਰਾਕ ਦਾ ਗਾਣਾ ‘ਮੇਰੀ ਵਾਰੀ ਤਾਂ ਲੱਗਦਾ,ਤੂੰ ਰੱਬ ਸੁੱਤਾ ਰਹਿ ਗਿਆ’ੜ ਇਸ ਤੋਂ ਪਹਿਲਾਂ ਬੁੱਧਵਾਰ 14 ਅਗਸਤ ਨੂੰ ਕੋਰਟ ਆਫ ਆਬਿਟ੍ਰੇਸ਼ਨ ਫਾਰ ਸਪੋਰਟਸ ਨੇ ਦੀ ਪੈਰਿਸ ਓਲੰਪਿਕ ਵਿੱਚ ਸਾਂਝੇ ਸਿਲਵਰ ਮੈਡਲ ਦੀ ਮੰਗ ਨੂੰ ਖਾਰਜ ਕਰ ਦਿੱਤਾ ਸੀ।

ਵਿਨੇਸ਼ ਨੇ ਰੈਸਲਿੰਗ ਵਿੱਚ 50 ਕਿਲੋਗਰਾਮ ਮਹਿਲਾ ਕੈਟਾਗਰੀ ਵਿੱਚ 3 ਮੈਚ ਜਿੱਤ ਕੇ ਫਾਈਨਲ ਵਿੱਚ ਥਾਂ ਬਣਾਈ ਸੀ। 8 ਅਗਸਤ ਨੂੰ ਫਾਈਨਲ ਹੋਣਾ ਸੀ ਪਰ ਮੈਚ ਤੋਂ ਪਹਿਲਾਂ ਓਲੰਪਿਕ ਕਮੇਟੀ ਨੇ ਵਿਨੇਸ਼ ਦੇ 100 ਗਰਾਮ ਜ਼ਿਆਦਾ ਵਜ਼ਨ ਦੀ ਵਜ੍ਹਾ ਕਰਕੇ ਡਿਸਕੁਆਲੀਫਾਈ ਕਰ ਦਿੱਤਾ ਸੀ।

### ਭਾਰਤੀ ਓਲੰਪਿਕ ਸੰਘ ਦੇ ਵਕੀਲ ਨੇ ਕਿਹਾ ਡਿਟੇਲ ਦਾ ਇੰਤਜ਼ਾਰ


ਕੋਰਟ ਆਫ ਆਬਿਟ੍ਰੇਸ਼ਨ ਫਾਰ ਸਪੋਰਟਸ ਵਿੱਚ ਭਾਰਤੀ ਓਲੰਪਿਕ ਸੰਘ ਦੇ ਵਕੀਲ ਵਿਧੂਸ਼ਪਤ ਸਿੰਘਾਨਿਆ ਨੇ ਕਿਹਾ ਹੁਣ ਤੱਕ ਡਿਟੇਲ ਆਦੇਸ਼ ਨਹੀਂ ਮਿਲਿਆ ਹੈ। ਸਿਰਫ ਇਕ ਲਾਈਨ ਦਾ ਹੁਕਮ ਹੈ ਵਿਨੇਸ਼ ਦੀ ਅਪੀਲ ਖਾਰਿਜ, ਅਦਾਲਤ ਨੇ ਕੋਈ ਕਾਰਨ ਨਹੀਂ ਦੱਸਿਆ ਹੈ। ਇਸ ਨੂੰ ਕਿਉਂ ਖਾਰਜ ਕੀਤਾ ਹੈ ਅਤੇ ਇੰਨਾ ਸਮਾਂ ਕਿਉਂ ਲਿਆ ਗਿਆ ਹੈ। ਅਸੀਂ ਹੈਰਾਨ ਅਤੇ ਨਿਰਾਸ਼ ਹਾਂ। ਸਾਨੂੰ ਉਮੀਦ ਹੈ ਕਿ ਡੀਟੇਲ ਹੁਕਮ 10-15 ਦਿਨਾਂ ਦੇ ਅੰਦਰ ਆਵੇਗਾ। ਕੋਰਟ ਆਫ ਆਬਿਟ੍ਰੇਸ਼ਨ ਫਾਰ ਸਪੋਰਟਸ ਦੇ ਖਿਲਾਫ ਸਵਿਸ ਫੇਡਰਲ ਟ੍ਰਿਬਿਊਨਲ ਵਿੱਚ 30 ਦਿਨਾਂ ਦੇ ਅੰਦਰ ਅਪੀਲ ਕੀਤੀ ਜਾ ਸਕਦੀ ਹੈ। ਡੀਟੇਲ ਹੁਕਮ ਤੋਂ ਬਾਅਦ 30 ਦਿਨ ਦਾ ਸਮਾਂ ਸ਼ੁਰੂ ਹੋ ਜਾਵੇਗਾ। ਹਰੀਸ਼ ਸਾਲਵੇ ਸਾਡੇ ਨਾਲ ਹਨ, ਉਹ ਸਾਨੂੰ ਗਾਈਡ ਕਰਨਗੇ। ਅਸੀਂ ਉਨ੍ਹਾਂ ਦੇ ਨਾਲ ਬੈਠ ਕੇ ਅਪੀਲ ਦੀ ਪਟੀਸ਼ਨ ਤਿਆਰ ਕਰਾਂਗੇ।

ਭਾਰਤੀ ਓਲੰਪਿਕ ਐਸੋਸੀਏਸ਼ਨ ਦੀ ਪ੍ਰਧਾਨ ਪੀਟੀ ਊਸ਼ਾ ਨੇ ਕੋਰਟ ਆਫ ਆਬਿਟ੍ਰੇਸ਼ਨ ਫਾਰ ਸਪੋਰਟਸ ਨੇ ਨਤੀਜਿਆਂ ’ਤੇ ਨਰਾਜ਼ਗੀ ਜਤਾਈ ਸੀ। ਉਨ੍ਹਾਂ ਨੇ ਯੂਨਾਇਟਿਡ ਵਰਲਡ ਰੈਸਲਿੰਗ ਅਤੇ ਕੌਮਾਂਤਰੀ ਓਲੰਪਿਕ ਕਮੇਟੀ ਦੇ ਫੈਸਲੇ ‘ਤੇ ਹੈਰਾਨੀ ਜਤਾਈ ਹੈ।

# ਮਹਾਨ ਕੋਸ਼ ਦੇ ਰਚੇਤਾ ਸ਼੍ਰੋਮਣੀ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ

## ਜਨਮ ਦਿਨ ’ਤੇ ਵਿਸ਼ੇਸ਼

ਭਗਵਾਨ ਸਿੰਘ ਜੌਹਲ
ਮੋਬਾਇਲ : (+91 )-98143-24040
Email :- bhagwansinghjohal@gmail.com



ਸਿੱਖ ਧਾਰਮਿਕ ਗ੍ਰੰਥਾਂ, ਦੂਜੇ ਧਰਮਾਂ ਦੇ ਧਾਰਮਿਕ ਗ੍ਰੰਥਾਂ ਅਧਿਆਤਮਕ ਵਿਚਾਰਧਾਰਾ ਨੂੰ ਅਸਲ ਰੂਪ ਵਿੱਚ ਜਾਨਣ ਲਈ ਜਿਹੜਾ ਕਾਰਜ ਭਾਈ ਕਾਨ੍ਹ ਸਿੰਘ ਨਾਭਾ ਨੇ ਕੀਤਾ, ਉਸਦਾ ਅੱਜ ਤੱਕ ਬਦਲ ਨਹੀਂ। ਇਹ ਸਮੁੱਚਾ ਕਾਰਜ ਉਨ੍ਹਾਂ 20 ਵੀਂ ਸਦੀ ਦੇ ਪਹਿਲੇ ਅੱਧ ਵਿੱਚ ਸੰਪੂਰਨ ਕੀਤਾ। ਬਹੁਤ ਸਾਰੇ ਧਾਰਮਿਕ ਗ੍ਰੰਥਾਂ ਦੇ ਰਚੇਤਾ ਭਾਈ ਕਾਨ੍ਹ ਸਿੰਘ ਨਾਭਾ ਨੂੰ “ਮਹਾਨ ਕੋਸ਼” ਦੀ ਰਚਨਾ ਕਰਕੇ ਜੋ ਪ੍ਰਸਿੱਧੀ ਪ੍ਰਾਪਤ ਹੋਈ, ਇਸ ਵੱਡੇ ਕਾਰਜ ਕਰਕੇ ਭਵਿੱਖ ਵਿੱਚ ਵੀ ਉਨ੍ਹਾਂ ਨੂੰ ਅਜਿਹਾ ਸਤਿਕਾਰ ਮਿਲਦਾ ਰਹੇਗਾ। ਆਪ ਦਾ ਜਨਮ 30 ਅਗਸਤ 1861 ਈ. ਵਿੱਚ ਪਟਿਆਲਾ ਰਿਆਸਤ ਦੇ ਪਿੰਡ ਸਬਜ-ਬਨੇਰਾ ਵਿੱਚ ਭਾਈ ਨਾਰਾਇਣ ਸਿੰਘ ਦੇ ਘਰ ਮਾਤਾ ਹਰਿ ਕੌਰ ਦੀ ਕੁੱਖੋਂ ਹੋਇਆ। ਆਪ ਜੀ ਦੇ ਪਿਤਾ ਜੀ ਉਸ ਸਮੇਂ ਨਾਭਾ ਸ਼ਹਿਰ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਬਾਬਾ ਅਜੈਪਾਲ ਸਿੰਘ ਦੇ ਪ੍ਰਬੰਧਕ ਵਜੋਂ ਡਿਊਟੀ ਨਿਭਾਉਂਦੇ ਸਨ।

ਪਿਤਾ ਜੀ ਦੇ ਪ੍ਰਭਾਵ ਕਾਰਨ ਉਨ੍ਹਾਂ ਮੁੱਢਲੀ ਗੁਰਮਤਿ ਸਿੱਖਿਆ ਭਾਈ ਰੂਪ ਸਿੰਘ ਤੋਂ ਅਤੇ ਸੰਸਕ੍ਰਿਤ ਬਾਵਾ ਕਲਿਆਣ ਦਾਸ ਤੋਂ ਪ੍ਰਾਪਤ ਕੀਤੀ। ਨਾਭਾ ਸਿਆਸਤ ਦੇ ਵਿਦਵਾਨ ਉਨ੍ਹਾਂ ਦੇ ਪਿਤਾ ਜੀ ਦਾ ਬਹੁਤ ਸਤਿਕਾਰ ਕਰਦੇ ਸਨ, ਇਸ ਕਰਕੇ 5 ਕੁ ਸਾਲ ਦੀ ਉਮਰ ਵਿਚ ਹੀ ਘਰ ਆਉਣ-ਜਾਣ ਵਾਲੇ ਵਿਦਵਾਨਾਂ ਦੀ ਸੰਗਤ ਕਰਕੇ ਉਹ ਵਿਦਵਾਨਾਂ ’ਚ ਸਤਿਕਾਰੇ ਜਾਣ ਲੱਗੇ। ਇਸ ਤੋਂ ਅੱਗਲੇ ਦੋ ਤਿੰਨ ਸਾਲ ਉਨ੍ਹਾਂ ਦਿੱਲੀ, ਲਖਨਊ ਅਤੇ ਲਾਹੌਰ ਰਹਿ ਕੇ ਫਾਰਸੀ ਅਤੇ ਅੰਗਰੇਜ਼ੀ ਦੀ ਤਾਲੀਮ ਹਾਸਿਲ ਕੀਤੀ।

ਭਾਈ ਕਾਨ੍ਹ ਸਿੰਘ ਨਾਭਾ ਨੇ ਭਰ ਜਵਾਨੀ ਤੱਕ ਪੰਜਾਬੀ, ਹਿੰਦੀ, ਉਰਦੂ, ਸੰਸਕ੍ਰਿਤ, ਫਾਰਸੀ ਅਤੇ ਅੰਗ੍ਰੇਜ਼ੀ ਛੇ ਭਾਸ਼ਾਵਾਂ ’ਤ ਮੁਹਾਰਤ ਹਾਸਲ ਕਰ ਲਈ। ਉਨ੍ਹਾਂ ਦੇ ਜਵਾਨੀ ਦੇ ਦਿਨਾਂ ’ਚ ਸਿੰਘ ਸਭਾ ਲਹਿਰ ਦੀ ਸਰਗਰਮੀਆਂ ਸ਼ੁਰੂ ਹੋ ਗਈਆਂ ਸਨ। 1883 ਈ. ਵਿੱਚ ਉਨ੍ਹਾਂ ਪ੍ਰੋ. ਗੁਰਮੁੱਖ ਸਿੰਘ ਤੋਂ ਪ੍ਰਭਾਵਿਤ ਹੋ ਕੇ ਆਪਣੀਆਂ ਰਚਨਾਵਾਂ ਵਿੱਚ ਸਿੱਖ ਧਰਮ ਨੂੰ ਨਿਵੇਕਲੇ ਧਰਮ ਵਜੋਂ ਪ੍ਰਚਾਰਨਾ ਅਰੰਭ ਕੀਤਾ। 1884 ਈ. ਵਿੱਚ ਜਦੋਂ ਆਪ ਵਾਪਸ ਨਾਭਾ ਵਿਖੇ ਪੁੱਜੇ ਤਾਂ ਮਹਾਰਾਜ ਨਾਭਾ ਨੇ ਉਨ੍ਹਾਂ ਦੀ ਯੋਗਤਾ ਅਨੁਸਾਰ ਉਨ੍ਹਾਂ ਨੂੰ ਰਾਜ ਸਰਕਾਰ ਦੇ ਪ੍ਰਬੰਧਕੀ ਢਾਂਚੇ ਵਿੱਚ ਲੈ ਆਂਦਾ। ਉਹ ਨਾਭਾ ਹਾਈ ਕੋਰਟ ਦੇ ਜੱਜ, ਮੈਂਬਰ ਜੁਡੀਸ਼ੀਅਲ ਕੌਂਸਲ ਨਾਭਾ, ਪੁਲੀਟੀਕਲ ਏਜੰਸੀ ਦੇ ਵਕੀਲ ਵਜੋਂ ਪਟਿਆਲਾ ਵਿਚ ਤੈਨਾਤ ਰਹੇ। ਇਕ ਸਮੇਂ ਭਾਈ ਸਾਹਿਬ ਵਿੱਕਾ ਰਿਪੁਦਮਨ ਸਿੰਘ ਦੇ ਉਸਤਾਦ ਵੀ ਰਹੇ। ਇਸ ਦੌਰਾਨ ਆਪ ਕੀ ਵਾਰ ਇੰਗਲੈਂਡ ਵੀ ਗਏ।

ਭਾਈ ਕਾਨ੍ਹ ਸਿੰਘ ਨਾਭਾ ਨੇ ਕੋਸ਼ ਨੂੰ ਸੰਪੂਰਨਤਾ ਦੇਣ ਵਾਲੇ ਮਹਾਨ ਵਿਦਵਾਨਾਂ ਵਿੱਚ ਮਹੰਤ ਭਾਈ ਬਿਸ਼ਨ ਸਿੰਘ, ਪੰਡਿਤ ਕ੍ਰਿਸ਼ਨ ਦਾਸ ਉਦਾਸੀ, ਪ੍ਰੋ. ਤੇਜਾ ਸਿੰਘ, ਪ੍ਰਿੰਸੀਪਲ ਧਰਮਾਨੰਤ ਸਿੰਘ, ਮਹਾਰਾਜਾ ਦਲਜੀਤ ਸਿੰਘ ਕਪੂਰਥਲਾ, ਮੁਕੰਦ ਸਿੰਘ ਇੰਜੀਨੀਅਰ ਸ਼ਿਮਲਾ, ਭਾਈ ਮੋਹਨ ਸਿੰਘ ਵੈਦਾ ਤਰਨਤਾਰਨ, ਭਾਈ ਧਰਮ ਸਿੰਘ ਵੈਦ, ਨੰਦ ਸਿੰਘ ਸ਼ਿਮਲਾ, ਮੌਲਵੀ ਹਕੀਮ ਮਿਰਜ਼ਾ ਮੁਹੰਮਦ ਬਨੌਲਾ, ਕਰਮ ਸਿੰਘ ਹਿਸਟੋਰੀਅਨ, ਲਾਲਾ ਧਨੀ ਰਾਮ ਚਾਤ੍ਰਿਕ ਵਰਗੇ ਮਹਾਪਰਸ਼ਾਂ ਦੀ ਨੇਕ ਨੀਤੀ ਨਾਲ ਕੀਤੀ ਸਖ਼ਤ ਮਿਹਨਤ ਦਾ ਜ਼ਿਕਰ ਕੀਤਾ ਹੈ। ਕੋਸ਼ ਨੂੰ ਸੰਪੂਰਨਤਾ ਦੇਣ ਲਈ ਭਾਈ ਸਾਹਿਬ ਦਾ ਆਪਣਾ ਸਕੱਤਰੇਤ ਸੀ। ਅਸਲ ਵਿੱਚ ਕੋਸ਼ ਨੂੰ ਮੌਜੂਦਾ ਰੂਪ ਦੇਣ ਲਈ ਸੈਂਕੜੇ ਮਹਾਪੁਰਸ਼ਾਂ, ਵਿਦਵਾਨਾਂ ਦੀ ਸਖ਼ਤ ਮਿਹਨਤ ਤੇ ਲਗਨ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਦੀ ਛਪਾਈ ਲਈ ਮਹਾਰਾਜਾ ਫ਼ਰੀਦਕੋਟ ਰਾਜਾ ਬ੍ਰਿਜਇੰਦਰ ਸਿੰਘ ਨੇ ਜ਼ਿੰਮੇਵਾਰੀ ਲਈ ਸੀ ਪਰ ਮਹਾਰਾਜਾ ਪਹਿਲਾਂ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਮਹਾਰਾਜਾ ਰਿਪੁਦਮਨ ਦੇ ਨਾਭਾ ਦੀ ਗੱਦੀ ਤੋਂ ਲਹਿ ਜਾਣ ਕਾਰਨ ਨਾਭਾ ਸਰਕਾਰ ਨੇ ਵੀ ਸਹਾਇਤਾ ਦੇਣ ਤੋਂ ਇਨਕਾਰ ਕਰ ਦਿੱਤਾ। ਫੇਰ ਸਾਰੇ ਯਤਨਾਂ ਪਿਛੋਂ ਇਸ ਮਹਾਨ ਕੋਸ਼ ਨੂੰ ਛਾਪਣ ਮਹਾਰਜਾ ਭੁਪਿੰਦਰ ਸਿੰਘ ਪਟਿਆਲਾ ਨੇ ਇਕਵੰਜਾ ਹਜ਼ਾਰ ਦੇਣਾ ਪ੍ਰਵਾਨ ਕੀਤਾ। ਅਕਤੂਬਰ 1927 ਵਿੱਚ ਅੰਮ੍ਰਿਤਸਰ ਦੀ ਇਕ ਪ੍ਰੈੱਸ ਤੋਂ ਇਹ ” ਮਹਾਨ ਕੋਸ਼ ” ਛਪਣਾ ਸ਼ੁਰੂ ਹੋਇਆ ਅਤੇ ਅਪ੍ਰੈਲ 1930 ਵਿੱਚ ਇਹ ਕਾਰਜ ਮੁਕੰਮਲ ਹੋਇਆ। ਇਸ ਤੋਂ ਪਿਛੋਂ 3335 ਪੰਨਿਆਂ ਦੇ ਇਸ ਕੋਸ਼ ਨੂੰ ਚਾਰ ਜਿਲਦਾਂ ਵਿੱਚ ਤਿਆਰ ਕੀਤਾ ਗਿਆ ਅਤੇ ਇਸ ਦੀ ਕੀਮਤ 110 ਰੁਪਏ ਰੱਖੀ ਗਈ। ਇਸ ਉਪਰੰਤ 30 ਸਾਲ ਬਾਅਦ 1960 ਵਿੱਚ ਇੱਕੋ ਜਿਲਦ ’ਚ ਭਾਸ਼ਾ ਵਿਭਾਗ ਪੰਜਾਬ ਨੇ ਇਸ ਨੂੰ ਮੁੜ ਛਾਪਿਆ ਅਤੇ 3335 ਪੰਨਿਆਂ ਨੂੰ 835 ਪੰਨਿਆਂ ਵਿਚ ਸਮੁੱਚੇ ਮੈਟ੍ਰਿਕ ਨੂੰ ਸਮੋ ਦਿੱਤਾ ਅਤੇ ਇਸ ਤੋਂ ਬਿਨਾਂ ਭਾਈ ਸਾਹਿਬ ਵਲੋਂ ਕੀਤੇ ਨਵੇਂ ਵਾਧੇ ਦੇ 90 ਪੰਨੇ ਹੋਰ ਜੋੜ ਦਿੱਤੇ ਗਏ। ਇਸ ਨਵੇਂ ਛਪੇ ਮਹਾਕੋਸ਼ ’ਚ 21 ਪੰਨਿਆਂ ਦੀ ਆਰੰਭਲ ਸਮੱਗਰੀ ਸ਼ਾਮਿਲ ਕਰਨ ਤੋਂ ਇਲਾਵਾ ਲਗਭਗ ਛੇ ਦਰਜਨ ਤਸਵੀਰਾਂ ਅਤੇ ਪੁਰਾਤਨ ਨਕਸ਼ੇ ਵੀ ਛਾਪੇ ਗਏ। ਇਸ ਦੀ ਕੀਮਤ ਵੀ ਕੇਵਲ 42 ਰੁਪਏ ਰੱਖੀ ਗਈ। ਇਸ ਤੋਂ ਪਿੱਛੋਂ ਇਸਦੇ ਕਈ ਸੰਸਕਰਨ ਛਪ ਚੁਕੇ ਹਨ। ਨੈਸ਼ਨਲ ਬੁੱਕ ਸ਼ਾਪ ਦਿੱਲੀ ਨੇ ਵੀ ਇਸ ਨੂੰ ਪ੍ਰਕਾਸ਼ਿਤ ਕੀਤਾ ਹੈ।

ਇਸ ਮਹਾਨ ਵਿਦਵਾਨ ਦੀ ਇਸ ਖੋਜ ਭਰਪੂਰ ਰਚਨਾ ‘ਮਹਾਨ ਕੋਸ਼’ ਨੂੰ ਅੱਜ ਤੱਕ ਅਧਿਕਾਰਤ ਰਚਨ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ ਕਿਉਂਕਿ ਸਿੱਖ ਧਰਮ, ਸਾਹਿਤ, ਇਤਿਹਾਸ ਵਿੱਚ ਕੌਮ ਦੀਆਂ ਰੀਤੀ-ਰਿਵਾਜਾਂ, ਸੱਭਿਆਚਾਰਕ ਦੇਣ ਸਬੰਧੀ ਇਸ ਤੋਂ ਪਹਿਲਾਂ ਕੋਈ ਵੀ ਇਨਸਾਈਕਲੋਪੀਡੀਆ ਨਹੀਂ ਸੀ



ਮਿਲਦਾ ਪਰ ਇਸ ਮਹਾਨ ਰਚਨਾ ਨੂੰ ਅਜੋਕੇ ਸਮੇਂ ਮੁਤਾਬਿਕ ਵਾਪਰੀਆਂ ਇਤਿਹਾਸਕ ਘਟਨਾਵਾਂ ਅਤੇ ਕੌਮੀ ਦੁਖਾਂਤਾ ਨੂੰ ਮੁੜ ਸ਼ਾਮਿਲ ਕਰਕੇ ਛਾਪਣ ਅਤੇ ਸਮੇਂ ਦੇ ਹਾਣ ਦਾ ਬਨਾਉਣ ਦੇ ਯਤਨਾਂ ਦੀ ਲੋੜ ਹੈ। ਭਾਈ ਕਾਨ੍ਹ ਸਿੰਘ ਨਾਭਾ ਦੀਆਂ ਹੋਰ ਮਹੱਤਵਪੂਰਨ ਰਚਨਾਵਾਂ ਵਿੱਚ ’ ਗੁਰਮਤਿ ਪ੍ਰਭਾਕਰ “ਗੁਰਮਤਿ ਸੁਧਾਕਰ” ਗੁਰਛੰਦ ਦਿਵਾਕਰ ‘ਗੁਰ ਸ਼ਬਦ ਅਲੰਕਾਰ, ਚੰਡੀ ਦੀ ਵਾਰ ਸਟੀਕ,’ ਗੁਰਮਤਿ ਮਾਰਤੰਡ ’ਸ਼੍ਰੀ ਗੁਰੂ ਮਹਿਮਾ ਰਚਨਾਵਲੀ ਵੀ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ਉਪਰ ਰੌਸ਼ਨੀਆਂ ਪਾਉਂਦੀਆਂ ਹਨ। ਇਸ ਤੋਂ ਇਲਾਵਾ ਡਾ. ਰਛਪਾਲ ਕੌਰ ਨੇ 1983 ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦੇ ਅਪ੍ਰਕਾਸ਼ਿਤ ਸਫ਼ਰਨਾਮੇ ਵੀ ਪੁਸਤਕ ਰੂਪ ਵਿੱਚ ਪਾਠਕਾਂ ਦੇ ਸਨਮੁੱਖ ਪੇਸ਼ ਕਰਕੇ ਨਿੱਗਰ ਯੋਗਦਾਨ ਪਾਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੂੰ ਚੀਫ ਖਾਲਸਾ ਦੀਵਾਨ ਵਲੋਂ 21ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਦੀ ਪ੍ਰਧਾਨਗੀ ਵੀ ਸੌਂਪੀ ਗਈ ਸੀ। 1932 ਈ. ਵਿੱਚ ਹਿੰਦੋਸਤਾਨ ਦੀ ਬਰਤਾਨਵੀ ਸਰਕਾਰ ਵਲੋਂ ਭਾਈ ਕਾਨ੍ਹ ਸਿੰਘ ਨਾਭਾ ਸਰਦਾਰ ਬਹਾਦਰ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਸਿੱਖ ਕੌਮ ਦਾ ਇਹ ਨਾਮਵਰ ਸ਼੍ਰੋਮਣੀ 23 ਨਵੰਬਰ 1938 ਈ. ਨੂੰ ਨਾਭਾ ਵਿਖੇ ਸਾਨੂੰ ਸਦੀਵੀਂ ਵਿਛੋੜਾ ਦੇ ਗਿਆ। ਭਾਈ ਸਾਹਿਬ ਸਿੱਖ ਸਾਹਿਤ, ਸਿੱਖ ਇਤਿਹਾਸ ਅਤੇ ਸੱਭਿਆਚਾਰ ਨੂੰ ਦਿੱਤੇ ਨਿੱਗਰ ਯੋਗਦਾਨ ਸਦਕਾ ਹਮੇਸ਼ਾ ਅਮਰ ਰਹਿਣਗੇ।


## ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ

## ਦੋ ਧਾਰਮਿਕ ਸੇਵਾਦਾਰਾਂ ਦੀ ਲੋੜ

ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਡਰਬੀ ਵਿਖੇ ਦੋ (ਧਾਰਮਿਕ ਸੇਵਾਦਾਰਾਂ) ਦੀ ਲੋੜ ਹੈ ਜੋ ਗੁਰੂ ਘਰ ਵਿਖੇ ਕੀਰਤਨ, ਆਸਾ ਦੀ ਵਾਰ ਦਾ ਅਤੇ ਹੋਰ ਬਾਣੀਆਂ ਦਾ ਕੀਰਤਨ ਕਰਨ ਦੇ ਮਾਹਿਰ ਹੋਣ।

ਵਾਜਾ ਤਬਲਾ ਜਾਣਦੇ ਹੋਣ। ਪ੍ਰਸ਼ਾਦਿ ਬਨਾਉਣ ਤੇ ਵੰਡਣ ਦੀ ਸੇਵਾ, ਚੌਰ ਸਾਹਿਬ ਦੀ ਸੇਵਾ, ਮੰਜੀ ਸਾਹਿਬਾਂ ਦੀ ਸੇਵਾ, ਗੁਰਦੁਆਰਾ ਸਾਹਿਬ ਖੋਲਣਾ ਤੇ ਬੰਦ ਕਰਨਾ ਉਹਨਾਂ ਦੀਆਂ ਸੇਵਾਵਾਂ ਵਿੱਚ ਸ਼ਾਮਿਲ ਹੈ। ਉਹ ਗੁਰਬਾਣੀ ਦੇ ਸ਼ੁੱਧ ਪਾਠੀ ਹੋਣ। ਉਹਨਾਂ ਪਾਸ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜਾਜ਼ਤ ਹੋਵੇ। ਵਧੀਆ ਤਨਖਾਹ ਕੰਮ ਅਤੇ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਤੇ ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਕੰਮ ਹਫ਼ਤੇ ਵਿੱਚ 34 ਘੰਟੇ ਹੋਵੇਗਾ।

ਸ਼ਰਤਾਂ :- ਤਬਲੇ ਦੇ ਮਾਹਿਰ ਹੋਣ। ਸੇਵਾਦਾਰ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ।

ਚਾਹਵਾਨ ਸੇਵਾਦਾਰ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰਨ ਜਾਂ ਦਿੱਤੇ ਪਤੇ ’ਤੇ 6 ਸਤੰਬਰ 2024 ਤੋਂ ਪਹਿਲਾਂ ਅਰਜ਼ੀਆਂ ਭੇਜਣ ਦੀ ਕ੍ਰਿਪਾਲਤਾ ਕਰਨ।

ਜਨਰਲ ਸੈਕਟਰੀ : ਲਹਿੰਬਰ ਸਿੰਘ – 07846 776698

## 2 VACANCIES FOR RELIGIOUS WORKERS AT GADG DERBY U.K.

**Two Religious workers urgently required at Guru Arjan Dev Gurdwara Derby, UK.**

**Duties:** Singing holy hyms from Holy Guru Granth Sahib Ji, Assa Di Vaar and other Sikh bani Kirtan with instruments, Playing Drums/Tabla. Cook & Distribute Holy Sweet - Doing Chaur Sahib - Look after Manji Sahibs before going to homes, Opening and closing Gurdwara Sahib.

**Location:** Derby.

**Duration & Remuneration:** Attractive Salary will be according to UK employment Law. Boarding and Lodging will be provided. Work 34 hours per week.

**Requirenments:** Vast Knowledge of Gurmat and Harmonium. Must Write, read and speak Punjabi. Must have sufficient experience in Harmonium teaching. Clean character certificate required from previous employer. Sevadaar must be Amritdhari. Must have right to work in U.K.

Please apply with cv's to Email:admin@gadgderby.co.uk

**General Secretary** Mr. Lehmber Singh - **07846 776698**

**Closing date - 6th September, 2024**

## GURU ARJAN DEV GURDWARA SAHIB

**Stanhope Street, Derby, DE23 6QJ, U.K.**

**Tel: 01332 776872 / 01332 270644**

# ਵਾਹ ਨਦੀਮ ! ਵਾਹ ਨੀਰਜ ! ਧੰਨ ਨੇ ਤੁਹਾਡੀਆਂ ਮਾਵਾਂ !

ਪ੍ਰਿੰ. ਸਰਵਣ ਸਿੰਘ








ਪੈਰਿਸ ਦੀਆਂ ਓਲੰਪਿਕ ਖੇਡਾਂ 'ਚੋਂ ਜਿਥੇ ਬੀਬੀ ਵਿਨੇਸ਼ ਫੋਗਟ ਹੱਥੋਂ ਕਿਸੇ ਸਾਜ਼ਿਸ਼ੀ ਛੜਯੰਤਰ ਕਰਕੇ ਗੋਲਡ ਮੈਡਲ ਖੁੱਸ ਜਾਣ ਦੀਆਂ ਦਰਦ ਭਰੀਆਂ ਖ਼ਬਰਾਂ ਆਈਆਂ ਉਥੇ ਨਦੀਮ, ਨੀਰਜ ਤੇ ਉਨ੍ਹਾਂ ਦੀਆਂ ਮਾਵਾਂ ਨੇ ਆਪਸੀ ਮੋਹ ਪਿਆਰ ਦੀਆਂ ਬਾਤਾਂ ਪਾਈਆਂ। ਹਿੰਦ-ਪਾਕਿ ਦੀ ਦੋਸਤੀ ਵਧਾਉਣ ਵਾਲੇ ਤੇ ਇਕ ਦੂਜੇ ਦੇ ਗਲੇ ਮਿਲਣਵਾਲੇ ਪਿਆਰੇ ਬੋਲ ਬੋਲੇ। ਜੈਵਲਿਨ ਸੁੱਟਣ 'ਚ ਅੱਵਲ ਆਉਣ ਵਾਲੇ ਪਾਕਿ ਪੰਜਾਬ ਦੇ ਲੰਮੇ ਝੰਮੇ ਜੁਆਨ ਅਰਸ਼ਦ ਨਦੀਮ ਤੇ ਦੋਮ ਆਉਣ ਵਾਲੇ ਸੋਹਣੇ ਸੁਣੱਖੇ ਹਰਿਆਣਵੀ ਗਭਰੂ ਨੀਰਜ ਕੁਮਾਰ ਨੇ ਇਕ ਦੂਜੇ ਨੂੰ ਦਿਲੋਂ ਮੁਬਾਰਕਾਂ ਦਿੱਤੀਆਂ। ਦੋਸਤਾਨਾਂ ਜੱਫੀਆਂ ਪਾਈਆਂ ਤੇ ਇੱਕ ਦੂਜੇ ਨੂੰ ਹੋਰ ਅੱਗੇ ਵਧਣ ਦੀਆਂ ਸ਼ੁਭ ਇਛਾਵਾਂ ਸਾਂਝੀਆਂ ਕੀਤੀਆਂ। ਅੱਗੋਂ ਉਨ੍ਹਾਂ ਦੀਆਂ ਮਾਵਾਂ ਨੇ ਤਾਂ ਮੋਹ ਪਿਆਰ ਦੇ ਬੋਲਾਂ ਦੀ ਹੱਦ ਹੀ ਮੁਕਾ ਦਿੱਤੀ!

ਪਾਨੀਪਤ ਲਾਗਿਓਂ ਨੀਰਜ ਦੀ ਮਾਂ ਬੀਬੀ ਸਰੋਜ ਦੇਵੀ ਨੇ ਕਿਹਾ, ਕੀ ਹੋਇਆ ਜੇ ਐਤਕੀਂ ਮੇਰਾ ਪੁੱਤਰ ਨੀਰਜ ਗੋਲਡ ਮੈਡਲ ਦੀ ਥਾਂ ਚਾਂਦੀ ਦਾ ਮੈਡਲ ਹੀ ਜਿੱਤ ਸਕਿਆ ਤੇ ਉਹਦਾ ਪਾਕਿਸਤਾਨੀ ਦੋਸਤ ਨਦੀਮ ਗੋਲਡ ਮੈਡਲ ਜਿੱਤ ਗਿਆ। ਨਦੀਮ ਵੀ ਤਾਂ ਮੇਰਾ ਪੁੱਤਰ ਈ ਐ! ਉਹਨੇ ਕਿਹੜਾ ਘੱਟ ਮਿਹਨਤ ਕੀਤੀ ਸੀ। ਭਗਵਾਨ ਦੋਹਾਂ ਨੂੰ ਭਾਗ ਲਾਵੇ! ਜਦੋਂ ਕਦੇ ਮੇਲ ਹੋਇਆ ਤਾਂ ਮੈਂ ਦੋਹਾਂ ਪੁੱਤਰਾਂ ਨੂੰ ਆਪਣੇ ਹੱਥੀਂ ਚੂਰਮਾ ਖੁਆਵਾਂਗੀ।

ਸਰਹੱਦ ਦੇ ਦੂਜੇ ਬੰਨੇ ਲਹਿੰਦੇ ਪੰਜਾਬ ਦੇ ਕਸਬੇ ਮੀਆਂ ਚੰਨੂੰ ਰਹਿੰਦੀ ਨਦੀਮ ਦੀ ਮਾਂ ਬੀਬੀ ਰਜ਼ੀਆ ਪਰਵੀਨ ਨੇ ਕਿਹਾ, ਮੇਰੇ ਨਦੀਮ ਵਾਂਗ ਉਹਦਾ ਦੋਸਤ ਨੀਰਜ ਵੀ ਮੇਰਾ ਪੁੱਤਰ ਈ ਏ। ਦੋਵੇਂ ਵੱਡੀਆਂ ਉਮਰਾਂ ਵਾਲੇ ਹੋਣ। ਦੋਹਾਂ ਨੂੰ ਭਾਗ ਲੱਗੇ ਰਹਿਣ। ਅੱਲਾ ਦੋਹਾਂ ਪੁੱਤਰਾਂ 'ਤੇ ਮਿਹਰ ਦਾ ਹੱਥ ਰੱਖੇ।

ਇਹ ਹੈ ਓਲੰਪਿਕ ਖੇਡਾਂ ਦੀ ਅਸਲੀ ਭਾਵਨਾ।

ਜਦੋਂ ਯੂਨਾਨ ਵਿੱਚ ਪੁਰਾਤਨ ਓਲੰਪਿਕ ਖੇਡਾਂ ਹੁੰਦੀਆਂ ਸਨ ਤਾਂ ਖੇਡਾਂ ਦੇ ਦਿਨੀਂ ਲੜਾਈਆਂ ਬੰਦ ਹੋ ਜਾਂਦੀਆਂ ਸਨ। ਪਰ ਅਜੋਕੇ ਦੌਰ ਵਿੱਚ ਅਸੀਂ ਵੇਖਦੇ ਹਾਂ ਕਿ ਨਫਰਤਾਂ ਦੇ ਬੀਜ ਬੀਜਣ ਵਾਲੇ ਮੌਕਾਪ੍ਰਸਤ ਸਿਆਸਤਦਾਨਾਂ ਨੇ ਖੇਡਾਂ ਦਾ ਪਿੜ ਵੀ ਨਹੀਂ ਬਖ਼ਸ਼ਿਆ। ਜਦ ਕਦੇ ਕਿਸੇ ਖੇਡ ਦਾ ਹਿੰਦ-ਪਾਕਿ ਮੁਕਾਬਲਾ ਹੁੰਦਾ ਹੈ ਤਾਂ ਉਥੇ ਵੀ ਉਹ ਅਜਿਹਾ ਮਾਹੌਲ ਸਿਰਜ ਦਿੰਦੇ ਹਨ ਕਿ ਦੋਹਾਂ ਦੇਸ਼ਾਂ ਦੇ ਲੋਕ ਇਕ ਦੂਜੇ ਨੂੰ ਦੁਸ਼ਮਣ ਸਮਝਣ। ਉਹ ਆਮ ਲੋਕਾਂ ਨੂੰ ਆਪਣੇ ਗੁਆਂਢੀ ਮੁਲਕ ਵਿਰੁਧ ਭੜਕਾ ਕੇ ਆਪਣਾ ਉੱਲੂ ਸਿੱਧਾ ਕਰਦੇ ਰਹੇ ਹਨ। ਉਸ ਵਤੀਰੇ ਨਾਲ ਦੋਹਾਂ ਦੇਸ਼ਾਂ ਦਾ ਨੁਕਸਾਨ ਤਾਂ ਹੁੰਦਾ ਹੀ ਰਿਹੈ ਜਦ ਕਿ ਦੋਹਾਂ ਦੇਸ਼ਾਂ ਦੇ ਪੰਜਾਬਾਂ ਦਾ ਤਾਂ ਕੱਖ ਵੀ ਨਹੀਂ ਰਿਹਾ। ਸਰਹੱਦਾਂ ਏਨੀਆਂ ਪੱਕੀਆਂ ਕਰ ਦਿੱਤੀਆਂ ਹਨ ਕਿ ਆਪਸੀ ਮੇਲ ਗੇਲ ਦੀ ਥਾਂ ਵਣਜ ਵਪਾਰ ਦੇ ਰਾਹ ਵੀ ਬੰਦ ਕਰ ਦਿੱਤੇ ਹਨ। ਦੋਹਾਂ ਦੇਸ਼ਾਂ ਦੀਆਂ ਮੌਕਾਪ੍ਰਸਤ ਹਕੂਮਤਾਂ ਨੂੰ ਨਦੀਮ, ਨੀਰਜ ਤੇ ਉਨ੍ਹਾਂ ਦੀਆਂ ਮਾਵਾਂ ਦੇ ਦਿਲੋਂ ਨਿਕਲੇ ਬੋਲ ਗੌਰ ਨਾਲ ਵਿਚਾਰਨੇ ਚਾਹੀਦੇ ਹਨ। ਹਿੰਦ-ਪਾਕਿ ਦੇ ਆਮ ਲੋਕ ਆਪਸ ਵਿੱਚ ਨਫਰਤ ਦੀ ਥਾਂ ਪ੍ਰੇਮ ਪਿਆਰ ਲੋਚਦੇ ਹਨ।

ਪੰਜਾਬੀ ਹੁਣ ਪੰਜ ਦਰਿਆਵਾਂ ਦੀ ਧਰਤੀ ਤਕ ਹੀ ਸੀਮਤ ਨਹੀਂ ਰਹੇ। ਐਸੇ ਸੌ ਤੋਂ ਵੱਧ ਮੁਲਕ ਹਨ ਜਿਨ੍ਹਾਂ ਵਿਚ ਥੋੜ੍ਹੇ ਬਹੁਤੇ ਪੰਜਾਬੀ ਵੀ ਵਸਦੇ ਹਨ। ਪੰਜਾਬੀਆਂ ਦਾ ਹੁਣ ਗਲੋਬਲ ਵਾਸਾ ਹੋ ਗਿਆ ਹੈ ਤੇ ਪੰਜਾਬੀ ਗਲੋਬਲ ਭਾਸ਼ਾ ਬਣ ਗਈ ਹੈ। ਪੰਜਾਬੀ ਜਿਥੇ ਗਏ ਹਨ ਉਥੇ ਆਪਣਾ ਸਭਿਆਚਾਰ ਵੀ ਲੈ ਗਏ ਹਨ। ਐਸੇ ਅਨੇਕਾਂ ਮੁਲਕ ਹਨ ਜਿਨ੍ਹਾਂ ਵਿਚ ਪੰਜਾਬੀ ਖੇਡ ਮੇਲੇ ਲੱਗਣ ਲੱਗੇ ਹਨ।

ਸਮੇਂ ਦੀ ਲੋੜ ਹੈ ਕਿ ਹਰ ਚਾਰ ਸਾਲਾਂ ਬਾਅਦ ਓਲੰਪਿਕ ਖੇਡਾਂ ਦੀ ਤਰਜ਼ 'ਤੇ 'ਵਿਸ਼ਵ ਪੰਜਾਬੀ ਖੇਡਾਂ ਹੋਣ। ਇਨ੍ਹਾਂ ਖੇਡਾਂ 'ਚ ਕੁਲ ਦੁਨੀਆ ਵਿਚ ਵਸਦੇ ਪੰਜਾਬੀ ਮੂਲ ਦੇ ਖਿਡਾਰੀ ਭਾਗ ਲੈਣ। ਮਜ਼੍ਹਬਾਂ ਤੇ ਮੁਲਕਾਂ ਦਾ ਕੋਈ ਵਿਤਕਰਾ ਨਾ ਹੋਵੇ। ਉਹ ਖੇਡਾਂ ਪੰਜਾਬੀ ਸਭਿਆਚਾਰ ਨਾਲ ਓਤ ਪੋਤ ਹੋਣ ਤੇ ਉਨ੍ਹਾਂ ਵਿਚ ਪੰਜਾਬ ਦੀਆਂ ਦੇਸੀ ਖੇਡਾਂ ਵੀ ਸ਼ਾਮਲ ਕੀਤੀਆਂ ਜਾਣ ਜਿਵੇਂ ਕਬੱਡੀ, ਕੁਸ਼ਤੀ, ਰੱਸਾਕਸ਼ੀ, ਗਤਕਾ ਤੇ ਨੇਜ਼ਾਬਾਜ਼ੀ ਆਦਿ। ਓਲੰਪਿਕ ਖੇਡਾਂ ਵਾਲੀਆਂ ਆਧੁਨਿਕ ਖੇਡਾਂ ਵੀ ਸ਼ਾਮਲ ਹੋਣ। ਵੱਖ ਵੱਖ ਮੁਲਕਾਂ ਵਿੱਚ ਵੱਸਦੇ ਪੰਜਾਬੀ ਆਪੋ ਆਪਣੇ ਮੁਲਕਾਂ ਵੱਲੋਂ ਜਾਂ ਆਜ਼ਾਦ ਤੌਰ 'ਤੇ ਖੇਡਾਂ ਵਿਚ ਭਾਗ ਲੈ ਸਕਣ। ਇਉਂ ਪੰਜਾਬੀਅਤ ਦਾ ਜਜ਼ਬਾ ਪ੍ਰਫੁੱਲਤ ਹੋਣ ਨਾਲ ਸੌੜੀਆਂ ਫਿਰਕੂ ਸੋਚਾਂ ਨੂੰ ਢਾਹ ਲੱਗੇਗੀ।

ਚੜ੍ਹਦੇ ਤੇ ਲਹਿੰਦੇ ਪੰਜਾਬਾਂ ਦੀ ਬਦਕਿਸਮਤੀ ਹੈ ਕਿ ਇੰਡੋ-ਪਾਕਿ ਖੇਡ ਮੇਲੇ ਲਗਾਤਾਰ ਨਹੀਂ ਲੱਗ ਸਕੇ। ਕਸ਼ਮੀਰ ਦੇ ਰੇੜਕੇ ਨੇ ਗੁਆਂਢੀ ਮੁਲਕਾਂ ਦੇ ਗੁਆਂਢਪੁਣੇ ਨੂੰ ਦੁਸ਼ਮਣੀ ਵਿੱਚ ਬਦਲੀ ਰੱਖਿਆ ਹੈ। ਪਹਿਲਾਂ ਪੰਜਾਬ ਤੇ ਬੰਗਾਲ ਨੂੰ ਨਰਕ ਬਣਾਇਆ ਤੇ ਫਿਰ ਕਸ਼ਮੀਰ ਨੂੰ ਜਹੰਨਮ ਬਣਾ ਦਿੱਤਾ। ਦੋਹਾਂ ਪੰਜਾਬਾਂ ਦੀ ਤਰੱਕੀ ਦੇ ਰਾਹ 'ਚ ਵੱਡੀ ਰੁਕਾਵਟ ਇਹੋ ਹੈ ਕਿ ਦੋਹੇਂ ਭਾਰਤ-ਪਾਕਿ ਬਾਰਡਰ ਉਤੇ ਹਨ ਜਿਥੇ ਲੜਾਈ ਛੇੜ ਦੇਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਲੜਾਈ ਦੀ ਬਹੁਤੀ ਮਾਰ ਬਾਰਡਰ ਵਾਲਿਆਂ ਨੂੰ ਹੀ ਪੈਂਦੀ ਹੈ। ਕਸ਼ਮੀਰ ਦੇ ਨਾਂ ਉਤੇ ਜਿਹੜੀ ਵੀ ਲੜਾਈ ਲੱਗਦੀ ਹੈ ਉਹਦਾ ਬਹੁਤਾ ਸੇਕ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੂੰ ਲੱਗਦਾ ਹੈ। ਪੰਜਾਬ ਵਿੱਚ ਵੱਡੀ ਇੰਡਸਟਰੀ ਇਸੇ ਬਹਾਨੇ ਨਹੀਂ ਲਾਈ ਜਾਂਦੀ ਕਿ ਪੰਜਾਬ ਤੋਪਾਂ ਤੇ ਡਰੋਨਾਂ ਦੀ ਮਾਰ ਹੇਠ ਹੈ। ਹੋਰ ਤਾਂ ਹੋਰ ਪੰਜਾਬ ਦੇ ਹਵਾਈ ਮੁਸਾਫ਼ਰਾਂ ਲਈ ਅੰਮ੍ਰਿਤਸਰ ਦਾ ਹਵਾਈ ਅੱਡਾ ਵੀ ਓਡਾ ਵੱਡਾ ਕੌਮਾਂਤਰੀ ਅੱਡਾ ਨਹੀਂ ਬਣਾਇਆ ਗਿਆ ਜਿੱਡੇ ਦੀ ਲੋੜ ਸੀ। ਇਸੇ ਕਰਕੇ ਲੱਖਾਂ ਪੰਜਾਬੀ ਮੁਸਾਫ਼ਿਰ ਦਿੱਲੀ ਦੇ ਧੱਕੇ ਖਾਣ ਲਈ ਮਜਬੂਰ ਹਨ।

ਅਮਨ ਅਮਾਨ ਰਹੇ ਤਾਂ ਸਮੁੰਦਰੀ ਬੰਦਰਗਾਹਾਂ ਦੀ ਥਾਂ ਖੁਸ਼ਕ ਸਰਹੱਦਾਂ ਦੇ ਸ਼ਹਿਰ ਸਗੋਂ ਵਧੇਰੇ ਵਿਕਾਸ ਕਰਨ। ਇੰਜ ਆਪਸੀ ਵਪਾਰ ਵਧ ਫੁੱਲ ਸਕਦੈ। ਅੰਮ੍ਰਿਤਸਰ ਤੇ ਲਾਹੌਰ, ਫਿਰੋਜ਼ਪੁਰ ਤੇ ਕਸੂਰ, ਫਾਜ਼ਿਲਕਾ ਤੇ ਮੁਲਤਾਨ ਸੜਕੀ ਢੋਆ ਢੁਆਈ ਨਾਲ ਵਪਾਰ ਦੇ ਵੱਡੇ ਕੇਂਦਰ ਬਣ ਸਕਦੇ ਹਨ। ਪੰਜਾਬ ਦੀ ਵੰਡ ਨਾ ਹੁੰਦੀ ਤਾਂ ਏਸ਼ੀਆ ਦੀ ਸਭ ਤੋਂ ਵੱਡੀ ਉੱਨ ਮੰਡੀ ਫਾਜ਼ਿਲਕਾ ਤੋਂ ਹੈੱਡ ਸੁਲੇਮਾਨਕੀ ਨਾਲ ਜਾ ਲੱਗਣੀ ਸੀ ਤੇ ਕਰਤਾਰਪੁਰ ਸਾਹਿਬ ਡੇਰਾ ਬਾਬਾ ਨਾਨਕ ਨਾਲ ਆ ਲੱਗਣਾ ਸੀ। ਹੁਣ ਵੀ ਬੀਤ ਗਏ 'ਤੇ ਝੁਰਨ ਦੀ ਥਾਂ ਉਹਤੋਂ ਸਬਕ ਸਿੱਖਣ ਦੀ ਲੋੜ ਹੈ।

ਪਿਛਲੇ ਵਰ੍ਹਿਆਂ ਵਿਚ ਕੌਮਾਂਤਰੀ ਪੱਧਰ 'ਤੇ ਐਸੀਆਂ ਘਟਨਾਵਾਂ ਘਟੀਆਂ ਨੇ ਜਿਨ੍ਹਾਂ ਕਰਕੇ ਚਿਰੀਂ ਵਿਛੜੇਵਤਨੀਆਂ ਦੇ ਮੇਲ ਹੋਏ ਹਨ। ਜਰਮਨਾਂ ਨੇ ਜਰਮਨ ਭਾਈਚਾਰੇ ਨੂੰ ਵੰਡਦੀ ਬਰਲਿਨ ਦੀ ਦੀਵਾਰ ਢਾਹ ਘੱਤੀ ਹੈ। ਵੀਅਤਨਾਮੀਏ ਵਿਛੜ ਕੇ ਇਕ ਹੋਏ ਸਨ। ਦੱਖਣੀ ਤੇ ਉੱਤਰੀ ਕੋਰੀਆ ਦੇ ਲੋਕ ਬਾਹਾਂ ਅੱਡ ਕੇ ਇਕ ਦੂਜੇ ਵੱਲ ਵਧੇ ਹਨ। ਪੰਜਾਬੀਆਂ ਦੇ ਕਾਫ਼ਲੇ ਵੀ ਧਾਅ ਕੇ ਇਕ ਦੂਜੇ ਨੂੰ ਮਿਲਣ ਲਈ ਉਮਡ ਪੈਣ ਤਾਂ ਕੋਈ ਵਜ੍ਹਾ ਨਹੀਂ ਕਿ ਚਤਰ ਚਲਾਕ ਸਿਆਸਤਦਾਨ ਹਮੇਸ਼ਾਂ ਲਈ ਉਨ੍ਹਾਂ ਦੇ ਰਾਹ ਰੋਕੀ ਰੱਖਣ। ਲੜਾਈਆਂ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀਆਂ। ਖੇਡਾਂ ਨੂੰ ਐਵੇਂ ਨਹੀਂ ਲੜਾਈਆਂ ਦਾ ਬਦਲ ਕਿਹਾ ਜਾਂਦਾ। ਓਲੰਪਿਕ ਖੇਡਾਂ ਦੇ ਬਾਨੀ ਬੈਰਨ ਦਿ ਕੂਬਰਤਿਨ ਨੇ ਕਿਹਾ ਸੀ ਕਿ ਖਿਡਾਰੀਆਂ ਨੂੰ ਇਕ ਦੂਜੇ ਦੇ ਦੇਸ਼ ਭੇਜਣਾ ਸਭ ਤੋਂ ਸੱਚਾ ਤੇ ਸੁੱਚਾ ਵਪਾਰ ਹੈ। ਭਾਰਤ ਤੇ ਪਾਕਿਸਤਾਨ ਦੇ ਕੁਝ ਹੁੱਜਤੀ ਹਾਕਮਾਂ ਨੇ ਦੋਹਾਂ ਮੁਲਕਾਂ ਨੂੰ ਲੜਾ ਕੇ, ਨਫਰਤ ਫੈਲਾਅ ਕੇ ਬਥੇਰਾ ਨੁਕਸਾਨ ਕਰਵਾ ਲਿਆ ਹੈ। ਹੁਣ ਅਮਨ ਅਮਾਨ ਨਾਲ ਵਸ ਕੇ ਵੇਖਣ ਕਿ ਹਿੰਦ-ਮਹਾਂਦੀਪ ਮੁੜ ਸੋਨੇ ਦੀ ਚਿੜੀ ਕਿਵੇਂ ਬਣਦਾ ਹੈ?

*principalsarwansingh@gmail.com*

**TAIL PIECE**


**Dalip Singh Wasan, Advocate**
Email: dalipsinghwassan@yahoo.co.in

## Both President and Prime Minister of India talk of Growth and Development

Happy Independence Day to People of India because on this Day both President and Prime Minister of India declared that India is maintaining growth rate and is going ahead in development reaching its targets by 2047. These declarations are based on government records and must be accepted. And all these achievements are based because we could maintain peace and planned growth. Much had been done by the British who had made India one, initiated growth and development and we can note that they gave us written law, well established administration, police, army wings, judiciary Police andjudiciary. Roads, telecom, canals, bridges, transport, schools, colleges, training institutions, universities were established and human resourses could be established matching sciene and technology. All these corporate houses too were established during their tenure and we adopted all on Independence and continued our growth on planned manner. Today we are sufficient on all fronts and even we have intered International Market and our goods and products are sold in all the countries and are appreciated.There had been some riots and even terrorists activities, but those too are not created by the people, but by the politicial groups just for votes. The people had been living jointly even during periods of Mughals and remained joint even in British Rule period. There had been no riots and terrorism during these two periods. These two items are bad and we just waste our energy on futile exercises. Our Constitution talks of Secularism and no discrimination on the basis of religions and we must follow Secularism and live peasefully. Our country is Rich because of natural resourcdes and ensure that dreams of our President and our Prime minister must be fulfilled within prescribed period.

## Members in the Parliament must concentrate on the Bill independently

As far as our Constitution is concerned, Parliament is Supreme and all others are just office holders and authorities under the Constitution. Each member though nominated by contesting groups, but when after elections he takes outh of Constitution he attains the status of Representative of the people and is here in the Parliament as per his own Conscience, Wisdom, Eill and discretion and must keep in mind welfare of the people who have elected him as their Representative. The practice adopted here in India voilates this basic principle of democracy. Members are not here as Darbaaries of Mughals and apreciate all actions of the Monarch. This whip system too violates the concept of independende of the members. The present system of seating members into two groups supporters and opposition too must go and all the members must be seated with equal status and must be independent to come out with their own independent conscience, wisdom, will and discretion and this system must continue even in voting on the Bill, Project, Scheme and the Policy.



The majority should form the governemnt which is an authority, but Supermacy of teh Parliament must be maintained and authorities under the Constitution should not turn Parliament.

And the members who come in Parliament through votes of the people must keep in mind the welfare of the people and must work as per their own independent conscience, wisdom, will and keep in mind welfare of the people.

The people could create the situations and when they did not give absolute majority, they want that all members are equal and must work as per their own conscience, wisdom, will and discretion and each one must keep in mind the oath which he has signed.

Mr. Rahul Gandhi from the so-called oppositions declared that he shall come with a Bill on MSP of food grains, the members must decide their positions and after taking part in discussion effectively, must vote as per their own conscience, will, wisdom, and discretion. And even Bill, Projects, Schemes and Pllicies coming from the side of government too must be considered and are passed without any discrimination.

## Prime Minister Narendar Modi again talks on One Nation One Elections



Our Prime Minister Shri Narendar Modi and his par5ty people BJP often talk on One Nation One Elections even after results of present Parliament Elections, they are still having the same target in their minds. And the people of India are not raising any objections on this demand. Our democracy is based on Elections and as per provisions in our Consrtitution, we elect our Representatives to sit in Parliament and deciede our fate. Our Parliament is the biggest in the world and all areas of the country are represented in the Parliament. And when all areas are covered, there is no need of establishing state level legislative assemblies. We have one army with its wings, almost one judiciary, one administrative system, one educcation, one medical system and one type of police and criminal laws, and even we could introduce one income tax system and sales tax system, we can abolish these state level legislative assemblies too.

The state level legislative assemblies had been established by the British as per provisions of Constitution they had framed, but after independence, there was no need of these institutions because often threats are created raising discriminations. Number of politicians too has raised and often small political parties even based on religions are established threatening unity and integrity of India.

This time Congress party could collect all oppositions into9 one INDIa and could come out as a big opposition and even the winners could not get absolute majority.

When we have one Nation and sets of laws too are one, division of country into administrative units could run the country. Parliament which is repreenting all the areas ust be the only highest legislative house and control the country. Time has come when we should abolish state legislative assemblies and this target of one Nation One Elections could be achieved. We had the Parliament and let us abolish all legislative assembluies. The people too shall be relieved of this big burden on maintaining state legislative houses.

**ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਡਡਲੀ ਵਿਖੇ**

**ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਤੁਰੰਤ ਲੋੜ**

**1 VACANCY- JOB TITLE: RELIGIOUS WORKER - TIER-5 - FULL TIME**

**Duration:** Contract (1 Year)

To carry out the non-pastoral duties and to assist the Minister of Religion and to meet the service needs of Sikh Community.

**Duties & Responsibilities:** Performing Kirtan and Kitchen Sewa.

* Be honest, reliable, collect, manage and ensure administration of Ardas money.
* Must pay the highest respect to the guru Maharaj Ji, as well as public (Guru Ki Sadh Sangat) is essential: be present in Main hall Saturday / Sunday until the Diwan Samapthy, unless you are required/agreed viaTemple elswhere on duty.
* Undertake any other reasonable duties/activities in pursuing the Organization's religious programmes.
* On occassions the candidate maybe required to carry out Kirtan for family functions at the homes of the devotees.
* Benefits include full board and lodges.

**Salary:** National Minimum Wage for 23 hours a week.

**Personal Specifications:**

**The post holder will need to display the following:**

1. Previous experience holding a similar role is essential.
2. Knowledge and understanding of the Sikh Religion and Guru Granth Sahib.
3. Strong motivation and empathy towards the aims and objectives of the organisation.
4. Strong organisational skills.
5. Good communication and interpersonal skills.
6. Ability to work off own initiative as well as within a team.
7. Willingness to work unsocial hoiurs.
8. Knowledge of musical instruments vastly used in Sikh Faith.

**Other details:** Applicants must be able to demonstrate that they are legally entitled to work in the U.K. and where applicable, must provide original proof of their work right and legal status in the United Kingdom. The Temple committee reserve the rights to make official enquiries to make checks against any documents provided.

**Apply/Contact via Phone 01384 238936, or email: sdevsingh56@googlemail.com**
**Closing date: 15th September 2024**

**GURDWARA GURU TEG BAHADHUR SAHIB DUDLEY**
**7 VICAR STREET, DUDLEY, WEST MIDLANDS, DY2 8RQ**

# ਅਕਾਲੀ ਸਿਆਸਤ ਦਾ ਸੁਧਾਰ? ਛੋਟਾ ਮੂੰਹ ਬੜੀ ਬਾਤ!

ਤਰਲੋਚਨ ਸਿੰਘ
ਦੁਪਾਲਪੁਰ, ਯੂ ਐਸ ਏ
ਸਾਬਕਾ ਸ਼੍ਰੋ: ਗੁ: ਪ੍ਰ: ਕਮੇਟੀ ਮੈਂਬਰ
Email : tsdupalpuri@yahoo.com



ਔਲ਼ਾ ਖਾਣ ਵਕਤ ਮੂੰਹ ਦਾ ਜ਼ਾਇਕਾ ਖੱਟਾ-ਕੌੜਾ ਜਿਹਾ ਹੋ ਜਾਂਦਾ ਐ ਤੇ ਇਵੇਂ ਹੀ ਸਿਆਣਿਆਂ ਵਲੋਂ ਕਹੀ ਗੱਲ ਮੌਕੇ ਮੁਤਾਬਕ ਤਾਂ ਅਤਿਕਥਨੀ ਜਾਪਦੀ ਹੁੰਦੀ ਹੈ ਪਰ ਜਿਵੇਂ ਔਲ਼ਾ ਖਾਣ ਬਾਅਦ ਮੂੰਹ ਵੀ ਸੁਆਦਲਾ ਹੋ ਜਾਂਦਾ ਤੇ ਗੱਲ ਕਹਿਣ ਵਾਲ਼ਾ ਸਿਆਣਾ ਵੀ ਯਾਦ ਆਉਣ ਲੱਗ ਪੈਂਦਾ ਹੈ। ਇਸੇ ਕਰਕੇ ਕਹਾਵਤ ਬਣੀ ਹੋਈ ਹੈ ਅਖੇ ਔਲ਼ੇ ਦਾ ਖਾਧਾ ਅਤੇ ਸਿਆਣੇ ਦਾ ਕਹਿਆ ਹੋਇਆ ਮਗਰੋਂ ਸੁਆਦ ਦਿੰਦੇ ਹਨ। ਸੰਨ 2002 ਦਾ ਸਤੰਬਰ ਮਹੀਨਾ ਚੜ੍ਹਦਿਆਂ ਹੀ ਆਉਂਦੇ ਨਵੰਬਰ ਮਹੀਨੇ ਵਾਲ਼ੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਹੋਣ ਵਾਲ਼ੀ ਸਾਲਾਨਾ ਚੋਣ ਲਈ, ਬਾਦਲ ਧੜੇ ਅਤੇ ਜਥੇਦਾਰ ਟੌਹੜਾ ਸਾਹਬ ਦੇ ਨਵਗਠਤ ਸਰਬ ਹਿੰਦ ਅਕਾਲੀ ਦਲ ਨੇ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ। ਪ੍ਰਕਾਸ਼ ਸਿੰਘ ਬਾਦਲ ਹੁਣਾ ਸਾਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਜਥੇਦਾਰ ਟੌਹੜਾ ਦੇ ਪ੍ਰਭਾਵ ਤੋਂ ਦੂਰ ਕਰਨ ਹਿਤ ਪਹਿਲਾਂ ਚੰਡੀਗੜ੍ਹ ਲਾਗਲੇ ਇਤਿਹਾਸਕ ਗੁਰਦੁਆਰਾ ਨਾਢਾ ਸਾਹਬ ਵਿਖੇ ਰੱਖਿਆ। ਫਿਰ ਕੈਪਟਨ ਅਮਰਿੰਦਰ ਸਿੰਘ, ਜੋ ਉਦੋਂ ਮੁੱਖ ਮੰਤਰੀ ਸਨ, ਦੇ ਸਰਕਾਰੀ ਡਰੋਂ ਮਨਪ੍ਰੀਤ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸਾਨੂੰ ਦੋ ਵੱਖ ਵੱਖ ਬੱਸਾਂ ਵਿਚ ਲੱਦ ਕੇ ਲੈ ਗਏ ਆਪਣੇ ਹਰਿਆਣੇ ਵਿਚਲੇ ਫਾਰਮ ਬਾਲਾ ਸਰ ਨੂੰ।

ਉੱਥੇ ਇਕੱਠੇ ਕੀਤੇ ਮੈਂਬਰਾਂ ਵਿਚੋਂ ਸਾਨੂੰ ਕੁੱਝ ਕੁ ਨੂੰ ਬਡੂੰਗਰ ਸਾਹਬ ਬਾਲਾ ਸਰ ਤੋਂ ਲੈ ਗਏ ਚੌਟਾਲਿਆਂ ਦੇ ਸਿਰਸੇ ਵਾਲ਼ੇ ਫਾਰਮ 'ਤੇ ਜਿੱਥੇ ਅੰਮ੍ਰਿਤਸਰ ਇਲਾਕੇ ਦੇ ਬਹੁਤੇ ਮਝੈਲ ਮੈਂਬਰ ਸਾਹਿਬਾਨ 'ਰੱਖੇ ਹੋਏ' ਸਨ। ਜਿਨ੍ਹਾਂ ਦਾ ਉੱਥੇ 'ਛਕਣ ਛਕਾਉਣ ਦਾ ਪੂਰਾ ਪ੍ਰਬੰਧ' ਚੌਟਾਲਿਆਂ ਵਲੋਂ ਹੀ ਕੀਤਾ ਹੋਇਆ ਸੀ! ਇੱਥੋਂ ਹੀ ਮੈਂ ਸਿਰਫ ਦੋ ਰਾਤਾਂ ਰਹਿਣ ਬਾਅਦ ਆਪਣੇ ਸਾਥੀ ਦੋ ਮੈਂਬਰ ਸਾਹਿਬਾਨ ਦੀ ਮੱਦਦ ਨਾਲ ਵੱਡੇ ਤੜਕੇ ਬਗਾਵਤ ਕਰ ਆਇਆ ਸਾਂ।

ਜਦੋਂ ਵੀ ਕਿਤੇ ਕਿਸੇ ਮੌਕੇ ਮੇਰਾ ਇਹ 'ਬਗਾਵਤੀ ਕਿੱਸਾ' ਛਿੜਦਾ ਹੈ ਤਾਂ ਮੈਂ ਇਹ ਦੱਸਣਾ ਕਦੇ ਨਹੀਂ ਭੁੱਲਦਾ ਹੁੰਦਾ ਕਿ ਚੌਟਾਲਿਆਂ ਦੇ ਫਾਰਮ 'ਚੋਂ ਜਿਸ ਦਿਨ ਮੈਂ ਨਿਕਲ਼ਿਆ ਸਾਂ ਓਦਣ ਸੰਨ 2002 ਦੇ ਅਕਤੂਬਰ ਮਹੀਨੇ ਦੀ 25 ਤਰੀਕ ਸੀ। ਇਹ ਤਰੀਕ ਪੱਕੀ ਯਾਦ ਹੋ ਜਾਣ ਦਾ ਕਾਰਨ ਇਹ ਹੈ ਕਿ ਉਸ ਤੋਂ ਇਕ ਦਿਨ ਪਹਿਲੇ 24 ਅਕਤੂਬਰ ਦੀ ਸ਼ਾਮ ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਨੂੰ ਗੋਲ਼ੀਆਂ ਮਾਰ ਕੇ ਬੁਰੀ ਤਰਾਂ ਜ਼ਖਮੀਂ ਕਰ ਦਿੱਤਾ ਗਿਆ ਸੀ। ਬਾਅਦ ਵਿਚ ਉਸ ਵਿਚਾਰੇ ਦੀ 21 ਨਵੰਬਰ ਨੂੰ ਅਪੋਲੋ ਹਸਪਤਾਲ਼ ਦਿੱਲੀ ਵਿਚ ਮੌਤ ਹੋ ਗਈ ਸੀ।

ਉਦੋਂ ਕਿਵੇਂ ਦਸ ਕੁ ਮੀਲ ਰੇਤਿਆਂ ਵਿਚ ਪੈਦਲ ਚੱਲ ਕੇ ਅਤੇ ਫਿਰ ਸੜ੍ਹਕ 'ਤੇ ਜਾਂਦੇ ਇਕ ਟ੍ਰੈਕਟਰ ਉੱਤੇ ਬਹਿ ਕੇ ਦਿਨ ਚੜ੍ਹਦੇ ਨੂੰ ਮੈਂ ਡੱਬਵਾਲ਼ੀ ਕਿੱਦਾਂ ਪਹੁੰਚਿਆਂ ਸਾਂ, ਇਸ ਸਾਰੇ ਬਿਰਤਾਂਤ ਬਾਰੇ ਵੈਸੇ ਮੈਂ ਦੋ ਕਿਸ਼ਤਾਂ ਵਿਚ ਲੇਖ-ਲੜੀ ਲਿਖੀ ਸੀ ਜੋ ਉਦੋਂ ਦੇਸ਼ ਵਿਦੇਸ਼ ਦੇ ਪੰਜਾਬੀ ਅਖਬਾਰਾਂ ਵਿਚ ਇਸ ਸਿਰਲੇਖ ਹੇਠ 'ਜਦ ਮੈਂ ਭੇਡੂਆਂ ਦੇ ਵਾੜੇ 'ਚੋਂ ਨਿਕਲ਼ਿਆ' ਛਪੀ ਸੀ!

ਲਉ ਜੀ ਹੁਣ ਅਖੀਰ 'ਚ ਗੱਲ ਕਰੀਏ ਔਲ਼ੇ ਦੇ ਖਾਣ ਵਰਗੀ ਅਤੇ ਸਿਆਣੇ ਦੀ ਦੂਰਅੰਦੇਸ਼ੀ ਵਾਲ਼ੀ ਭਵਿੱਖਬਾਣੀ ਦੀ। ਜਦ ਮੈਂ ਬਾਦਲ ਦਲ ਤਿਆਗ ਕੇ ਆਪਣੇ ਪਿੰਡ ਆ ਗਿਆ ਤਾਂ ਪੰਥਕ ਸੋਚ ਵਾਲ਼ੇ ਅਨੇਕਾਂ ਲੋਕਾਂ ਵਲੋਂ ਮੈਨੂੰ ਵਧਾਈਆਂ ਦੇ ਫੋਨ ਆਉਣ ਲੱਗੇ। ਕੁੱਝ ਦੋਸਤ ਮੇਰੇ ਫੈਸਲੇ ਨਾਲ਼ ਅਸਹਿਮਤ ਵੀ ਸਨ। ਪਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਜੋ ਉਸ ਮੌਕੇ ਟੌਹੜਾ ਸਾਹਬ ਨਾਲ਼ ਸਨ, ਮੈਨੂੰ ਵਧਾਈ ਦੇਣ ਘਰੇ ਆਏ। ਜਦਕਿ ਸਾਡੇ ਹਲਕੇ ਦੇ ਬਾਦਲ ਪੱਖੀ ਵਿਧਾਨਕਾਰ ਤੋਂ ਲੈ ਕੇ ਵੱਡੇ ਅਕਾਲੀ ਆਗੂਆਂ ਬੀਬੀ ਜਗੀਰ ਕੌਰ, ਜਥੇਦਾਰ ਕਿਰਪਾਲ ਸਿੰਘ ਬਡੂੰਗਰ, ਅਜੈਬ ਸਿੰਘ ਮੁਖਮੈਲ ਪੁਰ ਵਗੈਰਾ ਸਾਡੇ ਘਰ ਆ ਕੇ ਮੈਨੂੰ ਮੁੜ ਬਾਦਲਾਂ ਨਾਲ਼ ਮਿਲਾਉਣ ਲਈ ਤਰਲਿਆਂ ਦੇ ਨਾਲ਼ ਨਾਲ਼ ਕਈ ਤਰਾਂ ਦੇ ਲਾਲਚਾਂ ਦੀ ਪੇਸ਼ਕਸ਼ ਵੀ ਕਰਨ ਲੱਗੇ!

ਅਜਿਹੇ ਖਿੱਚੋ-ਤਾਣੀ ਦੇ ਮਾਹੌਲ ਵਿਚ ਮੈਨੂੰ ਮੁਬਾਰਕ ਦੇਣ ਆਏ ਅਜੋਕੀ ਵਿੱਦਿਅਕ ਤੇ ਸਾਹਿੱਤਕ ਸੰਸਥਾ 'ਨਾਦ ਪ੍ਰਗਾਸ' ਸ੍ਰੀ ਅੰਮ੍ਰਿਤਸਰ ਦੇ ਬਾਨੀ ਪ੍ਰੋਫੈਸਰ ਜਗਦੀਸ਼ ਸਿੰਘ, ਜੋ ਮੇਰੇ ਛੋਟੇ ਭਰਾ ਪ੍ਰੋਫੈਸਰ ਅਵਤਾਰ ਸਿੰਘ ਦੇ ਹਮਜਮਾਤੀ ਹੋਣ ਸਦਕਾ ਮੇਰੇ ਵੀ ਜਾਣੂ ਸਨ। ਬਾਦਲ ਦਲ ਤਿਆਗਣ ਕਾਰਨ ਮੇਰੇ ਸਨਮਾਨ ਵਜੋਂ ਰੱਖੇ ਗਏ ਇਕ ਸਾਦੇ ਸਮਾਗਮ ਵਿਚ ਬੋਲਦਿਆਂ ਉਨ੍ਹਾਂ ਅਜਿਹੇ ਵਿਚਾਰ ਪ੍ਰਗਟਾਏ ਸਨ-

'ਖਾਲਸਾ ਜੀ, ਸਿੱਖ ਪੰਥ ਦੀ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ ਸਾਡੇ ਸਮਿਆਂ ਵਿਚ 'ਬਾਦਲ ਦਲ' ਬਣਾ ਦੇਣ ਵਾਲ਼ਾ ਪ੍ਰਵਾਰ ਜਿਵੇਂ ਦਿਨ-ਬ-ਦਿਨ ਆਪਣੀ ਜਕੜ ਮਜ਼ਬੂਤ ਕਰਦਾ ਜਾ ਰਿਹਾ ਹੈ, ਇਹ ਇਨ੍ਹਾਂ ਨੂੰ ਕਿਸੇ ਦਿਨ ਬਹੁਤ ਮਹਿੰਗਾ ਪਵੇ ਗਾ। ਭਵਿੱਖ ਵਿਚ ਜਦੋਂ ਵੀ ਕਦੇ ਵੀ ਪਾਰਟੀ ਦਾ ਸੁਧਾਰ ਸ਼ੁਰੂ ਹੋਇਆ ਤਾਂ ਦਲ ਵਿਚਲੇ ਸਾਰੇ ਅਕਾਲੀਆਂ ਨੂੰ ਭਾਅ ਜੀ ਦੁਪਾਲ ਪੁਰੀ ਵਾਂਗ ਬਗਾਵਤ ਦਾ ਰਾਹ ਅਖਤਿਆਰ ਕਰਨਾ ਹੀ ਪਵੇ ਗਾ! ਤਦ ਜਾ ਕੇ ਸ਼ਾਇਦ ਇਹ ਪਾਰਟੀ ਮੁੜ 'ਸ਼੍ਰੋਮਣੀ' ਬਣ ਸਕੇ ਗੀ!'

ਪ੍ਰੋਫੈਸਰ ਜਗਦੀਸ਼ ਸਿੰਘ ਦੇ ਇਹ ਸ਼ਬਦ ਉਦੋਂ ਮੈਨੂੰ 'ਵਧਾ ਚੜ੍ਹਾ ਕੇ ਕੀਤੀ ਗਈ ਮੇਰੀ ਸਿਫਤ' ਹੀ ਲੱਗੇ ਸਨ ਤੇ ਮੈਂ ਆਪਣੇ ਕੁੱਝ ਸਾਲਾਂ ਦੇ ਸਿਆਸੀ ਤਜ਼ਰਬੇ ਕਾਰਨ ਸੋਚਦਾ ਸਾਂ ਕਿ ਅਹੁਦਿਆਂ ਜਾਂ ਟਿਕਟਾਂ ਦੇ ਭੁੱਖੇ ਆਗੂ ਬਾਦਲ ਪ੍ਰਵਾਰ ਨੂੰ ਕਦੇ ਨਹੀਂ ਛੱਡਣ ਗੇ? ਪਰ ਹੁਣ ਜਦੋਂ ਮੈਂ ਸਰਦਾਰ ਢੀਂਡਸਾ, ਪ੍ਰੋਫੈਸਰ ਚੰਦੂ ਮਾਜਰਾ ਅਤੇ ਬੀਬੀ ਜਗੀਰ ਕੌਰ ਵਰਗੇ ਸਿਰਕੱਢ ਆਗੂਆਂ ਨੂੰ ਸੁਖਬੀਰ ਸਿੰਘ ਬਾਦਲ ਤੋਂ ਅਸਤੀਫਾ ਮੰਗ ਰਹੇ ਦੇਖਦਾ ਹਾਂ ਤਾਂ ਮੈਨੂੰ ਪ੍ਰੋਫੈਸਰ ਜਗਦੀਸ਼ ਸਿੰਘ ਵਲੋਂ ਬਾਈ ਸਾਲ ਪਹਿਲਾਂ ਦੇ ਬੋਲੇ ਹੋਏ ਬੋਲ ਹੁਣ ਸੱਚੇ ਹੋ ਰਹੇ ਜਾਪਦੇ ਹਨ! ਉਪਰੋਕਤ ਬਗਾਵਤੀ ਆਗੂ ਸਫਲ ਹੋਣਗੇ ਜਾਂ ਅਸਫਲ? ਇਸ ਸਵਾਲ ਦਾ ਜਵਾਬ ਸਮੇਂ ਦੇ ਗਰਭ ਵਿਚ ਪਿਆ ਹੈ! ਸਿੱਖ ਸਕਾਲਰ ਰਣਜੀਤ ਸਿੰਘ ਉਰਫ ਕੁੱਕੀ ਗਿੱਲ ਵਲੋਂ ਸੁਖਬੀਰ ਸਿੰਘ ਬਾਦਲ ਪ੍ਰਤੀ ਬੋਲੀਆਂ ਗਈਆਂ ਸਤਰਾਂ-

'ਬੁੱਲਿਆ ਚਾਦਰ ਮੈਲ਼ੀ ਸਾਬਣ ਥੋੜ੍ਹਾ
ਬੈਠ ਕਿਨਾਰੇ ਧੋਵੇਂ ਗਾ।
ਦਾਗ ਨਹੀਂ ਮਿਟਣੇ ਪਾਪਾਂ ਵਾਲ਼ੇ
ਧੋਵੇਂ ਗਾ ਤੇ ਰੋਵੇਂ ਗਾ!'

001-408-915-1268

FINAL
Farewell



Sardarni Ranjit Kaur Mand
02-06-1933 to 14-08-2024
FRIDAY 23RD AUGUST 2024
10.45am to 11.15am - Antim Darshan
at 17 Ashford Avenue, Hayes, UB4 0LY
11.45am to 12.15pm - Antim Darshan
at Gurdwara Sri Guru Singh Sabha, Park Avenue, UB1 3AW
1.15pm - Breakspear Crematorium
Breakspear Road, Ruislip, HA4 7SJ
Followed by Sehaj Paath Bhog at Gurdwara Singh Sabha, Park Avenue
Jaswant S Mand: 07888 717576
Kulvir S Mand: 07710 183031

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥



ਸ਼ਹੀਦ ਭਾਈ ਅਨੋਖ ਸਿੰਘ ਬੱਬਰ | ਸ਼ਹੀਦ ਭਾਈ ਸੁਲੱਖਣ ਸਿੰਘ ਬੱਬਰ | ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ

ਮਹਾਨ ਸ਼ਹੀਦੀ ਸਮਾਗਮ

ਸ਼ਹੀਦ ਭਾਈ ਅਨੋਖ ਸਿੰਘ ਬੱਬਰ, ਸ਼ਹੀਦ ਭਾਈ ਸੁਲੱਖਣ ਸਿੰਘ ਬੱਬਰ ਅਤੇ ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦਾ ਮਹਾਨ ਸ਼ਹੀਦੀ ਸਮਾਗਮ ਖ਼ਾਲਸਾਈ ਜਾਹੋ ਜਲਾਲ ਨਾਲ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ।

ਸ਼ਹੀਦ ਭਾਈ ਅਨੋਖ ਸਿੰਘ ਬੱਬਰ ਅਤੇ ਸ਼ਹੀਦ ਭਾਈ ਸੁਲੱਖਣ ਸਿੰਘ ਬੱਬਰ ਨਮਿੱਤ ਸ੍ਰੀ ਅਖੰਡ ਸਾਹਿਬ ਦਾ ਭੋਗ 30 ਅਗਸਤ (ਸ਼ੁਕਰਵਾਰ) 2024 ਨੂੰ ਸਵੇਰੇ 7 ਵਜੇ ਪਵੇਗਾ।

ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਨਮਿੱਤ ਸ੍ਰੀ ਅਖੰਡ ਸਾਹਿਬ ਦਾ ਭੋਗ 31 ਅਗਸਤ (ਸ਼ਨੀਵਾਰ) 2024 ਨੂੰ ਸਵੇਰੇ 7 ਵਜੇ ਪਵੇਗਾ।

ਪੰਥ ਲਈ ਆਪਾ ਨਿਛਾਵਰ ਕਰ ਗਏ ਕੌਮੀ ਸ਼ਹੀਦਾਂ ਦੀ ਯਾਦ ਵਿੱਚ ਰੱਖੇ ਗਏ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਸ਼ਹੀਦੀ ਸਮਾਗਮ ਵਿੱਚ ਸਮੂਹ ਸੰਗਤਾਂ ਅਤੇ ਪੰਥਕ ਜਥੇਬੰਦੀਆਂ ਨੂੰ ਸ਼ਾਮਿਲ ਹੋਣ ਦੀ ਬੇਨਤੀ ਹੈ ਜੀ।

ਬੇਨਤੀ ਕਰਤਾ : ਜਥੇਦਾਰ ਬਖਸ਼ੀਸ਼ ਸਿੰਘ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਮਹਾਂਬੀਰ ਸਿੰਘ ਸੁਲਤਾਨਵਿੰਡ

ਵੱਲੋਂ: ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**562. ਸਾਡੇ ਰਿਸ਼ਤੇਦਾਰ ਕਿਹੜੇ ਹੋਣੇ ਚਾਹੀਦੇ ਹਨ?**

ਉੱਚੀ ਮਤਿ ਨੂੰ ਮਾਂ (ਉੱਚੀ ਮਤਿ ਦੀ ਗੋਦੀ ਵਿਚ ਪ.ਲ਼ੇ), ਸੰਤੋਖ ਨੂੰ ਪਿਉ (ਸੰਤੋਖ ਰੂਪੀ ਪਿਤਾ ਦੀ ਨਿਗਰਾਨੀ ਵਿਚ ਰਹੇ) ਤੇ ਉਚਾ ਆਚਰਨ ਭਰਾ ਬਣਾ – ਇਹ ਤੇਰੇ ਸਭ ਤੋਂ ਵਧੀਆ ਰਿਸ਼ਤੇਦਾਰ ਹਨ । ਉੱਦਮ ਅਤੇ ਉੱਚੀ ਸੁਰਤਿ ਮੇਰੇ ਸੱਸ ਸੁਹਰਾ ਬਣ ਗਏ ਤੇ ਨੇਕ ਕਰਨੀ ਨੂੰ ਮੈਂ ਆਪਣੀ ਇਸਤ੍ਰੀ ਮੰਨ ਲਿਆ । ਪਵਿੱਤਰ ਪੁਰਸ਼ਾਂ ਨਾ.ਲ਼ ਮੇਲ ਮੇਰਾ ਵਿਆਹ ਦਾ ਦਿਨ ਹੈ ਤੇ ਦੁਨੀਆਂ ਨਾ.ਲ਼ੋਂ ਨਾਤਾ ਤੋੜਨਾ ਮੇਰਾ ਵਿਆਹ ਹੈ । ਹੇ ਨਾਨਕ! ਆਖ ਸੱਚਾ ਨਾਮ ਇਸ ਵਿਆਹ ਤੋਂ ਪੈਦਾ ਹੋਈ ਮੇਰੀ ਸੰਤਾਨ ਹੈ । "ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ ॥1॥ ... ਸਰਮ ਸੁਰਤਿ ਦੁਇ ਸਸੁਰ ਭਏ ॥ ਕਰਣੀ ਕਾਮਣਿ ਕਰਿ ਮਨ ਲਏ ॥2॥ ਸਾਹਾ ਸੰਜੋਗੁ ਵੀਆਹੁ ਵਿਜੋਗੁ॥ ਸਚੁ ਸੰਤਤਿ ਕਹੁ ਨਾਨਕ ਜੋਗੁ॥3॥3॥ ਅੰਗ 151-152"।

**563. ਗਿਆਨੀ ਕੌਣ ਹੁੰਦਾ ਹੈ?**

ਸਤਿਗੁਰੂ ਨਾਨਕ ਦੇਵ ਜੀ ਪ੍ਰਸ਼ਨ ਰੂਪੀ ਬੇਨਤੀ ਕਰਦੇ ਹਨ ਕਿ ਗਿਆਨੀ ਕਿੱਦਾਂ ਦਾ ਹੋਵੇ (ਹੁੰਦਾ ਹੈ)? ਅਤੇ ਆਪ ਹੀ ਉੱਤਰ ਦਿੰਦੇ ਹਨ ਕਿ ਗਿਆਨੀ ਮਨੁੱਖ ਉਹ ਹੈ ਜੋ ਆਪਣੇ ਅਸਲੇ ਨੂੰ ਪਛਾਣਦਾ ਹੈ ਤੇ ਉਸ ਪਰਮਾਤਮਾ ਨੂੰ ਬੁੱਝ (ਜਾਣ) ਲੈਂਦਾ ਹੈ । ਜੋ ਗੁਰੂ ਦੀ ਮਿਹਰ ਨਾ.ਲ਼ ਪ੍ਰਭੂ ਦੇ ਗੁਣਾਂ ਦਾ ਵਿਚਾਰ (ਸਿਮਰਨ) ਕਰਦਾ ਹੈ, ਅਜੇਹਾ ਗਿਆਨੀ ਪ੍ਰਭੂ ਦੀ ਦਰਗਹ ਵਿਚ ਕਬੂਲ ਹੋ ਜਾਂਦਾ ਹੈ । "ਪ੍ਰਣਵਤਿ ਨਾਨਕੁ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥ ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥4॥30॥ ਅੰਗ 25"। ਕਹਿਣ ਵਾ.ਲ਼ਾ, ਬੋਲਣ ਵਾ.ਲ਼ਾ ਤੇ ਸੁਣਨ ਵਾ.ਲ਼ਾ ਉਹੀ ਪਰਮੇਸ਼ਰ ਹੈ । ਜਿਹੜਾ ਆਪਣੇ ਆਪ ਦੀ ਵਿਚਾਰ (ਆਪਣੇ ਅੰਤਰ ਆਤਮੇ ਦੀ ਪੜਚੋਲ) ਕਰਦਾ ਹੈ ਉਹ ਗਿਆਨੀ (ਪ੍ਰਭੂ ਨੂੰ ਜਾਨਣ ਵਾ.ਲ਼ਾ) ਹੁੰਦਾ ਹੈ । "ਕਥਤਾ ਬਕਤਾ ਸੁਨਤਾ ਸੋਈ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥1॥ ਰਹਾਉ ॥ ਅੰਗ 152"। ਅਤੇ "ਆਪੁ ਵੀਚਾਰੇ ਗਿਆਨੀ ਸੋਈ ॥ ਅੰਗ 1040"। ਸਤਿਗੁਰੂ ਅਰਜਨ ਦੇਵ ਜੀ ਪ੍ਰਸ਼ਨ ਕਰਦੇ ਹਨ ਕਿ ਕੌਣ ਗਿਆਨੀ (ਬ੍ਰਹਮ ਨੂੰ ਜਾਨਣ ਵਾ.ਲ਼ਾ) ਹੈ? ਕੌਣ ਬਕਤਾ (ਬੁਲਾਰਾ/ਉਪਦੇਸ਼ਕ) ਹੈ? ਅਤੇ ਆਪ ਹੀ ਉੱਤਰ ਦਿੰਦੇ ਹਨ ਕਿ ਗੁਰੂ ਅਨੁਸਾਰੀ ਗਿਆਨੀ ਹੈ ਤੇ ਗੁਰੂ ਅਨੁਸਾਰੀ ਹੀ ਬੁਲ-ਾਰਾ ਹੈ । "ਕਉਣੁ ਸੁ ਗਿਆਨੀ ਕਉਣੁ ਸੁ ਬਕਤਾ ॥ ... ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥ ਅੰਗ 131"। ਤੁਸੀਂ ਉਸ ਮਨੁੱਖ ਨੂੰ ਗਿਆਨੀ ਜਾਣੋ, ਜਿਸ ਨੂੰ ਦੁੱਖ ਤੇ ਸੁਖ ਜਕੜ ਨਾ ਸਕਣ । ਹੇ ਨਾਨਕ! ਜੇਹੜਾ ਮਨੁੱਖ ਇਸ ਕਿਸਮ ਦੀ ਜੀਵਨ-ਜੁਗਤਿ ਵਾ.ਲ਼ਾ ਹੈ ਉਸਨੂੰ ਮਾਇਆ ਦੇ ਬੰਧਨਾਂ ਤੋਂ ਮੁਕਤ ਮੰਨੋ । "ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥ ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥3॥7॥ ਅੰਗ 220"। ਗਿਆਨੀ ਸੁਤੇ ਸਿਧ ਹੀ ਇਹ ਜਾਣ ਲੈਂਦਾ ਹੈ ਕਿ ਅੰਤਰ ਆਤਮੇ ਪ੍ਰਭੂ ਹੈ, ਬਾਹਰ ਪ੍ਰਭੂ ਦਾ ਵਰਤਾਰਾ ਹੈ ਤੇ ਸੱਚਾ ਪ੍ਰਭੂ ਜੇ ਕੋਈ ਛੁਪਾਵੇ ਤਾਂ ਛੁਪਦਾ ਨਹੀਂ। "ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥ ਗਿਆਨੀ ਬੂਝਹਿ ਸਹਜਿ ਸੁਭਾਏ ॥5॥ ਅੰਗ 232"। ਜੋ ਦੁਬਿਧਾ ਨੂੰ ਮਾਰ ਲਏ ਓਹ ਸ੍ਰੇਸ਼ਟ ਗਿਆਨ ਵਾ.ਲ਼ਾ ਹੁੰਦਾ ਹੈ। "ਜੋ ਇਸੁ ਮਾਰੇ ਸੋਈ ਸੁ ਗਿਆਨੀ ॥ ਅੰਗ 237"। ਸਤਿਗੁਰੂ ਅਰਜਨ ਦੇਵ ਜੀ ਬਖਸ਼ਿਸ਼ ਕਰਦੇ ਹਨ ਕਿ ਜਿਸ ਮਨੁੱਖ ਦੇ ਮਨ ਵਿਚ ਸਦਾ ਥਿਰ ਪ੍ਰਭੂ (ਵਸਦਾ) ਹੈ, ਜਿਹਦੇ ਮੂੰਹ ਵਿਚ ਭੀ ਪ੍ਰਭੂ (ਦਾ ਨਾਮ) ਹੈ; ਜੋ ਮਨੁੱਖ ਇਕ ਅਕਾਲ ਪੁਰਖ ਤੋਂ ਬਿਨਾਂ (ਕਿਤੇ ਭੀ) ਕਿਸੇ ਹੋਰ ਨੂੰ ਨਹੀਂ ਵੇਖਦਾ (ਭਾਵ ਜਿਸਨੂੰ ਹਰ ਇਕ ਵਿਚ, ਹਰ ਜਗ੍ਹਾ ਵਿਚ, ਪ੍ਰਭੂ ਦਿਸਦਾ ਹੈ), ਹੇ ਨਾਨਕ! ਜਿਸ ਮਨੁੱਖ ਦੇ ਅੰਦਰ ਇਹ ਲੱਛਣ (ਗੁਣ) ਹੋਣ ਉਹ ਬ੍ਰਹਮ ਗਿਆਨੀ ਹੁੰਦਾ ਹੈ । "ਸਲੋਕੁ॥ ਮਨਿ ਸਾਚਾ ਮੁਖਿ ਸਾਚਾ ਸੋਇ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥ ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ1॥ ਅੰਗ 272"। ਇਹ ਸਲੋਕ ਸੁਖਮਨੀ ਸਾਹਿਬ ਦੀ 8ਵੀਂ ਅਸਟਪਦੀ ਦੇ ਸ਼ੁਰੂ 'ਚ ਆਉਂਦਾ ਹੈ । ਇਸ ਅਸਟਪਦੀ ਦੇ ਪਹਿਲੇ ਪਦੇ 'ਚ ਸਾਨੂੰ ਇਹ ਪਤਾ ਲੱਗਦਾ ਹੈ ਕਿ ਬ੍ਰਹਮ ਗਿਆਨੀ ਵਿਚ ਪੰਜ ਸਥੂਲ ਤੱਤਾਂ (ਧਰਤੀ, ਹਵਾ, ਪਾਣੀ, ਅਗਨੀ ਤੇ ਅਕਾਸ਼) ਦੇ ਗੁਣ ਹੁੰਦੇ ਹਨ ਅਤੇ ਛੇਵੀਂ ਅਸਟਪਦੀ ਦੇ ਅਖੀਰਲੇ ਗੁਰਵਾਕ 'ਚ ਇਸ ਚੀਜ਼ ਦਾ ਅਹਿਸਾਸ ਹੁੰਦਾ ਹੈ ਕਿ ਬ੍ਰਹਮ ਗਿਆਨੀ ਪਰਮੇਸ਼ਰ ਰੂਪ ਹੁੰਦਾ ਹੈ । "ਨਾਨਕ ਬ੍ਰਹਮ ਗਿਆਨੀ ਆਪਿ ਪਰਮੇ-ਸੁਰ॥ ਅੰਗ 273"। ਇਹ ਸੰਸਾਰ ਵਿਅਰਥ ਹੀ ਸਹਿਮ 'ਚ ਡੁੱਬਾ ਰਹਿੰਦਾ ਹੈ, ਜਦ ਕਿ ਬ੍ਰਹਮ ਗਿਆਨੀ ਤਰ ਜਾਂਦਾ ਹੈ । "ਇਹੁ ਸੰਸਾਰੁ ਬਿਕਾਰ ਸਹਸੇ ਮਹਿ ਤਰਿਓ ਬ੍ਰਹਮ ਗਿਆਨੀ ॥ ਅੰਗ 205"। ਲੇਕਿਨ ਇਸ ਜਗਤ ਵਿਚ ਕੋਈ ਵਿਰਲਾ ਬ੍ਰਹਮ ਗਿਆਨੀ ਹੁੰਦਾ ਹੈ ਜੋ ਕਿ ਹਉਮੈ ਨੂੰ ਮਾਰ ਕੇ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ । "ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ ਜਿ ਹਉਮੈ ਮੇਟਿ ਸਮਾਏ ॥ ਅੰਗ 512"। ਗਿਆਨੀਆਂ ਨੂੰ ਹਰ ਥਾਂ ਸਦਾ-ਥਿਰ ਪ੍ਰਭੂ ਹੀ ਦਿਸਦਾ ਹੈ ਤੇ ਉਸਦੀ ਸੋਝੀ ਹੋ ਜਾਂਦੀ ਹੈ । ਉਹ ਕਿਸੇ ਦੇ ਭੁਲਾਏ ਭੁੱਲਦੇ ਨਹੀਂ ਉਹ ਸਦਾ-ਥਿਰ ਪ੍ਰਭੂ ਨੂੰ ਜਾਣਦੇ ਹਨ। "ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ ॥ ਓਇ ਭੁਲਾਏ ਕਿਸੈ ਦੇ ਨ ਭੁਲਨ੍ਹੀ ਸਚੁ ਜਾਣਨਿ ਸੋਈ ॥7॥ ਅੰਗ 425"। ਉਹੀ ਭਗਤ ਹਨ ਉਹੀ ਗਿਆਨੀ (ਪ੍ਰਭੂ ਨੂੰ ਜਾਨਣ ਵਾ.ਲ਼ੇ) ਹਨ ਜਿਹਨਾਂ ਨੂੰ ਪ੍ਰਭੂ ਆਪਣਾ ਹੁਕਮ ਮਨਾਉਂਦਾ ਹੈ । "ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥6॥ ਅੰਗ 506"। ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ ਹੇ ਨਾਨਕ! ਗਿਆਨੀ ਨੇ ਸੰਸਾਰ ਨੂੰ (ਭਾਵ, ਆਪਣੇ ਮਨ ਨੂੰ) ਜਿੱਤ ਲਿਆ ਹੈ (ਤੇ ਗਿਆਨੀਆਂ ਤੋਂ ਬਿਨਾ) ਹਰ ਇਕ ਮਨੁੱਖ ਨੂੰ ਸੰਸਾਰ ਨੇ ਜਿੱਤਿਆ ਹੋਇਆ ਹੈ । "ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥ ਅੰਗ 548"। ਗਿਆਨੀ (ਵਿਕਾਰਾਂ/ਮਾਇਆ ਦੇ ਹੱਲਿਆਂ ਵਲੋਂ) ਸੁਚੇਤ ਰਹਿੰਦਾ ਹੈ ਤੇ ਅਗਿਆਨੀ ਮਨੁੱਖ ਅਗਿਆਨਤਾ ਹੀ ਕਮਾਉਂਦਾ ਹੈ; ਭਾਵ ਕੂੜੀ ਕਮਾਈ ਕਰਦਾ ਹੈ । "ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥ ਅੰਗ 556"। ਧੰਨ ਧੰਨ ਹੈ ਮੇਰਾ ਗਿਆਨੀ ਸਤਿਗੁਰੂ ਜਿਸਨੇ ਮੈਨੂੰ ਵੈਰੀ ਤੇ ਮਿੱਤਰ ਇਕ ਦ੍ਰਿਸ਼ਟੀ ਨਾ.ਲ਼ ਦਿਖਾ ਦਿੱਤੇ, ਭਾਵ ਇਕੋ ਜਿਹੇ ਜਣਾ ਦਿੱਤੇ । "ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥ ਅੰਗ 594"। ਮਨਮੁਖ ਦੇ ਅੰਦਰ ਸਹਿਮ ਹੁੰਦਾ ਹੈ, ਜਿਸ ਕਰਕੇ ਮਨ ਅੰਦਰ ਚਿੰਤਾ ਹੁੰਦੀ ਹੈ ਤੇ ਉਸਨੂੰ ਨੀਂਦ ਨਹੀਂ ਆਉਂਦੀ ।

ਬਾਕੀ ਅਗਲੇ ਹਫ਼ਤੇ ਪੜ੍ਹੋ


## ਅਰਕੰਸਾਸ ਵਿਚ ਇਕ ਗਸ਼ਤੀ ਗੱਡੀ ਵਿੱਚ ਇਕ ਵਿਅਕਤੀ ਦੀ ਕੁੱਟਮਾਰ ਦੇ ਮਾਮਲੇ ਵਿਚ ਪੁਲਿਸ ਅਫਸਰ ਬਰਖਾਸਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਅਰਕੰਸਾਸ ਰਾਜ ਵਿਚ ਪੁਲਿਸ ਦੀ ਗਸ਼ਤੀ ਗੱਡੀ ਦੇ ਪਿੱਛੇ ਡਿੱਗੀ ਵਿਚ ਇਕ ਪੁਲਿਸ ਅਫਸਰ ਵੱਲੋਂ ਇਕ ਗ੍ਰਿਫਤਾਰ ਵਿਅਕਤੀ ਦੀ ਕੀਤੀ ਜਾ ਰਹੀ ਕੁੱਟਮਾਰ ਦੀ ਵੀਡੀਓ ਵਾਇਰਲ ਹੋਣ ਉਪਰੰਤ ਸਬੰਧਤ ਪੁਲਿਸ ਅਫਸਰ ਨੂੰ ਬਰਖਾਸਤ ਕਰ ਦੇਣ ਦੀ ਖਬਰ ਹੈ। ਜੋਨਸਬੋਰੋ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਉਸ ਨੂੰ ਘਟਨਾ ਦੀ ਜਾਣਕਾਰੀ ਮਿਲਣ ਉਪਰੰਤ ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਸਬੰਧਿਤ ਪੁਲਿਸ ਅਫਸਰ ਜੋਸਫ ਹੈਰਿਸ ਨੂੰ ਫੌਰੀ ਬਰਖਾਸਤ ਕਰ ਦਿੱਤਾ ਗਿਆ ਹੈ। ਵਿਭਾਗ ਨੇ ਕਿਹਾ ਹੈ ਕਿ ਉਸ ਨੇ ਘਟਨਾ ਦੀ ਸੰਭਾਵੀ ਤੇਜੀ ਨਾਲ ਜਾਂਚ ਉਪਰੰਤ ਘਟਨਾ ਦੀ ਵੀਡੀਓ ਯੂ ਟਿਊਬ ਚੈਨਲ ਉਪਰ ਪਾ ਦਿੱਤੀ ਸੀ। ਵੀਡੀਓ ਵਿਚ ਨਜਰ ਆ ਰਿਹਾ ਹੈ ਕਿ ਗ੍ਰਿਫਤਾਰ ਵਿਅਕਤੀ ਦੇ ਹੱਥਕੜੀ ਲਾਈ ਹੋਈ ਹੈ ਤੇ ਉਸ ਨੇ ਹਸਪਤਾਲ ਵਾਲਾ ਚੋਗਾ ਪਾਇਆ ਹੋਇਆ ਹੈ। ਉਹ ਪੁਲਿਸ ਅਫਸਰ ਨੂੰ ਕਹਿੰਦਾ ਸੁਣਾਈ ਦਿੰਦਾ ਹੈ ਕਿ ਉਸ ਨੇ ਇਕ ਦਿਨ ਪਹਿਲਾਂ ਫੈਂਟਾਨਾਇਲ ਖਾਧੀ ਸੀ ਤੇ ਜੇਕਰ ਉਸ ਨੂੰ ਹਸਪਤਾਲ ਵਾਪਿਸ ਨਾ ਲਿਜਾਇਆ ਗਿਆ ਤਾਂ ਉਹ ਮਰ ਜਾਵੇਗਾ। ਇਸ 'ਤੇ ਇਕ ਪੁਲਿਸ ਅਫਸਰ ਉਸ ਨੂੰ ਮਾਰਨਾ ਕੁੱਟਣਾ ਸ਼ੁਰੂ ਕਰ ਦਿੰਦਾ ਹੈ। ਉਹ ਉਸ ਦੇ ਸਿਰ ਵਿਚ ਵਾਰ ਵਾਰ ਘਸੁੰਨ ਮਾਰਦਾ ਹੈ। ਇਕ ਸਮੇ ਕੈਦੀ ਬੇਹਰਕਤ ਹੋ ਜਾਂਦਾ ਹੈ। ਜੋਨਸਬੋਰੋ ਪੁਲਿਸ ਮੁੱਖੀ ਰਿਕ ਏਲੀਆਟ ਨੇ ਕਿਹਾ ਹੈ ਕਿ ਉਸ ਨੇ ਐਫ ਬੀ ਆਈ ਨੂੰ ਸੂਚਿਤ ਕਰ ਦਿੱਤਾ ਹੈ ਤੇ ਉਸ ਦੇ ਲਿਟਲ ਰਾਕ ਦਫਤਰ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।


# ਪੰਜਾਬੀ ਸਿੱਖਣ ਲਈ ਕਿਤਾਬਾਂ

ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

PANJAB TIMES
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk

**ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ**

**ਲੜੀਵਾਰ ਨਾਵਲ**




**ਸ਼ਿਵਚਰਨ ਜੱਗੀ (ਕੁੱਸਾ)**

**ਫੋਨ : 07853 317 891**

Email: jaggikussa@yahoo.de


**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**


**ਕਿਸ਼ਤ-65**

# ਕੋਸੀ ਧੁੱਪ ਦਾ ਨਿੱਘ


**ਜੰਟਾ ਉਠ ਕੇ ਅੰਦਰ ਚਲਾ ਗਿਆ ਅਤੇ ਅਮਰੋ ਤੋਂ ਫ਼ੋਨ ਨੰਬਰ ਲੈ ਕੇ ਫ਼ੋਨ ਮਿਲਾਉਣ ਲੱਗ ਪਿਆ। ਬੈੱਲ ਜਾ ਰਹੀ ਸੀ। ਪਰ ਬੱਗਾ ਫ਼ੋਨ ਚੁੱਕ ਨਹੀਂ ਸੀ ਰਿਹਾ। ਜਦ ਜੰਟੇ ਨੇ ਚਾਰ-ਪੰਜ ਵਾਰੀ ਫ਼ੋਨ ਲਗਾਤਾਰ ਮਿਲਾਇਆ ਤਾਂ ਅੱਗਿਓਂ ਫ਼ੋਨ ਬੰਦ ਹੋ ਗਿਆ। ਸ਼ਾਇਦ ਬੱਗੇ ਨੇ ਅੱਕ ਕੇ ਬੰਦ ਕਰ ਦਿੱਤਾ ਸੀ, ਜਾਂ ਬੈਟਰੀ ਖਤਮ ਹੋ ਗਈ ਸੀ...?**

**-"ਬਾਈ ਕੌਰਿਆ, ਕਈ ਆਰੀ ਫ਼ੋਨ ਕੀਤੈ, ਪਰ ਚੱਕਿਆ ਨੀ...!" ਜੰਟੇ ਨੇ ਦੱਸਿਆ। ਕੌਰਾ ਚੁੱਪ ਵੱਟ ਗਿਆ।**

**-"ਉਹਦਾ ਕੋਈ ਪਤਾ ਨੀ ਪੁੱਤ ਕੌਰਿਆ..! ਤੁਸੀਂ 'ਛਕਾਰ' ਦਾ ਪ੍ਰਬੰਧ ਕਰੋ, ਮੁੰਡੇ ਦੀ ਦੇਹ ਨਾ ਰੋਲ਼ੋ...!" ਚਾਚੇ ਕੇਹਰੇ ਨੇ ਕਿਹਾ ਤਾਂ ਕੌਰੇ ਦਾ ਭੁੱਬ ਮਾਰਨ ਨੂੰ ਦਿਲ ਕੀਤਾ। ਪਿੰਡ ਦੀਆਂ ਬੁੜ੍ਹੀਆਂ ਵਿੱਚ ਬੈਠੀ ਅਮਰੋ ਵੀ ਰੋ ਪਿੱਟ ਕੇ ਥੱਕ ਹਾਰ ਗਈ ਸੀ।**



## ਕਾਂਡ 26

ਬੱਗਾ ਬੁਲਿਟ ਦੀ ਕਿੱਕ ਮਾਰ ਕੇ ਕਿਸੇ ਰਾਠ ਵਾਂਗ ਉਪਰ ਬੈਠਾ ਅਤੇ ਰੇਸ ਦੇ ਕੇ ਬਾਹਰ ਨਿਕਲ਼ ਗਿਆ।

-"ਬੀਬੀ ਇਹਨੂੰ ਕਹਿ ਬਾਹਲ਼ੀ ਰੇਸ ਨਾ ਦੇਇਆ ਕਰੇ...! ਮੇਰਾ ਦਿਲ ਘਟਦੈ ਖੜਕਾ ਸੁਣ ਕੇ...!" ਹੀਰੇ ਨੇ ਕਿਹਾ।

-"ਵੇ ਪੁੱਤ ਉਹਨੂੰ ਕੌਣ ਸਮਝਾਵੇ ਕਮਲ਼ੇ ਬੰਦੇ ਨੂੰ...? ਉਹ ਤਾਂ ਪੱਥਰ ਐ ਪੁੱਤ...!"

ਅੱਧੀ ਰਾਤੋਂ ਹੀਰੇ ਦੀ ਤਬੀਅਤ ਅਚਾਨਕ ਖਰਾਬ ਹੋ ਗਈ। ਬੱਗਾ ਬੁਲਿਟ ਲੈ ਕੇ ਗਿਆ ਮੁੜ ਵਾਪਸ ਨਹੀਂ ਆਇਆ ਸੀ। ਕੌਰੇ ਅਤੇ ਅਮਰੋ ਨੂੰ ਹੱਥਾਂ ਪੈਰਾਂ ਦੀ ਪੈ ਗਈ। ਅਮਰੋ ਰੋਂਦੀ ਕੁਰਲਾਉਂਦੀ ਆਂਢੀਆਂ ਗੁਆਂਢੀਆਂ ਦੇ ਦਰਵਾਜੇ ਖੜਕਾਉਂਦੀ ਭੱਜੀ ਫਿਰਦੀ ਸੀ। ਉਸ ਨੂੰ ਕੁਝ ਸੁੱਝ ਨਹੀਂ ਰਿਹਾ ਸੀ। ਹੀਰਾ ਹੱਥਾਂ ਪੈਰਾਂ ਵਿੱਚ ਆ ਗਿਆ ਸੀ।

ਗੁਆਂਢੀਆਂ ਦਾ ਟਰੈਕਟਰ ਟਰਾਲੀ ਲਿਆਂਦਾ। ਹੀਰੇ ਨੂੰ ਵਿੱਚ ਪਾਇਆ ਅਤੇ ਮੋਗੇ ਨੂੰ ਸਿੱਧੇ ਹੋ ਗਏ। ਹਨ੍ਹੇਰਾ ਕਾਫ਼ੀ ਗੂੜ੍ਹਾ ਸੀ।

ਪਰ ਤਰਸ ਵਿੱਚ ਪਾਣੀ-ਪਾਣੀ ਹੋਇਆ ਮੁੰਡਾ ਟਰੈਕਟਰ ਨੂੰ ਹਵਾ ਬਣਾਈ ਜਾ ਰਿਹਾ ਸੀ। ਹੀਰਾ ਜਿਵੇਂ ਬੇਸੁਰਤ ਹੋ ਗਿਆ ਸੀ। ਅਮਰੋ ਉਸ ਨੂੰ ਬੁਲਾ ਰਹੀ ਸੀ। ਪਰ ਉਹ ਉਤਰ ਨਹੀਂ ਦੇ ਰਿਹਾ ਸੀ। ਘਬਰਾਈ ਅਮਰੋ ਦਾ ਕਾਲ਼ਜਾ "ਫੜੱਕ-ਫੜੱਕ" ਵੱਜੀ ਜਾ ਰਿਹਾ ਸੀ।

ਰਾਤ ਦੇ ਬਾਰਾਂ ਵਜੇ ਉਹਨਾਂ ਨੇ ਟਰੈਕਟਰ ਟਰਾਲੀ ਹਸਪਤਾਲ਼ ਦੇ ਅੱਗੇ ਜਾ ਲਾਈ।

ਪਰ ਹਸਪਤਾਲ਼ ਦਾ ਮੁੱਖ ਦਰਵਾਜਾ ਬੰਦ ਸੀ। ਗੇਟਕੀਪਰ ਘੂਕ ਸੁੱਤਾ ਪਿਆ ਸੀ। ਟਰੈਕਟਰ ਵਾਲ਼ੇ ਮੁੰਡੇ ਨੇ ਗੇਟ ਵਿੱਚ ਧੱਫੇ ਮਾਰੇ ਤਾਂ ਮਸਾਂ ਜਾ ਕੇ ਗੇਟਕੀਪਰ ਨੇ ਅੱਖ ਪੱਟੀ।

-"ਕੀ ਗੱਲ ਐ...?" ਲਾਟੂ ਦੇ ਚਾਨਣ ਵਿੱਚ ਉਸ ਦੀਆਂ ਰੱਤੀਆਂ ਅੱਖਾਂ ਬੈਟਰੀ ਵਾਂਗ ਜਗੀਆਂ ਸਨ।

-"ਇੱਕ ਮੁੰਡਾ ਬਿਮਾਰ ਐ, ਉਹਨੂੰ ਲੈ ਕੇ ਆਏ ਐਂ, ਹੋਰ ਅਸੀਂ ਮਿੱਟੀ ਕੱਢਣ ਆਉਣਾ ਸੀ...?" ਟਰੈਕਟਰ ਵਾਲਾ ਮੁੰਡਾ ਗੁੱਸੇ ਵਿੱਚ ਸੀ।

-"ਤੁਸੀਂ ਮਾੜੀ ਮੋਟੀ ਸੁਰਤ ਨਾਲ਼ ਪਿਆ ਕਰੋ ਯਾਰ...!" ਕੌਰੇ ਦਾ ਰੋਹ ਵੀ ਭੜਕ ਉਠਿਆ।

-"ਅਸੀਂ ਕਿਸੇ ਦੇ ਗੁਲਾਮ ਥੋੜ੍ਹੋ ਆਂ...!" ਗੇਟਕੀਪਰ ਨੇ ਅਜੀਬ ਅਕਾਸ਼ਬਾਣੀ ਕੀਤੀ।

-"ਜੇ ਹੁਣ ਅੱਗੇ ਬੋਲਿਐਂ, ਤੇਰੀ ਜੀਭ ਖਿੱਚਦੂੰ...! ਜਾਹ ਜਾ ਕੇ ਡਾਕਟਰ ਨੂੰ ਬੁਲਾ, ਸਾਲ਼ਾ ਕੁੱਤਿਆਂ ਦਾ...! ਕਿਵੇਂ ਲੰਮੀਆਂ ਤਾਣ ਕੇ ਪਿਐ ਜਿਵੇਂ ਭੈਣ ਦਾ ਲੱਕੜ ਸਹੁਰੀਂ ਆਇਆ ਹੁੰਦੈ...!" ਮੁੰਡਾ ਹੋਰ ਤੱਤਾ ਹੋ ਗਿਆ। ਗੁਸੈਲ਼ੇ ਬੰਦੇ ਦੇਖ ਕੇ ਗੇਟਕੀਪਰ ਅੰਦਰ ਚਲਿਆ ਗਿਆ। ਉਸ ਨੇ ਕਰੋਲ਼ੇ ਜਿਹੇ ਦਿੱਤੇ, ਪਰ ਡਾਕਟਰ ਨਜ਼ਰ ਨਾ ਆਇਆ। ਡਾਕਟਰ ਦੇ ਦਫ਼ਤਰ ਅੰਦਰ ਝਾਤੀ ਮਾਰੀ ਤਾਂ ਰਾਤ ਦੀ ਡਿਊਟੀ ਵਾਲ਼ੀ ਨਰਸ ਕੁਰਸੀ 'ਤੇ ਸੁੱਤੀ ਪਈ ਸੀ।

-"ਮੈਡਮ ਇੱਕ ਮਰੀਜ਼ ਆਇਐ...!" ਉਸ ਨੇ ਨਰਸ ਨੂੰ ਸੰਖੇਪ ਦੱਸਿਆ।

-"................!" ਨਰਸ ਨੇ ਕੋਈ ਹੁੰਗਾਰਾ ਨਾ ਭਰਿਆ। ਉਸ ਨੇ ਤਿਰਮਚੀ ਵਾਂਗ ਅੱਖਾਂ ਖੋਲ੍ਹ ਕੇ ਮੁੜ ਮੀਟ ਲਈਆਂ।

-"ਮੈਡਮ ਮਰੀਜ਼ ਸੀਰੀਅਸ ਐ...!" ਗੇਟਕੀਪਰ ਨੇ ਫ਼ੇਰ ਇਤਲਾਹ ਦਿੱਤੀ।

-".......!" ਪਰ ਨਰਸ ਦੇ ਮਨ 'ਤੇ ਕੋਈ ਅਸਰ ਨਾ ਪਿਆ।

-"ਮੈਡਮ, ਮਰੀਜ਼ ਦੇ ਵਾਰਿਸ ਅੰਦਰ ਆ ਰਹੇ ਐ...!" ਡਰੇ ਗੇਟਕੀਪਰ ਦੇ ਕਹਿਣ 'ਤੇ ਨਰਸ ਨੇ ਸੁਣ ਵਾਲ਼ੀ ਮੱਝ ਵਾਂਗ ਪਾਸਾ ਮਾਰਿਆ ਅਤੇ ਮਸਾਂ ਹੀ ਉਠ ਕੇ ਖੜ੍ਹੀ ਹੋਈ।

-"ਜਾਹ ਉਹਨਾਂ ਨੂੰ ਅੰਦਰ ਬੁਲਾ...!"

ਗੇਟਕੀਪਰ ਸਿਰ 'ਤੇ ਪੈਰ ਰੱਖ ਕੇ ਬਾਹਰ ਭੱਜ ਗਿਆ।

-"ਲਿਆਓ ਸਰਦਾਰ ਜੀ, ਅੰਦਰ ਲਿਆਓ ਮਰੀਜ਼ ਨੂੰ..! ਆਹ ਸਟਰੈਚਰ ਲੈਜੋ...!"

-"ਤੇ ਤੂੰ ਐਥੇ ਖੜ੍ਹਾ ਮਸੱਦ ਫੇਰਦੈਂ...? ਫੜ ਇਹਨੂੰ ਭੈਣ ਦਿਆ ਯਾਰਾ...!" ਅੱਕੇ ਮੁੰਡੇ ਦਾ ਦਿਲ ਕਰਦਾ ਸੀ ਕਿ ਆਲਸੀ ਗੇਟਕੀਪਰ ਦੀ ਸੰਘੀ ਮਲ਼ ਦੇਵੇ। ਕਰੋਧੀ ਬੰਦਾ ਦੇਖ ਕੇ ਗੇਟਕੀਪਰ ਸਟਰੈਚਰ ਫੜ ਕੇ ਅੱਗੇ ਲੱਗ ਤੁਰਿਆ।

ਉਹਨਾਂ ਨੇ ਬੜੀ ਮੁਸ਼ਕਿਲ ਨਾਲ਼ ਹੀਰੇ ਨੂੰ ਸਟਰੈਚਰ 'ਤੇ ਪਾਇਆ ਅਤੇ ਅੰਦਰ ਲੈ ਗਏ।

ਨਰਸ ਅਜੇ ਵੀ ਖੜ੍ਹੀ ਉਬਾਸੀਆਂ ਲੈ ਰਹੀ ਸੀ। ਅਮਲੀਆਂ ਵਾਂਗ ਉਸ ਦੀਆਂ ਅੱਖਾਂ ਲਾਲ ਸਨ।

ਕੌਰੇ ਹੋਰੀਂ ਹੀਰੇ ਨੂੰ ਅੰਦਰ ਲੈ ਆਏ। ਨਰਸ ਨੇ ਸਟੈਥੋਸਕੋਪ ਲਾ ਕੇ ਚੈੱਕ ਕੀਤਾ ਅਤੇ ਫ਼ਿਰ ਨਬਜ਼ ਦੇਖੀ। ਹੀਰਾ ਪੂਰਾ ਹੋ ਚੁੱਕਿਆ ਸੀ।

-"ਇਹ ਤਾਂ ਮਰ ਗਿਆ...!" ਨਰਸ ਨੇ ਚਾਣ-ਚੱਕ ਖ਼ਬਰ ਸੁਣਾਈ ਤਾਂ ਅਮਰੋ ਧਾਹ ਮਾਰ ਕੇ ਪੁੱਤ ਦੀ ਲਾਸ਼ 'ਤੇ ਡਿੱਗ ਪਈ।

-"ਨੀ ਲੁੱਚੀਏ ਮਾਰਤਾ ਨੀ ਮੇਰਾ ਪੁੱਤ ਤੂੰ...! ਐਨਾਂ ਚਿਰ ਅੰਦਰ ਕੀ ਨਵੇਂ ਦੁੱਧ ਹੁੰਦੀ ਸੀ ਤੂੰ, ਬਾਹਰ ਆ ਕੇ ਦੇਖਿਆ ਨੀ ਸੀ ਜਾਂਦਾ ਹਰਾਮਜ਼ਾਦੀਏ...?" ਅਮਰੋ ਨੇ ਲਾਸ਼ ਤੋਂ ਉਠ ਕੇ ਅੱਖਾਂ ਲਾਲ ਕਰ ਕੇ ਕਿਹਾ।

-"ਪਰ ਇਹਨੂੰ ਮਰੇ ਨੂੰ ਤਾਂ ਘੱਟੋ ਘੱਟ ਦੋ ਘੰਟੇ ਹੋ ਗਏ ਨੇ...!" ਨਰਸ ਥਰ-ਥਰ ਕੰਬਣ ਲੱਗ ਪਈ।

-"ਚੱਲ ਬੱਸ ਕਰ ਚਾਚੀ...! ਆਪਣਾ ਹੀਰਾ ਚਲਿਆ ਗਿਆ, ਰੱਬ ਦਾ ਭਾਣਾ ਮੰਨ..!" ਮੁੰਡੇ ਨੇ ਅਮਰੋ ਨੂੰ ਦਿਲਾਸਾ ਦਿੱਤਾ। ਉਸ ਨੇ ਹੀਰੇ ਦੇ ਮੂੰਹ 'ਤੇ ਕੱਪੜਾ ਦੇ ਕੇ ਮੂੰਹ ਢਕ ਦਿੱਤਾ।

-"ਚਲੋ...!" ਕੌਰੇ ਨੇ ਸਟਰੈਚਰ ਰੋੜ੍ਹ ਲਿਆ।

-"ਪਰ ਇਹਦਾ ਤਾਂ ਪੋਸਟ ਮਾਰਟਮ ਕਰਵਾਉਣਾ ਪਊਗਾ...!" ਨਰਸ ਬੋਲੀ।

-"ਕਿਉਂ...? ਇਹਨੂੰ ਹੁਣ ਤੂੰ ਝੁਆਰ੍ਹਾ ਧਰਨੈ...? ਜਦੋਂ ਲੋੜ ਸੀ, ਓਦੋਂ ਤਾਂ ਤੂੰ ਉਠੀ ਨਾ, ਹੁਣ ਤੈਨੂੰ ਇਹਦਾ ਹੇਜ ਆਉਣ ਲੱਗ ਪਿਆ, ਤੇਰੀ ਭੈਣ ਦੀ ... ਕੁੱਤੀ ਦੀ...?" ਮੁੰਡਾ ਲੀੜਿਆਂ ਤੋਂ ਬਾਹਰ ਹੋ ਗਿਆ।

-"ਚੱਲ ਰੋਕ ਕੇ ਦਿਖਾਓ ਕਿਹੜਾ ਰੋਕਦੈ, ਜੇ ਸਿਰ 'ਚ ਮਧਾਣੀ ਚੀਰਾ ਨਾ ਪਾਅਤਾ...!" ਉਹ ਸਟਰੈਚਰ ਧੱਕ ਕੇ ਬਾਹਰ ਲੈ ਗਿਆ। ਗੇਟਕੀਪਰ ਅਤੇ ਨਰਸ ਬੱਗੇ ਛੂਸ ਹੋਏ ਖੜ੍ਹੇ ਸਨ। ਉਹਨਾਂ ਨੂੰ ਮੁੰਡੇ ਦੇ ਖ਼ਰੂਦੀ ਸੁਭਾਅ ਤੋਂ ਭੈਅ ਆਇਆ ਸੀ।

-"ਡਾਕਟਰ ਸਾਹਿਬ ਨੂੰ ਦੱਸ ਕੇ ਆਵਾਂ...?" ਗੇਟਕੀਪਰ ਘੁੱਟਾਂਬਾਟੀ ਝਾਕਿਆ।

-"ਕੋਈ ਲੋੜ ਨੀ...! ਦੱਸਣ ਦੀ ਵੀ ਲੋੜ ਨੀ ਕਿ ਕੋਈ ਆਇਆ ਸੀ...!" ਨਰਸ ਅਤੀਅੰਤ ਰੁੱਖੀ ਬੋਲੀ।

ਗੇਟਕੀਪਰ ਚੁੱਪ ਵੱਟ ਗਿਆ।

ਹੀਰੇ ਦੀ ਲਾਸ਼ ਘਰ ਲਿਆਂਦੀ ਗਈ। ਅਮਰੋ ਸਵੇਰ ਹੋਣ ਤੱਕ ਰੋਈ ਪਿੱਟੀ ਗਈ। ਜੁਆਨ ਪੁੱਤਰ ਦੀ ਮੌਤ ਹੋ ਗਈ ਸੀ, ਉਸ ਦੇ ਵੀ ਕੋਈ ਵੱਸ ਨਹੀਂ ਸੀ।

ਬੱਗਾ ਕੱਲ੍ਹ ਦਾ ਘਰ ਨਹੀਂ ਆਇਆ ਸੀ।

ਕੌਰਾ, ਅਮਰੋ ਅਤੇ ਆਂਢ ਗੁਆਂਢ ਦੇ ਲੋਕ ਸਵੇਰ ਹੋਣ ਤੱਕ ਹੀਰੇ ਦੀ ਲਾਸ਼ ਦੁਆਲ਼ੇ ਬੈਠੇ ਅਫ਼ਸੋਸ ਕਰਦੇ ਰਹੇ। ਪਤਾ ਲੱਗਣ 'ਤੇ ਸਵੇਰੇ ਕੇਹਰਾ ਚਾਚਾ ਅਤੇ ਜੰਟਾ ਵੀ ਆ ਗਏ।

ਜਿਉਂ-ਜਿਉਂ ਪਿੰਡ ਵਿੱਚ ਪਤਾ ਲੱਗਦਾ ਗਿਆ। ਲੋਕ ਪਹੁੰਚਦੇ ਰਹੇ।

ਰਿਸ਼ਤੇਦਾਰ ਵੀ ਪਹੁੰਚਣੇ ਸ਼ੁਰੂ ਹੋ ਗਏ। ਇੰਦਰ ਅਤੇ ਨਸੀਬ ਕੌਰ ਵੀ ਆ ਗਏ ਸਨ। ਪਰ ਨਸੀਬ ਕੌਰ ਅਮਰੋ ਕੋਲ਼ ਨਹੀਂ ਬੈਠੀ ਸੀ। ਉਹ ਹੀਰੇ ਦੀ ਮ੍ਰਿਤਕ ਦੇਹ ਦੀ ਪੈਂਦ ਕੋਲ਼ ਬੈਠੀ ਸੀ।

-"ਮੈਂ ਬਾਈ ਬਖ਼ਤੌਰ ਨੂੰ ਫ਼ੋਨ ਕਰ ਕੇ ਦੱਸ ਆਇਆ ਸੀ ਆਉਂਦਾ ਹੋਇਆ...!" ਜੰਟੇ ਨੇ ਕੌਰੇ ਨੂੰ ਕਿਹਾ। ਪਰ ਦੁੱਖ ਵਿੱਚ ਕੌਰਾ ਨਾ ਬੋਲਿਆ। ਬੋਲਦਾ ਵੀ ਕੀ...? ਜੁਆਨ ਜਹਾਨ ਮੁੰਡਾ ਭੰਗ ਦੇ ਭਾੜ੍ਹੇ ਤੁਰ ਗਿਆ ਸੀ।

-"ਬਾਈ ਜੰਟਿਆ, ਬੱਗੇ ਨੂੰ ਫ਼ੋਨ ਲਾ ਕੇ ਦੱਸ...!" ਅਚਾਨਕ ਕੌਰੇ ਨੇ ਕਿਹਾ।

-"ਉਹਦਾ ਨੰਬਰ ਹੈਨ੍ਹੀ ਮੇਰੇ ਕੋਲ਼ੇ ਬਾਈ, ਨੰਬਰ ਦੇਹ ਉਹਦਾ, ਫ਼ੋਨ ਮੈਂ ਕਰ ਦਿੰਨੈ...!"

-"ਆਬਦੀ ਭਾਬੀ ਤੋਂ ਲੈ ਲਾ...!"

ਜੰਟਾ ਉਠ ਕੇ ਅੰਦਰ ਚਲਾ ਗਿਆ ਅਤੇ ਅਮਰੋ ਤੋਂ ਫ਼ੋਨ ਨੰਬਰ ਲੈ ਕੇ ਫ਼ੋਨ ਮਿਲਾਉਣ ਲੱਗ ਪਿਆ। ਬੈੱਲ ਜਾ ਰਹੀ ਸੀ। ਪਰ ਬੱਗਾ ਫ਼ੋਨ ਚੁੱਕ ਨਹੀਂ ਸੀ ਰਿਹਾ। ਜਦ ਜੰਟੇ ਨੇ ਚਾਰ-ਪੰਜ ਵਾਰੀ ਫ਼ੋਨ ਲਗਾਤਾਰ ਮਿਲਾਇਆ ਤਾਂ ਅੱਗਿਓਂ ਫ਼ੋਨ ਬੰਦ ਹੋ ਗਿਆ। ਸ਼ਾਇਦ ਬੱਗੇ ਨੇ ਅੱਕ ਕੇ ਬੰਦ ਕਰ ਦਿੱਤਾ ਸੀ, ਜਾਂ ਬੈਟਰੀ ਖਤਮ ਹੋ ਗਈ ਸੀ...?

-"ਬਾਈ ਕੌਰਿਆ, ਕਈ ਆਰੀ ਫ਼ੋਨ ਕੀਤੈ, ਪਰ ਚੱਕਿਆ ਨੀ...!" ਜੰਟੇ ਨੇ ਦੱਸਿਆ। ਕੌਰਾ ਚੁੱਪ ਵੱਟ ਗਿਆ।

-"ਉਹਦਾ ਕੋਈ ਪਤਾ ਨੀ ਪੁੱਤ ਕੌਰਿਆ..! ਤੁਸੀਂ 'ਛਕਾਰ' ਦਾ ਪ੍ਰਬੰਧ ਕਰੋ, ਮੁੰਡੇ ਦੀ ਦੇਹ ਨਾ ਰੋਲ਼ੋ...!" ਚਾਚੇ ਕੇਹਰੇ ਨੇ ਕਿਹਾ ਤਾਂ ਕੌਰੇ ਦਾ ਭੁੱਬ ਮਾਰਨ ਨੂੰ ਦਿਲ ਕੀਤਾ। ਪਿੰਡ ਦੀਆਂ ਬੁੜ੍ਹੀਆਂ ਵਿੱਚ ਬੈਠੀ ਅਮਰੋ ਵੀ ਰੋ ਪਿੱਟ ਕੇ ਥੱਕ ਹਾਰ ਗਈ ਸੀ।

-"ਕੌਰਿਆ, ਚਲੋ ਇਸ਼ਨਾਨ ਕਰਵਾਓ...!" ਕੇਹਰੇ ਚਾਚੇ ਨੇ ਬੱਚਿਆਂ ਵਾਂਗ ਕੌਰੇ ਦੀ ਪਿੱਠ ਥਾਪੜੀ।

-"ਚੱਲ ਬਾਈ ਕੌਰਿਆ...!" ਜੰਟਾ ਵੀ ਉਠ ਕੇ ਖੜ੍ਹਾ ਹੋ ਗਿਆ। ਉਸ ਨਾਲ਼ ਪੰਜ ਸੱਤ ਹੋਰ ਮੁੰਡੇ ਖੜ੍ਹੇ ਹੋ ਗਏ।

ਹੀਰੇ ਦਾ ਇਸ਼ਨਾਨ ਕਰਵਾਇਆ ਗਿਆ ਅਤੇ ਸਸਕਾਰ ਦੀ ਤਿਆਰੀ ਹੋ ਗਈ।

-"ਬਾਈ ਜੰਟਿਆ, ਮਾਰ ਖਾਂ ਓਹਨੂੰ ਫ਼ੇਰ ਫ਼ੂਨ, ਕੀ ਐ ਚੱਕ ਈ ਲਵੇ...? ਵੱਡੇ ਭਰਾ ਦੇ ਆਖਰੀ ਦਰਸ਼ਣ ਤਾਂ ਕਰ ਲਊ..!" ਕੌਰੇ ਦਾ ਮੁੜ ਮਨ ਭਰ ਆਇਆ, "ਪਰ ਉਹਨੂੰ ਹੈਨ੍ਹੀ ਕਿਸੇ ਦਾ ਦਰੇਗ...! ਬੱਸ ਆਪ ਹੁਦਰਾ ਈ ਐ...!"

**ਚਲਦਾ...**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**-ਸੰਪਾਦਕ**

# ਸੰਘੀ ਢਾਂਚੇ ਦੀ ਭਾਵਨਾ ਦੇ ਖਿਲਾਫ਼ ਵਰਤਾਰਾ ਖ਼ਤਰਨਾਕ

ਗੁਰਮੀਤ ਸਿੰਘ ਪਲਾਹੀ
9815802070



ਕੁਝ ਦਿਨ ਪਹਿਲਾਂ ਹੀ ਪੰਜਾਬ ਦੇ 37ਵੇਂ ਰਾਜਪਾਲ ਵਜੋਂ 79 ਸਾਲ ਦੀ ਉਮਰ ਦੇ ਗੁਲਾਬ ਚੰਦ ਕਟਾਰੀਆ ਨੇ ਚਾਰਜ ਲਿਆ ਹੈ। ਉਹ ਸਿੱਕੇ ਬੰਦ ਭਾਜਪਾ ਨੇਤਾ ਹਨ। ਗੁਲਾਬ ਚੰਦ ਕਟਾਰੀਆ ਨੇ ਬਨਵਾਰੀ ਲਾਲ ਪ੍ਰੋਹਿਤ ਦੀ ਥਾਂ ਲਈ ਹੈ, ਜਿਹਨਾ ਦਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ, ਉਹਨਾ ਦੇ ਪੂਰੇ ਕਾਰਜਕਾਲ ਦੌਰਾਨ ਇੱਟ-ਖੜਿੱਕਾ ਰਿਹਾ। ਸੂਬੇ ਦੇ ਦੋਵੇਂ ਸੰਵਿਧਾਨਿਕ ਆਗੂ ਮਹਿਣੋ-ਮਹਿਣੀ ਤਾਂ ਹੋਏ ਹੀ, ਕੋਰਟ -ਕਚਹਿਰੀਆਂ 'ਚ ਕੇਸ ਲੜਦੇ ਰਹੇ ਅਤੇ ਪੰਜਾਬ ਦੇ ਖ਼ਜ਼ਾਨੇ ਨੂੰ ਚੂਨਾ ਲਾਉਂਦੇ ਰਹੇ। ਗਵਰਨਰ ਬਨਵਾਰੀ ਲਾਲ ਪ੍ਰੋਹਿਤ ਦੇ ਕਦਮ ਚਿੰਨ੍ਹਾਂ 'ਤੇ ਚਲਦਿਆਂ ਨਵੇਂ ਗਵਰਨਰ ਗੁਲਾਬ ਚੰਦ ਕਟਾਰੀਆ ਨੇ ਚਾਰਜ ਸੰਭਾਲਦਿਆਂ ਹੀ ਪੰਜਾਬ ਦੇ ਪ੍ਰਸ਼ਾਸ਼ਨੀ ਸਕੱਤਰਾਂ ਨਾਲ ਮੀਟਿੰਗਾਂ ਆਰੰਭ ਕਰ ਦਿੱਤੀਆਂ। ਇਹਨਾ ਮੀਟਿੰਗਾਂ ਨੂੰ ਭਾਰਤੀ ਸੰਵਿਧਾਨ ਵਿੱਚ ਅੰਕਿਤ ਸੰਘੀ ਢਾਂਚੇ ਦੀ ਭਾਵਨਾ ਦੇ ਖਿਲਾਫ਼ ਮੰਨਿਆ ਜਾ ਰਿਹਾ ਹੈ ਅਤੇ ਕੇਂਦਰ ਸਰਕਾਰ ਵਲੋਂ ਰਾਜ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਗਰਦਾਨਿਆਂ ਜਾ ਰਿਹਾ ਹੈ। ਪੰਜਾਬ ਦੀ ਹਾਕਮ ਧਿਰ, ਵਿਰੋਧੀ ਧਿਰ, ਸ਼੍ਰੋਮਣੀ ਅਕਾਲੀ ਦਲ ਲਗਭਗ ਸਾਰੀਆਂ ਹੀ ਸਿਆਸੀ ਪਾਰਟੀਆਂ ਨੇ ਇਸ ਕਾਰਵਾਈ ਨੂੰ ਗਲਤ ਕਰਾਰ ਦਿੱਤਾ ਹੈ।

ਲਗਭਗ ਇੱਕ ਦਹਾਕੇ ਦੇ ਮੋਦੀ ਸਰਕਾਰ ਦੇ ਕਾਰਜਕਾਰ ਦੌਰਾਨ ਦੇਸ਼ ਦੇ ਸੰਘੀ ਢਾਂਚੇ ਨੂੰ ਵਿਗਾੜਨ ਤੇ ਉਖਾੜਨ ਲਈ ਯਤਨ ਹੋ ਰਹੇ ਹਨ। ਰਾਜਪਾਲ ਖ਼ਾਸ ਤੌਰ 'ਤੇ ਉਹਨਾ ਸੂਬਿਆਂ ਵਿੱਚ ਸਿੱਧਾ ਪ੍ਰਾਸ਼ਾਸ਼ਕੀ ਦਖ਼ਲ ਦੇ ਰਹੇ ਹਨ, ਜਿਹਨਾ ਸੂਬਿਆਂ ਵਿੱਚ ਭਾਜਪਾ ਦੀ ਸਰਕਾਰ ਨਹੀਂ ਹੈ। ਇਸ ਦਖ਼ਲ-ਅੰਦਾਜੀ ਦੇ ਖਿਲਾਫ਼ ਵਿਰੋਧੀ ਧਿਰ ਵਾਲੀਆਂ ਸੂਬਾ ਸਰਕਾਰਾਂ ਵਿਰੋਧ ਕਰ ਰਹੀਆਂ ਹਨ। ਪਰ ਬੇਵਸ ਦਿਖਦੀਆਂ ਹਨ। ਬਿਨ੍ਹਾਂ ਸ਼ੱਕ ਇਸ ਤਰ੍ਹਾਂ ਦੀਆਂ ਕਾਰਵਾਈਆਂ ਰਾਜ ਦੇ ਮਾਮਲਿਆਂ ਵਿੱਚ ਕੇਂਦਰ ਸਰਕਾਰ ਦੀ ਦਖ਼ਲ-ਅੰਦਾਜੀ ਹੈ ਅਤੇ ਸੂਬੇ ਦੇ ਹਿੱਤਾਂ ਦੇ ਵਿਰੁੱਧ ਹੈ। ਇਸ ਨਾਲ ਕੇਂਦਰ ਰਾਜ ਸਬੰਧਾਂ ਤੇ ਸਿੱਧਾ ਅਸਰ ਪਏਗਾ। ਇਸ ਕਿਸਮ ਦੇ ਦਖ਼ਲ ਦਾ ਮਤਲਬ ਪ੍ਰਸ਼ਾਸ਼ਕੀ ਅਫ਼ਸਰਾਂ ਨੂੰ ਦੋਹਰੀ ਕਮਾਂਡ ਦੇਣ ਦੇ ਤੁਲ ਹੈ। ਇਸ ਨਾਲ ਚੁਣੀ ਸਰਕਾਰ ਨੂੰ ਆਪਣੀ ਸਰਕਾਰ ਚਲਾਉਣ ਲਈ ਵਧੇਰੇ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹੋ ਜਿਹੇ ਦਖ਼ਲ ਦਾ ਸਿੱਟਾ ਕੇਂਦਰ ਤੇ ਸੂਬਿਆਂ ਦੇ ਟਕਰਾਅ 'ਚ ਵੇਖਿਆ ਜਾ ਰਿਹਾ ਹੈ। ਪੰਜਾਬ, ਪੱਛਮੀ ਬੰਗਾਲ 'ਚ ਇਹ ਟਕਰਾਅ ਹੱਦਾਂ ਬੰਨ੍ਹੇ ਟੱਪ ਚੁੱਕਾ ਹੈ। ਕੇਂਦਰ ਰਾਜਾਂ ਨੂੰ ਆਪਣੀਆਂ ਲੋੜਾਂ ਅਨੁਸਾਰ ਯੋਜਨਾਬੰਦੀ ਨਹੀਂ ਕਰਨ ਦੇ ਰਿਹਾ, ਸਕੀਮਾਂ ਬਨਾਉਣ ਦੀ ਆਗਿਆ ਨਹੀਂ ਦੇ ਰਿਹਾ। ਇਹੋ ਹੀ ਕਾਰਨ ਹੈ ਕਿ ਸਿਹਤ, ਸਿੱਖਿਆ ਲਈ ਕੇਂਦਰ ਸਰਕਾਰ ਵਲੋਂ ਕੇਂਦਰੀ ਫੰਡ ਰੋਕ ਦਿੱਤੇ ਜਾਂਦੇ ਹਨ। ਪੰਜਾਬ 'ਚ ਭਗਵੰਤ ਸਿੰਘ ਮਾਨ ਸਰਕਾਰ ਦੇ ਕੇਂਦਰੀ ਫੰਡ ਰੋਕ ਦਿੱਤੇ ਗਏ, ਕਿਉਂਕਿ ਉਹਨਾ ਕੇਂਦਰੀ ਸਕੀਮਾਂ ਦੀ ਥਾਂ "ਮੁਹੱਲਾ ਕਲੀਨਿਕ" ਬਣਾ ਦਿੱਤੇ। ਪੰਜਾਬ 'ਚ ਪੇਂਡੂ ਵਿਕਾਸ ਫੰਡ (ਆਰ. ਡੀ. ਐਫ) ਦੇ ਬਕਾਏ ਦੇਣ ਤੋਂ ਨਾਂਹ ਕਰ ਦਿੱਤੀ ਗਈ। ਇਥੇ ਹੀ ਬੱਸ ਨਹੀਂ ਸੂਬੇ ਦੇ



ਸਰਹੱਦੀ ਇਲਾਕਿਆਂ ਵਿੱਚ ਕੇਂਦਰ ਨੇ ਬੀ.ਐਸ.ਐਫ. ਤਾਇਨਾਤ ਕਰਕੇ ਅਤੇ ਉਸ ਏਜੰਸੀ ਦੀਆਂ ਤਾਕਤਾਂ ਦਾ ਘੇਰਾ ਵਧਾਕੇ ਕੇਂਦਰ ਨੇ ਆਪਣਾ ਕੰਟਰੋਲ ਵਧਾ ਲਿਆ ਹੈ।

ਕੀ ਇਹ ਦੋ ਸਮਾਂਤਰ ਸਰਕਾਰਾਂ ਬਨਾਉਣ ਵਾਂਗਰ ਨਹੀਂ ਹੈ? ਜਦੋਂ ਪੰਜਾਬ ਵਿੱਚ ਚੁਣੀ ਹੋਈ ਸਰਕਾਰ ਹੈ। ਪੱਛਮੀ ਬੰਗਾਲ ਵਿੱਚ ਵੀ ਚੁਣੀ ਹੋਈ ਸਰਕਾਰ ਹੈ। ਦੇਸ਼ ਦੇ ਹੋਰ ਕਈ ਰਾਜਾਂ ਵਿੱਚ ਵੀ ਭਾਜਪਾ ਤੋਂ ਉਲਟ ਪਾਰਟੀਆਂ ਆਪਣੀਆਂ ਸਰਕਾਰਾਂ ਬਣਾਈ ਬੈਠੀਆਂ ਹਨ, ਤਾਂ ਫਿਰ ਕੇਂਦਰ ਸਰਕਾਰ, ਸੰਘੀ ਢਾਂਚੇ ਦੀ ਭਾਵਨਾ ਅਨੁਸਾਰ ਉਹਨਾਂ ਸਰਕਾਰਾਂ ਨੂੰ ਕੰਮ ਕਿਉਂ ਨਹੀਂ ਕਰਨ ਦੇ ਰਿਹਾ?

ਕਿਸੇ ਵੀ ਸੂਬੇ ਵਿੱਚ ਦੋ ਸਮਾਂਤਰ ਸਰਕਾਰਾਂ ਨਹੀਂ ਹੋ ਸਕਦੀਆਂ। ਇਸ ਨਾਲ ਪੁਲਿਸ, ਪ੍ਰਸ਼ਾਸ਼ਨ 'ਚ ਵਿਗਾੜ ਪੈਦਾ ਹੁੰਦਾ ਹੈ। ਆਈ. ਏ. ਐਸ. ਅਫ਼ਸਰ, ਆਈ. ਪੀ. ਐਸ. ਅਫ਼ਸਰ, ਜਿਹੜੇ ਕੇਂਦਰ ਸਰਕਾਰ ਦੇ ਲਈ ਵੀ ਜਵਾਬਦੇਹ ਹਨ, ਇਹੋ ਜਿਹੇ ਹਾਲਾਤਾਂ 'ਚ ਉਹਨਾ ਦੇ ਕੰਮ ਕਰਨ ਦੇ ਤੌਰ ਤਰੀਕਿਆਂ 'ਤੇ ਫ਼ਰਕ ਪੈਂਦਾ ਹੈ। ਸੰਘੀ ਢਾਂਚੇ ਦੀ ਭਾਵਨਾ ਤਾਂ ਇਹ ਹੈ ਕਿ ਸੂਬਿਆਂ ਨੂੰ ਆਪਣੇ ਕੰਮ ਆਪ ਚਲਾਉਣ ਦਿੱਤੇ ਜਾਣ। ਪੰਜਾਬ, ਪੱਛਮੀ ਬੰਗਾਲ ਵਰਗੇ ਸਰਹੱਦੀ ਰਾਜਾਂ ਵਿੱਚ ਤਾਂ ਅਜਿਹਾ ਹੋਣਾ ਹੋਰ ਵੀ ਜ਼ਰੂਰੀ ਹੈ।

ਕੇਂਦਰ ਸਰਕਾਰ ਵਲੋਂ ਸੂਬਿਆਂ ਦੇ ਹੱਕ ਖੋਹਣ ਦਾ ਮਾਮਲਾ ਨਵਾਂ ਨਹੀਂ ਹੈ। ਕੇਂਦਰ ਆਪਣੀਆਂ ਵਿਰੋਧੀ ਸੂਬਿਆਂ ਦੀ ਸਰਕਾਰਾਂ ਨੂੰ ਗੈਰ-ਸੰਵਿਧਾਨਿਕ ਤੌਰ 'ਤੇ ਤੋੜਦਾ ਵੀ ਰਿਹਾ ਹੈ ਅਤੇ ਹੁਣ ਪਿਛਲੇ ਇੱਕ ਦਹਾਕੇ ਤੋਂ ਇਹ ਵਰਤਾਰਾ ਸਿਖ਼ਰਾਂ ਛੋਹ ਗਿਆ ਹੈ। ਕੇਂਦਰ ਦੀ ਮੋਦੀ ਸਰਕਾਰ ਸੱਭੋ ਕੁਝ ਆਪਣੀ ਮੁੱਠੀ 'ਚ ਕਰਨਾ ਚਾਹੁੰਦੀ ਹੈ, ਜਿਸ ਨਾਲ ਸੰਘੀ ਢਾਂਚੇ ਦੀ ਭਾਵਨਾ 'ਤੇ ਸੱਟ ਪੈਂਦੀ ਨਜ਼ਰ ਆਉਂਦੀ ਹੈ।

ਸੂਬਿਆਂ ਦੇ ਹੱਕਾਂ ਉਤੇ ਜਦੋਂ ਛਾਪਾ ਪੈਂਦਾ ਹੈ, ਉਸ ਵੇਲੇ ਉਥੋਂ ਦੇ ਲੋਕਾਂ 'ਚ ਵਿਆਪਕ ਰੋਸ ਵੇਖਣ ਨੂੰ ਮਿਲਦਾ ਹੈ। ਪੰਜਾਬ ਦਾ ਦਿੱਲੀ ਸਰਕਾਰ ਨਾਲ ਮੌਜੂਦਾ ਦੌਰ ਵਿੱਚ ਅਤੇ ਪਹਿਲਾਂ ਵੀ ਟਕਰਾਅ ਸਿਖ਼ਰਾਂ 'ਤੇ ਪੁੱਜਦਾ ਰਿਹਾ ਹੈ। ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਇਸੇ ਕਰਕੇ ਉੱਠਦੀ ਰਹੀ ਹੈ। ਪੰਜਾਬ ਵਿੱਚੋਂ ਬਗਾਵਤੀ ਸੁਰਾਂ ਉੱਠਣ ਦਾ ਕਾਰਨ ਹੀ ਇਹੋ ਸੀ ਕਿ ਅਨੰਦਪੁਰ ਸਾਹਿਬ ਦਾ ਸਿਆਸੀ ਮਤਾ ਪੰਜਾਬ ਦੀ ਖੇਤਰੀ ਪਾਰਟੀ ਨੇ ਪਾਸ ਕੀਤਾ। ਭਾਵੇਂ ਮੌਕੇ ਦੀ ਕਾਂਗਰਸ ਸਰਕਾਰ ਨੇ ਇਸ ਮਤੇ ਨੂੰ ਵੱਖਵਾਦੀ ਦੱਸਦਿਆਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖ਼ਤਰੇ ਵਜੋਂ ਪੇਸ਼ ਕੀਤਾ। ਪਰ ਇਸ ਮਤੇ ਵਿੱਚ ਜਿਹੜੇ ਪੱਖ ਉਲੀਕੇ ਗਏ, ਉਹਨਾ ਨੂੰ ਦੇਸ਼ ਦੇ ਹੋਰ ਕਈ ਸੂਬਿਆਂ ਦੇ ਲੋਕਾਂ ਵਲੋਂ ਹੁੰਗਾਰਾ ਮਿਲਿਆ, ਕਿਉਂਕਿ ਕੇਂਦਰ ਦੀਆਂ ਸਰਕਾਰਾਂ ਭਾਵੇਂ ਉਹ ਕਾਂਗਰਸ ਦੀ ਸਰਕਾਰ ਸੀ ਜਾਂ ਹੁਣ ਵਾਲੀ ਭਾਜਪਾ ਸਰਕਾਰ, ਉਹ ਸੂਬਿਆਂ ਦੀਆਂ ਸਰਕਾਰਾਂ ਨੂੰ "ਇੱਕ ਮਿਊਂਸਪਲ ਕਮੇਟੀ" ਵਾਂਗਰ ਚਲਾਉਂਦੀ ਦਿਖਦੀ ਰਹੀ।

ਅਨੰਦਪੁਰ ਮਤਾ ਫੈਡਰਿਲਜ਼ਮ ਨੂੰ ਪ੍ਰਭਾਸ਼ਿਤ ਕਰਦਾ ਹੈ। ਇਸ ਅਨੁਸਾਰ "ਇਸ ਨਵੇਂ ਪੰਜਾਬ ਤੇ ਦੇਸ਼ ਦੇ ਹੋਰ ਸੂਬਿਆਂ ਵਿੱਚ ਕੇਂਦਰ ਦਾ ਦਖ਼ਲ ਕੇਵਲ ਮੁਲਕ ਦੇ ਡਿਫੈਂਸ, ਪ੍ਰਦੇਸੀ ਮਾਮਲਿਆਂ, ਤਾਰ ਡਾਕ, ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੱਕ ਸੀਮਤ ਹੋਵੇ ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿੱਚ ਹੋਣ, ਇਨ੍ਹਾਂ ਦੇ ਪ੍ਰਬੰਧ ਲਈ ਪੰਜਾਬ ਨੂੰ ਆਪਣਾ ਆਈਨਾ ਆਪ ਬਨਾਉਣ ਦਾ ਪੂਰਨ ਅਧਿਕਾਰ ਹੋਵੇ।"

ਇਸ ਮਤੇ ਦਾ ਮੰਤਵ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਧਿਆਨ ਵਿੱਚ ਰੱਖਦਿਆਂ ਸੂਬਿਆਂ ਨੂੰ ਖ਼ੁਦ ਮੁਖ਼ਤਿਆਰੀ ਦੁਆਉਣਾ ਹੈ, ਕਿਉਂਕਿ ਅਨੇਕਤਾਵਾਂ ਵਿੱਚ ਏਕਤਾ ਹੀ ਸਾਡੇ ਦੇਸ਼ ਨੂੰ ਬਣਾਉਂਦੀ ਹੈ। ਪਰ ਇਹ ਮਤਾ ਅਕਾਲੀ-ਭਾਜਪਾ ਦੇ ਆਪਸੀ ਗੱਠਜੋੜ ਅਤੇ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਗੱਲ ਨੂੰ ਛੱਡਦਿਆਂ ਸਿਰਫ਼ ਰਾਜ ਕਰਨ ਤੱਕ ਸੀਮਤ ਰਹਿਣ ਕਾਰਨ ਅਕਾਲੀ ਦਲ ਵਲੋਂ ਲਗਭਗ ਛੱਡ ਹੀ ਦਿੱਤਾ ਗਿਆ।

ਅੱਜ ਜਦੋਂ ਕੇਂਦਰ ਦੀ ਸਰਕਾਰ ਸੂਬਿਆਂ ਦੇ ਪ੍ਰਬੰਧ ਵਿੱਚ ਆਪਣੇ ਥਾਪੇ "ਸੂਬੇਦਾਰਾਂ" (ਰਾਜਪਾਲਾਂ) ਰਾਹੀਂ ਬੇਲੋੜਾ ਦਖ਼ਲ ਦੇ ਰਹੀ ਹੈ ਤਾਂ ਵਿਰੋਧੀ ਧਿਰਾਂ ਵਾਲੇ ਸੂਬੇ, ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਕਰਨ ਲੱਗ ਪਏ ਹਨ ਅਤੇ ਇਥੋਂ ਦੇ ਲੋਕ ਵੀ ਵੱਧ ਹੱਕਾਂ ਦੀ ਮੰਗ ਲਈ ਇਕਜੁੱਟ ਹੋਣ ਲੱਗੇ ਹਨ।

ਕੇਂਦਰ ਦੀ ਮੋਦੀ ਸਰਕਾਰ ਨੇ ਜਦੋਂ ਸੂਬਿਆਂ ਦੇ ਅਧਿਕਾਰ ਖੇਤਰ ਵਾਲੀ ਮੱਦ ਖੇਤੀ 'ਚ ਦਖ਼ਲ ਦੇਕੇ ਆਪਣੇ ਤੌਰ 'ਤੇ ਖੇਤੀ ਕਾਨੂੰਨ ਬਣਾਏ, ਤਾਂ ਪੰਜਾਬ ਦੇ ਲੋਕਾਂ ਨੇ ਇਸ ਨੂੰ ਸੰਘੀ ਢਾਂਚੇ 'ਚ ਸਿੱਧਾ ਦਖ਼ਲ ਮੰਨਿਆ, ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਚੱਲਿਆ, ਕੇਂਦਰੀ ਹਾਕਮਾਂ ਨੂੰ ਇਹ ਕਾਨੂੰਨ ਵਾਪਿਸ ਲੈਣੇ ਪਏ।

ਹੁਣ ਵੀ ਪੰਜਾਬ 'ਚ ਕਾਨੂੰਨ ਵਿਵਸਥਾ ਢਹਿ ਢੇਰੀ ਹੋਣ ਨੂੰ ਮੁੱਦਾ ਬਣਾਕੇ ਕੇਂਦਰ ਸਰਕਾਰ ਵਲੋਂ ਉਸਾਰੀ ਜਾ ਰਹੀ ਐਕਸਪ੍ਰੈੱਸ ਹਾਈਵੇ ਲਈ ਜ਼ਮੀਨਾਂ ਐਕਵਾਇਰ ਨਾ ਕਰਨ ਵਰਗੀਆਂ ਅਸਫਲਤਾਵਾਂ ਕਾਰਨ ਕੇਂਦਰ ਨੂੰ ਰਾਜ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦੇਣ ਦਾ ਮੌਕਾ ਮਿਲਿਆ ਹੈ। ਉਸ ਵਲੋਂ ਕੁਝ ਸੜਕੀ ਪ੍ਰਾਜੈਕਟ ਪਹਿਲਾਂ ਹੀ ਰੱਦ ਕਰ ਦਿੱਤੇ ਗਏ ਹਨ ਅਤੇ ਐਕਸਪ੍ਰੈੱਸ ਹਾਈਵੇ ਨੂੰ ਰੱਦ ਕਰਨ ਦੀਆਂ ਧਮਕੀਆਂ ਕੇਂਦਰ ਵਲੋਂ ਸੂਬੇ ਨੂੰ ਲਗਾਤਾਰ ਮਿਲ ਰਹੀਆਂ ਹਨ।

ਮੌਜੂਦਾ ਕੇਂਦਰ ਸਰਕਾਰ ਦਾ ਏਜੰਡਾ ਸ਼ਕਤੀਆਂ ਦੇ ਕੇਂਦਰੀਕਰਨ ਵਾਲਾ ਹੈ। ਸਾਰੀਆਂ ਸ਼ਕਤੀਆਂ ਕੇਂਦਰ ਦੀ ਮੁੱਠੀ 'ਚ ਦੇਣ ਦਾ ਹੈ। ਉਸਦਾ ਏਜੰਡਾ ਧੰਨ ਕੁਬੇਰਾਂ ਦੀ ਕਠਪੁਤਲੀ ਬਣਕੇ ਦੇਸ਼ 'ਚ ਨਿੱਜੀਕਰਨ 'ਚ ਵਾਧੇ ਦਾ ਹੈ। ਬਹੁਤੇ ਸੂਬੇ ਸ਼ਕਤੀਆਂ ਕੇਂਦਰ ਹੱਥ ਫੜਾਉਣ ਦੇ ਹੱਕ 'ਚ ਨਹੀਂ ਹਨ। ਖ਼ਾਸ ਤੌਰ 'ਤੇ ਖੇਤਰੀ ਪਾਰਟੀਆਂ ਤਾਂ ਇਸਦਾ ਲਗਾਤਾਰ ਵਿਰੋਧ ਕਰਦੀਆਂ ਹਨ। ਇਹ ਪਾਰਟੀਆਂ ਕੇਂਦਰ ਦੀ ਇੱਕ ਰਾਸ਼ਟਰ, ਇੱਕ ਚੋਣ, ਇੱਕ ਰਾਸ਼ਟਰ, ਇੱਕ ਬੋਲੀ ਦੇ ਵਿਚਾਰ ਨਾਲ ਪੈਦਾ ਹੋਈਆਂ ਗੁੰਝਲਾਂ ਤੋਂ ਜਾਣੂ ਹਨ।

ਭਾਰਤੀ ਸੰਘਵਾਦ ਵਿੱਚ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵਿਚਲੀਆਂ ਸ਼ਕਤੀਆਂ ਦਾ ਵਰਨਣ ਹੈ। ਸੰਘੀ ਸੂਚੀ ਵਿੱਚ ਰਾਸ਼ਟਰੀ ਮਹੱਤਵ ਵਾਲੇ ਵਿਸ਼ੇ ਰੱਖਿਆ, ਵਿੱਤ, ਰੇਲਵੇ, ਬੈਂਕਿੰਗ ਆਦਿ ਸ਼ਾਮਲ ਹਨ ਅਤੇ ਕੇਂਦਰ ਇਹਨਾ ਵਿਸ਼ਿਆਂ 'ਤੇ ਕਾਨੂੰਨ ਬਣਾ ਸਕਦੀ ਹੈ, ਜਦਕਿ ਰਾਜ ਸੂਚੀ ਵਿੱਚ ਖੇਤੀ, ਵਣਜ, ਵਪਾਰ ਆਦਿ ਵਿਸ਼ੇ ਹਨ ਤੇ ਰਾਜ ਇਹਨਾਂ ਵਿਸ਼ਿਆਂ ਤੇ ਕਾਨੂੰਨ ਬਣਾ ਸਕਦਾ ਹੈ। ਸਮਵਰਤੀ ਸੂਚੀ 'ਚ ਵਣ ਸਿੱਖਿਆ ਆਦਿ ਵਿਸ਼ੇ ਹਨ। ਧਿਆਨ ਦੇਣ ਵਾਲੀ ਗੱਲ ਹੈ ਕਿ ਜੇਕਰ ਦੋਨਾਂ ਸਰਕਾਰਾਂ 'ਚ ਕਾਨੂੰਨ ਨੂੰ ਲੈ ਕੇ ਮਤਭੇਦ ਹਨ ਤਾਂ ਕੇਂਦਰ ਸਰਕਾਰ ਦਾ ਫ਼ੈਸਲਾ ਮੰਨਣਯੋਗ ਹੋਏਗਾ। ਇਸਦਾ ਉਦੇਸ਼ ਖੇਤਰੀ ਪਾਰਟੀਆਂ ਨਾਲ ਏਕਤਾ ਬਣਾਈ ਰੱਖਣ ਲਈ ਜ਼ਰੂਰੀ ਮੰਨਿਆ ਗਿਆ। ਸੰਘਵਾਦ 'ਚ ਸ਼ਕਤੀਆਂ ਦੀ ਵੰਡ, ਲਿਖਤ ਸੰਵਿਧਾਨ, ਸੰਵਿਧਾਨ ਦੀ ਸਰਵਉੱਚਤਾ, ਸੁਤੰਤਰ ਨਿਆਪਾਲਕਾ, ਦੋਹਰੀ ਸਰਕਾਰ ਦਾ ਵੀ ਵਰਨਣ ਹੈ। ਸੰਵਿਧਾਨ ਇਨ੍ਹਾਂ ਕਠੋਰ ਹੈ ਕਿ ਇਸਦੀ ਮੂਲਭਾਵਨਾ 'ਚ ਸੋਧ ਕਰਨੀ ਸੌਖੀ ਨਹੀਂ।

ਪਰ ਭਾਰਤੀ ਸੰਘਵਾਦ ਅੱਗੇ ਸਦਾ ਚਣੌਤੀਆਂ ਰਹੀਆਂ ਹਨ। ਖੇਤਰੀ ਅਸੰਤੋਸ਼, ਕੇਂਦਰੀ ਹਾਕਮਾਂ ਦੇ ਧੌਂਸ-ਧੱਕੇ ਕਾਰਨ ਵਧਦਾ ਰਿਹਾ। ਜਿਸਨੇ ਵੱਖਵਾਦ ਨੂੰ ਜਨਮ ਦਿੱਤਾ। ਕੇਂਦਰ ਸਦਾ ਹੀ ਸੂਬਿਆਂ ਦੇ ਅਧਿਕਾਰਾਂ ਉਤੇ ਛਾਪਾ ਮਾਰਨ ਲਈ ਕੋਝੇ ਹੱਥਕੰਡੇ ਅਪਨਾਉਂਦਾ ਰਿਹਾ ਅਤੇ ਆਪਣੇ ਰਾਜਪਾਲਾਂ ਦੇ ਹੱਕਾਂ ਦੀ ਦੁਰਵਰਤੋਂ ਕਰਦਿਆਂ ਧਾਰਾ 356 ਦਾ ਪ੍ਰਯੋਗ ਕਰਕੇ ਰਾਸ਼ਟਰਪਤੀ ਰਾਜ ਲਗਾਉਂਦਾ ਰਿਹਾ। ਇੱਕ ਸਰਵੇ ਅਨੁਸਾਰ 2000 ਸੰਨ ਤੱਕ 100 ਤੋਂ ਜ਼ਿਆਦਾ ਵੇਰ ਇਸ ਧਾਰਾ ਦੀ ਦੁਰਵਰਤੋਂ ਹੋਈ। ਹੁਣ ਵੀ ਲਗਾਤਾਰ ਦੁਰਵਰਤੋਂ ਹੋ ਰਹੀ ਹੈ। ਵਿਰੋਧੀ ਸਰਕਾਰਾਂ ਦਲਦਬਲੀ ਅਤੇ ਦਬਾਅ ਅਧੀਨ ਤੋੜੀਆਂ ਜਾ ਰਹੀਆਂ ਹਨ, ਵਿੱਤੀ ਸਹਾਇਤਾ ਲਈ ਵਿਰੋਧੀ ਸੂਬਾ ਸਰਕਾਰਾਂ ਨੂੰ ਗ੍ਰਾਂਟਾਂ ਦੀ ਵੰਡ 'ਚ ਮਤਭੇਦ ਕੀਤਾ ਜਾਂਦਾ ਹੈ।

ਬਾਕੀ ਹਿਸਾ ਸਫ਼ਾ 35 ਤੇ ਪੜ੍ਹੋ

## ਹਾਸ ਵਿਅੰਗ

ਦਲੀਪ ਸਿੰਘ ਜੁਨੇਜਾ

# ਗੁਆਂਢੀਆਂ ਦਾ ਪ੍ਰੇਮ



ਰੁਲਦੂ ਭਾਈ ਡੌਰੂ ਖੜਕਾ ਖੜਕਾ, ਸਿਰ ਮਾਰ-ਮਾਰ, ਮਸਤ ਧੁਨ ਵਿਚ ਗਾ ਰਹੇ ਸਨ:

ਸਾਡੇ ਗੁਆਂਢੀ ਬਹੁਤ ਪਿਆਰੇ,
ਕੰਮ ਕਰਦੇ ਬਹੁਤ ਨਿਆਰੇ,
ਹਾਕਾਂ ਮਾਰਨ ਖੜ੍ਹ ਚੁਬਾਰੇ,
ਸਾਡੇ ਗੁਆਂਢੀ ਬਹੁਤ ਪਿਆਰੇ।

ਉਨ੍ਹਾਂ ਦੀ ਮਸਤੀ ਦਾ ਇਹ ਆਲਮ ਸੀ ਕਿ ਉਨ੍ਹਾਂ ਨੂੰ ਕੋਲ ਖਲੋਤੇ ਆਪਣੇ ਵੀ ਦੂਰ-ਦੂਰ ਲੱਗਦੇ ਸਨ। ਉਹ ਰੱਬ ਨੇੜੇ ਕਿ ਘਸੁੰਨ ਵਾਲੀ ਕਹਾਵਤ ਨੂੰ ਉਲਟਾ ਕੇ ਏਦਾਂ ਕਹਿ ਰਹੇ ਸਨ, ਬੰਧੂ, ਰੱਬ ਨਾਲੋਂ ਵੀ ਗੁਆਂਢੀ ਨੇੜੇ ਹੁੰਦਾ ਹੈ। ਰੱਬ ਤਾਂ ਪਤਾ ਨਹੀਂ ਕਿੰਨਾ ਪੂਜਾ ਪਾਠ ਕਰਵਾ ਕੇ ਬਹੁੜੇ, ਪਤਾ ਨਹੀਂ ਕਿੰਨੇ ਨੱਕ ਰਗੜਵਾ ਕੇ ਦਰਸ਼ਨ ਦੇਵੇ, ਪਤਾ ਨੀਂ ਕਿੰਨੀਆਂ ਚੌਂਕੀਆਂ ਭਰਵਾਵੇ ਤੇ ਕਿੰਨੇ ਜਗਰਾਤੇ ਕਟਵਾਵੇ, ਪਰ ਗੁਆਂਢੀ ਨੇ ਤਾਂ ਇਕੋ ਚੀਕ, ਇਕੋ ਲੰਮੀ ਕੂਕ ਸੁਣ ਕੇ, ਨੰਗੇ ਪੈਰੀਂ ਦੌੜੇ ਆਉਣਾ ਹੁੰਦੈ। ਇਸੇ ਲਈ ਅਸੀਂ ਕਹਿੰਦੇ ਹਾਂ ਕਿ ਸਾਡਾ ਗੁਆਂਢੀ ਤਾਂ ਸਾਨੂੰ ਰੱਬ ਨਾਲੋਂ ਵੀ ਨੇੜੇ ਤੇ ਉਹਦੇ ਨਾਲੋਂ ਵੀ ਪਿਆਰਾ ਜਾਪਦਾ ਹੈ।

ਅਸੀਂ ਰੁਲਦੂ ਭਾਈ ਦਾ ਗੁਆਂਢੀ-ਪ੍ਰੇਮ ਦੇਖ ਕੇ ਅਸ਼-ਅਸ਼ ਕਰ ਰਹੇ ਹਾਂ। ਜਦੋਂ ਤੁਸੀਂ ਉਨ੍ਹਾਂ ਦੇ ਗੁਆਂਢੀ ਪ੍ਰੇਮ ਦਾ ਬਿਰਤਾਂਤ ਸੁਣੋਗੇ ਤਾਂ ਤੁਸੀਂ ਵੀ ਵਾਹ-ਵਾਹ ਕਰ ਉਠੋਗੇ। ਇਹ ਵੱਖਰੀ ਗੱਲ ਹੈ ਕਿ ਜੋਸ਼ ਜੋਸ਼ ਵਿਚ ਬੋਲੀ ਵਾਹ-ਵਾਹ ਦੂਸਰਿਆਂ ਨੂੰ ਆਹ-ਆਹ ਹੀ ਸੁਣੇ। ਗੁਆਂਢੀਆਂ ਦੇ ਪ੍ਰੇਮ ਦੀ ਗੱਲ ਤੁਰਦਿਆਂ ਹੀ ਰੁਲਦੂ ਭਾਈ ਨਾਮੁਰਾਦ ਆਸ਼ਕਾਂ ਵਾਂਗ ਦੋਵੇਂ ਹੱਥ ਛਾਤੀ ਨਾਲ ਲਗਾ ਕੇ ਕਵਿਤਾਉਣ ਲਗਦੇ ਹਨ।

ਬਹੁਤਾ ਹੀ ਇਸਰਾਰ ਕਰਨ ਤੇ ਰੁਲਦੂ ਭਾਈ ਦੱਸਦੇ ਹਨ ਕਿ ਸਾਡੇ ਪਿਆਰੇ ਗੁਆਂਢੀਆਂ ਨੇ ਸਾਡੇ ਮੁੰਡਿਆਂ ਲਈ ਕੁਝ ਖਿਲੌਣੇ ਭੇਜੇ। ਖਿਲੌਣੇ ਦੇਖਦਿਆਂ ਹੀ ਮੁੰਡਿਆਂ ਨੂੰ ਤਾਂ ਚਾਅ ਚੜ੍ਹ ਗਿਆ। ਪਰ ਪਤਾ ਨੀਂ ਦੂਸਰਿਆਂ ਦਾ ਕਿਉਂ ਢਿੱਡ ਦੁਖਣ ਲੱਗ ਗਿਆ। ਖਿਡੌਣਿਆਂ ਵਾਲੇ ਮੁੰਡਿਆਂ ਨੂੰ ਉਨ੍ਹਾਂ ਨਾਂਅ ਕੁ ਨਾਂਅ ਦੇਣੇ ਸ਼ੁਰੂ ਕਰ ਦਿੱਤੇ। ਖਿਡੌਣੇ ਭੇਜਣੋਂ ਗੁਆਂਢੀਆਂ ਨੂੰ ਮਸਾਂ ਰੋਕਿਆ, ਮੁੰਡਿਆਂ ਦਾ ਧਿਆਨ ਮਸੀਂ ਹੋਰ ਹੋਰ ਪਾਸੇ ਲਾਇਆ। ਰੁਲਦੂ ਭਾਈ ਵਜਦ ਵਿਚ ਆ ਕੇ ਕਈ ਚਮਤਕਾਰੀ ਗੱਲਾਂ ਸੁਣਾਉਂਦੇ ਹਨ। ਕਹਿਣ ਲੱਗੇ ਸਾਡਾ ਗੁਆਂਢੀ ਪਹਿਲਾਂ ਸਾਨੂੰ ਸੁੱਕੇ ਫਲ, ਚਮਨ ਦੇ ਮੇਵੇ ਭੇਜਦਾ ਸੀ। ਫਿਰ ਔਖੇ-ਸੌਖੇ ਵੇਲੇ ਗੰਢੇ ਭੇਜਣ ਲੱਗ ਪਿਆ। ਕਰੋੜਾਂ ਰੁਪਏ ਦਾ ਚਿੱਟਾ ਪਾਊਡਰ। ਅੱਜਕਲ੍ਹ ਮਹਿੰਗਾਈ ਦੇ ਜ਼ਮਾਨੇ 'ਚ ਕੋਈ ਪਿੰਡੇ ਦੀ ਮਰੀ ਜੂੰਅ ਨਹੀਂ ਕਿਸੇ ਦੂਸਰੇ ਨੂੰ ਦਿੰਦਾ ਤੇ ਉਹ ਕਰੋੜਾਂ, ਅਰਬਾਂ ਰੁਪਏ ਦਾ ਪਾਊਡਰ ਚੁਟਕੀ ਮਾਰ ਕੇ ਦੇ ਦਿੰਦੈ। ਉਹ ਤਾਂ ਪੁਲਿਸ ਵਿਚਾਲੇ ਆ ਜਾਂਦੀ ਆ, ਨਹੀਂ ਤਾਂ ਉਹ ਨੀ ਕੋਈ ਕਸਰ ਬਾਕੀ ਰਹਿਣ ਦਿੰਦਾ। ਗੁਆਂਢੀ ਤਾਂ ਏਨੇ ਖੁੱਲ੍ਹਦਿਲੇ ਨੇ ਕਿ ਏਨਾ ਮਹਿੰਗਾ ਤੋਹਫ਼ਾ ਦੇ ਕੇ ਕਈ ਵਾਰੀ ਸ਼ਕਲ ਵੀ ਨਹੀਂ ਦਿਖਾਉਂਦੇ। ਗੁਪਤਦਾਨ ਦੇਣ ਵਾਲਿਆਂ ਵਾਂਗ, ਕੰਡਿਆਲੀ ਵਾੜ ਉਪਰੋਂ ਦੀ ਚਿੱਟੀਆਂ ਥੈਲੀਆਂ ਸੁੱਟ ਕੇ ਛਿਪਣ-ਛੂਹ ਹੋ ਜਾਂਦੇ ਨੇ। ਤੁਸੀਂ ਉਹ ਪਾਊਡਰ ਖਾ-ਪੀ ਕੇ ਨੀਂ ਦੇਖਿਆ। ਕਦੇ ਮੌਕਾ ਲੱਗਿਆ ਤਾਂ ਛਕ ਕੇ ਦੇਖਣਾ। ਤਾਰਾਂ ਸਿੱਧੀਆਂ ਆਕਾਸ਼ ਨਾਲ ਜਾ ਜੁੜਦੀਆਂ। ਬੰਦੇ ਨੂੰ ਦੀਨ-ਦੁਨੀਆ ਭੁੱਲ ਜਾਂਦੀ ਹੈ। ਆਪਣਾ ਪਰਾਇਆ ਭੁੱਲ ਜਾਂਦੈ। ਸਭ ਕੁਝ ਹੌਲਾ-ਹੌਲਾ ਤੇ ਸਭ ਕੁਝ ਮੌਲਾ-ਮੌਲਾ ਹੀ ਲੱਗਣ ਲੱਗ ਜਾਂਦੈ। ਸਾਡਾ ਪਿਆਰਾ ਗੁਆਂਢੀ ਆਪਣਾ ਸਭ ਕੁਝ ਲੁਟਾ ਕੇ, ਸਾਡੀ ਸੁੱਖ ਮੰਗਦਾ। ਤੇ ਇਹ ਗੱਲ ਕਹਿਣੋਂ ਵੀ ਹੈ ਸੰਗਦਾ। ਤੁਸੀਂ ਇਹ ਮੁਹਾਵਰਾ ਵੀ ਜ਼ਰੂਰ ਸੁਣਿਆ ਹੋਵੇਗਾ, ਦੋ ਦਿਲ ਮਿਲਦਿਆਂ ਨੂੰ ਚੰਦਰਾ ਮਾਰੇ ਭਾਨੀ, ਸਾਡਾ ਗੁਆਂਢੀ ਆਪ ਨੰਗ ਹੋ ਕੇ, ਸਾਨੂੰ ਅਮੀਰ ਦੇਖਣਾ ਲੋਚਦੈ। ਹਮੇਸ਼ਾ ਸਾਡੇ ਬਾਰੇ ਹੀ ਸੋਚਦੈ। ਧੰਨ ਹਨ ਇਹੋ ਜਿਹੇ ਗੁਆਂਢੀ ਤੇ ਧੰਨ ਹੈ ਉਨ੍ਹਾਂ ਦਾ ਗੁਆਂਢੀ-ਪ੍ਰੇਮ। ਦੁਨੀਆ ਐਵੇਂ ਨੀ ਰੱਬ ਭੁਲਾ ਕੇ ਗੁਆਂਢੀਆਂ ਨੂੰ ਚੇਤੇ ਕਰਦੀ।

ਬਚਪਨ ਵਿਚ ਅਸੀਂ ਚੂਰਨ ਦੀਆਂ ਪੁੜੀਆਂ ਚੋਂ ਵੱਡੇ-ਵੱਡੇ ਨੋਟ ਨਿਕਲਦੇ ਦੇਖਦੇ ਸਾਂ। ਹਜ਼ਾਰ ਹਜ਼ਾਰ ਦੇ, ਦਸ ਹਜ਼ਾਰ ਦੇ, ਪੰਜਾਹ ਹਜ਼ਾਰ ਦੇ। ਸਰਕਾਰ ਨੇ ਤਾਂ ਬਹੁਤ ਲੇਟ ਹਜ਼ਾਰ ਹਜ਼ਾਰ ਦੇ ਨੋਟ ਚਲਾਏ ਨੇ, ਅਸੀਂ ਤਾਂ ਇਹੋ ਜਿਹੇ ਤੇ ਏਦੂੰ ਵੀ ਵੱਡੇ ਨੋਟ ਬਚਪਨ ਵਿਚ ਹੀ ਦੇਖ ਲਏ ਸਨ। ਕੋਈ ਜੁਆਕ ਕਹਿੰਦਾ, ਮੇਰੇ ਪਾਸ ਹਜ਼ਾਰ ਦਾ ਨੋਟ ਹੈ। ਤਾਂ ਦੂਸਰਾ ਝੱਟ ਹੀ ਜਵਾਬ ਚ ਕਹਿ ਦਿਆ ਕਰਦਾ ਸੀ। ਮੇਰੇ ਪਾਸ ਦਸ ਹਜ਼ਾਰ ਦਾ ਨੋਟ ਹੈ, ਤੇਰੇ ਪਾਸ ਕਿਆ ਹੈ ਕਾਲੀਆ, ਹੈਂ.. ਹੈਂ... ਹੈਂ...। ਤੇ ਝੱਟ ਹੀ ਤੀਸਰਾ ਪੰਜਾਹ ਹਜ਼ਾਰ ਦਾ ਨੋਟ ਹਵਾ ਚ ਲਹਿਰਾ-ਲਹਿਰਾ ਕਹਿਣ ਲੱਗ ਪੈਂਦਾ ਸੀ, ਦੇਖੀਏ ਜਨਾਬ, ਪਚਾਸ ਹਜ਼ਾਰ ਕਾ ਨੋਟ, ਫਿਰ ਕਭੀ ਐਸਾ ਮੌਕਾ ਕਬ ਮਿਲੇਗਾ, ਨੋਟੋਂ ਕੇ ਯੇ ਫੂਲ ਕਬ ਖਿਲੇਂਗੇ। ਦੇਖੀਏ ਔਰ ਜੀਵਨ ਸਫਲਾ ਕੀਜੀਏ, ਇਹ ਸਾਡੀ ਬਚਪਨ ਦੀ ਖੇਡ ਸੀ।

ਸਾਡਾ ਗੁਆਂਢੀ ਸਾਡੀ ਬਚਪਨ ਦੀ ਇਸ ਖੇਡ ਬਾਰੇ ਚੰਗੀ ਤਰ੍ਹਾਂ ਜਾਣਦਾ ਹੈ। ਰੁਲਦੂ ਭਾਈ ਗੁਆਂਢੀ ਪ੍ਰੇਮ ਦੀ ਇਸ ਵਾਰਤਾ ਦਾ ਵੀ ਬਖਾਨ ਕਰਦੇ ਹੋਏ ਆਖਦੇ ਹਨ, ਦੇਖੋ ਬੰਧੂ, ਪਿਆਰਾ ਗੁਆਂਢੀ ਬੰਡਲਾਂ ਦੇ ਬੰਡਲ, ਹਰੇ ਲਾਲ ਨੋਟਾਂ ਦੇ, ਛਾਪ-ਛਾਪ ਸਾਨੂੰ ਭੇਜਦਾ ਰਹਿੰਦਾ ਹੈ। ਆਪਣੇ ਏਜੰਟਾਂ, ਮਿੱਤਰਾਂ ਹੱਥ ਸਾਡੇ ਤੱਕ ਪਹੁੰਚਾਉਣ ਦੀ ਹਦਾਇਤ ਕਰਦਾ ਹੈ। ਕੁਝ ਪਹੁੰਚ ਵੀ ਜਾਂਦੇ ਹਨ ਤੇ ਕੁਝ ਰਾਹ 'ਚ ਰਹਿ ਵੀ ਜਾਂਦੇ ਹਨ। ਰੱਬ ਬੁਰਾ ਕਰੇ ਇਨ੍ਹਾਂ ਬੈਂਕ ਵਾਲਿਆਂ ਦਾ, ਪਤਾ ਨੀ ਕਿਹੜਾ ਫਾਰਮੂਲਾ ਲਾਉਂਦੇ ਨੇ, ਸਾਡੇ ਕੋਲ ਆਏ ਨੋਟਾਂ ਨੂੰ ਨਕਲੀ ਕਹਿ ਕੇ ਮੋੜ ਦਿੰਦੇ ਨੇ। ਅਸੀਂ ਲੱਖ ਕਹਿੰਦੇ ਰਹਿੰਦੇ ਹਾਂ ਕਿ ਪ੍ਰੇਮ ਦੀ ਐਨਕ ਨਾਲ ਦੇਖੋ, ਤੁਹਾਨੂੰ ਇਹ ਅਸਲੀ ਲੱਗਣ ਲੱਗ ਜਾਣਗੇ। ਖੜਖੜ ਕਰਦੇ ਨੋਟ, ਹਟਵਾਣੀਏ ਝੱਟ ਲੈ ਲੈਂਦੇ ਨੇ, ਬਾਅਦ 'ਚ ਭਾਮੇਂ ਸਿਰ ਪਿੱਟ-ਪਿੱਟ ਰੋਂਦੇ ਈ ਫਿਰਨ। ਜੋ ਖ਼ੁਸ਼ੀ ਉਹ ਹਜ਼ਾਰ ਦਾ ਨੋਟ ਚਲਾ ਕੇ ਸਾਨੂੰ ਹੁੰਦੀ ਹੈ, ਬਚਪਨ ਵਿਚ ਦਸ ਹਜ਼ਾਰ, ਪੰਜਾਹ ਹਜ਼ਾਰ ਦਾ ਨੋਟ ਹੱਥ 'ਚ ਫੜ ਕੇ ਨਹੀਂ ਸੀ ਹੁੰਦੀ।

ਗੁਆਂਢੀਆਂ ਦੇ ਪ੍ਰੇਮ ਸਦਕਾ ਅਸੀਂ ਰਾਤੋ-ਰਾਤ ਅਮੀਰ ਹੋ ਜਾਣ ਦੇ ਸੁਫਨੇ ਦੇਖਣ ਲਗਦੇ ਹਾਂ। ਬੈਂਕ ਇਸ ਨੂੰ ਜਾਅਲੀ ਕਰੰਸੀ ਕਹਿਣ ਲਗਦੇ ਹਨ ਤਾਂ ਸਾਡੇ ਦਿਲ ਦਾ ਹਾਲ ਪੁੱਛਿਆ ਹੀ ਜਾਣੀਐ। ਰੁਲਦੂ ਭਾਈ ਏਨਾ ਕਹਿ ਕੇ ਇਕਦਮ ਉਦਾਸ ਹੋ ਜਾਂਦੇ ਹਨ। ਫਿਰ ਬੁੱਲ੍ਹ ਸੁੱਟ ਕੇ ਕਹਿੰਦੇ ਹਨ, ਦੁਨੀਆ ਅੱਜਕਲ੍ਹ ਸੱਚੇ ਪ੍ਰੇਮ ਨੂੰ ਸਮਝ ਹੀ ਕਿੱਥੇ ਸਕੀ ਹੈ। ਨਕਲੀ ਪ੍ਰੇਮ ਨੂੰ ਮਦਾਰੀ ਦੇ ਬਾਂਸ ਵਾਂਗ ਉੱਚਿਉਂ ਉੱਚਾ ਕਰ-ਕਰ ਦਿਖਾਉਂਦੇ ਰਹਿੰਦੇ ਹਨ।

ਰੁਲਦੂ ਭਾਈ ਅੱਗੇ ਬਹੁਤ ਹੀ ਦੁਖੀ ਸੁਰ 'ਚ ਦੱਸਦੇ ਹਨ, ਸਾਡੇ ਪਿਆਰੇ ਗੁਆਂਢੀ ਕੋਲ ਰੁਝੇਵੇਂ ਬਹੁਤ ਹਨ। ਆਪ ਤਾਂ ਆ ਨੀਂ ਸਕਦੇ ਪਰ ਕਦੀ-ਕਦੀ ਸਾਡਾ ਹਾਲ-ਹਵਾਲ ਜਾਣਨ ਲਈ ਆਪਣੇ ਕੁਝ ਜਾਣੂਆਂ ਨੂੰ ਸਾਡੇ ਵੱਲ ਭੇਜਦੇ ਰਹਿੰਦੇ ਹਨ। ਬੜਾ ਦੁੱਖ ਹੁੰਦਾ ਹੈ, ਜਦੋਂ ਇਹੋ ਜਿਹੇ ਮਿਲਣ ਆਏ ਪਿਆਰੇ ਬੰਦਿਆਂ ਨੂੰ ਸਾਡੇ ਦੂਸਰੇ ਗੁਆਂਢੀ ਜਾਸੂਸ ਦੀ ਉਪਮਾ ਦੇਣ ਲਗਦੇ ਹਨ। ਇਸ ਤੋਂ ਵੱਡੇ ਦੁੱਖ ਦੀ ਗੱਲ ਕੀ ਹੋ ਸਕਦੀ ਹੈ। ਜਦੋਂ ਸਾਡੇ ਆਪਸੀ ਪ੍ਰੇਮ ਤੇ ਮੋਹ ਨੂੰ ਜਾਸੂਸੀ ਜਿਹੇ ਘਟੀਆ ਸ਼ਬਦਾਂ ਨਾਲ ਦੁਤਕਾਰਿਆ ਜਾਵੇ। ਸਾਡੀ ਪੈਣ ਵਾਲੀ ਗਲਵਕੜੀ ਨੂੰ ਫਰੇਬ ਦੱਸਿਆ ਜਾਵੇ। ਝੂਠ ਆਖਿਆ ਜਾਵੇ।

ਰੁਲਦੂ ਭਾਈ ਦਾ ਮਨ ਦੁਖੀ ਹੈ। ਉਨ੍ਹਾਂ ਦਾ ਇਕੋ ਇਕ ਸ਼ਿਕਵਾ ਹੈ, ਲੋਕ ਪਤਾ ਨਹੀਂ ਕਿਉਂ ਸਾਡੇ ਗੁਆਂਢੀਆਂ ਦੇ ਪ੍ਰੇਮ ਨੂੰ ਸਮਝ ਨਹੀਂ ਰਹੇ। ਗੁਆਂਢੀ ਜਿਸ ਭਾਵ ਨਾਲ ਸਾਡੇ ਲਈ ਕੰਮ ਕਰ ਰਹੇ ਹਨ, ਉਹ ਭਾਵਨਾ ਸਮਝ ਲੈਣੀ ਚਾਹੀਦੀ ਹੈ। ਪ੍ਰੇਮ ਦੀ ਭਾਵਨਾ ਮਿੱਠੀ ਹੁੰਦੀ ਹੈ। ਚਿੱਟਾ ਪਾਊਡਰ ਵੱਡੇ ਨੋਟਾਂ ਦੇ ਬੰਡਲ, ਆਏ ਹੋਏ ਬੰਦੇ ਇਸ ਭਾਵਨਾ ਨੂੰ ਵਧਾਉਣਾ ਹੀ ਤਾਂ ਚਾਹੁੰਦੇ ਹਨ। ਸਮਾਂ ਰਹਿੰਦੇ, ਆਪਾਂ ਨੂੰ ਵੀ ਇਹ ਗੱਲ ਸਮਝ ਲੈਣੀ ਚਾਹੀਦੀ ਹੈ। ਤੇ ਇਸ ਆਲਮ ਦੇ ਤਾਰੀ ਹੋ ਜਾਣ ਤੇ ਰੁਲਦੂ ਭਾਈ ਇਕ ਸ਼ਿਅਰ ਵੀ ਜ਼ਰੂਰ ਪੜ੍ਹਦੇ ਹਨ, ਨਾ ਸਮਝੋਗੇ ਤੋ ਮਿਟ ਜਾਓਗੇ, ਐ ਹਿੰਦੋਸਤਾਂ ਵਾਲੋ, ਤੁਮਹਾਰੀ ਦਾਸਤਾਂ ਤੱਕ ਭੀ ਨਾ ਹੋਗੀ ਦਾਸਤਾਨੋਂ ਮੇਂ। ਸ਼ਾਇਦ ਤੁਸੀਂ ਰੁਲਦੂ ਭਾਈ ਦੀ ਗੱਲ ਛੱਡੋ, ਉਨ੍ਹਾਂ ਦੇ ਗੁਆਂਢੀਆਂ ਦੀ ਪ੍ਰੇਮ ਭਾਵਨਾ ਤਾਂ ਸਮਝ ਹੀ ਗਏ ਹੋਵੋਗੇ?

### 34 ਸਫ਼ੇ ਦੀ ਬਾਕੀ

ਕੁਝ ਮਹੀਨੇ ਪਹਿਲਾਂ ਕਰਨਾਟਕ, ਪੰਜਾਬ, ਪੱਛਮੀ ਬੰਗਾਲ ਅਤੇ ਹੋਰ ਦੱਖਣੀ ਰਾਜਾਂ ਦੇ ਮੁੱਖ ਮੰਤਰੀ ਜੰਤਰ ਮੰਤਰ ਨਵੀਂ ਦਿੱਲੀ ਇਕੱਠੇ ਹੋਏ। ਉਹਨਾ ਵਲੋਂ ਰੋਸ ਧਰਨਾ ਦਿੱਤਾ ਗਿਆ। ਉਹ ਕੇਂਦਰ ਸਰਕਾਰ ਵਲੋਂ ਗ੍ਰਾਂਟਾਂ ਦੇਣ 'ਚ ਮਤਰੇਈ ਮਾਂ ਵਾਲੇ ਸਲੂਕ, ਰਾਜਪਾਲਾਂ ਦੇ ਪ੍ਰਾਸ਼ਾਸ਼ਨਿਕ ਕੰਮਾਂ 'ਚ ਬੇਲੋੜੇ ਦਖ਼ਲ ਆਦਿ ਮੰਗਾਂ ਕੇਂਦਰ ਦੀ ਸਰਕਾਰ ਤੱਕ ਪਹੁੰਚਾ ਰਹੇ ਸਨ। ਉਹ ਕੇਂਦਰ ਅਤੇ ਸੂਬਿਆਂ ਦੇ ਆਪਸੀ ਵਿਗਾੜ ਰਹੇ ਰਿਸ਼ਤਿਆਂ ਬਾਰੇ ਡਾਹਢੇ ਚਿੰਤਾਤੁਰ ਸਨ। ਸੰਘਵਾਦ ਦੀ ਸੰਘੀ ਘੁੱਟਣ ਦਾ ਵਰਤਾਰਾ ਮੌਜੂਦਾ ਹਾਕਮਾਂ ਵਲੋਂ ਲਗਾਤਾਰ ਚੱਲ ਰਿਹਾ ਹੈ। ਸਾਰੀਆਂ ਸ਼ਕਤੀਆਂ ਕੇਂਦਰ ਦੇ ਹੱਥ ਹਨ। ਸੰਵਿਧਾਨਕ ਸੰਸਥਾਵਾਂ ਦਾ ਨਿਘਾਰ ਹੋ ਚੁੱਕਾ ਹੈ। ਨਵੇਂ ਤਿੰਨੇ ਫੌਜਦਾਰੀ ਕਾਨੂੰਨ 'ਚ ਬਿਨ੍ਹਾਂ ਮੁਕੱਦਮਾ ਚਲਾਏ ਜੇਲ੍ਹਾਂ 'ਚ ਡੱਕਣ ਦੇ ਅਖਤਿਆਰ, ਪੁਲਿਸ ਪ੍ਰਾਸ਼ਾਸ਼ਨ ਕੋਲ ਦੇ ਦਿੱਤੇ ਗਏ ਹਨ। ਮਨੁੱਖੀ ਅਧਿਕਾਰਾਂ ਅਤੇ ਸੰਵਿਧਾਨਕ ਢਾਂਚੇ ਦੀ ਰੱਖਿਆ ਇਸ ਦੌਰ 'ਚ ਕੋਈ ਮਾਅਨੇ ਨਹੀਂ ਰੱਖ ਰਹੀ।

ਆਜ਼ਾਦੀ ਦੇ ਸਾਢੇ ਸੱਤ ਦਹਾਕੇ ਬੀਤਣ ਬਾਅਦ ਵੀ ਗਰੀਬੀ, ਭੁੱਖਮਰੀ ਜਿਹੀਆਂ ਅਲਾਮਤਾਂ ਦੇ ਦੂਰ ਨਾ ਹੋਣ ਕਾਰਨ ਲੋਕਾਂ ਵਿੱਚ ਬੇਚੈਨੀ ਵਧੀ ਹੈ। ਅੱਜ ਜਦੋਂ ਲੋਕਾਂ ਦੀ ਆਵਾਜ਼ ਦਬਾਉਣ ਵਾਲਾ ਕੋਈ ਵੀ ਕਦਮ ਉੱਠਦਾ ਹੈ ਤਾਂ ਉਸਦਾ ਵਿਰੋਧ ਪੰਜਾਬ ਵਿੱਚ ਜ਼ਰੂਰ ਹੋਏਗਾ, ਕਿਉਂਕਿ ਵਿਰੋਧਤਾ ਦੀ ਮੂਲ ਭਾਵਨਾ ਪੰਜਾਬੀਆਂ ਦੇ ਚਰਿੱਤਰ ਵਿੱਚ ਹੈ, ਉਹ ਬਦਲਦੀ ਨਹੀਂ।

ਦੇਸ਼ ਭਾਰਤ ਵੱਖ-ਵੱਖ ਫੁੱਲਾਂ ਦਾ ਗੁਲਦਸਤਾ ਹੈ। ਵੱਖਰੀ ਬੋਲੀ, ਧਰਮ, ਜਾਤ, ਸਭਿਆਚਾਰ ਹੋਣ ਦੇ ਬਾਵਜੂਦ ਵੀ ਭਾਰਤ ਦੇ ਲੋਕ ਜੇਕਰ ਏਕਤਾ ਨਾਲ ਰਹਿੰਦੇ ਹਨ ਤਾਂ ਉਸ ਪਿੱਛੇ ਮੂਲ ਭਾਵਨਾ ਭਾਰਤੀ ਸੰਵਿਧਾਨ ਦੀ ਹੈ।

ਸੰਵਿਧਾਨ ਅਨੁਸਾਰ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਅਧਿਕਾਰ ਖੇਤਰ ਵੱਖਰੇ ਹਨ। ਪਰ ਫਿਰ ਵੀ ਟਕਰਾਅ ਬਣਿਆ ਰਹਿੰਦਾ ਹੈ। ਕੇਂਦਰੀ ਹਾਕਮਾਂ ਦੀ ਕਬਜ਼ੇ ਅਤੇ ਵਾਧੂ ਸ਼ਕਤੀਆਂ ਹਥਿਆਉਣ ਦੀ ਭੁੱਖ ਕੇਂਦਰ ਸੂਬਾ ਸਬੰਧਾਂ 'ਚ ਖਟਾਸ ਪੈਦਾ ਕਰਦੀ ਹੈ।

ਲੋੜ ਤਾਂ ਇਹ ਹੈ ਕਿ ਕੇਂਦਰ ਸਰਕਾਰ ਆਪਣੇ ਅਧਿਕਾਰ ਅਤੇ ਸ਼ਕਤੀਆਂ ਦੀ ਵਰਤੋਂ ਸੰਜੀਦਗੀ ਨਾਲ ਕਰੇ ਅਤੇ ਸੂਬਿਆਂ ਦੇ ਅਧਿਕਾਰ ਖੇਤਰ 'ਚ ਬੇਲੋੜੀ ਦਖ਼ਲ ਅੰਦਾਜ਼ੀ ਨਾ ਕਰੇ। ਉਹਨਾ ਨੂੰ ਆਪਣਾ ਸੰਵਿਧਾਨਿਕ ਕਾਰਜ ਕਰਨ ਦੇਵੇ। ਨਹੀਂ ਤਾਂ ਕੇਂਦਰੀ ਧੱਕਾ ਧੌਂਸ ਵਾਲੀ ਰਾਜਨੀਤੀ ਦੇਸ਼ 'ਚ ਅਰਾਜਕਤਾ ਪੈਦਾ ਕਰ ਸਕਦੀ ਹੈ ਅਤੇ ਦੇਸ਼ ਦੀ ਏਕਤਾ, ਅਖੰਡਤਾ ਲਈ ਖ਼ਤਰਾ ਬਣ ਸਕਦੀ ਹੈ।

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ:
07806945964



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ – 31**

# ਮੈਂ ਤੰਦਰੁਸਤ ਕਿਵੇਂ ਹੋਇਆ ?

**ਜੇਕਰ ਅਸੀਂ ਆਪਣੇ ਮਨ ਦੇ ਗੁਲਾਮ ਹਾਂ ਤਾਂ ਅਸੀਂ ਤੰਦਰੁਸਤ ਰਹਿ ਹੀ ਨਹੀ ਸਕਦੇ ਕਿਉਂਕਿ ਮਨ ਲੋੜਾਂ ਦੀ ਬਜਾਏ ਇੱਛਾਵਾਂ ਦੀ ਪੂਰਤੀ ਕਰਨੀ ਲੋੜਦਾ ਹੈ ਜਦ ਕਿ ਲੋੜਾਂ ਦੀ ਪੂਰਤੀ ਤਾਂ ਧਰਤੀ ਦੇ ਹਰ ਜੀਵ ਦੀ ਹੋ ਜਾਂਦੀ ਹੈ, ਪਰੰਤੂ ਇੱਛਾਵਾਂ ਰਾਜਿਆਂ ਤੇ ਮਹਾਂ ਰਾਜਿਆਂ ਦੀਆਂ ਵੀ ਅਧੂਰੀਆਂ ਰਹਿ ਜਾਂਦੀਆਂ ਹਨ । ਮਨ, ਵਰਤਮਾਨ ਨਾਲੋਂ ਤੋੜਦਾ ਹੈ ਤੇ ਭੂਤ ਅਤੇ ਭਵਿੱਖ ਵਿਚ ਵਿਚਰਨ ਲਈ ਮਜਬੂਰ ਕਰਦਾ ਹੈ ਜਿਸ ਕਰਕੇ ਵਰਤਮਾਨ ਨਾਲੋਂ ਟੁੱਟੇ ਮਨੁੱਖ ਨੂੰ ਬਹੁਤ ਸਾਰੀਆਂ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ । ਉਸ ਦੀ ਕੁੰਦਨ ਵਰਗੀ ਸਿਹਤ ਬਿਮਾਰੀਆਂ ਦੇ ਕੁੰਭੀ ਨਰਕ ਵਿਚ ਸੜ ਕੇ ਸੁਆਹ ਹੋ ਜਾਂਦੀ ਹੈ ਤੇ ਇਸ ਤਰਾਂ ਕਦ ਹੋ ਜਾਂਦਾ ਹੈ, ਬਹੁਤੀ ਵਾਰ ਤਾਂ ਮਨੁੱਖ ਨੂੰ ਪਤਾ ਹੀ ਨਹੀਂ ਲਗਦਾ ।**



ਮਨ ਇਕ ਉਹ ਸਫੈਦ ਕੱਪੜਾ ਹੈ, ਜਿਸ ਨੂੰ ਜਿਹੜੇ ਵੀ ਰੰਗ ਵਿਚ ਰੰਗੋ, ਉਸੇ ਹੀ ਰੰਗ ਵਿਚ ਰੰਗਿਆ ਜਾਵੇਗਾ ਤੇ ਜੇ ਰੰਗ ਇਕ ਵਾਰ ਇਸ ਉੱਤੇ ਚੜ੍ਹ ਗਿਆ ਫੇਰ ਉਸ ਨੂੰ ਉਤਾਰਿਆ ਨਹੀਂ ਜਾ ਸਕੇਗਾ । ਮਨ ਇਕ ਸੂਖਮ ਸੰਕਲਪ ਹੈ ਜੋ ਸਿਰਫ ਮਹਿਸੂਸ ਕੀਤਾ ਜਾ ਸਕਦਾ ਹੈ । ਇਹ ਮਨੁੱਖੀ ਸਰੀਰ ਰੂਪੀ ਮਸ਼ੀਨ ਵਿਚ ਫਿੱਟ ਕੀਤਾ ਹੋਇਆ ਉਹ ਪੁਰਜਾ ਹੈ ਜੋ ਸਰੀਰਕ ਪ੍ਰਣਾਲੀ ਨੂੰ ਹਰ ਪੱਖੋਂ ਪ੍ਰਭਾਵਤ ਕਰਦਾ ਹੈ। ਇਸ ਨੂੰ ਸੋਚ ਦਾ ਵਹਾਅ ਵੀ ਕਿਹਾ ਜਾਂਦਾ ਹੈ ਤੇ ਮਨੁੱਖੀ ਸਰੀਰ ਰੂਪੀ ਮਸ਼ੀਨ ਨੂੰ ਕੰਟਰੋਲ ਕਰਨ ਵਾਲਾ ਯੰਤਰ ਵੀ, ਪਰ ਇਹ ਇਕ ਹਕੀਕਤ ਹੈ ਕਿ ਇਸ ਦਾ ਸਥਿਰ ਰੂਪ ਕੋਈ ਵੀ ਨਹੀਂ ਹੈ ਤੇ ਨਾ ਹੀ ਇਹ ਕਦੇ ਸਥਿਰ ਹੁੰਦਾ ਹੈ । ਮਨ ਦੀ ਅਵਸਥਾ ਪੁਰਾਣੀ ਘੜੀ ਦੇ ਪੈਂਡਲੂਮ ਵਰਗੀ ਹੁੰਦੀ ਹੈ, ਜੋ ਹਰ ਵਕਤ ਇਧਰ ਉਧਰ ਘੁੰਮਦੀ ਹੋਈ ਸਮੇਂ ਦੇ ਹਮੇਸ਼ਾ ਗਤੀਮਾਨ ਹੋਣ ਦਾ ਸੰਕੇਤ ਦਿੰਦੀ ਰਹਿੰਦੀ ਹੈ।

ਸਾਡਾ ਮਨ ਬਹੁਤ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੈ । ਦਰਅਸਲ ਅਸੀਂ ਆਪਣੇ ਮਨ ਮਗਰ ਲੱਗ ਕੇ ਆਪਣੀ ਸਿਹਤ ਦੀ ਨਾਸ ਮਾਰ ਲੈਂਦੇ ਹਾਂ । ਮਨ ਸਾਡਾ ਦੁਸ਼ਮਣ ਹੈ, ਜੇਕਰ ਇਹ ਸਾਡੇ ਕਾਬੂ ਤੋਂ ਬਾਹਰ ਹੋ ਜਾਵੇ ਤੇ ਅਸੀਂ ਇਸ ਦੇ ਗੁਲਾਮ ਹੋ ਜਾਈਏ ਤਾਂ ਫਿਰ ਸਾਡੀ ਜਿੰਦਗੀ ਨੂੰ ਦੁੱਖਾਂ ਦਾ ਨਰਕੀ ਕੁੰਭ ਬਣਨ ਤੋਂ ਕੋਈ ਵੀ ਨਹੀਂ ਰੋਕ ਸਕਦਾ। ਗੁਰਬਾਣੀ ਵਿਚ "ਮਨ ਜੀਤੇ ਜੱਗ ਜੀਤ" ਦਾ ਸੰਕਲਪ ਵੀ ਇਸੇ ਕਰਕੇ ਪੇਸ਼ ਕੀਤਾ ਗਿਆ ਹੈ।

ਹਜਰਤ ਮੁਹੰਮਦ ਸਾਹਿਬ ਸਿੱਖਿਆ ਦਿੰਦੇ ਹਨ ਕਿ ਮਨੁੱਖ ਦਾ ਮਨ ਉਸ ਦਾ ਸਭ ਤੋਂ ਵੱਡਾ ਦੁਸ਼ਮਣ ਹੈ । ਸ਼ੇਖ ਸ਼ਾਅਦੀ ਨੂੰ ਇਹ ਗੱਲ ਸਮਝ ਨਾ ਆਈ ਤਾਂ ਉਸ ਨੇ ਕਿਸੇ ਦਾਨਿਸ਼ਵਰ ਨੂੰ ਜਾ ਕੇ ਪੁੱਛਿਆ ਕਿ "ਸਾਈਂ ! ਸਾਡਾ ਹੀ ਮਨ, ਸਾਡਾ ਦੁਸ਼ਮਣ ਕਿਵੇਂ ਹੋਇਆ ?"

ਸਾਈਂ ਨੇ ਬਹੁਤ ਖੂਬਸੂਰਤ ਲਫਜਾਂ ਵਿਚ ਜਵਾਬ ਦਿੱਤਾ ਕਿ "ਪਹਿਲਾਂ ਸਿਆਣਿਆਂ ਦੀ ਸੁਣੋ ਤੇ ਫੇਰ ਆਪਣੀ ਕਰੋ, ਬੰਦਾ ਘੱਟ ਖਾਏ ਤਾਂ ਫਰਿਸ਼ਤੇ ਵਰਗਾ ਬਣ ਸਕਦਾ ਹੈ, ਪੇਟ ਤੁੰਨਕੇ ਖਾਏ ਤਾਂ ਢਿੱਗ ਢੇਰ ਬਣੇਗਾ, ਲੇਟਿਆ ਰਹੇਗਾ। ਹੋਰ ਸੁਣੋ, ਕਿਸੇ ਲੋੜਵੰਦ ਦੀ ਲੋੜ ਪੂਰੀ ਕਰੋਗੇ ਤਾਂ ਉਹ ਹਮੇਸ਼ਾ ਵਾਸਤੇ ਤੁਹਾਡਾ ਤਾਬੇਦਾਰ ਬਣ ਜਾਏਗਾ, ਆਪਣੇ ਮਨ ਦੀ ਇੱਛਾ ਪੂਰਤੀ ਕਰੋਗੇ ਤਾਂ ਤਾਬੇਦਾਰੀ ਕਰਨ ਦੀ ਬਜਾਏ ਉਹ ਤੁਹਾਡੇ ਉੱਤੇ ਹੁਕਮ ਚਲਾਏਗਾ, ਦੂਜੇ ਸ਼ਬਦਾਂ ਵਿਚ, ਤੁਸੀਂ ਮਨ ਦੇ ਗੁਲਾਮ ਹੋ ਜਾਵੋਗੇ ।" ਦਾਨਿਸ਼ਵਰ ਨੇ ਅੱਗੇ ਚਲਕੇ ਹੋਰ ਕਿਹਾ ਕਿ ਸਾਡੇ ਦੁਸ਼ਮਣ ਅਜਿਹੇ ਹੁੰਦੇ ਹਨ ਕਿ ਜਿਹਨਾਂ ਉਤੇ ਕੋਈ ਛੋਟਾ ਜਿਹਾ ਅਹਿਸਾਨ ਵੀ ਕਰੀਏ ਤਾਂ ਉਹ ਸੱਜਣ ਬਣ ਜਾਂਦੇ ਹਨ ਜਦ ਕਿ ਆਪਣੇ ਮਨ 'ਤੇ ਜਿੰਨੀ ਵੀ ਮਿਹਰ ਕਰੀਏ, ਇਸ ਦਾ ਵਿਰੋਧ ਦੁਗਣਾ ਹੋ ਜਾਂਦਾ ਹੈ ਤੇ ਇਹ ਸਾਡਾ ਬਣਨ ਦੀ ਬਜਾਏ, ਸਾਡੇ ਵਿਰੋਧ ਵਿਚ ਖੜਾ ਹੋ ਜਾਂਦਾ ਹੈ । ਇਸ ਕਰਕੇ ਮਨ ਨੂੰ ਸਾਡਾ ਸਭ ਤੋਂ ਵੱਡਾ ਦੁਸ਼ਮਣ ਕਿਹਾ ਜਾਂਦਾ ਹੈ । ਸ਼ੇਖ ਸ਼ਾਅਦੀ ਨੂੰ ਮੁਹੰਮਦ ਹਜਰਤ ਸਾਹਿਬ ਦੀ ਸਿੱਖਿਆ ਸਮਝ ਆ ਗਈ ਚੇ ਉਸ ਦਾ ਸ਼ੰਕਾ ਨਵਿਰਤ ਹੋ ਗਿਆ।

ਜੇਕਰ ਅਸੀਂ ਆਪਣੇ ਮਨ ਦੇ ਗੁਲਾਮ ਹਾਂ ਤਾਂ ਅਸੀਂ ਤੰਦਰੁਸਤ ਰਹਿ ਹੀ ਨਹੀ ਸਕਦੇ ਕਿਉਂਕਿ ਮਨ ਲੋੜਾਂ ਦੀ ਬਜਾਏ ਇੱਛਾਵਾਂ ਦੀ ਪੂਰਤੀ ਕਰਨੀ ਲੋੜਦਾ ਹੈ ਜਦ ਕਿ ਲੋੜਾਂ ਦੀ ਪੂਰਤੀ ਤਾਂ ਧਰਤੀ ਦੇ ਹਰ ਜੀਵ ਦੀ ਹੋ ਜਾਂਦੀ ਹੈ, ਪਰੰਤੂ ਇੱਛਾਵਾਂ ਰਾਜਿਆਂ ਤੇ ਮਹਾਂ ਰਾਜਿਆਂ ਦੀਆਂ ਵੀ ਅਧੂਰੀਆਂ ਰਹਿ ਜਾਂਦੀਆਂ ਹਨ ।

ਮਨ, ਵਰਤਮਾਨ ਨਾਲੋਂ ਤੋੜਦਾ ਹੈ ਤੇ ਭੂਤ ਅਤੇ ਭਵਿੱਖ ਵਿਚ ਵਿਚਰਨ ਲਈ ਮਜਬੂਰ ਕਰਦਾ ਹੈ ਜਿਸ ਕਰਕੇ ਵਰਤਮਾਨ ਨਾਲੋਂ ਟੁੱਟੇ ਮਨੁੱਖ ਨੂੰ ਬਹੁਤ ਸਾਰੀਆਂ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ । ਉਸ ਦੀ ਕੁੰਦਨ ਵਰਗੀ ਸਿਹਤ ਬਿਮਾਰੀਆਂ ਦੇ ਕੁੰਭੀ ਨਰਕ ਵਿਚ ਸੜ ਕੇ ਸੁਆਹ ਹੋ ਜਾਂਦੀ ਹੈ ਤੇ ਇਸ ਤਰਾਂ ਕਦ ਹੋ ਜਾਂਦਾ ਹੈ, ਬਹੁਤੀ ਵਾਰ ਤਾਂ ਮਨੁੱਖ ਨੂੰ ਪਤਾ ਹੀ ਨਹੀਂ ਲਗਦਾ ।

ਮਨ, ਸੁੱਖ ਰਹਿਣੀ ਜੀਵਨ ਸ਼ੈਲੀ ਨੂੰ ਪਹਿਲ ਦਿੰਦਾ ਹੈ, ਦਲਿੱਦਰੀ ਬਿਰਤੀ ਪੈਦਾ ਕਰਦਾ ਹੈ, ਮਨੁੱਖ ਨੂੰ ਪਸ਼ੂ ਬਿਰਤੀ ਅਪਣਾਉਣ ਵਾਸਤੇ ਪਰੇਰਿਤ ਕਰਦਾ ਹੈ, ਉਸ ਅੰਦਰ ਲਾਲਸਾ ਦੀ ਅਗਨੀ ਪ੍ਰਚੰਡ ਕਰਕੇ ਲੋਭੀ ਤੇ ਵਿਭਚਾਰੀ ਬਿਰਤੀਆਂ ਨੂੰ ਉਤਸ਼ਾਹਤ ਕਰਦਾ ਹੈ । ਇਸ ਤਰਾਂ ਦੇ ਉਕਤ ਹਾਲਾਤਾਂ ਵਿਚ ਉਲਝਿਆ ਹੋਇਆ ਕੋਈ ਵੀ ਮਨੁੱਖ ਤੰਦਰੁਸਤ ਸਿਹਤ ਦਾ ਮਾਲਿਕ ਕਦੇ ਹੋ ਹੀ ਨਹੀ ਸਕਦਾ ।

ਸੋ ਹਥਲੀ ਚਰਚਾ ਵਿਚਲਾ ਕੇਂਦਰੀ ਨੁਕਤਾ ਇਹੀ ਹੈ ਕਿ ਤੰਦਰੁਸਤੀ ਬਰਕਰਾਰ ਰੱਖਣ ਵਾਸਤੇ ਆਪਣੇ ਮਨ ਦੇ ਸੇਵਕ ਬਣਨ ਦੀ ਬਜਾਏ ਆਪਣੀ ਸਿਹਤ ਨੂੰ ਪਹਿਲ ਦਿਓ । ਦਲਿੱਦਰੀ ਤੇ ਸੁੱਖ ਰਹਿਣੇ ਬਣਨ ਦੀ ਬਜਾਏ ਆਪਣੇ ਆਪ ਨੂੰ ਪੂਰੀ ਤਰਾਂ ਐਕਟਿਵ ਰੱਖੋ । ਇੱਛਾਵਾਂ 'ਤੇ ਕਾਬੂ ਰੱਖਣ ਨਾਲ ਬਹੁਤ ਸਾਰੇ ਸਰੀਰਕ, ਮਾਨਸਿਕ, ਪਰਿਵਾਰਕ ਤੇ ਸਮਾਜਿਕ ਮਸਲੇ ਆਪਣੇ ਆਪ ਹੀ ਹੱਲ ਹੋ ਜਾਣਗੇ । ਇਸ ਦੇ ਨਾਲ ਹੀ ਡਾਕਟਰਾਂ ਅਤੇ ਦਵਾਈਆਂ ਦਾ ਖਰਚਾ ਤਾਂ ਬਚੇਗਾ ਹੀ, ਨਾਲ ਹੀ ਜਿੰਦਗੀ ਵੀ ਖੁਸ਼ਹਾਲ ਤੇ ਮਾਨਣਯੋਗ ਬਣੀ ਰਹੇਗੀ ।

—– ਚਲਦਾ

# ਕਮਲਾ ਹੈਰਿਸ ਦਾ ਆਖਰੀ ਨਾਂ ਕੋਈ ਨਹੀਂ ਜਾਣਦਾ- ਟਰੰਪ ਵੱਲੋਂ ਡੈਮੋਕਰੈਟਿਕ ਉਮੀਦਵਾਰ 'ਤੇ ਨਿੱਜੀ ਹਮਲੇ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਅਹੁੱਦੇ ਲਈ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਵੱਲੋਂ ਆਪਣੇ ਵਿਰੋਧੀ ਡੈਮੋਕਰੈਟਿਕ ਉਮੀਦਵਾਰ ਤੇ ਮੌਜੂਦਾ ਉੱਪ ਰਾਸ਼ਟਰਪਤੀ ਕਮਲਾ ਹੈਰਿਸ 'ਤੇ ਨਿਰੰਤਰ ਨਿੱਜੀ ਹਮਲੇ ਕੀਤੇ ਜਾ ਰਹੇ ਹਨ ਜਿਸ ਦਾ ਸੋਸ਼ਲ ਮੀਡੀਆ ਉਪਰ ਮਜ਼ਾਕ ਵੀ ਉਡਾਇਆ ਜਾ ਰਿਹਾ ਹੈ। ਪਹਿਲਾਂ ਇਕ ਰੈਲੀ ਦੌਰਾਨ ਟਰੰਪ ਨੇ ਕਮਲਾ ਹੈਰਿਸ ਦੀ ਨਸਲ ਬਾਰੇ ਸਵਾਲ ਖੜੇ ਕੀਤੇ ਸਨ ਤੇ ਹੁਣ ਉਸ ਨੇ ਦਾਅਵਾ ਕਰਦਿਆਂ ਕਿਹਾ ਹੈ ਕਿ ਲੋਕ ਉਸ ਦਾ ਆਖਰੀ ਨਾਂ ਨਹੀਂ ਜਾਣਦੇ। ਬੋਜ਼ਮੈਨ, ਮੋਨਟਾਨਾ ਵਿਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ " ਕਮਲਾ ਹੈਰਿਸ, ਤੁਸੀਂ ਜਾਣਦੇ ਹੋ ਕਿ ਇਹ ਬਹੁਤ ਦਿਲਚਸਪ ਹੈ ਕਿ ਕੋਈ ਵੀ ਤੁਹਾਡਾ ਆਖਰੀ ਨਾਂ ਨਹੀਂ ਜਾਣਦਾ।" ਉਨਾਂ ਕਿਹਾ ਜੇਕਰ ਤੁਸੀਂ ਲੋਕਾਂ ਨੂੰ ਪੁੱਛੋ ਕਿ ਉਸ ਦੇ ਨਾਂ ਦੇ ਆਖਰੀ ਸ਼ਬਦ ਕੀ ਹਨ ਤਾਂ ਕਿਸੇ ਨੂੰ ਵੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੋਵੇਗੀ। ਉਨਾਂ ਕਿ " ਮੈ ਨਹੀਂ ਜਾਣਦਾ, ਇਹ ਮੰਦਭਾਗਾ ਕਿਵੇਂ ਵਾਪਰਿਆ ਹੈ?" ਟਰੰਪ ਦੀ ਇਸ ਟਿੱਪਣੀ ਤੋਂ ਬਾਅਦ ਦੇਰ ਰਾਤ ਤੱਕ ਸੋਸ਼ਲ ਮੀਡੀਆ ਉਪਰ ਚੁਟਕੀਆਂ ਲੈਣ ਵਾਲਿਆਂ ਨੂੰ ਕਾਫੀ ਮਸਾਲਾ ਮਿਲ ਗਿਆ। ਸੋਸ਼ਲ ਮੀਡੀਆ ਉਪਰ ਟਰੰਪ ਦੇ ਕਈ ਆਖਰੀ ਨਾਂ ਰਖੇ ਗਏ ਜੋ ਮਜ਼ਾਕੀਆ ਵੀ ਹਨ ਤੇ ਅਪਮਾਣਜਨਕ ਵੀ।

# ਇਟਲੀ 'ਚ ਬੱਚੇ ਨੂੰ ਬਚਾਉਂਦੇ ਪੰਜਾਬੀ ਮੁੰਡੇ ਦੀ ਡੁੱਬਣ ਨਾਲ ਮੌਤ



ਯਮੁਨਾਨਗਰ : ਵਿਦੇਸ਼ਾਂ ਤੋਂ ਭਾਰਤੀ ਨੌਜਵਾਨਾਂ ਦੀਆਂ ਹਾਦਸੇ ਦੌਰਾਨ ਮੌਤਾਂ ਹੋਣ ਦਾ ਮੰਦਭਾਗਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਤਾਜ਼ਾ ਘਟਨਾ ਇਟਲੀ ਤੋਂ ਸਾਹਮਣੇ ਆਈ ਹੈ, ਜਿੱਥੇ ਇਕ ਜਰਮਨੀ ਮੂਲ ਦੇ ਬੱਚੇ ਨੂੰ ਬਚਾਉਣ ਦੇ ਚੱਕਰ ਵਿਚ ਹਰਿਆਣਾ ਦੇ ਨੌਜਵਾਨ ਤਰਨਦੀਪ ਸਿੰਘ ਦੀ ਜਾਨ ਚਲੇ ਜਾਣ ਦੀ ਦੁੱਖਦਾਈ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਨੌਜਵਾਨ ਤਰਨਦੀਪ ਜੋ ਕਿ ਆਪਣੇ ਦੋਸਤਾਂ ਨਾਲ ਰੀਵਾ ਦੇਲ ਗਾਰਦਾ ਵਿਖੇ ਘੁੰਮਣ ਲਈ ਗਿਆ ਸੀ, ਉੱਥੇ ਪਾਣੀ ਵਿੱਚ ਡੁੱਬ ਰਹੇ ਜਰਮਨੀ ਮੂਲ ਦੇ ਬੱਚੇ ਨੂੰ ਬਚਾਉਂਦਿਆ ਹਾਦਸੇ ਵਿੱਚ ਆਪਣੀ ਜਾਨ ਗੁਆ ਬੈਠਾ। ਉਸ ਦੇ ਸਾਥੀ ਨੌਜਵਾਨ ਹਰਮਨ ਨੇ ਭਰੇ ਮਨ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਮਵਾਰ ਨੂੰ ਪੰਜ ਦੋਸਤ ਰੀਵਾ ਦੇਲ ਗਾਰਦਾ ਝੀਲ ਫ਼ਰਸਤੁਤੋ ਘੁੰਮਣ ਗਏ ਸਨ। ਸ਼ਾਮ ਨੂੰ ਕਰੀਬ 5 ਵਜੇ ਇੱਕ ਜਰਮਨੀ ਮੂਲ ਦੇ ਬੱਚੇ ਨੂੰ ਡੁੱਬਣ ਤੋਂ ਬਚਾਉਣ ਲਈ ਝੀਲ ਵਿੱਚ ਛਾਲ ਮਾਰ ਦਿੱਤੀ ਪਰ ਬੱਚੇ ਨੂੰ ਬਚਾਉਣ ਦੇ ਚੱਕਰ ਵਿਚ ਤਰਨਦੀਪ ਖ਼ੁਦ ਹੀ ਪਾਣੀ ਵਿਚ ਡੁੱਬ ਗਿਆ ਅਤੇ ਉਸ ਦੀ ਮੌਤ ਹੋ ਗਈ ਜਦਕਿ ਬੱਚੇ ਨੂੰ ਬਚਾਅ ਲਿਆ ਗਿਆ।

# ਮਾਰਚ 1947 ਜਦੋਂ ਮੁਸਲਿਮ ਲੀਗੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ...



ਦੰਗੇ ਕੱਲੇ ਅਜਾਦੀ ਵਾਲੇ ਦਿਨ ਨਹੀ ਸੀ ਹੋਏ। ਇਹ ਅਗਸਤ 1947 ਤੋਂ ਤਕਰੀਬਨ ਇੱਕ ਸਾਲ ਪਹਿਲਾਂ ਅਗਸਤ 1946 ਚ ਕਲਕੱਤੇ ਤੋਂ ਸ਼ੁਰੂ ਹੋ ਚੁੱਕੇ ਸਨ। ਉਸਤੋਂ ਬਾਅਦ ਦਸੰਬਰ ਚ ਹਜਾਰਾ ਚ ਤੇ ਫਿਰ ਮਾਰਚ 1947 ਚ ਦੰਗਿਆਂ ਦੀ ਅੱਗ ਲਾਹੌਰ, ਮੁਲਤਾਨ, ਰਾਵਲਪਿੰਡੀ, ਸ੍ਰੀ ਅਮ੍ਰਿਤਸਰ ਤੇ ਜਲੰਧਰ ਪਹੁੰਚ ਗਈ। ਇਹਨਾਂ ਦਾ ਕਾਰਨ ਇਕ ਵੱਖਰੀ ਪੋਸਟ ਚ ਲਿਖਾਂਗਾ। ਗੱਲ 4 ਮਾਰਚ 1947 ਦੀ ਹੈ, ਲਾਹੌਰ ਸਮੇਤ ਦੰਗਿਆਂ ਦੀ ਅੱਗ ਸ੍ਰੀ ਅਮ੍ਰਿਤਸਰ ਚ ਵੀ ਭੜਕ ਉੱਠੀ।ਸੋ ਇਹਨਾ ਦਿਨਾਂ ਚ ਹੀ 4 ਮਾਰਚ ਤੋਂ ਲੈ ਕੇ 6 ਮਾਰਚ ਤਕ ਮੁਸਲਮਾਨਾਂ ਨੇ ਜਿਸ ਤਰਾਂ ਵਾਰ ਵਾਰ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਦੀ ਕੌਸ਼ਿਸ਼ ਕੀਤੀ ਤੇ ਸਿੱਖਾਂ ਨੇ ਕਿਵੇਂ ਇਸਦਾ ਟਾਕਰਾ ਕੀਤਾ, ਇਸ ਸਾਰੀ ਘਟਨਾ ਦਾ ਵੇਰਵਾ ਗਿਆਨੀ ਸੋਹਣ ਸਿੰਘ ਸੀਤਲ ਜੀ ਦੀ ਕਿਤਾਬ "ਪੰਜਾਬ ਦਾ ਉਜਾੜਾ" ਵਿਚ ਦਰਜ ਹੈ।

ਗਿਆਨੀ ਜੀ ਲਿਖਦੇ ਨੇ :- ਇਸ ਦਿਨ ਸਭ ਤੋਂ ਭੜਕਾਊ ਘਟਨਾ ਗੱਡੀ ਵਾਲੀ ਹੋਈ। ਬਟਾਲੇ ਵੱਲੋਂ ਆਉਣ ਵਾਲੀ ਰੇਲ ਗੱਡੀ ਮੁਸਲਮਾਨਾਂ ਨੇ ਜੰਜੀਰ ਖਿੱਚ ਕੇ ਰੋਕ ਲਈ। ਸ਼ਰੀਫਪੁਰੇ ਦੇ ਮੁਸਲਮਾਨ ਬਰਛੇ ਤੇ ਛੁਰੇ ਲੈ ਕੇ ਗੱਡੀ ਤੇ ਆਣ ਪਏ। ਡੱਬਿਆਂ ਵਿੱਚੋਂ ਕੱਢ ਕੇ ਵੀਹ ਹਿੰਦੂ ਸਿੱਖ ਤੇ ਮੈਡੀਕਲ ਕਾਲਜ ਦੀਆਂ ਕੁੜੀਆਂ ਮਾਰ ਦਿੱਤੀਆਂ ਗਈਆਂ। ਇਹ ਖਬਰ ਜੰਗਲ ਦੀ ਅੱਗ ਵਾਂਗ ਪੂਰੇ ਸ਼ਹਿਰ ਚ ਫੈਲ ਗਈ ਤੇ ਪਲਾਂ ਵਿਚ ਸਾਰਾ ਸ਼ਹਿਰ ਬੰਦ ਹੋ ਗਿਆ। ਹਿੰਦੂ, ਸਿੱਖ ਤੇ ਮੁਸਲਮਾਨ ਹਥਿਆਰ ਲੈ ਕੇ ਬਜਾਰਾਂ ਵਿਚ ਫਿਰਨ ਲੱਗੇ। ਮੁਸਲਮਾਨਾਂ ਨੇ ਗਿਣ ਮਿਥ ਕੇ ਤੇ ਪੂਰੀ ਤਿਆਰੀ ਕਰਕੇ ਹਮਲਾ ਕੀਤਾ ਸੀ, ਸੋ ਸਾਰਾ ਦਿਨ ਉਹਨਾ ਦਾ ਪਾਸਾ ਭਾਰੀ ਰਿਹਾ। ਉਹਨਾਂ ਪੈਂਦੀ ਸੱਟੇ ਅੱਗਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਹੋਲੀ ਦੇ ਦਿਨ ਸਨ, ਬਹੁਤ ਸਾਰੇ ਸਿੱਖ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਤੇ ਗਏ ਹੋਏ ਸਨ। ਸੋ ਮੁਸਲਮਾਨਾਂ ਨੇ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਨ ਦੀ ਸਕੀਮ ਬਣਾਈ। ਉਹ ਸਿੱਖਾਂ ਨੂੰ ਬੇਇੱਜਤ ਕਰਨਾ ਚਾਹੁੰਦੇ ਸਨ। ਸੋ 5 ਮਾਰਚ 1947 ਨੂੰ ਮੁਸਲਮਾਨ ਚੁਫੇਰਿਉ ਸ੍ਰੀ ਹਰਿਮੰਦਰ ਸਾਹਿਬ ਵੱਲ ਵਧਣ ਲੱਗੇ। ਪਰ ਸਿੱਖ ਕੌਮ ਦਾ ਇਕ ਵੀ ਆਦਮੀ ਜਿਉਂਦੀ ਜਾਨ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ? ਸਿੱਖ ਜਿੰਨੇ ਕੁ ਸਨ ਉਹ ਮਰਦਾਂ ਵਾਂਗ ਹਿੱਕਾਂ ਡਾਹ ਕੇ ਲੜੇ। ਇਸ ਦਿਨ ਸਿੱਖਾਂ ਦਾ ਨੁਕਸਾਨ ਵਧੇਰੇ ਹੋਇਆ ਕਿਉਂਕਿ ਉਹਨਾਂ ਤੇ ਬੇਖਬਰੀ ਚ ਹਮਲਾ ਹੋਇਆ ਸੀ। ਪਰ ਮੁਸਲਮਾਨਾਂ ਨੂੰ ਉਹਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਤੇੜੇ ਵੀ ਫਟਕਣ ਨਹੀਂ ਦਿੱਤਾ। ਇਸ ਦਿਨ ਸੱਤਰ ਦੇ ਕਰੀਬ ਆਦਮੀ ਮਰੇ ਤੇ ਫੱਟੜ ਹੋਏ। ਛੇ ਮਾਰਚ ਦਾ ਦਿਨ ਚੜ੍ਹਿਆ ਤਾ ਮੁਸਲਮਾਨਾਂ ਨੇ ਹੋਰ ਜੋਸ਼ ਨਾਲ ਹਮਲਾ ਸ਼ੁਰੂ ਕਰ ਦਿੱਤਾ। ਇਸ ਘਮਸਾਣ ਵਿਚ ਅਮ੍ਰਿਤਸਰ ਦਾ ਹਰ ਮੁਸਲਮਾਨ ਭਾਵੇਂ ਉਹ ਲੀਗੀ ਸੀ ਭਾਵੇਂ ਕਾਂਗਰਸੀ, ਹਿੰਦੂ ਸਿੱਖਾਂ ਨੂੰ ਤਬਾਹ ਕਰਨ ਵਾਸਤੇ ਜੁੱਟਿਆ ਹੋਇਆ ਸੀ। ਉਹ ਘਰਾਂ ਤੋਂ ਕਸਮਾਂ ਖਾ ਕੇ ਤੁਰੇ ਸਨ ਕਿ ਨਮਾਜ ਹਰਿਮੰਦਰ ਵਿਚ ਜਾ ਕੇ ਪੜਨੀ ਹੈ। ਇਸ ਕਾਰਜ ਵਾਸਤੇ ਉਹਨਾ ਬੇਅੰਤ ਹਥਿਆਰ ਇਕੱਠੇ ਕੀਤੇ ਹੋਏ ਸਨ। ਉਹ ਜਾਣਦੇ ਸਨ ਕਿ ਜੇ ਅਮ੍ਰਿਤਸਰ ਫਤਿਹ ਕਰ ਲਿਆ ਤਾਂ ਸਾਰਾ ਪੰਜਾਬ ਫਤਿਹ ਹੋ ਜਾਵੇਗਾ। ਤੇ ਇਹ ਗੱਲ ਪੁਰਾਣੇ ਇਤਿਹਾਸ ਤੋਂ ਸਿੱਧ ਹੈ ਕਿ ਜੋ ਪੰਜਾਬ ਫਤਿਹ ਕਰ ਲੈਂਦਾ ਰਿਹਾ ਹੈ, ਸਾਰਾ ਹਿੰਦੋਸਤਾਨ ਉਸ ਸਾਹਮਣੇ ਝੁਕਦਾ ਰਿਹਾ ਹੈ। ਇਸ ਕਰਕੇ ਮੁਸਲਮਾਨ ਅਮ੍ਰਿਤਸਰ ਉੱਤੇ ਸਾਰਾ ਟਿੱਲ ਲਾ ਦੇਣਾ ਚਾਹੁੰਦੇ ਸਨ। ਇਸ ਦਿਨ ਦੋ ਵਜੇ ਦੁਪਿਹਰ ਤਕ ਉਹ ਹਰ ਮੋਰਚੇ ਉੱਤੋਂ ਅੱਗੇ ਵਧਦੇ ਰਹੇ। ਸਿੱਖਾਂ ਹਿੰਦੂਆਂ ਵਾਸਤੇ ਇਹ ਦਿਨ ਸਭ ਤੋਂ ਭਾਰੂ ਸੀ। ਜੱਥੇਦਾਰ ਊਧਮ ਸਿੰਘ ਜੀ ਨਾਗੋਕੇ ਨੂੰ ਇਸ ਘਟਨਾ ਦੀ ਖਬਰ ਖਡੂਰ ਸਾਹਿਬ ਵਿਖੇ ਪੁੱਜੀ। ਉਥੇ ਉਸ ਵੇਲੇ ਹੋਲੇ ਦਾ ਦੀਵਾਨ ਸਜਿਆ ਹੋਇਆ ਸੀ। ਆਪ ਜੀ ਉਥੇ ਬਾਰਾਂ ਕੁ ਵਜੇ ਵੀਹ ਕੁ ਮਿੰਟ ਦਾ ਜੋਸ਼ ਭਰਿਆ ਲੈਕਚਰ ਦੇ ਕੇ ਉਥੋਂ ਅਮ੍ਰਿਤਸਰ ਨੂੰ ਚੱਲ ਪਏ। ਆਪ ਜੀ ਦੋ ਵਜੇ ਦਫਤਰ ਪਹੁੰਚੇ। ਉਸ ਵੇਲੇ ਬਾਹਰੋਂ ਨੇੜੇ ਦੇ ਪਿੰਡਾਂ ਦੇ ਸਿੰਘ "ਮਰਉ ਤਉ ਹਰਿ ਕੇ ਦੁਆਰ" ਦੇ ਪੁਜਾਰੀ ਉਥੇ ਪਹੁੰਚ ਚੁੱਕੇ ਸਨ। ਜਥੇਦਾਰ ਸਾਹਿਬ ਜੀ ਆਪ ਬੰਦੂਕ ਲੈ ਕੇ ਜੱਥੇ ਦੇ ਅੱਗੇ ਲੱਗ ਕੇ ਤੁਰ ਪਏ ਤੇ ਆਉਂਦਿਆਂ ਹੀ ਜੰਗ ਦਾ ਰੁਖ ਬਦਲ ਦਿੱਤਾ। ਮਾਈ ਸੇਵਾਂ ਦੇ ਬਜਾਰ ਵਿੱਚੋਂ ਕਿਰਪਾਨਾਂ ਵਾਲੀਆਂ ਦੁਕਾਨਾਂ ਦੇ ਜੰਦਰੇ ਤੋੜ ਕੇ ਹਥਿਆਰ ਸਿੰਘਾਂ ਨੂੰ ਵੰਡ ਦਿੱਤੇ। ਸਿੰਘ ਤਿੰਨ ਜੱਥਿਆਂ ਵਿਚ ਹੋ ਕੇ ਅੱਗੇ ਵਧੇ। ਮਾਸਟਰ ਤਾਰਾ ਸਿੰਘ ਜੀ, ਜਥੇਦਾਰ ਊਧਮ ਸਿੰਘ ਜੀ ਨਾਗੋਕੇ ਤੇ ਸਰਦਾਰ ਸੋਹਣ ਸਿੰਘ ਜਲਾਲਉਸਮਾ ਆਪ ਬੰਦੂਕਾਂ ਲੈ ਕੇ ਮੈਦਾਨ ਵਿਚ ਆ ਗਏ। ਸਰਦਾਰ ਈਸ਼ਰ ਸਿੰਘ ਜੀ ਮਝੈਲ ਤੇ ਹੋਰ ਸਿੱਖ ਲੀਡਰ ਵੀ ਇਸ ਧਰਮ ਯੁਧ ਵਿੱਚ ਹਿੱਸਾ ਲੈਣ ਤੋਂ ਪਿੱਛੇ ਨਾ ਰਹੇ। ਸਭ ਤੋਂ ਵੱਡੀ ਟੱਕਰ ਫੁਹਾਰੇ ਵਾਲੇ ਚੌਂਕ ਵਿਚ ਹੋਈ। ਦਸ ਮਿੰਟ ਦੇ ਟਾਕਰੇ ਪਿੱਛੋਂ ਕਸਮਾਂ ਖਾ ਕੇ ਆਏ ਹੋਏ ਗਾਜੀ ਕੰਡ ਵਿਖਾ ਕੇ ਨੱਸ ਉੱਠੇ। ਉਹਨਾਂ ਉੱਤੇ ਤਿੰਨਾਂ ਪਾਸਿਆਂ ਤੋਂ ਹਮਲਾ ਹੋਇਆ ਸੀ। ਇਕ ਪਾਸਿਉਂ ਜਥੇਦਾਰ ਊਧਮ ਸਿੰਘ ਜੀ ਆਪ ਗੋਲੀਆਂ ਬਰਸਾ ਰਹੇ ਸਨ ਤੇ ਦੂਜੇ ਪਾਸਿਉਂ ਕੁਝ ਹੋਰ ਸਿੱਖ ਗੱਭਰੂ ਦਿਲ ਦੀਆਂ ਸੱਧਰਾਂ ਪੂਰੀਆਂ ਕਰ ਰਹੇ ਸਨ। ਤੀਜੇ ਪਾਸੇ ਬਿਜਲੀ ਪਹਿਲਵਾਨ ਕੁਝ ਹਿੰਦੂ ਗੱਭਰੂਆਂ ਨੂੰ ਨਾਲ ਲੈ ਕੇ ਰਾਹ ਰੋਕੀ ਖੜਾ ਸੀ। ਚੌਥੀ ਬਾਹੀ ਖਾਲੀ ਸੀ, ਜਿਧਰ ਪਿਛਲੇ ਪਾਸੇ ਮੁਸਲਿਮ ਪੁਲਿਸ ਲੀਗੀਆਂ ਦੀ ਮਦਦ ਵਾਸਤੇ ਖੜੀ ਸੀ। ਜਥੇਦਾਰ ਉਧਮ ਸਿੰਘ ਜੀ ਦੇ ਇਸ ਕਹਿਰੀ ਹੱਲੇ ਸਾਹਮਣੇ ਗਾਜੀ ਖਲੋ ਨਾ ਸਕੇ ਤੇ ਅੰਤ ਪੁਲਿਸ ਦਾ ਆਸਰਾ ਲੈ ਕੇ ਉਸੇ ਪਾਸੇ ਨੱਠ ਉੱਠੇ। ਫੇਰ ਕੀ ਸੀ ਮੁਸਲਮਾਨਾਂ ਦੇ ਕਿਤੇ ਵੀ ਪੈਰ ਨਾ ਲੱਗ ਸਕੇ। ਹਾਲ ਬਜਾਰ ਵਿਚ ਦੋ ਥਾਈਂ ਟਾਕਰਾ ਹੋਇਆ ਪਰ ਸਿੱਖਾਂ ਨੂੰ ਵੇਖਦੇ ਸਾਰ ਮੁਸਲਮਾਨ ਭੱਜ ਉਠਦੇ ਰਹੇ।

*ਕਿਤਾਬ :-*

*ਪੰਜਾਬ ਦਾ ਉਜਾੜਾ ਵਿੱਚੋਂ ਧੰਨਵਾਦ ਸਹਿਤ*

## ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋ ਮਰਹੂਮ ਸ਼ਾਇਰ ਸੁਰਜੀਤ ਪਾਤਰ ਦੀ ਯਾਦ ਵਿੱਚ ਕਵੀ ਦਰਬਾਰ ਕਰਵਾਇਆ ਗਿਆ-ਲਹਿੰਦੇ ਪੰਜਾਬ ਤੋਂ ਸ਼ਾਇਰ ਬਾਬਾ ਨਜਮੀ ਅਤੇ ਸਾਬਰ ਅਲੀ ਸਾਬਰ ਨੇ ਕੀਤੀ ਸ਼ਿਰਕਤ



ਗਲਾਸਗੋ, (ਹਰਜੀਤ ਸਿੰਘ ਦੁਸਾਂਝ ਪੁਆਦੜਾ)-ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਪੰਜਾਬੀ ਦੇ ਮਰਹੂਮ ਸ਼ਾਇਰ ਸੁਰਜੀਤ ਪਾਤਰ ਦੀ ਯਾਦ ਵਿੱਚ ਗਲਾਸਗੋ ਦੇ ਸੈਂਟ ਨਿਨੀਅਨ ਹਾਲ ਵਿੱਚ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਲਹਿੰਦੇ ਪੰਜਾਬ ਤੋਂ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਬਾਬਾ ਨਜਮੀ, ਸਾਬਰ ਅਲੀ ਸਾਬਰ ਅਤੇ ਚੜਦੇ ਪੰਜਾਬ ਤੋਂ ਗਾਇਕ ਧਰਮਿੰਦਰ ਮਸਾਣੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਕਵੀ ਦਰਬਾਰ ਦੀ ਸ਼ੁਰੂਆਤ ਮਰਹੂਮ ਸ਼ਾਇਰ ਸੁਰਜੀਤ ਪਾਤਰ ਨੂੰ ਇੱਕ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦੇਣ ਨਾਲ ਹੋਈ।

ਇਸ ਬਾਅਦ ਸਥਾਨਕ ਕਵੀਆਂ ਅਮਨਦੀਪ ਅਮਨ, ਹਰਜੀਤ ਦੁਸਾਂਝ, ਸਲੀਮ ਰਜ਼ਾ, ਬੰਟੀ ਉੱਪਲ ਨੇ ਆਪਣੀਆਂ ਨਜ਼ਮਾਂ ਪੇਸ਼ ਕੀਤੀਆਂ। ਗਾਇਕ ਕਰਮਜੀਤ ਮੀਨੀਆਂ ਅਤੇ ਸੁੱਖੀ ਦੁਸਾਂਝ ਨੇ ਗੀਤ ਗਾ ਕੇ ਸਰੋਤਿਆਂ ਨਾਲ ਸਾਂਝ ਪਾਈ। ਚੜਦੇ ਪੰਜਾਬ ਤੋਂ ਪਹੁੰਚੇ ਗਾਇਕ ਧਰਮਿੰਦਰ ਮਸਾਣੀ ਨੇ ਪੰਜਾਬੀ ਵਿਰਸੇ ਦੇ ਗੀਤ ਹੀਰ, ਟੱਪੇ, ਮਾਹੀਏ ਗਾ ਕੇ ਦਰਸ਼ਕ ਝੂਮਣ ਲਾ ਦਿੱਤੇ। ਲਹਿੰਦੇ ਪੰਜਾਬ ਤੋਂ ਸਾਬਰ ਅਲੀ ਸਾਬਰ ਨੇ ਰੱਬਾ, ਤੇਰਾ ਕੀ ਏ, ਅੱਖਰ ਸਾਥ ਨਹੀ ਦਿੰਦੇ, ਬੜੀ ਲੰਮੀ ਕਹਾਣੀ ਆਦਿ ਨਜ਼ਮਾਂ ਨਾਲ ਦਰਸ਼ਕਾਂ ਨੂੰ ਨਿਹਾਲ ਕੀਤਾ। ਅੰਤ ਵਿੱਚ ਇੰਤਜਾਰ ਦੀਆਂ ਘੜੀਆਂ ਖਤਮ ਕਰਦੇ ਹੋਏ ਬਾਬਾ ਨਜਮੀ ਦਰਸ਼ਕਾਂ ਦੇ ਰੂਬਰੂ ਹੋਏ। ਉਹਨਾਂ ਨੇ ਸੱਭ ਤੋ ਪਹਿਲਾਂ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਦਿੱਤੀ ਅਤੇ ਉਹਨਾਂ ਨਾਲ ਸਾਂਝ ਅਤੇ ਪਾਤਰ ਦੀ ਗ਼ਜ਼ਲ ਦੀ ਸਿਫਤ ਕੀਤੀ।

ਉਪਰੰਤ ਐਸੀ ਤੈਸੀ ਉਹਨਾਂ ਦੀ, ਸਾਡਾ ਰੱਬ, ਬੇਹਿੰਮਤੇ ਨੇ, ਰੱਬ ਨਾ ਪੰਜਾਬੀ ਬੋਲ ਕੇ ਦੇਖਾਂਗਾ ਆਦਿ ਨਜ਼ਮਾਂ ਨਾਲ ਸਰੋਤਿਆਂ ਦੀ ਵਾਹ ਵਾਹ ਖੱਟੀ ਅਤੇ ਧੀਆਂ ਗ਼ਜ਼ਲ ਸੁਣਾ ਕੇ ਦਰਸ਼ਕਾਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਸਭਾ ਦੇ ਪ੍ਰਧਾਨ ਦਿਲਾਵਰ ਸਿੰਘ ਐੱਮ.ਬੀ.ਈ. ਨੇ ਕਵੀਆਂ, ਗਾਇਕਾਂ ਅਤੇ ਦਰਸ਼ਕਾਂ ਦਾ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਅਤੇ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ। ਇਸ ਸਮੇਂ ਦਿਲਾਵਰ ਸਿੰਘ ਦੀ ਜੀਵਣੀ 'ਤੇ ਲਿਖੀ ਪੁਸਤਕ 'ਦ ਮੈਨ' ਵੀ ਲੋਕ ਅਰਪਿਤ ਕੀਤੀ ਗਈ। ਸਟੇਜ ਦੀ ਭੂਮਿਕਾ ਦਲਜੀਤ ਸਿੰਘ ਦਿਲਬਰ ਨੇ ਨਿਭਾਈ। ਇਸ ਪੰਜਾਬੀ ਸਾਹਿਤ ਸਭਾ ਦੇ ਮੈਂਬਰ ਦਿਲਬਾਗ ਸਿੰਘ ਸੰਧੂ, ਤਰਲੋਚਨ ਮੁਠੱਡਾ, ਕਮਲਜੀਤ ਮਿਨਹਾਸ, ਜਗਦੀਸ਼ ਸਿੰਘ, ਸੁਖਦੇਵ ਰਾਹੀ ਆਦਿ ਮੌਜੂਦ ਸਨ।

# ਬ੍ਰਾਹਮਣੀ ਰਸਮ "ਰੱਖੜੀ" ਔਰਤ ਲਈ, ਮਰਦ ਗੁਲਾਮੀ ਦੀ ਪ੍ਰਤੀਕ

ਅਵਤਾਰ ਸਿੰਘ ਮਿਸ਼ਨਰੀ
510 432 5827





ਰੱਖੜੀ- ਹਿੰਦੂਮਤ ਅਨੁਸਾਰ ਰੱਖਿਆ ਕਰਨ ਵਾਲਾ ਡੋਰਾ, ਰਖਸ਼ਾਬੰਧਨ, ਰਕਸ਼ਾਸੂਤ੍ਰ ਜੋ ਸਾਵਣ ਸੁਦੀ 15 ਨੂੰ ਬੰਨ੍ਹਿਆਂ ਜਾਂਦਾ ਹੈ, ਭੈਣ ਭਾਈ ਦੇ ਹੱਥ ਅਤੇ ਪਰੋਹਿਤ ਯਜਮਾਨ ਦੇ ਹੱਥ ਬਨ੍ਹ ਕੇ, ਧੰਨ ਪ੍ਰਾਪਤ ਕਰਦੇ ਹਨ (ਮਹਾਨ ਕੋਸ਼) ਰੱਖੜੀ ਜਾਂ ਰਕਸ਼ਾਬੰਧਨ ਬ੍ਰਾਹਮਣੀ ਰੀਤ ਹੈ, ਹਿੰਦੂਆਂ ਖ਼ਾਸ ਕਰ ਕੇ ਹਿੰਦੂ ਰਾਜਪੂਤਾਂ ਵਿੱਚ, ਇਹ ਰਸਮ ਪੁਰਾਣੀ ਚੱਲੀ ਆ ਰਹੀ ਹੈ। ਇਸ ਦਿਨ ਬ੍ਰਾਹਮਣ ਦੇ ਕਹੇ ਅਨੁਸਾਰ ਹਿੰਦੂ ਔਰਤਾਂ, ਮਰਦ ਭਰਾਵਾਂ ਦੇ ਹੱਥ ਤੇ ਰੱਖੜੀ ਬੰਨ੍ਹ ਕੇ, ਬਦਲੇ ਵਿੱਚ ਧੰਨ ਅਤੇ ਆਪਣੀ ਰੱਖਿਆ ਕਰਨ ਦਾ ਉਨ੍ਹਾਂ ਤੋਂ ਪ੍ਰਣ ਲੈਂਦੀਆਂ ਹਨ। ਇਹ ਵੱਖਰੀ ਗੱਲ ਹੈ ਕਿ ਅਬਦਾਲੀ ਜਦੋਂ ਹਜ਼ਾਰਾਂ ਹਿੰਦੂ ਔਰਤਾਂ ਚੁੱਕ ਕੇ ਲੈ ਗਿਆ ਤਾਂ ਹਿੰਦੂ ਨੌਜਵਾਨਾਂ ਦੇ ਹੱਥਾਂ ਤੇ ਬੰਨ੍ਹੀਆਂ ਰੱਖੜੀਆਂ ਨੇ, ਉਨ੍ਹਾਂ ਨੂੰ ਭੈਣਾਂ ਦੀ ਰੱਖਿਆ ਦਾ ਅਹਿਸਾਸ ਨਾਂ ਕਰਵਾਇਆ ਸਗੋਂ ਇਸ ਦੇ ਮੁਕਾਬਲੇ ਤੇ ਕੜੇ ਅਤੇ ਕ੍ਰਿਪਾਨਾਂ ਵਾਲੇ ਸਿੰਘਾਂ ਨੇ ਸੈਂਕੜੇ ਹਿੰਦੂ ਲੜਕੀਆਂ, ਦੁਸ਼ਮਣਾਂ ਦੇ ਹੱਥੋਂ ਬਚਾ ਕੇ ਸੁਰੱਖਿਅਤ ਘਰੋ ਘਰੀ ਪਹੁੰਚਾਈਆਂ। ਉਧਰ ਰੱਖੜੀ ਬਨ੍ਹਾਉਣ ਵਾਲੇ ਹਿੰਦੂ ਭਰਾਵਾਂ ਦੀ ਕਰਤੂਤ ਦੇਖੋ! ਉਨ੍ਹਾਂ ਨੇ ਆਪਣੀਆਂ ਇਨ੍ਹਾਂ ਭੈਣਾਂ ਨੂੰ ਘਰੀਂ ਨਾਂ ਵੜਨ ਦਿੱਤਾ ਕਿ ਹੁਣ ਇਹ ਮੁਸਲਮਾਨਾਂ ਦਾ ਸੰਗ ਕਰਕੇ ਭਿੱਟੀਆਂ ਗਈਆਂ ਹਨ। ਕੀ ਅਖੌਤੀ ਰੱਖੜੀ ਦੀ ਰਸਮ ਇਹ ਹੀ ਸਿਖਾਉਂਦੀ ਹੈ ਕਿ ਜੇ ਕਿਤੇ ਬਦਕਿਸਮਤ ਨਾਲ ਤੁਹਾਡੀਆਂ ਭੈਣਾਂ ਦੁਸ਼ਮਣਾਂ ਦੇ ਹੱਥਾਂ ਵਿੱਚ ਆ ਜਾਣ ਤਾਂ ਤੁਸੀਂ ਉਨ੍ਹਾਂ ਨੂੰ ਬਚਾਉਣਾ ਤਾਂ ਕੀ ਸਗੋਂ ਜੇ ਕੋਈ ਬਹਾਦਰ ਉਨ੍ਹਾਂ ਨੂੰ ਬਚਾ ਕੇ ਤੁਹਾਡੇ ਘਰ ਛੱਡਣ ਆਵੇ ਤੇ ਤੁਸੀਂ ਭਿੱਟੀਆਂ ਗਈਆਂ ਕਹਿ ਕੇ ਉਨ੍ਹਾਂ ਦੇਵੀਆਂ ਦੀ ਤੌਹੀਨ ਕਰਦੇ ਉਨ੍ਹਾਂ ਨੂੰ ਘਰ ਨਾਂ ਵੜਨ ਦਿਉ? ਬਾਬੇ ਨਾਨਕ ਜੀ ਨੇ ਅਜਿਹੇ ਅਨੇਕਾਂ ਫੋਕੇ ਅਤੇ ਕਰਮਕਾਂਡੀ ਰਸਮਾਂ ਰੀਤਾਂ ਅਤੇ ਤਿਉਹਾਰਾਂ ਦਾ ਭਰਵਾਂ ਖੰਡਨ ਕੀਤਾ- ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥ ਨਾਨਕ ਸਾਈ ਭਲੀ ਪਰੀਤਿ ਜਿਤੁਸਾਹਿਬ ਸੇਤੀ ਪਤਿ ਰਹੈ ॥੨॥ (590) ਇਸ ਲਈ ਸਿੱਖੀ ਵਿੱਚ ਰੱਖੜੀ ਵਰਗੀ ਕੋਈ ਫੋਕੀ ਰਸਮ ਪ੍ਰਵਾਣ ਨਹੀਂ। ਗੁਰੂ ਸਹਿਬਾਨਾਂ ਅਤੇ ਰੱਬੀ ਭਗਤਾਂ ਨੇ ਆਪਣੇ ਗੁੱਟਾਂ ਤੇ ਭੈਣਾਂ ਤੋਂ ਕਦੀ ਰੱਖੜੀ ਨਹੀਂ ਬੰਨ੍ਹਵਾਈ ਫਿਰ ਅੱਜੋਕੇ ਬਹੁਤੇ ਅਖੌਤੀ ਸਿੱਖ ਬ੍ਰਾਹਮਣੀ ਰਸਮ ਵਾਲੀਆਂ ਰੱਖੜੀਆਂ ਕਿਉਂ ਬੰਨਵਾ ਰਹੇ ਹਨ? ਉੱਤਰ ਇੱਕ ਤਾਂ ਅਜੋਕੇ ਬਹੁਤੇ ਸਿੱਖ ਗੁਰ ਸਿਧਾਂਤਾਂ (ਗੁਰਬਾਣੀ ਦੀ ਵੀਚਾਰ) ਤੋਂ ਟੁੱਟ ਚੁੱਕੇ ਹਨ ਦੂਜਾ ਬ੍ਰਾਹਮਣ ਟਾਈਪ ਲਿਖਾਰੀਆਂ ਅਤੇ ਆਰਟਿਸਟਾਂ ਨੇ ਸਿੱਖ ਇਤਹਾਸ ਨੂੰ ਮਿਥਿਹਾਸ ਨਾਲ ਮਿਲਗੋਭਾ ਕਰ ਦਿੱਤਾ ਹੈ। ਜਿਵੇਂ ਕੁਝ ਹਿੰਦੂਵਾਦੀ ਕਰਮਕਾਂਡੀ ਲੇਖਕਾਂ ਨੇ ਗੁਰੂ ਨਾਨਕ ਸਾਹਿਬ ਨੂੰ ਭੈਣ ਨਾਨਕੀ ਤੋਂ ਰੱਖੜੀ ਬੰਨ੍ਹਵਾਉਣ ਦੀ ਝੂਠੀ ਕਹਾਣੀ ਘੜ ਕੇ, ਮਨੋ ਕਲਪਿਤ ਤਸਵੀਰਾਂ ਬਣਾ ਦਿੱਤੀਆਂ ਹਨ ਤਾਂ ਕਿ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂ ਸਿੱਖਾਂ ਨੂੰ ਇਸ ਫੋਕੀ ਅਤੇ ਬ੍ਰਾਹਮਣੀ ਰਸਮ ਰੱਖੜੀ ਰਾਹੀਂ ਨੀਮ ਹਿੰਦੂ ਕਰਮਕਾਂਡੀ ਬ੍ਰਾਹਮਣ ਬਣਾਇਆ ਜਾ ਸੱਕੇ। ਗੁਰੂਆਂ ਭਗਤਾਂ ਅਤੇ ਸਿੱਖ ਲੀਡਰਾਂ ਦੇ ਗੁੱਟਾਂ ਤੇ ਔਰਤ ਭੈਣਾਂ ਵੱਲੋਂ ਰੱਖੜੀ ਬੰਨ੍ਹਦੇ ਅਤੇ ਬੰਨ੍ਹਾਉਂਦਿਆਂ ਦੀਆਂ ਰੰਗ ਬਰੰਗੀਆਂ ਦਿਲ ਖਿਚਵੀਆਂ ਤਸਵੀਰਾਂ ਛਾਪਣਾ ਇਸੇ ਹੀ ਬੇਈਮਾਨੀ ਅਤੇ ਕੁਟਲ ਨੀਤੀ ਦੀ ਕੜੀ ਹੈ। ਗੁਰਮਤੀ ਸਿੱਖ ਤਾਂ ਅਜਿਹੀ ਕਰਮਕਾਂਡੀ, ਫੋਕੀ ਅਤੇ ਗੁਲਾਮੀ ਦਾ ਪ੍ਰਤੀਕ ਰੱਖੜੀ ਦੀ ਰਸਮੀ ਰੱਖਿਆ ਵਿੱਚ ਯਕੀਨ ਹੀ ਨਹੀਂ ਰੱਖਦਾ। ਸਿੱਖ ਦਾ ਤਾਂ ਪੱਕਾ ਯਕੀਨ ਹੈ- ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥ (103) ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥੧॥ (816) ਸਿੱਖ ਸਮੁੱਚੇ ਸੰਸਾਰ ਦੀਆਂ ਔਰਤਾਂ ਨੂੰ ਵੱਡੀਆਂ ਨੂੰ ਮਾਵਾਂ, ਛੋਟੀਆਂ ਨੂੰ ਧੀਆਂ ਅਤੇ ਬਰਾਬਰ ਦੀਆਂ ਨੂੰ ਭੈਣਾਂ ਸਮਝਦਾ ਹੈ ਅਤੇ ਔਖੇ ਵੇਲੇ ਲੋੜ ਪੈਣ ਤੇ ਆਪਣੀ ਵਿਤ ਅਨੁਸਾਰ ਧੀਆਂ-ਭੈਣਾਂ ਦੀ ਪ੍ਰਤੱਖ ਰੱਖਿਆ ਵੀ ਕਰਦਾ ਹੈ। ਪਰ ਅਜੋਕੇ ਬਹੁਤੇ ਡੇਰਾਵਾਦੀ, ਅਗਿਆਨੀ, ਭਰਮੀ ਅਤੇ ਗੁਰਮਤਿ ਸਿਧਾਤਾਂ ਜਾਂ ਗੁਰਬਾਣੀ ਅਰਥਾਂ ਤੋਂ ਕੋਰੇ ਸਿੱਖ ਬ੍ਰਾਹਮਣੀ ਰਸਮਾਂ ਰੀਤਾਂ ਅਤੇ ਕਰਮਕਾਂਡਾਂ ਵਿੱਚ ਦੇਖਾ ਦੇਖੀ ਇਤਨੇ ਫਸ ਚੁੱਕੇ ਹਨ ਕਿ ਉਨ੍ਹਾਂ ਨੂੰ ਅਸਲ ਤੇ ਨਕਲ ਜਾਂ ਘੋੜੇ ਅਤੇ ਗਧੇ ਦੀ ਪਛਾਣ ਹੀ ਨਹੀਂ ਰਹੀ, ਉਹ ਹਰੇਕ ਬ੍ਰਾਹਮਣੀ ਰਸਮ ਜਾਂ ਤਿਉਹਾਰ ਨੂੰ ਬੜੀ ਸਾਨੋ ਸ਼ੌਕਤ ਨਾਲ ਮਨਾਉਂਦੇ ਹਨ। ਜਿਵੇਂ ਤਿਲਕ ਲਾਉਣੇ, ਸੰਧੂਰੀ ਧਾਗੇ ਡੋਰੀਆਂ ਗੁੱਟਾਂ ਤੇ ਬੰਨਣੀਆਂ, ਪਾਠਾਂ ਨਾਲ ਜੋਤਾਂ, ਨਰੇਲ ਅਤੇ ਕੁੰਭ ਘੜੇ ਕੈਨੀਆਂ ਰੱਖਣੀਆਂ। ਮੱਸਿਆ, ਪੁੰਨਿਆ, ਪੰਚਕਾਂ ਅਤੇ ਸੰਗ੍ਰਾਂਦਾਂ ਆਦਿਕ ਬ੍ਰਾਹਮਣੀ ਰਸਮਾਂ ਅਤੇ ਤਿਉਹਾਰ ਘਰਾਂ ਵਿੱਚ ਕੀ ਸਗੋਂ ਗੁਰਦੁਆਰਿਆਂ ਵਿੱਚ ਵੀ ਗੱਜ ਵੱਜ ਕੇ ਮਨਾਉਣੇ, ਤੇਲ ਚੋਣਾਂ, ਗੁਰੂ ਗ੍ਰੰਥ ਸਹਿਬ ਦੇ ਪੀਹੜੇ, ਪਾਲਕੀ, ਚੌਰ ਅਤੇ ਨਿਸ਼ਾਨ ਸਾਹਿਬ ਨੂੰ ਵੀ ਰੱਖੜੀਆਂ ਅਤੇ ਰੰਗ ਬਰੰਗੇ ਧਾਗੇ ਮੌਲੀਆਂ ਬੰਨਣਾਂ ਅਤੇ ਦਿਵਾਲੀ ਵਾਲੇ ਦਿਨ ਨਿਸ਼ਾਨ ਸਾਹਿਬ ਦੇ ਆਲੇ ਦੁਆਲੇ ਤੇ ਗੁਰਦੁਆਰੇ ਦੀ ਹਰ ਨੁਕਰ ਵਿਖੇ ਦੀਵੇ, ਮੋਮਬੱਤੀਆਂ ਜਗਾ-ਜਗਾ ਕੇ ਪੂਰਾ ਗੁਰਦੁਆਰਾ ਹੀ ਮੰਦਰਨੁਮਾ ਬਣਾ ਦੇਣਾਂ, ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੁਰਮਤਿ ਵਿਰੋਧੀ ਗ੍ਰੰਥਾਂ ਦਾ ਪ੍ਰਕਾਸ਼ ਕਰਨਾ, ਇਸੇ ਬ੍ਰਾਹਮਣੀਕਰਣ ਕੜੀ ਦਾ ਹੀ ਹਿੱਸਾ ਹੈ। ਨਲਕਿਆਂ ਦੀਆਂ ਹੱਥੀਆਂ, ਕਾਰਾਂ ਦੇ ਸਟੇਰਿੰਗਾਂ, ਪਸ਼ੂਆਂ ਦੇ ਗਲਾਂ ਵਿੱਚ ਵੀ ਰੱਖੜੀਆਂ ਬੰਨ੍ਹੀ ਜਾਣਾ ਕਿਹੜੀ ਭੈਣ ਦੀ ਰੱਖਿਆ ਵਾਲਾ ਕਰਮ ਹੈ? ਰੱਖੜੀ ਜਿਸ ਦੇਸ਼ ਦੀ ਰਸਮ ਹੈ ਅੱਜ ਉਸੇ ਦੇਸ਼ ਵਿੱਚ ਹੀ ਭੈਣਾਂ ਦੀ ਇਜ਼ਤ ਬਚਾਉਣੀ ਅਤੇ ਰੱਖਿਆ ਤਾਂ ਕੀ ਕਰਣੀ ਸਗੋਂ ਉਨ੍ਹਾਂ ਦੀ ਇਜ਼ਤ ਬਲਾਤਕਾਰਾਂ ਰਾਹੀਂ ਆਏ ਦਿਨ ਲੁੱਟੀ ਜਾ ਰਹੀ ਅਤੇ ਪਿਆਰ ਦੀ ਥਾਂ ਨਫਰਤਾਂ ਪਾਲੀਆਂ ਜਾ ਰਹੀਆਂ ਹਨ। ਗੁੱਟਾਂ ਤੇ ਰੱਖੜੀ ਬੰਨਾਉਣ ਵਾਲੇ ਦੇਸ਼ ਦੇ ਹਾਕਮ, ਪੁਲਿਸੀਏ, ਰੱਖਿਆ ਕਰਮੀ ਅਤੇ ਫੌਜੀ ਵੀ ਇਜ਼ਤਾਂ ਲੁੱਟਣ ਵਾਲੇ ਗੁੰਡਿਆਂ ਦਾ ਸਾਥ ਸ਼ਰੇਆਮ ਦੇ ਰਹੇ ਹਨ। ਘੱਟ ਗਿਣਤੀਆਂ ਨੂੰ ਆਪਣੇ ਦੇਸ਼ ਵਿੱਚ ਹੀ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਭਾਰਤ ਨੂੰ ਛੱਡ ਕੇ ਬਾਕੀ ਬਹੁਤੇ ਹੋਰ ਦੇਸ਼ਾਂ ਵਿੱਚ ਰੱਖੜੀ ਵਾਲੀ ਫੋਕੀ ਰਸਮ ਨਹੀਂ, ਕੀ ਓਥੇ ਭਰਾ ਭੈਣਾਂ ਦੀ ਰੱਖਿਆ ਨਹੀਂ ਕਰਦੇ? ਕੀ ਓਨ੍ਹਾਂ ਦੇਸ਼ਾਂ ਵਿੱਚ ਪਿਆਰ ਖਤਮ ਹੋ ਚੁੱਕਾ ਹੈ? ਨਹੀਂ ਸਗੋਂ ਓਥੇ ਭੈਣਾਂ ਆਪਣੇ ਆਪ ਨੂੰ ਭਾਰਤ ਤੋਂ ਵੱਧ ਸੁਰੱਖਿਅਤ ਸਮਝਦੀਆਂ ਹਨ। ਸੋ ਭਰਾਵੋ ਧਿਆਨ ਨਾਲ ਸਮਝੋ ਅਜਿਹੀਆਂ ਰੱਖੜੀ ਵਰਗੀਆਂ ਹੋਰ ਅਨੇਕਾਂ ਰੂੜੀਵਾਦੀ ਰਸਮਾਂ ਪ੍ਰੋਹਿਤਾਂ, ਪੁਜਾਰੀਆਂ, ਬ੍ਰਾਹਮਣਾਂ ਅਤੇ ਕੁਟਲ ਨੀਤੀਵਾਨਾਂ ਦੀਆਂ ਚਲਾਈਆਂ ਹੋਈਆਂ ਹਨ, ਜਿਨ੍ਹਾਂ ਦੇ ਆਸਰੇ ਜਨਤਾ ਨੂੰ ਲੁੱਟਿਆ ਅਤੇ ਉਨ੍ਹਾਂ ਤੇ ਮਨ ਭਾਉਂਦਾ ਰਾਜ ਕੀਤਾ ਜਾ ਰਿਹਾ ਹੈ। ਜਨਤਾ ਧਰਮ ਪੁਜਾਰੀਆਂ ਅਤੇ ਰਾਜਨੀਤਕ ਠੱਗਾਂ ਦੇ ਭਰਮ ਜਾਲ ਵਿੱਚ ਫਸ ਕੇ ਅੰਧਵਿਸ਼ਵਾਸ਼ੀ ਬਣਦੀ ਜਾ ਰਹੀ ਹੈ। ਜਰਾ ਸੋਚੋ! ਵਿਦੇਸ਼ ਵਿੱਚ ਗਿਆ ਭਰਾ ਦੇਸ਼ ਵਿੱਚ ਬੈਠੀ ਭੈਣ ਦੀ ਰੱਖਿਆ ਕਿਵੇਂ ਕਰ ਸਕਦਾ ਹੈ? ਚਲੋ ਜਿਨ੍ਹਾਂ ਦੀ ਇਹ ਰਸਮ ਹੈ ਉਹ ਖੁਸ਼ੀ ਨਾਲ ਨਿਭਾਉਣ ਪਰ ਸਿੱਖਾਂ ਨੂੰ ਤਾਂ ਅਜਿਹੀਆਂ ਬ੍ਰਾਹਮਣੀ ਫੋਕੀਆਂ ਰਸਮਾਂ ਦਾ ਤਾਂ ਤਿਆਗ ਕਰਨਾ ਚਾਹੀਦਾ ਹੈ ਜਿਨ੍ਹਾਂ ਤੋਂ ਗੁਰਬਾਣੀ ਅਤੇ ਸਿੱਖ ਰਹਿਤ ਮਰਯਾਦਾ ਵਰਜਿਤ ਕਰਦੀ ਹੈ। ਸਿੱਖ ਮੂਰਤੀ ਪੂਜਕ, ਅੰਧਵਿਸ਼ਵਾਸ਼ੀ ਅਤੇ ਲਾਈਲੱਗ ਨਹੀਂ ਹੋ ਸਕਦਾ ਸਗੋਂ ਅਕਾਲ ਪੁਰਖ ਦਾ ਪੁਜਾਰੀ, ਗਿਆਨਵੇਤਾ ਅਤੇ ਬਿਬੇਕ ਬੁੱਧੀ ਨਾਲ ਖੋਟੇ ਖਰੇ ਦੀ ਪਰਖ ਕਰਨ ਵਾਲਾ ਹੁੰਦਾ ਹੈ। ਗੁਰੂ ਸਾਹਿਬ ਨੇ ਸਾਨੂੰ ਭਰਮਾਂ ਤੋਂ ਸਦਾ ਬਚਣ ਦਾ ਪ੍ਰਤੀਕ ਕੜਾ ਪਹਿਨਾਇਆ ਇਸ ਲਈ ਸਿੱਖ ਦਾ ਹੱਥ 'ਚ ਕੜਾ ਪਾ ਕੇ, ਨਾਲ ਹੀ ਰੱਖੜੀ ਬੰਨ੍ਹਣਾ, ਗੁਰੂ ਹੁਕਮ ਦੀ ਤੌਹੀਨ ਹੈ, ਅਜਿਹਾ ਕਰਨ ਵਾਲਾ ਸਿੱਖ ਨਕਲੀ,ਜਾਅਲੀ, ਦੰਭੀ, ਪਾਖੰਡੀ ਅਤੇ ਅੰਧਵਿਸ਼ਵਾਸ਼ੀ ਹੈ। ਸੋ ਧਿਆਨ ਨਾਲ ਸੋਚੋ ਅਤੇ ਵਿਚਾਰੋ ਕਿ ਰੱਖੜੀ ਬੰਨ੍ਹਣ ਵਾਲਾ ਕੇਸਾਧਾਰੀ ਸਿੱਖ ਬ੍ਰਾਹਮਣ ਦਾ ਪੈਰੋਕਾਰ ਤਾਂ ਹੋ ਸਕਦਾ ਹੈ ਪਰ ਸਿੱਖ ਗੁਰੂਆਂ ਦਾ ਨਹੀਂ। ਇਸ ਲਈ ਸਿੱਖ ਬੀਬੀਆਂ ਭੈਣਾਂ ਨੂੰ ਨਿਗੂਣੇ ਲਾਲਚ ਵਿੱਚ ਸਿੱਖ ਸਿਧਾਂਤਾਂ ਨੂੰ ਤੋੜ ਕੇ, ਬ੍ਰਾਹਮਣੀ ਰਸਮ ਰੱਖੜੀ ਜੋ ਗੁਲਾਮੀ ਦੀ ਪ੍ਰਤੀਕ ਹੈ, ਦਾ ਤਿਆਗ ਕਰ ਦੇਣਾਂ ਚਾਹੀਦਾ ਹੈ ਅਤੇ ਸਿੱਖ ਭਰਾਵਾਂ ਨੂੰ ਵੀ ਗੁਰੂਆਂ ਭਗਤਾਂ ਅਤੇ ਸ਼ਹੀਦਾਂ ਦੇ ਪਵਿਤਰ ਦਿਹਾੜਿਆਂ ਤੇ ਲੋੜਵੰਦ ਭੈਣਾਂ ਨੂੰ ਆਪਣੀ ਵਿਤ ਮੁਤਾਬਿਕ ਵੱਧ ਤੋਂ ਵੱਧ ਮਦਦ ਕਰਕੇ ਹੌਂਸਲਾ ਅਫਜਾਈ ਕਰਨੀ ਚਾਹੀਦੀ ਹੈ। ਰਲ ਮਿਲ ਕੇ ਸੰਗਤ ਰੂਪ ਵਿੱਚ ਗੁਰਬਾਣੀ ਵਿਚਾਰਦੇ ਅਤੇ ਧਾਰਦੇ ਹੋਏ- ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥ (648) ਨੂੰ ਬਰਕਰਾਰ ਰੱਖਣਾ ਚਹੀਦਾ ਹੈ। ਭੈਣੋਂ! ਆਪਣਾ ਰਾਖਾ ਸਦਾ ਕਰਤਾਰ ਨੂੰ ਸਮਝੋ ਜੋ ਸਭਦੀ ਰੱਖਿਆ ਕਰਦਾ ਹੈ- ਰਾਖਾ ਏਕੁ ਹਮਾਰਾ ਸੁਆਮੀ॥ (1136) ਗੁਰੂ ਦੀ ਬਖਸ਼ੀ ਸਪਿਰਟ ਅਨੁਸਾਰ ਆਪਣੀ ਅਤੇ ਲੋੜਵੰਦਾਂ ਦੀ ਰੱਖਿਆ ਆਪ ਕਰੋ ਕਿਉਂਕਿ ਗੁਰੂ ਨੇ ਤੁਹਾਨੂੰ ਅਬਲਾ ਕਹਿ ਕੇ ਦਬਾ ਦਿੱਤੀਆਂ ਗਈਆਂ ਨੂੰ, ਗੁਰ ਸ਼ਬਦ ਗਿਆਨ ਦੀ ਸ਼ਕਤੀ ਬਖਸ਼, ਸਬਲਾ ਬਣਾ ਕੇ ਅਕਾਲ ਪੁਰਖ ਕੀ ਫੌਜ ਖਾਲਸਾ ਸਾਜ, ਔਰਤ ਅਤੇ ਮਰਦ ਨੂੰ ਬਰਾਬਰ ਦੇ ਅਧਿਕਾਰ ਬਖਸ਼ ਦਿੱਤੇ ਸਨ। ਇਸ ਲਈ ਗੁਰੂ ਦੀ ਸਾਜੀ ਨਿਵਾਜੀ ਖਾਲਸਾ ਫੌਜ ਵਿੱਚ ਸ਼ਾਮਲ ਹੋ ਕੇ, ਰੱਖੜੀ ਵਰਗੀਆਂ, ਫੋਕੇ ਪਿਆਰ ਵਾਲੀਆਂ ਅਤੇ ਕਰਮਕਾਂਡਾਂ ਦੇ ਭਰਮ ਜਾਲ ਵਿੱਚ ਫਸਾ ਕੇ ਗੁਲਾਮ ਬਿਰਤੀ ਪੈਦਾ ਕਰਨ ਵਾਲੀਆਂ ਬ੍ਰਾਹਮਣੀ ਰਸਮਾਂ ਨੂੰ, ਗੁਰੂ ਗਿਆਨ ਦੇ ਨਸ਼ਤਰਾਂ ਨਾਲ ਕੱਟ-ਕੱਟ ਕੇ ਸਦਾ ਲਈ ਖਤਮ ਕਰ ਦਿਓ। ਸਿੱਖੀ ਦੇ ਸੁੰਦਰ ਵਿਹੜੇ ਅਤੇ ਸੁਹਾਵਣੇ ਬਾਗ ਵਿੱਚੋਂ ਫੋਕੀਆਂ ਰਸਮਾਂ ਦਾ ਕੂੜਾ ਕਰਕਟ ਗੁਰੂ ਗਿਆਨ ਦੀ ਬੁਹਾਰੀ ਨਾਲ ਹਰ ਵੇਲੇ ਸਾਫ ਰੱਖੋ। ਘੱਟ ਤੋਂ ਘੱਟ ਗੁਰਦੁਆਰਿਆਂ ਦੇ ਪ੍ਰਬੰਧਕਾਂ, ਰਾਗੀਆਂ, ਗ੍ਰੰਥੀਆਂ, ਢਾਡੀਆਂ, ਕਵੀਆਂ ਅਤੇ ਪ੍ਰਚਾਰਕਾਂ ਨੂੰ ਫੋਕੀਆਂ ਗੁਰਮਤਿ ਵਿਰੋਧੀ ਰਸਮਾਂ ਦਾ ਤਿਆਗ ਕਰਕੇ, ਸਿੱਖੀ ਪ੍ਰਚਾਰ ਦੇ ਸੋਮੇਂ ਗੁਰਦੁਆਰਿਆਂ ਨੂੰ ਸਦਾ ਬ੍ਰਾਹਮਣਵਾਦ ਦੇ ਫੈਲਾਏ ਕਰਮਕਾਂਡਾਂ ਅਤੇ ਫੋਕੀਆਂ ਰੀਤਾਂ, ਰਸਮਾਂ ਤੋਂ ਬਚਾ ਕੇ ਸਾਫ ਸੁਥਰਾ ਰੱਖਦੇ ਹੋਏ ਵੱਧ ਤੋਂ ਵੱਧ ਗੁਰਬਾਣੀ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਪ੍ਰਚਾਰ ਵੰਡਣਾਂ ਚਾਹੀਦਾ ਹੈ। ਜੇ ਗੁਰਦੁਆਰਿਆਂ ਚੋਂ ਐਸੇ ਗੁਰੂ ਗਿਆਨ ਦੇ ਸੋਮੇ ਪ੍ਰਚਾਰਕਾਂ ਅਤੇ ਪ੍ਰਬੰਧਕਾਂ ਦੇ ਰੂਪ ਵਿੱਚ ਫੁੱਟ ਪੈਣ ਤਾਂ ਰੱਖੜੀ ਵਰਗੀਆਂ ਹੋਰ ਅਨੇਕਾਂ ਰੂੜੀਵਾਦੀ ਗੁਲਾਮੀ ਵਾਲੀਆਂ ਕਰਮਕਾਂਡੀ ਫੋਕੀਆਂ ਰਸਮਾਂ ਦੀ ਗਰਦਸ਼ ਤੋਂ ਸਿੱਖੀ ਦੇ ਵਿਹੜੇ ਨੂੰ ਸਾਫ ਰੱਖਿਆ ਜਾ ਸਕਦਾ ਹੈ। ਸੋ ਜੇ ਵਾਕਿਆ ਹੀ ਭੈਣਾਂ ਦੀ ਮਦਦ ਕਰਨੀ ਹੈ ਤਾਂ ਬ੍ਰਾਹਮਣੀ ਰਸਮ ਰੱਖੜੀ ਜੋ ਔਰਤ ਦੀ ਗੁਲਾਮੀ ਦੀ ਰਸਮ ਹੈ ਨੂੰ ਛੱਡ ਕੇ, ਉਨ੍ਹਾਂ ਨੂੰ ਉੱਚ ਵਿਦਿਆ ਦੇਣ ਦੇ ਨਾਲ ਬਰਾਬਰ ਅਧਿਕਾਰ ਦਿਓ ਅਤੇ ਬਾਬਾ ਨਾਨਾਕ ਜਿਸ ਨੇ ਸਭ ਤੋਂ ਪਹਿਲਾਂ ਔਰਤ-ਮਰਦ ਦੀ ਬਰਬਰਤਾ ਦਾ ਡੰਕਾ ਵਜਾਇਆ ਦੇ ਪ੍ਰਕਾਸ਼ ਦਿਵਸ ਤੇ ਭੈਣਾਂ ਨੂੰ ਵਿਤ ਅਨੁਸਾਰ ਲੀੜਾ ਕਪੜਾ, ਰੁਪਿਆ ਪੈਸਾ ਅਤੇ ਲੋੜੀਂਦੀ ਮਦਦ ਦੇ ਸਕਦੇ ਹੋ ਜੋ ਸੰਸਾਰ ਰਹਿਬਰ ਬਾਬਾ ਗੁਰੂ ਨਾਨਕ ਸਾਹਿਬ ਦੀ ਦੇਣ ਅਤੇ ਬਖਸ਼ਿਸ਼ ਨੂੰ ਸਮਰਪਤ ਯਾਦਗਾਰੀ ਉਪਹਾਰ ਬਣ ਜਾਵੇਗਾ।

********

# ਭੱਟ ਸਾਹਿਬਾਨ ਦੀ ਦ੍ਰਿਸ਼ਟੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ

**ਕਿਸ਼ਤ 7ਵੀਂ**
**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**


- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਗੁਰੂ ਸਾਹਿਬ ਜੀ ਨੂੰ ਕੀਰਤਪੁਰ ਸਾਹਿਬ ਆਇਆਂ ਅਜੇ ਦੋ ਕੁ ਮਹੀਨੇ ਹੋਏ ਸਨ ਜਦੋਂ ਹੰਡੂਰ (ਨਾਲਾਗੜ੍ਹ) ਦਾ ਰਾਜਾ ਹਿੰਮਤ ਚੰਦ ਆਪਣੇ ਦੀਵਾਨ ਧਰਮ ਚੰਦ ਨੂੰ ਨਾਲ ਲੈ ਕੇ ਮਦਦ ਲਈ ਆਇਆ। ਉਸ ਨੇ ਬੇਨਤੀ ਕੀਤੀ, 'ਗੁਰੂ ਜੀ! ਰੋਪੜ ਦਾ ਨਵਾਬ ਨਾਸਰ ਅਲੀ ਖ਼ਾਂ ਸਾਨੂੰ ਲਗਾਤਾਰ ਨਜਾਇਜ਼ ਤੰਗ ਕਰ ਰਿਹਾ ਹੈ, ਸਰਸਾ ਨਦੀ ਦਾ ਕਿਨਾਰਾ ਜ਼ਬਰਦਸਤੀ ਸਾਥੋਂ ਖੋਹ ਚੁੱਕਾ ਹੈ, ਆਪ ਜੀ ਕਿਰਪਾ ਕਰ ਕੇ ਸਾਡੀ ਮਦਦ ਕਰੋ, ਜੀ'! ਪਾਠਕਾਂ ਨੂੰ ਯਾਦ ਰੱਖਣ ਯੋਗ ਹੈ ਕਿ ਰਾਜਾ ਹਿੰਮਤ ਚੰਦ ਹੰਡੂਰੀਆ ਵੀ ਗੁਆਲੀਅਰ ਦੇ ਕੈਦੀ ਰਾਜਿਆਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਗੁਰੂ ਸਾਹਿਬ ਛੁਡਾ ਕੇ ਲਿਆਏ ਸਨ। ਦੀਵਾਨ ਦੀ ਬੇਨਤੀ ਸੁਣ ਕੇ ਗੁਰੂ ਸਾਹਿਬ ਨੇ ਆਪਣੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਇਕ ਸੌ ਸਿੱਖਾਂ ਨਾਲ ਪਹਿਲੀ ਸਾਵਣ ੧੬੯੨ ਬਿ./੧੬੩੫ ਈ. ਨੂੰ ਰਾਜੇ ਦੀ ਮਦਦ ਕਰਨ ਭੇਜਿਆ।**

ਨਤੀਜੇ ਵਜੋਂ ਹਮਲਾਵਰ ਜਰਨੈਲ ਲੱਲਾ ਬੇਗ ਅਤੇ ਮਿਰਜ਼ਾ ਕਮਰ ਬੇਗ ਸੈਨਾਨੀ ਦੇ ਮਾਰੇ ਜਾਣ ਨਾਲ ਜਿੱਤ ਗੁਰੂ ਕਿਆਂ ਦੀ ਹੋਈ। ਇਸ ਵਿਚ ਆਗੂ: ਭਾਈ ਜੇਠਾ, ਭਾਈ ਕਟਾਰਾ, ਭਾਈ ਭੋਮਾ ਅਰ ਭਾਈ ਸੁਖਾ ਆਦਿ ਸਹਿਤ ਸੈਂਕੜੇ ਸਿੱਖ ਸ਼ਹੀਦ ਹੋਏ। ਭੱਟ ਵਹੀ ਨੇ ਰਾਇ ਮਾਂਡਨ ਸਿੱਖ ਜਰਨੈਲ ਦਾ ਪੁੱਤਰ ਦੀ ਸ਼ਹਾਦਤ ਦਾ ਜ਼ਿਕਰ ਇਉਂ ਕੀਤਾ ਹੈ:

ਸੁਖਾ ਬੇਟਾ ਮਾਂਡਨ ਕਾ ਪੋਤਾ ਊਦੇ ਕਾ ਪੜਪੋਤਾ ਨਾਥੂ ਕਾ ਬੰਸ ਲਾਖਨ ਕੀ ਸੂਰਜ ਬੰਸੀ ਗੋਤਮ ਗੋਤ੍ਰਾ ਰਠੌਰ ਉਦਾਨਾ ਬਾਸੀ ਲਾਡਵਾ ਥਨੇਸਰ ਸਾਲ ਸੋਲਾਂ ਸੈ ਇਕਾਨਵੇਂ ਪੋਖ ਪ੍ਰਵਿਸ਼ਟੇ ਸਤਾਰਾ ਮੰਗਲਵਾਰ ਕੇ ਦਿੰਹੁ ਮਹਿਰਾਜ ਗਾਮ ਕੇ ਮਲਿਹਾਨ ਸ਼ਾਹੀ ਫ਼ੌਜ ਕੇ ਗੈਲ ਗੁਰੂ ਕਾ ਬਚਨ ਪਾਏ ਦੋ ਘੜੀਆਂ ਦਿਬਸ ਖਲੇ ਸਾਮੇਂ ਮਾਥੇ ਰਨ ਮੇਂ ਜੂਝ ਕੇ ਸ਼ਹਾਦਤਾਂ ਪਾਈਆਂ। ਆਗੇ ਗੁਰੂ ਕੀ ਗਤ ਗੁਰੂ ਜਾਨੇ ਗੁਰੂ ਗੁਰੂ ਜਪਨਾ। (ਭੱਟ ਵਹੀ ਮੁਲਤਾਨੀ ਸਿੰਧੀ)

ਕਰਤਾਰਪੁਰ ਦਾ ਜੰਗ

ਜਰਨੈਲ ਮਰਵਾ ਕੇ ਬਚੀਆਂ ਸ਼ਾਹੀ ਫ਼ੌਜਾਂ ਬੁਰੇ ਹਾਲੀਂ ਪਿਛੇ ਪਰਤ ਗਈਆਂ। ਗੁਰੂ ਸਾਹਿਬ ਇਥੋਂ ਫ਼ੌਜਾਂ ਸਮੇਤ ਸ੍ਰੀ ਕਰਤਾਰਪੁਰ ਸਾਹਿਬ ਆ ਗਏ। ਚਾਰ ਮਹੀਨਿਆਂ ਬਾਦ ੩੦ ਵੈਸਾਖ ੧੬੯੨ ਬਿ./੧੬੩੫ ਈ. ਨੂੰ ਲਾਹੌਰ ਅਤੇ ਜਲੰਧਰ ਸੂਬਿਆਂ ਦੀਆਂ ਫ਼ੌਜਾਂ ਨੇ ਇਥੇ ਆਣ ਹਮਲਾ ਕੀਤਾ। ਇਨ੍ਹਾਂ ਵਿਚ ਪੈਂਦਾ (ਪਾਇੰਦਾ) ਖ਼ਾਂ ਨਾਮੀ ਜਰਨੈਲ ਵੀ ਸੀ ਜਿਸ ਦੀ ਲੰਮੇ ਸਮੇਂ ਤੋਂ ਸੰਭਾਲ ਗੁਰੂ ਪਾਤਸ਼ਾਹ ਜੀ ਨੇ ਕੀਤੀ ਸੀ ਪਰ, ਕਿਸੇ ਕਾਰਨ ਨਾਰਾਜ਼ ਹੋ ਕੇ ਸ਼ਾਹੀ ਫ਼ੌਜ ਨਾਲ ਮਿਲ ਕੇ ਆਣ ਹਮਲਾਵਰ ਹੋਇਆ। ਤਕਰੀਬਨ ਤਿੰਨ ਦਿਨ ਹੋਈ ਲੜਾਈ ਵਿਚ ਹਮਲਾਵਰ ਹੋਏ ਜਾਲੰਧਰ ਦਾ ਫ਼ੌਜਦਾਰ ਉਸਮਾਨ ਖ਼ਾਂ ਜਾਂਗੜੀ ਅਤੇ ਕਾਲੇ ਖ਼ਾਂ ਆਦਿ ਸਾਰੇ ਹਮਲਾਵਰ ਜਰਨੈਲਾਂ ਦਾ ਗੁਰੂ ਕਿਆਂ ਸਫ਼ਾਇਆ ਕਰ ਦਿੱਤਾ। ਪੈਂਦੇ ਖ਼ਾਂ ਵੀ ਅੰਤ ਨੂੰ ਗੁਰੂ ਸਾਹਿਬ ਹੱਥੋਂ ਮਾਰਿਆ ਗਿਆ। ਭਾਈ ਬਿਧੀ ਚੰਦ, ਭਾਈ ਜੇਠਾ, ਕਿਸ਼ਨਾ, ਨਠੀਆ, ਲੱਖੂ, ਅਮੀਆ ਸਿੰਘਾ ਪ੍ਰਹਿਤ ਦਾ ਪੁੱਤਰ ਜੀਤ ਮੱਲ ਆਦਿ ਗੁਰੂ ਕੇ ਜਰਨੈਲਾਂ ਅਤੇ ਸਾਹਿਬਜ਼ਾਦਾ ਤੇਗ਼ਬਹਾਦੁਰ ਜੀ ਨੇ ਵੀ ਯੁੱਧ ਵਿਚ ਲੜਾਈ ਦੇ ਕਰਤਬ ਵਿਖਾਏ। ਅੰਤ ਮੈਦਾਨ ਗੁਰੂ ਸਾਹਿਬ ਕੋਲ ਰਿਹਾ।

ਗੁਰੂ ਸਾਹਿਬ ਨੇ ਸ਼ਹੀਦ ਸਿੱਖਾਂ ਦੀਆਂ ਦੇਹਾਂ ਦਾ ਸਸਕਾਰ ਕਰਨ ਉਪਰੰਤ ਫ਼ੈਸਲਾ ਕੀਤਾ ਕਿ ਉਹ ਅਗਲੇ ਦਿਨ ਫ਼ੌਜਾਂ ਸਹਿਤ ਕੀਰਤਪੁਰ ਨੂੰ ਰਵਾਨਾ ਹੋਣਗੇ ਕਿਉਂਕਿ ਕਰਤਾਰਪੁਰ ਦਾ ਆਲਾ ਦੁਆਲਾ ਸ਼ਾਹੀ ਫ਼ੌਜ ਦੇ ਮੁਰਦਿਆਂ ਨਾਲ ਭਰ ਗਿਆ ਹੈ ਅਰ ਭਾਰੀ ਗਰਮੀ ਦੇ ਦਿਨ ਹੋਣ ਕਰ ਕੇ ਲਾਸ਼ਾਂ ਦੀ ਬਦਬੂ ਵਿਚ ਇਥੇ ਰੁਕਣਾ ਸਿਹਤ ਲਈ ਠੀਕ ਨਹੀਂ ਹੋਵੇਗਾ। ਸੋ, ਪਰਵਾਰ ਨੂੰ ਨਾਲ ਲੈ ਕੇ ਸਤਿਗੁਰਾਂ ਅਗਲੇ ਭਲਕ ਪਹਿਲੀ ਜੇਠ ੧੬੯੨ ਬਿ./੧੬੩੫ ਈ. ਕੀਰਤਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ। ਭੱਟ ਵਹੀਆਂ ਅਨੁਸਾਰ:

ੳ. ਕਿਸ਼ਨਾ ਬੇਟਾ ਕਉਲੇ ਕਾ ਪੋਤਾ ਅੰਬੀਏ ਕਾ...ਬਾਸੀ ਦੁਬੁਰਜੀ ਉਦੇਕਰਨ ਕੀ ਪ੍ਰਗਨਾ ਸ਼ੇਹਦ੍ਰਾ ਸਾਲ ਸੋਲਾਂ ਸੈ ਬਾਨਮੇ ਬੈਸਾਖ ਪ੍ਰਵਿਸ਼ਟੇ ਤੀਸ ਸੋਮਵਾਰ ਕੇ ਦਿਹੁ ਗੁਰੂ ਕਾ ਬਚਨ ਪਾਇ ਕਰਤਾਰਪੁਰ ਕੇ ਮਲਹਾਨ ਪ੍ਰਗਨਾ ਜਲੰਧਰ ਸਾਮੇ ਮਾਥੇ ਜੂਝ ਕਰ ਮਰਾ। (ਭੱਟ ਵਹੀ ਮੁਲਤਾਨੀ ਸਿੰਧੀ)

ਅ. ਨਠੀਆ ਬੇਟਾ ਬੱਲੂ ਕਾ, ਮਾਧੋ ਬੇਟਾ ਬੱਲੂ ਕਾ, ਪੋਤੇ ਮੂਲੇ ਕੇ... ਬਾਸੀ ਅਲੀਪੁਰ ਪ੍ਰਗਨਾ ਮੁਲਤਾਨ ਸੰਮਤ ਸੋਲਾਂ ਸੈ ਬਾਨਮੇ ਬੈਸਾਖ ਪ੍ਰਬਿਸਟੇ ਇਕਤੀਸ ਮੰਗਲਵਾਰ ਕੇ ਦਿਹੁ ਕਰਤਾਰਪੁਰ ਪ੍ਰਗਨਾ ਜਲੰਧਰ ਫ਼ੌਜਦਾਰ ਅਸਮਾਨ ਖ਼ਾਨ 'ਜਾਂਗੜੀ' ਗੈਲ ਭਿੜੇ। ਤੀਨ ਪਹਿਰ ਘੋਰ ਜੁਧ ਹੂਆ। ਜਾਂਗੜੀ ਮਾਰਾ ਗਿਆ। ਪੈਂਦੇ ਖ਼ਾਨ ਨੇ ਆਗੇ ਵਧ ਕੇ ਗੁਰੂ ਜੀ 'ਤੇ ਵਾਰ ਕੀਆ ਜੋ ਖਾਲੀ ਗਿਆ। ਉਪਰੰਤ ਗੁਰੂ ਜੀ ਕੇ ਪ੍ਰਤਾਮੇ ਵਾਰ ਸੇ ਪੈਂਦੇ ਖ਼ਾਂ ਮਾਰਾ ਗਿਆ। ਗੁਰੂ ਕਿਆਂ ਦੀ ਜੀਤ ਹੂਈ। ਭਾਈ ਮਾਧੋ ਰਨ ਭੂਮੀ ਮੇਂ ਸਾਮੇ ਮਾਥੇ ਜੂਝ ਕੇ ਮਰਾ। ਨਠੀਆ ਕਈ ਰਨ ਜੂਝਦੇ ਸੂਰਿਆਂ ਗੈਲ ਲਰ ਕੇ ਘਾਇਲ ਹੂਆ। ਕਈ ਹੋਰ ਜੋਧੇ ਸਾਮੇ ਮਾਥੇ ਲੜ ਕੇ ਸ਼ਹਾਦਤਾਂ ਪਾਇ ਗਏ। (ਭੱਟ ਵਹੀ ਭਾਦਸੋਂ ਪ੍ਰਗਨਾ ਥਨੇਸਰ)

ਕੀਰਤਪੁਰ ਨੂੰ ਜਾਂਦਿਆ ਹੋਇਆਂ ਫਗਵਾੜੇ ਦੇ ਕੋਲ ਜਲੰਧਰ ਦੀ ਸ਼ਾਹੀ ਫ਼ੌਜ ਨੇ ਫਿਰ ਪਿਛੋਂ ਹੱਲਾ ਬੋਲ ਦਿੱਤਾ ਜਿਸ ਦਾ ਟਾਕਰਾ ਬੜੀ ਸੂਰਮਤਾਈ ਨਾਲ ਗੁਰੂ ਸਾਹਿਬ ਦੀ ਫ਼ੌਜ ਦੇ ਪਿਛੇ ਆ ਰਹੇ ਜਰਨੈਲਾਂ ਨੇ ਕੀਤਾ। ਇਸ ਵਿਚ ਹੋਰ ਸਿੱਖਾਂ ਦੇ ਨਾਲ ਭਾਈ ਬੱਲੂ ਜੀ ਦੇ ਦੋ ਪੁੱਤਰ ਦਾਸਾ ਅਤੇ ਸੁਹੇਲਾ ਸ਼ਹੀਦ ਹੋਏ। ਭੱਟ ਵਹੀ ਅਨੁਸਾਰ:

ਦਾਸਾ ਬੇਟਾ ਬੱਲੂ ਕਾ, ਸੁਹੇਲਾ ਬੇਟਾ ਬੱਲੂ ਕਾ ਪੋਤੇ ਮੂਲੇ ਕੇ ਬਾਸੀ ਅਲੀਪੁਰ ਪ੍ਰਗਨਾ ਮੁਲਤਾਨ ਸਾਲ ਸੋਲਾਂ ਸੈ ਬਾਨਮੇ ਜੇਠ ਮਾਸ ਕੀ ਸੰਕਰਾਂਤ ਬੁਧਵਾਰ ਕੇ ਦਿਹੁ ਗਾਮ ਫਗਵਾੜਾ ਪ੍ਰਗਨਾ ਜਲੰਧਰ ਕੇ ਮਲਹਾਨ ਪਾਛੇ ਆ ਰਹੀ ਤੁਰਕ ਫ਼ੌਜ ਗੈਲ ਸਾਮੇ ਮਾਥੇ ਜੂਝ ਕਰ ਸੁਆਸ ਦੀਏ। ਗੁਰੂ ਜੀ ਅਗਲੇ ਦਿਵਸ ਜੇਠ ਪ੍ਰਵਿਸਟੇ ਦੂਜ ਵੀਰਵਾਰ ਕੇ ਦਿਹੁ ਤੀਸਰੇ ਪਹਿਰ ਕੀਰਤਪੁਰ ਜਾਇ ਪਹੁੰਚੇ। ਆਗੇ ਸੇ ਭਾਈ ਗੁਰਦਾਸ ਆਦਿ ਸਿੱਖਾਂ ਗੁਰੂ ਜੀ ਕੇ ਆਇ ਕਾ ਬਡਾ ਆਉ ਭਗਤ ਕੀਆ। (ਭੱਟ ਵਹੀ ਮੁਲਤਾਨੀ ਸਿੰਧੀ)

ਕੋਟਲਾ ਨਿਹੰਗ ਖ਼ਾਨ

ਗੁਰੂ ਸਾਹਿਬ ਜੀ ਨੂੰ ਕੀਰਤਪੁਰ ਸਾਹਿਬ ਆਇਆਂ ਅਜੇ ਦੋ ਕੁ ਮਹੀਨੇ ਹੋਏ ਸਨ ਜਦੋਂ ਹੰਡੂਰ (ਨਾਲਾਗੜ੍ਹ) ਦਾ ਰਾਜਾ ਹਿੰਮਤ ਚੰਦ ਆਪਣੇ ਦੀਵਾਨ ਧਰਮ ਚੰਦ ਨੂੰ ਨਾਲ ਲੈ ਕੇ ਮਦਦ ਲਈ ਆਇਆ। ਉਸ ਨੇ ਬੇਨਤੀ ਕੀਤੀ, 'ਗੁਰੂ ਜੀ! ਰੋਪੜ ਦਾ ਨਵਾਬ ਨਾਸਰ ਅਲੀ ਖ਼ਾਂ ਸਾਨੂੰ ਲਗਾਤਾਰ ਨਜਾਇਜ਼ ਤੰਗ ਕਰ ਰਿਹਾ ਹੈ, ਸਰਸਾ ਨਦੀ ਦਾ ਕਿਨਾਰਾ ਜ਼ਬਰਦਸਤੀ ਸਾਥੋਂ ਖੋਹ ਚੁੱਕਾ ਹੈ, ਆਪ ਜੀ ਕਿਰਪਾ ਕਰ ਕੇ ਸਾਡੀ ਮਦਦ ਕਰੋ, ਜੀ'! ਪਾਠਕਾਂ ਨੂੰ ਯਾਦ ਰੱਖਣ ਯੋਗ ਹੈ ਕਿ ਰਾਜਾ ਹਿੰਮਤ ਚੰਦ ਹੰਡੂਰੀਆ ਵੀ ਗੁਆਲੀਅਰ ਦੇ ਕੈਦੀ ਰਾਜਿਆਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਗੁਰੂ ਸਾਹਿਬ ਛੁਡਾ ਕੇ ਲਿਆਏ ਸਨ। ਦੀਵਾਨ ਦੀ ਬੇਨਤੀ ਸੁਣ ਕੇ ਗੁਰੂ ਸਾਹਿਬ ਨੇ ਆਪਣੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਇਕ ਸੌ ਸਿੱਖਾਂ ਨਾਲ ਪਹਿਲੀ ਸਾਵਣ ੧੬੯੨ ਬਿ./੧੬੩੫ ਈ. ਨੂੰ ਰਾਜੇ ਦੀ ਮਦਦ ਕਰਨ ਭੇਜਿਆ। ਨੰਗਲ ਗੁਜਰਾਂ ਦੇ ਮੁਕਾਮ 'ਤੇ ਇਨ੍ਹਾਂ ਦਾ ਟਾਕਰਾ ਨਵਾਬ ਨਾਸਰ ਅਲੀ ਖ਼ਾਂ ਦੇ ਭਤੀਜੇ ਮੁਹੰਮਦ ਬੇਗ ਨਾਲ ਦਿਨ ਦੇ ਪਿਛਲੇ ਪਹਿਰ ਹੋਇਆ ਜੋ ਹਨੇਰਾ ਪੈਣ ਤੋਂ ਪਹਿਲਾਂ ਹੀ ਮੈਦਾਨ ਛੱਡ ਗਿਆ ਪਰ, ਬਾਬਾ ਜੀ ਦੀ ਆਗਿਆ ਨਾਲ ਸਿੱਖ ਸੂਰਬੀਰਾਂ ਨੇ ਉਨ੍ਹਾਂ ਦਾ ਦੂਰ ਤਕ ਪਿਛਾ ਕੀਤਾ:

ੳ. ਬਾਬਾ ਗੁਰਦਿੱਤਾ ਬੇਟਾ ਗੁਰੂ ਹਰਗੋਬਿੰਦ ਸਾਹਿਬ ਜੀ ਮਹਿਲ ਛਟਮ ਕਾ...ਬਾਸੀ ਕੀਰਤਪੁਰ ਪ੍ਰਗਨਾ ਕਹਿਲੂਰ ਗੁਰੂ ਕਾ ਬਚਨ ਪਾਇ ਇਕ ਸੌ ਸਿੱਖਾਂ ਕੋ ਗੈਲ ਲੈ ਰਾਜਾ ਹਿੰਮਤ ਚੰਦ ਹੰਡੂਰੀ ਕੀ ਇਮਦਾਦ ਕਰਨੇ ਸਾਲ ਸੋਲਾਂ ਸੈ ਬਾਨਮੇ ਸਾਮਨ ਪ੍ਰਬਿਸਟੇ ਪਹਿਲੀ ਕੇ ਦਿਹੁ ਨੰਗਲ ਗੁਜਰਾਂ ਕੇ ਮਲਹਾਨ ਸਰਸਾ ਨਦੀ ਕੇ ਤੀਰ ਹਾਕਮ ਨਾਸਰ ਅਲੀ ਖ਼ਾਨ ਰੋਪੜੀ ਕੇ ਭਧੀਜੇ ਮੁਹਮਦ ਬੇਗ ਗੈਲ ਏਕ ਪਹਿਰ ਘੋਰ ਜੁੱਧ ਹੂਆ। ਸੂਰਜ ਅਸਤ ਹੋਨੇ ਸੇ ਪਹਿਲੇ ਮੁਹਮਦ ਬੇਗ ਮੈਦਾਨ ਛੋਰ ਕੇ ਭਾਗ ਗਿਆ। ਸਿੱਖਾਂ ਨੇ ਬਾਬਾ ਜੀ ਕਾ ਬਚਨ ਪਾਇ ਮਲਕਪੁਰ ਰੰਘੜਾਂ ਤੀਕ ਪੀਛਾ ਕੀਆ। (ਭੱਟ ਵਹੀ ਮੁਲਤਾਨੀ ਸਿੰਧੀ)

ਅ. ਬਾਬਾ ਗੁਰਦਿੱਤਾ ਜੀ - ਗੁਰੂ ਕਾ ਬਚਨ



ਗੁਰੂ ਹਰਿਗੋਬਿੰਦ ਸਾਹਿਬ ਜੀ

ਪਾਇ ਸੰਮਤ ਸੋਲਾਂ ਸੈ ਬਾਨਮੇ ਸਾਵਨ ਪ੍ਰਵਿਸਟੇ ਪਹਿਲੀ ਕੇ ਦਿਹੁ ਸੌ ਸਿੱਖਾਂ ਕੋ ਸਾਥ ਲੈ ਰਾਜਾ ਹਿੰਮਤ ਚੰਦ ਕੇ ਸਾਥ ਸਰਸਾ ਨਦੀ ਕੇ ਤੱਟ ਪਰ ਆਏ। ਤੀਜੇ ਪਹਿਰ ਨੰਗਲ ਗੁਜਰਾਂ ਕੇ ਮੈਦਾਨ ਮੇਂ ਦੂੰਹ ਤ੍ਰਫ਼ਾਂ ਥੀ ਜੰਗ ਸ਼ੁਰੂ ਹੋਈ। ਏਕ ਪਹਿਰ ਲੋਹੇ ਸੇ ਲੋਹਾ ਖੜਕਿਆ। ਫੜੋ ਮਾਰ ਲੋ ਕੇ ਨਾਹਰੇ ਦੂੰਹ ਤ੍ਰਫ਼ਾਂ ਸੇ ਲਾਇ ਗਏ। ਕਾਈ ਦਕੀਕਾ ਬਾਕੀ ਨਾ ਛੋਰਾ। ਨਬਾਬ ਕਾ ਭਤੀਜਾ ਮੁਹਮਦ ਬੇਗ ਬੰਦੇ ਮਰਵਾਇ ਹਾਰ ਖਾਇ ਮੈਦਾਨ ਛੋਰ ਕੇ ਭਾਗ ਗਿਆ। (ਸਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ,ਸਾਖੀ ਤੀਜੀ, ੧੭੯੦ ਈ.)

ਲੜਾਈ ਹਾਰਨ ਉਪਰੰਤ ਨਵਾਬ ਨਾਸਰ ਅਲੀ ਨੇ ਕੋਟ ਪਠਾਣਾਂ ਦੇ ਚੌਧਰੀ ਸ਼ਮਸ ਖ਼ਾਂ ਨੂੰ ਗੁਰੂ ਸਾਹਿਬ ਕੋਲ ਭੇਜਿਆ। ਸਤਿਗੁਰਾਂ ਨੇ ਰਾਜਾ ਹਰੀ ਚੰਦ ਹੰਡੂਰੀਆ ਅਤੇ ਨਾਸਰ ਅਲੀ ਦਾ ਸਮਝੌਤਾ ਕਰਵਾ ਦਿੱਤਾ। ਸਮਝੌਤੇ ਤੋਂ ਬਾਦ ਚੌਧਰੀ ਸ਼ਮਸ ਅਲੀ ਗੁਰੂ ਸਾਹਿਬ ਨੂੰ ਆਪਣੇ ਘਰ ਲੈ ਆਇਆ ਜਿਥੇ ਪ੍ਰਵਾਰ ਨੇ ਬਹੁਤ ਸਤਿਕਾਰ ਕੀਤਾ। ਭੱਟ ਵਹੀਆਂ ਅਨੁਸਾਰ:

ੳ. ਸ਼ਮਸ ਖ਼ਾਂ ਬੇਟਾ ਸ਼ਮਸ਼ੇਰ ਖ਼ਾਂ ਕਾ ਪੋਤਾ ਸੁਲਤਾਨ ਖ਼ਾਂ ਕਾ ਪੜਪੋਤਾ ਮੁਹਮਦ ਇਸਹਾਕ ਖ਼ਾਂ ਕਾ ਬੰਸ ਸੁਲੇਮਾਨ ਕੀ... ਬਾਸੀ ਕੋਟ ਪਠਾਨਾਂ (ਕੋਟਲਾ ਨਿਹੰਗ ਖ਼ਾਂ) ਪ੍ਰਗਨਾ ਰੋਪਰ ਸੰਬਤ ਸੋਲਾਂ ਸੈ ਬਾਨਮੇ ਸਾਮਨ ਮਾਸ ਕੀ ਪੂਰਨਮਾਸੀ ਕੇ ਦਿਹੁ ਗੁਰੂ ਹਰਿਗੋਬਿੰਦ ਜੀ ਮਹਿਲ ਛਟਮ ਕੋ ਸਾਥ ਲੈ ਕੇ ਅਪਨੇ ਗ੍ਰਹਿ ਆਇਆ। ਏਸ ਕੀ ਬੇਗਮ ਨਸੀਰਾ ਨੇ ਬੇਟੇ ਆਲਮ ਕੋ ਗੈਲ ਲੈ ਗੁਰੂ ਜੀ ਕੋ ਆਇ ਸਿਜਦਾ ਕੀਆ। ਇਨ ਕਾ ਕੋਟ ਪਠਾਨਾਂ ਮੇਂ ਆਨਾ ਸੁਨ ਚਮਾਂ ਦਿਸਾ ਕੀਆਂ ਸਿਖ ਸੰਗਤਾਂ ਹੁਮ ਹੁਮਾਇ ਕੈ ਦਰਸਨ ਪਾਨੇ ਆਈਆਂ।... (ਭੱਟ ਬਹੀ ਤਲਉਂਡਾ ਪ੍ਰਗਨਾ ਜੀਂਦ)

ਅ. ਸਾਲ ਸੋਲਾਂ ਸੈ ਬਾਨਮੇ ਸਾਵਨ ਮਾਸ ਕੀ ਪੂਰਨਮਾਸੀ ਕੇ ਦਿਹੁ ਤੀਜੇ ਪਹਿਰ ਨਬਾਬ ਨਾਸਰ ਅਲੀ ਖ਼ਾਂ ਸੇ ਵਿਦਾਇਗੀ ਲ਼ੀ। ਕੋਟ ਪਠਾਨਾਂ ਕਾ ਚੌਧਰੀ ਸ਼ਮਸ ਖ਼ਾਂ ਬੇਨਤੀ ਕਰ ਕੇ ਸਤਿਗੁਰਾਂ ਨੂੰ ਅਪਨੇ ਗਾਉਂ ਮੇ ਲੇ ਆਇਆ। ਗੁਰੂ ਜੀ ਕਾ ਕੋਟ ਪਠਾਨਾ ਮੇਂ ਆਨਾ ਸੁਨ ਚਵਾਂ ਤ੍ਰਫ਼ਾਂ ਕੀਆਂ ਸਿਖ ਸੰਗਤਾਂ ਹੁਮ ਹੁਮਾਇ ਕੈ ਦਰਸਨ ਪਾਨੇ ਆਈਆਂ।...ਕਾਈ ਪਾਰਾਵਾਰ ਨਾ ਰਹਾ। (ਸਰੂਪ ਸਿੰਘ ਕੌਸ਼ਿਸ਼, ਸਾਖੀ ਤੀਜੀ)

ਚਲਦਾ.....

# ਭਾਈ ਗੁਰਦਾਸ ਜੀ




ਰਮੇਸ਼ ਬੱਗਾ ਚੋਹਲਾ

ਮੋਬ. 09463132719




ਪ੍ਰਮਾਤਮਾ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸਿੱਖ ਧਰਮ ਵਿੱਚ ਜਦੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਗੁਰੂ ਘਰ ਦੇ ਪਿਆਰਿਆਂ ਅਤੇ ਸਚਿਆਰਿਆਂ ਦੀ ਕਮਾਈ ਦਾ ਵੀ ਧਿਆਨ ਧਰਨ ਲਈ ਕਿਹਾ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਨਾ ਸਿਰਫ ਸਿੱਖੀ ਸਿਧਾਂਤਾਂ ਮੁਤਾਬਕ ਢਾਲਿਆ ਹੀ ਸਗੋਂ ਉਨ੍ਹਾਂ ਸਿਧਾਂਤਾਂ ਦੀ ਰੌਸ਼ਨੀ ਨੂੰ ਦੂਰ-ਦੁਰਾਡੇ ਤੱਕ ਪਹੁੰਚਾਉਣ ਲਈ ਵੀ ਆਪਣਾ ਅਹਿਮ ਯੋਗਦਾਨ ਪਾਇਆ। ਇਨ੍ਹਾਂ ਗੁਰੂ ਘਰ ਦੇ ਪਿਆਰਿਆਂ-ਨਿਆਰਿਆਂ ਦੇ ਯੋਗਦਾਨ ਬਦਲੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਇਨ੍ਹਾਂ ਨੂੰ ਵੀ ਉਨ੍ਹਾਂ ਹੀ ਮਾਣ-ਸਤਿਕਾਰ ਦਿੰਦੀਆਂ ਹਨ, ਜਿਨ੍ਹਾਂ ਸਿੱਖ ਧਰਮ ਦੇ ਰਹਿਬਰਾਂ ਨੂੰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਦੇ ਹੀ ਮਾਣ ਸਤਿਕਾਰ ਦੇ ਪਾਤਰ ਬਣਦੇ ਹਨ। ਸਿੱਖ ਧਰਮ ਦੇ ਮਹਾਨ ਵਿਦਵਾਨ, ਚਿੰਤਕ ਅਤੇ ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ।

ਸਿੱਖ ਹਲਕਿਆਂ ਵਿੱਚ ਵੇਦ-ਵਿਆਸ ਅਤੇ ਪਾਦਰੀ ਸੇਂਟ ਪਾਲ ਦੇ ਨਾਲ ਤੁਲਨਾਏ ਜਾਂਦੇ ਭਾਈ ਗੁਰਦਾਸ ਜੀ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿਖੇ ਭਾਈ ਈਸ਼ਰ ਦਾਸ (ਗੁਰੂ ਅਮਰਦਾਸ ਜੀ ਦਾ ਚਚੇਰਾ ਭਾਈ) ਦੇ ਪਰਿਵਾਰ ਵਿੱਚ 1559 ਈ. ਨੂੰ ਹੋਇਆ। ਕੁੱਝ ਲੇਖਕਾਂ ਦੀ ਵੱਖਰੀ ਰਾਇ ਮੁਤਾਬਕ ਭਾਈ ਸਾਹਿਬ ਦਾ ਜਨਮ ਸ੍ਰੀ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ 1553 ਈ. ਨੂੰ ਹੋਇਆ ਵੀ ਸਵੀਕਾਰਿਆ ਜਾਂਦਾ ਹੈ। ਆਪਣੇ ਬਚਪਨ ਦਾ ਵਧੇਰੇ ਸਮਾਂ ਭਾਈ ਗੁਰਦਾਸ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੀ ਬਿਤਾਇਆ ਅਤੇ ਪ੍ਰਾਇਮਰੀ ਸਿੱਖਿਆ ਵੀ ਇੱਥੋਂ ਹੀ ਹਾਸਲ ਕੀਤੀ। ਇਸ ਤੋਂ ਅਗਲੇਰੀ ਅਤੇ ਉਚੇਰੀ ਸਿੱਖਿਆ ਉਨ੍ਹਾਂ ਨੇ ਉਸ ਵਕਤ ਦੇ ਪ੍ਰਸਿੱਧ ਇਸਲਾਮੀ ਅਤੇ ਭਾਰਤੀ ਵਿਦਿਆ ਕੇਂਦਰਾਂ 'ਤੇ ਜਾ ਕੇ ਗ੍ਰਹਿਣ ਕੀਤੀ। ਗੁਰੂ ਸਾਹਿਬਾਨ ਦੀ ਸੇਵਾ ਵਿੱਚ ਰਹਿ ਕੇ ਉਨ੍ਹਾਂ ਨੇ ਗੁਰਬਾਣੀ ਦਾ ਡੂੰਘਾ ਅਧਿਐਨ ਕੀਤਾ ਅਤੇ ਗੁਰਮਤਿ ਦੇ ਵਿਸ਼ਿਆਂ 'ਤੇ ਆਪਣੀ ਪਕੜ ਮਜ਼ਬੂਤ ਬਣਾ ਲਈ। ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਦੀ ਧਾਰਨਾ ਮੁਤਾਬਕ ਭਾਈ ਗੁਰਦਾਸ ਜੀ ਵੀ ਗ੍ਰਹਿਸਥ ਮਾਰਗ ਨੂੰ ਤਰਜੀਹ ਦਿੰਦੇ ਹਨ। ਇਸ ਦੀ ਪੁਸ਼ਟੀ ਹੇਠ ਲਿਖੇ ਤੋਂ ਭਲੀਭਾਂਤ ਹੋ ਜਾਂਦੀ ਹੈ- ਗਿਆਨਨ ਮੈਂ ਗਿਆਨ ਅਰੁ ਧਿਆਨਨ ਮੇਂ ਧਿਆਨ ਗੁਰ ਸਕਲ ਧਰਮ ਮੈਂ ਗ੍ਰਹਿਸਤੁ ਪ੍ਰਧਾਨ ਹੈ।

ਬਾਬੇਕਿਆਂ ਦੀ ਸਰਬੱਤ ਦਾ ਭਲਾ ਮੰਗਣ ਵਾਲੀ ਸੋਚ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਭਾਈ ਗੁਰਦਾਸ ਜੀ ਲਾਹੌਰ, ਆਗਰਾ, ਕਾਂਸ਼ੀ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਗਏ। ਇਹ ਸਿਲਸਿਲਾ ਸ੍ਰੀ ਗੁਰੂ ਹਰਗੋਬਿੰਦ ਜੀ ਤੱਕ ਚੱਲਦਾ ਰਿਹਾ। ਪ੍ਰਚਾਰ ਦੇ ਨਾਲ-ਨਾਲ ਭਾਈ ਸਾਹਿਬ ਨੇ ਫਤਹਿਪੁਰ ਸੀਕਰੀ, ਗਵਾਲੀਅਰ, ਉਜੈਨ, ਬਰੁਹਾਨਪੁਰ, ਲਖਨਊ ਅਤੇ ਜੋਨਪੁਰ ਆਦਿ ਥਾਵਾਂ 'ਤੇ ਸਿੱਖ ਸੰਗਤਾਂ ਵੀ ਸਥਾਪਤ ਕੀਤੀਆਂ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖੀ ਦੇ ਰਾਹ ਵਿੱਚ ਰੋੜਾ ਅਟਕਾਉਣ ਵਾਲੇ ਕਈ ਅੰਦਰੂਨੀ ਅਤੇ ਬਾਹਰੀ ਵਿਰੋਧੀਆਂ ਦੀਆਂ ਕੋਝੀਆਂ ਚਾਲਾਂ ਨੂੰ ਪਛਾੜਨ ਲਈ ਵੀ ਭਾਈ ਗੁਰਦਾਸ ਜੀ ਦਾ ਅਹਿਮ ਰੋਲ ਰਿਹਾ ਹੈ। ਇਸ ਰੋਲ ਸਦਕਾ ਹੀ ਗੁਰੂ ਘਰ ਦੀ ਆਰਥਿਕ ਵਿਵਸਥਾ ਮੁੜ ਲੀਹ ਉੱਪਰ ਆ ਗਈ ਅਤੇ ਉਸਾਰੀ ਦੇ ਕੰਮਾਂ ਦੀ ਰਫਤਾਰ ਤੇਜ਼ ਹੋ ਗਈ। ਜਦੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕੰਮ ਆਰੰਭਿਆ ਤਾਂ ਉਸ ਪਾਵਨ ਸਰੂਪ ਨੂੰ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਵੱਲੋਂ ਨਿਭਾਈ ਗਈ। ਇਸ ਤੋਂ ਇਲਾਵਾਗੁਰੂ ਆਸ਼ੇ ਦੀ ਵਿਆਖਿਆ ਕਰਨ ਹਿੱਤ ਭਾਈ ਸਾਹਿਬ ਨਾਲ-ਨਾਲ ਆਪਣੀ ਬਾਣੀ ਦੀ ਸਿਰਜਣਾ ਵੀ ਕਰਦੇ ਰਹੇਵ ਇਸ ਬਾਣੀ ਨੂੰ ਜਦੋਂ ਪੰਚਮ ਪਾਤਸ਼ਾਹ ਨੇ (ਗੁਰੂ) ਗ੍ਰੰਥ ਸਾਹਿਬ ਵਿੱਚ ਦਰਜ ਕਰਨਾ ਚਾਹਿਆ ਤਾਂ ਨਿਮਰਤਾ ਦਾ ਸਬੂਤ ਦਿੰਦਿਆਂ ਭਾਈ ਸਾਹਿਬ ਨੇ ਕਿਹਾ ਕਿ ਸੇਵਕ ਸਾਹਿਬ ਦੇ ਬਰਾਬਰ ਬੈਠਾ ਸ਼ੋਭਦਾ ਨਹੀਂ। ਇਹ ਨਿਮਰਤਾ ਵੇਖ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਅਤੇ ਭਾਈ ਸਾਹਿਬ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਕਹਿ ਕੇ ਰੱਜਵਾਂ ਸਤਿਕਾਰ ਦਿੱਤਾ। ਇਸ ਗੱਲ ਦੀ ਤਸਦੀਕ ਕਰਦੀਆਂ ਹਨ ਇਹ ਪਾਵਨ ਪੰਕਤੀਆਂ :-

ਭਾਈ ਜੀ ਸੁਨੀਏ ਨਿਰਾਧਾਰ ॥
ਤੁਮਰੀ ਬਾਣੀ ਅਪਰ ਅਪਾਰ ॥
ਮਨਹੁ ਗ੍ਰੰਥ ਦਾ ਟੀਕਾ ਭਯੋ ॥
ਯਾਹਿ ਪੜ੍ਹੇ ਸਗਲ ਦੁਖ ਗਯੋ ॥



ਭਾਈ ਗੁਰਦਾਸ ਜੀ ਨੇ ਛੇਵੇਂ ਨਾਨਕ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਆਰੰਭਲੇ ਸਮੇਂ ਉਸਾਰੀ ਦੇ ਕੰਮਕਾਜ ਦੀ ਨਿਗਰਾਨੀ ਵੀ ਕੀਤੀ। ਜਦੋਂ 1609 ਈ. ਨੂੰ ਛੇਵੇਂ ਪਾਤਸ਼ਾਹ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਨੀਂਹ ਰੱਖੀ ਤਾਂ ਉਸ ਨੂੰ ਸੰਪੂਰਨਤਾ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਭਾਈ ਸਾਹਿਬ ਨੇ ਬਾਖੂਬੀ ਨਿਭਾਈ। ਜਦੋਂ ਗੁਰੂ ਸਾਹਿਬ ਗੁਰਸਿੱਖੀ ਦੇ ਪ੍ਰਚਾਰ ਲਈ ਕਿਤੇ ਦੂਰ ਨੇੜੇ ਜਾਂਦੇ ਤਾਂ ਸ੍ਰੀ ਅੰਮ੍ਰਿਤਸਰ ਆਉਣ ਵਾਲੇ ਸ਼ਰਧਾਲੂਆਂ ਦਾ ਸਵਾਗਤ ਤੇ ਸੇਵਾ ਦਾ ਕੰਮ ਵੀ ਭਾਈ ਗੁਰਦਾਸ ਜੀ (ਬਾਬਾ ਬੁੱਢਾ ਜੀ ਨਾਲ ਮਿਲ ਕੇ) ਵੱਲੋਂ ਬੜੇ ਉਤਸ਼ਾਹ ਨਾਲ ਕੀਤਾ ਜਾਂਦਾ ਹੈ।

ਗੁਰੂ ਘਰ ਦੇ ਈਰਖਾਲੂਆਂ ਵੱਲੋਂ ਜਦੋਂ ਕਦੇ ਬਾਬੇ ਨਾਨਕ ਦੇ ਨਿਰਮਲ ਪੰਥ ਬਾਬਤ ਸੰਗਤਾਂ ਵਿੱਚ ਕੋਈ ਭਰਮ ਭੁਲੇਖਾ ਪਾਇਆ ਜਾਂਦਾ ਤਾਂ ਉਸ ਨੂੰ ਨਵਿਰਤ ਕਰਨ ਦੀ ਡਿਊਟੀ ਵੀ ਭਾਈ ਗੁਰਦਾਸ ਜੀ ਵੱਲੋਂ ਹੀ ਨਿਭਾਈ ਜਾਂਦੀ। ਗੁਰੂ ਘਰ ਦੇ ਲੋਹ-ਲੰਗਰ ਅਤੇ ਹੋਰ ਅਵੱਸ਼ਕ ਲੋੜਾਂ ਦੀ ਪੂਰਤੀ ਲਈ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢਣ ਦੀ ਪਿਰਤ ਪਾਉਣ ਦਾ ਸਿਹਰਾ ਵੀ ਭਾਈ ਗੁਰਦਾਸ ਜੀ ਨੂੰ ਹੀ ਜਾਂਦਾ ਹੈ। ਸਿੱਖ ਸਮਾਜ ਅਤੇ ਗੁਰੂ ਘਰ ਦੇ ਹੋਰ ਪ੍ਰੀਤਵਾਨਾਂ ਵਿੱਚ ਇਹ ਪਿਰਤ ਅਜੇ ਤੱਕ ਵੀ ਕਾਇਮ ਹੈ।

1605 ਈ. (ਸੰਮਤ 1662) ਵਿੱਚ ਜਦੋਂ ਅਕਬਰ ਬਾਦਸ਼ਾਹ ਬਟਾਲੇ ਆਇਆ ਤਾਂ ਕਿਸੇ ਨੇ ਉਸ ਦੇ ਕੰਨ ਇਹ ਕਹਿ ਕੇ ਭਰ ਦਿੱਤੇ ਕਿ ਗੁਰੂ ਸਾਹਿਬ ਵੱਲੋਂ ਰਚਿਤ (ਗੁਰੂ) ਗ੍ਰੰਥ ਸਾਹਿਬ ਵਿੱਚ ਇਸਲਾਮ ਅਤੇ ਮੁਹੰਮਦ ਸਾਹਿਬ ਦੀ ਸ਼ਾਨ ਦੇ ਖਿਲਾਫ ਲਿਖਤ ਲਿਖੀ ਗਈ ਹੈ। ਗੁਰੂ ਅਰਜਨ ਦੇਵ ਜੀ ਵੱਲੋਂ ਅਕਬਰ ਬਾਦਸ਼ਾਹ ਦੇ ਸ਼ੰਕਿਆਂ ਨੂੰ ਸੰਤੁਸ਼ਟ ਕਰਨ ਦੇ ਕਾਬਲ ਵੀ ਭਾਈ ਗੁਰਦਾਸ ਜੀ ਨੂੰ ਹੀ ਸਮਝਿਆ ਗਿਆ। ਗੁਰੂ ਸਾਹਿਬ ਦੇ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ (ਗੁਰੂ) ਗ੍ਰੰਥ ਸਾਹਿਬ ਨੂੰ ਨਾਲ ਲੈ ਕੇ ਬਟਾਲੇ ਪਹੁੰਚ ਗਏ। ਜਦੋਂ ਅਕਬਰ ਨੇ ਬਾਣੀ ਸੁਣਾਉਣ ਲਈ ਕਿਹਾ ਤਾਂ ਭਾਈ ਸਾਹਿਬ ਨੇ ਪਾਠ ਕਰਨਾ ਆਰੰਭ ਕਰ ਦਿੱਤਾ। ਪਾਠ ਦੀ ਅਰੰਭਤਾ ਵਿੱਚ ਜੋ ਸ਼ਬਦ ਆਇਆ ਉਹ ਸੀ :-

'ਖਾਕ ਨੂਰ ਕਰਦੰ ਆਲਮ ਦੁਨੀਆਇ ॥'

ਇਸ ਸ਼ਬਦ ਦੇ ਨਾਲ ਹੀ ਅਕਬਰ ਬਾਦਸ਼ਾਹ ਦੀ ਕਾਫੀ ਹੱਦ ਤੱਕ ਤਸੱਲੀ ਹੋ ਗਈ। ਇਸ ਤੋਂ ਇਲਾਵਾ ਭਾਈ ਸਾਹਿਬ ਨੇ ਕੁੱਝ ਹੋਰ ਸ਼ਬਦ ਵੀ ਪੜ੍ਹੇ ਜਿਨ੍ਹਾਂ ਨੂੰ ਸੁਣ ਕੇ ਅਕਬਰ ਨੇ 51 ਮੋਹਰਾਂ (ਗੁਰੂ) ਗ੍ਰੰਥ ਸਾਹਿਬ ਅੱਗੇ ਰੱਖ ਕੇ ਆਪਣਾ ਸੀਸ ਝੁਕਾਇਆ। ਇੱਥੇ ਹੀ ਬੱਸ ਨਹੀਂ ਉਸ ਨੇ ਭਾਈ ਗੁਰਦਾਸ ਜੀ ਨੂੰ ਇੱਕ ਸੁੰਦਰ ਦੁਸ਼ਾਲਾ ਭੇਟ ਕਰਕੇ ਸਨਮਾਨਿਤ ਵੀ ਕੀਤਾ। ਗੁਰੂ ਘਰ ਦੇ ਅਨਿਨ ਸੇਵਕ ਅਤੇ ਸਰਵਸ੍ਰੇਸ਼ਟ ਬੁੱਧੀ ਦੇ ਮਾਲਕ ਭਾਈ ਗੁਰਦਾਸ ਜੀ ਦੀ ਤਿੰਨ ਪ੍ਰਕਾਰ ਦੀ ਲਿਖਤ ਮਿਲਦੀ ਹੈ। ਇਸ ਲਿਖਤ ਵਿੱਚ 40 ਅਧਿਆਤਮਿਕ ਵਾਰਾਂ (ਪੰਜਾਬੀ) 675 ਬਰਿਜ ਅਤੇ ਕੁੱਝ ਸ਼ਲੋਕ (ਸੰਸਕ੍ਰਿਤ) ਵਿੱਚ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਜਨਮ ਸਾਖੀਆਂ ਨੇ ਭਾਈ ਸਾਹਿਬ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਕਵਿਤਾਇਆ ਹੈ। ਵਰਣਾਤਮਕ ਵਿਸ਼ਿਆਂ ਲਈ ਉਨ੍ਹਾਂ ਨੇ ਲੋਕ-ਕਾਵਿ ਰੂਪ ਦੀ ਵਰਤੋਂ ਕੀਤੀ ਹੈ। ਗੁਰਮਤਿ ਦੀ ਲਾਭਦਾਇਕਤਾ ਦਾ ਪਤਾ ਲਗਾਉਣ ਲਈ ਉਨ੍ਹਾਂ ਦੀ ਇਸ ਰਚਨਾ ਦਾ ਨਿੱਠ ਕੇ ਅਧਿਐਨ ਕਰਨਾ ਪੈਂਦਾ ਹੈ। ਇਸੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ ਕਿ ਭਾਈ ਗੁਰਦਾਸ ਜੀ ਦੀ ਬਾਣੀ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ।

ਭਾਈ ਗੁਰਦਾਸ ਜੀ ਨੇ ਆਪਣੇ ਅੰਤਲੇ ਸਵਾਸ ਸ੍ਰੀ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ ਲਏ ਅਤੇ ਛੇਵੇਂ ਪਾਤਸ਼ਾਹ ਦੀ ਹਜ਼ੂਰੀ ਵਿੱਚ 15 ਅਗਸਤ ਭਾਦੋਂ ਸੁਦੀ ਪੰਜਵੀਂ 1637 ਈ. ਨੂੰ ਸਰੀਰਕ ਚੋਲਾ ਤਿਆਗ ਗਏ। ਭਾਈ ਸਾਹਿਬ ਦੇ ਯੋਗਦਾਨ ਬਦਲੇ ਸਿੱਖ ਸੰਗਤਾਂ ਹਮੇਸ਼ਾ ਉਨ੍ਹਾਂ ਦੀਆਂ ਰਿਣੀ ਰਹਿਣਗੀਆਂ।

# ਵਿਸ਼ਵ ਜੰਗ ਦਾ ਪਹਿਲਾ ਪੜਾਅ ਸ਼ੁਰੂ, ਨਾਟੋ ਲਈ ਵੱਡਾ ਖ਼ਤਰਾ ਬਣਿਆ ਚੀਨ

**○ ਨਾਟੋ ਵਲੋਂ ਚੀਨ ਨੂੰ ਘੇਰਨ ਦੀ ਤਿਆਰੀ, ਪ੍ਰਸ਼ਾਂਤ ਮਹਾਸਾਗਰ ਵਿਚ ਜੰਗੀ ਬੇੜੇ ਕੀਤੇ ਇਕੱਠੇ ○ ਯੂਕਰੇਨ ਡਰਟੀ ਬੰਬ ਨਾਲ ਕਰੇਗਾ ਹਮਲਾ...ਰੂਸ ਨੇ ਕੀਤਾ ਦਾਅਵਾ ਅਜਿਹਾ ਹੋਇਆ ਤਾਂ ਪ੍ਰਮਾਣੂ ਹਮਲਾ ਹੋਵੇਗਾ ○ ਰੂਸ ਯੂਕਰੇਨ ਦੀ ਜੰਗ ਨੇ ਵਧਾਇਆ ਪਰਮਾਣੂ ਯੁੱਧ ਦਾ ਖਤਰਾ ○ ਰੂਸ ਦੀ ਸਰਕਾਰੀ ਅਖਬਾਰ ਆਰ ਟੀ ਇੰਟਰਨੈਸ਼ਨਲ ਵਿਚ ਛਪੀ ਖਬਰ, ਯੂਕਰੇਨ ਇਨਕਾਰੀ ○ ਅਮਰੀਕਾ ਤੇ ਰੂਸ ਵਿਚਾਲੇ ਫਿਰ ਸ਼ੁਰੂ ਹੋਵੇਗੀ ਪਰਮਾਣੂ ਹਥਿਆਰਾਂ ਦੀ ਦੌੜ, 14 ਸਾਲ ਪੁਰਾਣੀ ਸੰਧੀ ਖਤਮ ਹੋਣ ਦੀ ਸੰਭਾਵਨਾ**

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**
9815700916



ਵਿਸ਼ਵ ਜੰਗ ਦਾ ਪਹਿਲਾ ਪੜਾਅ ਸ਼ੁਰੂ ਹੋ ਚੁਕਾ ਹੈ, ਜਿਸ ਦੀ ਜੜ੍ਹ ਅਮਰੀਕਾ ਹੈ ਜੋ ਪੂਰੇ ਵਿਸ਼ਵ ਵਿਚ ਥਾਣੇਦਾਰੀ ਕਰਨਾ ਚਾਹੁੰਦਾ ਹੈ। ਇਕ ਪਾਸੇ ਇਜਰਾਈਲ ਰਾਹੀਂ ਅਰਬ ਦੇਸਾਂ ਦਾ ਨਮਦਾ ਕਸ ਰਿਹਾ ਹੈ। ਰੂਸ ਨੂੰ ਯੂਕਰੇਨ ਨਾਲ ਜੰਗ ਵਿਚ ਫਸਾਈ ਬੈਠਾ ਹੈ ਤੇ ਯੂਕਰੇਨ ਦੀ ਮਦਦ ਕਰ ਰਿਹਾ ਹੈ। ਨਿਊਯਾਰਕ ਤੋਂ ਨਿਊਜ਼ ਵੈਬਸਾਈਟ ਬਲੂਮਬਰਗ ਡਾਟ ਕਾਮ ਦੀ ਤਾਜ਼ਾ ਰਿਪੋਟ ਅਨੁਸਾਰ ਹੁਣ ਤੱਕ ਚੀਨ 'ਤੇ ਨਜ਼ਰ ਰੱਖ ਰਹੇ ਨਾਟੋ ਨੂੰ ਆਖਰਕਾਰ ਪ੍ਰਸ਼ਾਂਤ ਮਹਾਸਾਗਰ ਵਿਚ ਆਪਣੀ ਫੌਜੀ ਮੌਜੂਦਗੀ ਵਧਾਉਣ ਲਈ ਮਜਬੂਰ ਹੋਣਾ ਪਿਆ ਹੈ। ਹੁਣ ਤੱਕ ਨਾਟੋ ਸਿਰਫ਼ ਰੂਸ ਨੂੰ ਹੀ ਸਭ ਤੋਂ ਵੱਡਾ ਖ਼ਤਰਾ ਮੰਨਦਾ ਸੀ ਪਰ ਇਸ ਸਾਲ ਜੁਲਾਈ ਵਿੱਚ ਵਾਸ਼ਿੰਗਟਨ ਵਿੱਚ ਹੋਈ ਕਾਨਫਰੰਸ ਵਿੱਚ ਚੀਨ ਨੂੰ ਦੁਨੀਆ ਲਈ ਸਭ ਤੋਂ ਵੱਡਾ ਖ਼ਤਰਾ ਮੰਨਿਆ ਗਿਆ ਸੀ। ਉਦੋਂ ਤੋਂ ਚੀਨ ਨਾਟੋ ਦਾ ਨਿਸ਼ਾਨਾ ਬਣ ਗਿਆ ਹੈ। ਨਾਟੋ ਦੇ ਮੈਂਬਰ ਚੀਨ ਦੇ ਖਿਲਾਫ ਫੌਜ ਵੀ ਤਾਇਨਾਤ ਕਰ ਰਹੇ ਹਨ। ਹੁਣ ਇਨ੍ਹਾਂ ਵਿਚ ਇਟਲੀ ਵੀ ਸ਼ਾਮਲ ਹੋ ਗਿਆ ਹੈ। ਪਹਿਲੀ ਵਾਰ, ਇਟਲੀ ਨੇ ਚੀਨ ਦੇ ਨਾਲ ਲੱਗਦੇ ਪ੍ਰਸ਼ਾਂਤ ਮਹਾਸਾਗਰ ਖੇਤਰ ਵਿੱਚ ਆਪਣਾ ਏਅਰਕ੍ਰਾਫਟ ਕੈਰੀਅਰ ਕੈਵੂਰ ਤਾਇਨਾਤ ਕੀਤਾ ਹੈ।

ਕੈਵੂਰ ਤੇ ਇਕ ਹੋਰ ਇਤਾਲਵੀ ਫ੍ਰੀਗੇਟ ਨੇ ਹਾਲ ਹੀ ਵਿੱਚ ਗੁਆਮ ਟਾਪੂ ਦੇ ਨੇੜੇ ਯੂਐਸ ਏਅਰਕ੍ਰਾਫਟ ਕੈਰੀਅਰ ਯੂਐਸਐਸ ਨੇ ਅਬ੍ਰਾਹਮ ਲਿੰਕਨ ਨਾਲ ਮਿਲਕੇ ਅਭਿਆਸ ਕੀਤਾ ਸੀ। ਕੈਵਰ ਕੈਰੀਅਰ ਸਟ੍ਰਾਈਕ ਗਰੁੱਪ ਦੇ ਕਮਾਂਡਰ ਰੀਅਰ ਐਡਮਿਰਲ ਗਿਆਨਕਾਰਲੋ ਸਿਏਪੀਨਾ ਨੇ ਕਿਹਾ ਕਿ ਇਹ, ਸਾਡੀ ਸਾਂਝੀ ਤਾਕਤ ਤੇ ਸਾਡੀ ਯੋਗਤਾ ਦਾ ਇਕ ਪ੍ਰਦਰਸ਼ਨ ਹੈ । ਕੁਝ ਸੁਰੱਖਿਆ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਯੂਰਪੀਅਨ ਜਲ ਸੈਨਾ ਪ੍ਰਸ਼ਾਂਤ ਖੇਤਰ ਵਿੱਚ ਕਿਸੇ ਵੀ ਸੰਘਰਸ਼ ਵਿੱਚ ਇਕ ਅਗਾਂਹਵਧੂ ਭੂਮਿਕਾ ਨਿਭਾਉਣਗੇ। ਪਰ ਉਨ੍ਹਾਂ ਦੀ ਲਗਾਤਾਰ ਵਧਦੀ ਮੌਜੂਦਗੀ ਚੀਨ ਨਾਲ ਸਬੰਧਾਂ ਨੂੰ ਤਣਾਅਪੂਰਨ ਬਣਾ ਰਹੀ ਹੈ। ਯੂਰਪ ਹੁਣ ਚੀਨ ਦੇ ਨਿਸ਼ਾਨੇ ਉਪਰ ਹੈ।

ਚੀਨ ਤਾਇਵਾਨ ਦੇ ਕੋਲ ਲਗਾਤਾਰ ਲੜਾਕੂ ਅਤੇ ਬੰਬਾਰ ਜਹਾਜ਼ ਉਡਾ ਰਿਹਾ ਹੈ। ਖਦਸ਼ਾ ਹੈ ਕਿ ਚੀਨ ਕਿਸੇ ਵੀ ਸਮੇਂ ਤਾਈਵਾਨ 'ਤੇ ਹਮਲਾ ਕਰ ਸਕਦਾ ਹੈ। ਚੀਨ ਤਾਇਵਾਨ ਨਾਲ ਜੰਗ ਵਿਚ ਉਲਝ ਸਕਦਾ ਹੈ ਅਮਰੀਕਾ ਨੇ ਤਾਈਵਾਨ ਦੀ ਰੱਖਿਆ ਕਰਨ ਦਾ ਵਾਅਦਾ ਕੀਤਾ ਹੈ। ਅਜਿਹੇ ਵਿਚ ਤਾਇਵਾਨ 'ਤੇ ਹਮਲੇ ਦੀ ਸਥਿਤੀ ਵਿਚ ਅਮਰੀਕਾ ਵੀ ਇਸ ਸੰਘਰਸ਼ ਵਿਚ ਸਿਧੇ -ਅਸਿਧੇ ਰੂਪ ਵਿਚ ਸ਼ਾਮਲ ਹੋ ਸਕਦਾ ਹੈ ਅਜਿਹੇ ਸਮੇਂ, ਯੂਰਪੀਅਨ ਜਲ ਸੈਨਾਵਾਂ ਅਮਰੀਕੀ ਫੌਜੀ ਸ਼ਕਤੀ ਨੂੰ ਵਧਾ ਸਕਦੀਆਂ ਹਨ। ਨਾਟੋ ਦੇ ਮੈਂਬਰਾਂ ਦੇ ਵਿਚਾਲੇ ਰੱਖਿਆ ਸੰਧੀ ਹੈ ਜੋ ਸਿਰਫ ਯੂਰਪ ਅਤੇ ਉੱਤਰੀ ਅਮਰੀਕਾ ਵਿੱਚ ਹਮਲਿਆਂ 'ਤੇ ਲਾਗੂ ਹੁੰਦੀ ਹੈ, ਇਸ ਲਈ ਉਹ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਇੱਕ ਦੂਜੇ ਦੀ ਰੱਖਿਆ ਕਰਨ ਲਈ ਕਾਨੂੰਨੀ ਤੌਰ 'ਤੇ ਮਜਬੂਰ ਨਹੀਂ ਕੀਤਾ ਜਾ ਸਕਦਾ।

ਬ੍ਰਿਟਿਸ਼ ਏਅਰਕ੍ਰਾਫਟ ਕੈਰੀਅਰ ਐਚਐਮਐਸ ਪ੍ਰਿੰਸ ਆਫ ਵੇਲਜ਼ ਅਤੇ ਇਸਦਾ ਸਟ੍ਰਾਈਕ ਗਰੁੱਪ ਅਗਲੇ ਸਾਲ ਪ੍ਰਸ਼ਾਂਤ ਖੇਤਰ ਵਿੱਚ ਪਹੁੰਚਣ ਵਾਲਾ ਹੈ। ਫਰਾਂਸ ਨੇ ਇਹ ਵੀ ਕਿਹਾ ਹੈ ਕਿ ਉਹ ਚਾਰਲਸ ਡੀ ਗੌਲ ਕੈਰੀਅਰ ਸਟ੍ਰਾਈਕ ਗਰੁੱਪ ਨੂੰ ਪ੍ਰਸ਼ਾਂਤ ਮਹਾਸਾਗਰ ਖੇਤਰ ਵਿੱਚ ਭੇਜੇਗਾ। ਇੱਕ ਸਟ੍ਰਾਈਕ ਸਮੂਹ ਇੱਕ ਏਅਰਕ੍ਰਾਫਟ ਕੈਰੀਅਰ ਦੇ ਆਲੇ ਦੁਆਲੇ ਬਣਾਈ ਗਈ ਇੱਕ ਛੋਟੀ ਜਿਹਾ ਸੈਨਿਕ ਦਲ ਹੁੰਦਾ ਹੈ ਜਿਸ ਵਿੱਚ ਆਮ ਤੌਰ 'ਤੇ ਵਿਨਾਸ਼ਕਾਰੀ, ਕਰੂਜ਼ਰ ਅਤੇ ਹੋਰ ਜਹਾਜ਼ਾਂ ਦੇ ਨਾਲ-ਨਾਲ ਲੜਾਕੂ ਜਹਾਜ਼ ਅਤੇ ਹੋਰ ਜਹਾਜ਼ ਸ਼ਾਮਲ ਹੁੰਦੇ ਹਨ। ਜਰਮਨੀ ਅਤੇ ਨੀਦਰਲੈਂਡ ਹੋਰ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਮੈਂਬਰਾਂ ਵਿੱਚੋਂ ਇੱਕ ਹਨ ਜੋ ਖੇਤਰ ਵਿੱਚ ਜੰਗੀ ਜਹਾਜ਼ ਭੇਜਣ ਦੀ ਯੋਜਨਾ ਬਣਾ ਰਹੇ ਹਨ। ਇਸ ਕਾਰਣ ਯੂਰਪ ,ਅਮਰੀਕਾ ਨਾਲ ਚੀਨ ਦਾ ਤਣਾਅ ਪੈਦਾ ਹੋ ਸਕਦਾ ਹੈ ਜੋ ਸਿਧੀ ਜੰਗ ਵਿਚ ਬਦਲ ਸਕਦਾ ਹੈ।

ਰੂਸ ਤੇ ਯੂਕਰੇਨ ਤਿਖੀ ਜੰਗ ਵਿਚ ਅਮਰੀਕਾ-ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਲਗਾਤਾਰ ਵਧਦੀ ਜਾ ਰਹੀ ਹੈ। ਯੂਕਰੇਨ ਦੀ ਫੌਜ ਹੁਣ ਰੂਸ ਵਿਚ ਦਾਖਲ ਹੋ ਗਈ ਹੈ, ਜਿਸ ਨੇ ਪੁਤਿਨ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਦੌਰਾਨ ਰੂਸ ਨੇ ਦਾਅਵਾ ਕੀਤਾ ਹੈ ਕਿ ਯੂਕਰੇਨ ਡਰਟੀ ਬੰਬ ਨਾਲ ਹਮਲਾ ਕਰ ਸਕਦਾ ਹੈ। ਆਰ ਟੀ ਇੰਟਰਨੈਸ਼ਨਲ ਜੋ ਰੂਸ ਦੀ ਸਰਕਾਰੀ ਅਖਬਾਰ ਹੈ, ਉਸ ਅਨੁਸਾਰ ਕਈ ਰਿਪੋਰਟਾਂ ਵਿੱਚ, ਰੂਸੀ ਫੌਜੀ ਪੱਤਰਕਾਰਾਂ ਨੇ ਕਿਹਾ ਹੈ ਕਿ ਯੂਕਰੇਨ ਕਥਿਤ ਤੌਰ 'ਤੇ ਨਿਪ੍ਰੋਪੇਤ੍ਰੋਵਸਕ ਖੇਤਰ ਵਿੱਚ 'ਡਰਟੀ ਬੰਬ' ਸਮੇਤ ਪ੍ਰਮਾਣੂ ਭੜਕਾਹਟ ਦੀ ਤਿਆਰੀ ਕਰ ਰਿਹਾ ਹੈ। ਰਿਪੋਰਟਾਂ ਮੁਤਾਬਕ ਯੂਕਰੇਨ ਦੀ ਫੌਜ ਰੂਸ ਦੇ ਕਬਜ਼ੇ ਵਾਲੇ ਜ਼ਪੋਰਿਜ਼ੀਆ ਨਿਊਕਲੀਅਰ ਪਾਵਰ ਪਲਾਂਟ ਅਤੇ ਰੂਸੀ ਕੁਰਸਕ ਨਿਊਕਲੀਅਰ ਪਾਵਰ ਪਲਾਂਟ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਤੋਂ ਪਹਿਲਾਂ ਅਕਤੂਬਰ 2022 ਵਿੱਚ ਰੂਸ ਨੇ ਵੀ ਕਿਹਾ ਸੀ ਕਿ ਯੂਕਰੇਨ ਇੱਕ ਡਰਟੀ ਬੰਬ ਹਮਲੇ ਦੀ ਯੋਜਨਾ ਬਣਾ ਰਿਹਾ ਹੈ।

ਯੂਕਰੇਨ ਦੇ ਵਿਦੇਸ਼ ਮੰਤਰਾਲੇ ਨੇ ਪ੍ਰਮਾਣੂ ਉਰਜਾ ਪਲਾਂਟਾਂ 'ਤੇ ਡਰਟੀ ਬੰਬਾਂ ਨਾਲ ਹਮਲਾ ਕਰਨ ਦੇ ਰੂਸੀ ਦਾਅਵਿਆਂ ਨੂੰ ਰੱਦ ਕਰ ਦਿੱਤਾ। ਯਾਦ ਰਹੇ ਕਿ ਡਰਟੀ ਬੰਬ ਇੱਕ ਅਜਿਹਾ ਹਥਿਆਰ ਹੈ, ਜੋ ਪਰਮਾਣੂ ਹਥਿਆਰਾਂ ਨਾਲੋਂ ਬਹੁਤ ਸਸਤਾ ਹੁੰਦਾ ਹੈ ਅਤੇ ਇਸ ਦਾ ਅਟੈਕ ਤੇਜ਼ ਹੁੰਦਾ ਹੈ। ਇਸ ਖਬਰ ਤੋਂ ਸਪੱਸ਼ਟ ਹੈ ਕਿ ਰੂਸ ਯੂਕਰੇਨ ਦੀ ਜੰਗ ਤਿਖੀ ਹੁੰਦੀ ਜਾ ਰਹੀ ਹੈ। ਯੂਕਰੇਨ ਦੀ ਪਿਠ ਉਪਰ ਅਮਰੀਕਾ ਤੇ ਯੂਰਪੀਅਨ ਦੇਸ ਹਨ। ਇਸ ਕਾਰਣ ਰੂਸ ਚਿੜਿਆ ਹੋਇਆ ਹੈ। ਇਸ ਜੰਗ ਪਿਛੇ ਅਮਰੀਕਾ ਦਾ ਹਥ ਹੈ। ਹਥਿਆਰਾਂ ਦੀ ਮੰਡੀ ਇਹ ਜੰਗ ਦਾ ਕਾਰਣ ਹੈ। ਜੰਗ ਹੋਵੇਗੀ ਅਮਰੀਕਾ ਦੇ ਹਥਿਆਰ ਵਿਕਣਗੇ। ਪਰ ਸੁਪਰ ਤਾਕਤਾਂ ਨਹੀਂ ਜਾਣਦੀਆਂ ਕਿ ਪ੍ਰਮਾਣੂ ਯੁਧ ਛਿੜਿਆ ਤਾਂ ਦੁਨੀਆਂ ਤਬਾਹ ਹੋ ਜਾਵੇਗੀ। ਰੂਸ ਅਮਰੀਕਾ ਦੀ ਨੀਤੀ ਤੋਂ ਤੰਗ ਆਕੇ ਪ੍ਰਮਾਣੂ ਸੰਧੀ ਵੀ ਤੋੜ ਸਕਦਾ ਹੈ।


ਅਮਰੀਕਾ ਅਤੇ ਰੂਸ ਕੋਲ ਦੁਨੀਆ ਦੇ ਪ੍ਰਮਾਣੂ ਹਥਿਆਰਾਂ ਦਾ 90% ਭੰਡਾਰ ਹੈ। ਸਾਲ 2010 ਵਿੱਚ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਉਸ ਸਮੇਂ ਦੇ ਰੂਸੀ ਰਾਸ਼ਟਰਪਤੀ ਦਮਿਤਰੀ ਮੇਦਵੇਦੇਵ ਨੇ ਇੱਕ ਸੰਧੀ 'ਤੇ ਦਸਤਖਤ ਕੀਤੇ ਸਨ, ਜਿਸ ਦਾ ਨਾਂ ਨਿਊ ਸਟਾਰਟ ਸੰਧੀ ਹੈ। ਇਸ ਸੰਧੀ ਦੇ ਤਹਿਤ ਇਹ ਤੈਅ ਕੀਤਾ ਗਿਆ ਸੀ ਕਿ ਅਮਰੀਕਾ ਅਤੇ ਰੂਸ ਕਿੰਨੇ ਪਰਮਾਣੂ ਹਥਿਆਰ ਬਣਾਉਣ ਦੇ ਸਮਰੱਥ ਹੋਣਗੇ, ਤਾਂ ਜੋ ਇਹ ਸੰਖਿਆ ਕਾਬੂ ਵਿੱਚ ਰਹੇ। ਇਹ ਵੀ ਤੈਅ ਕੀਤਾ ਗਿਆ ਸੀ ਕਿ ਕਿੰਨੀਆਂ ਮਿਜ਼ਾਈਲਾਂ ਤਿਆਰ ਹਾਲਤ ਵਿੱਚ ਹੋਣਗੀਆਂ। ਇਹ ਸੰਧੀ 2026 ਵਿੱਚ ਖਤਮ ਹੋਣ ਵਾਲੀ ਹੈ। ਇਸ ਸੰਧੀ ਤਹਿਤ ਰੂਸ ਅਤੇ ਅਮਰੀਕਾ ਵੱਧ ਤੋਂ ਵੱਧ 1550 ਪਰਮਾਣੂ ਮਿਜ਼ਾਈਲਾਂ, 700 ਲੰਬੀ ਦੂਰੀ ਦੀਆਂ ਮਿਜ਼ਾਈਲਾਂ ਅਤੇ ਬੰਬਾਰਾਂ ਨੂੰ ਤਿਆਰ ਹਾਲਤ ਵਿੱਚ ਰੱਖ ਸਕਦੇ ਹਨ। ਦੋਵੇਂ ਦੇਸ਼ ਇਹ ਪਤਾ ਕਰਨ ਲਈ ਇੱਕ ਦੂਜੇ ਦੇ ਪ੍ਰਮਾਣੂ ਟਿਕਾਣਿਆਂ ਦਾ ਦੌਰਾ ਕਰ ਸਕਦੇ ਹਨ ਕਿ ਕੀ ਕੋਈ ਸੰਧੀ ਦੇ ਨਿਯਮਾਂ ਦੀ ਉਲੰਘਣਾ ਤਾਂ ਨਹੀਂ ਕਰ ਰਿਹਾ। ਇੱਕ ਸਾਲ ਵਿੱਚ ਅਜਿਹੇ 18 ਦੌਰੇ ਹੋ ਸਕਦੇ ਹਨ। 2011 ਵਿੱਚ ਹਸਤਾਖਰ ਕੀਤੇ ਗਏ ਸੰਧੀ ਨੂੰ 2021 ਵਿੱਚ ਹੋਰ 5 ਸਾਲਾਂ ਲਈ ਵਧਾ ਦਿੱਤਾ ਗਿਆ ਸੀ। ਹੁਣ ਇਹ ਸੰਧੀ ਫਰਵਰੀ 2026 ਤੱਕ ਹੀ ਮਨਜੂਰ ਹੈ। ਮਾਰਚ 2020 ਵਿੱਚ ਕੋਵਿਡ ਮਹਾਂਮਾਰੀ ਦੇ ਕਾਰਨ, ਦੋਵਾਂ ਦੇਸ਼ਾਂ ਵਿਚਕਾਰ ਪ੍ਰਮਾਣੂ ਸਾਈਟ ਦੇ ਦੌਰੇ ਰੁਕ ਗਏ ਸਨ। ਅਮਰੀਕਾ ਅਤੇ ਰੂਸ ਨਵੰਬਰ 2022 ਵਿੱਚ ਸਾਈਟ ਵਿਜ਼ਿਟ ਮੁੜ ਸ਼ੁਰੂ ਕਰਨ ਲਈ ਮਿਸਰ ਵਿੱਚ ਮਿਲਣ ਲਈ ਸਹਿਮਤ ਹੋਏ ਸਨ। ਪਰ, ਰੂਸ ਨੇ ਇਸ ਬੈਠਕ ਨੂੰ ਯੂਕਰੇਨ ਵਿਚ ਅਮਰੀਕਾ ਦੀ ਦਖਲਅੰਦਾਜ਼ੀ ਕਾਰਣ ਮੁਲਤਵੀ ਕਰ ਦਿੱਤਾ ਅਤੇ ਉਦੋਂ ਤੋਂ ਰੂਸ ਲਗਾਤਾਰ ਟਾਲ ਰਿਹਾ ਹੈ। ਪਰ ਰੂਸ ਅਤੇ ਅਮਰੀਕਾ ਦੇ ਮੌਜੂਦਾ ਰੁਖ ਨੂੰ ਦੇਖਦੇ ਹੋਏ ਅਜਿਹਾ ਨਹੀਂ ਲੱਗਦਾ ਕਿ ਸੰਧੀ ਅੱਗੇ ਵਧੇਗੀ। ਖ਼ਾਸਕਰ, ਰੂਸ ਅਜਿਹਾ ਨਹੀਂ ਚਾਹੁੰਦਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਦੁਨੀਆ ਵਿਚ ਇਕ ਵਾਰ ਫਿਰ ਤੋਂ ਪ੍ਰਮਾਣੂ ਹਥਿਆਰਾਂ ਦੀ ਦੌੜ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਯੂਕਰੇਨ ਨਾਲ ਜੰਗ ਤੋਂ ਬਾਅਦ ਰੂਸ ਨੂੰ ਲੱਗਦਾ ਹੈ ਕਿ ਉਸ ਨੂੰ ਆਪਣੇ ਹਥਿਆਰਾਂ ਦੀ ਖੇਪ ਵਧਾਉਣ ਦੀ ਲੋੜ ਹੈ। ਇਹ ਨਵੀਂ ਸਟਾਰਟ ਸੰਧੀ ਦੁਆਰਾ ਅੜਿੱਕਾ ਪਾਇਆ ਜਾ ਰਿਹਾ ਹੈ। ਦੂਜੇ ਪਾਸੇ ਅਮਰੀਕਾ ਇਸ ਜੰਗ ਵਿੱਚ ਖੁੱਲ੍ਹ ਕੇ ਯੂਕਰੇਨ ਦੇ ਨਾਲ ਹੈ ਅਤੇ ਉਸ ਨੂੰ ਹਥਿਆਰ ਵੀ ਦੇ ਰਿਹਾ ਹੈ। ਇਸ ਲਈ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਫਰਵਰੀ 2023 ਵਿੱਚ ਹੀ ਇਸ ਸੰਧੀ ਤੋਂ ਹਟਣ ਦਾ ਐਲਾਨ ਕੀਤਾ ਸੀ। ਹਾਲਾਂਕਿ ਪੁਤਿਨ ਦੇ ਇਸ ਬਿਆਨ ਤੋਂ ਬਾਅਦ ਰੂਸ ਦੇ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਸੀ ਕਿ ਸੰਧੀ ਦੇ ਮੁਤਾਬਕ ਰੂਸ ਜੰਗ ਲਈ ਤਿਆਰ ਪ੍ਰਮਾਣੂ ਮਿਜ਼ਾਈਲਾਂ ਅਤੇ ਹਥਿਆਰਾਂ ਦੀ ਗਿਣਤੀ 'ਤੇ ਪਾਬੰਦੀਆਂ ਦਾ ਪਾਲਣ ਕਰਦਾ ਰਹੇਗਾ। ਕੁਝ ਰਿਪੋਰਟਾਂ ਵਿੱਚ, ਅਮਰੀਕੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਰੂਸ ਨਵੇਂ ਹਥਿਆਰ ਤਿਆਰ ਕਰ ਰਿਹਾ ਹੈ। ਇਸ ਦੇ ਨਾਲ ਹੀ ਅਮਰੀਕੀ ਅਧਿਕਾਰੀ ਇਹ ਵੀ ਤਿਆਰੀ ਕਰ ਰਹੇ ਹਨ ਕਿ ਜੇਕਰ ਸੰਧੀ ਅੱਗੇ ਨਹੀਂ ਵਧਦੀ ਤਾਂ ਉਹ ਤੁਰੰਤ ਨਵੇਂ ਹਥਿਆਰ ਤਿਆਰ ਕਰਨ ਦੀ ਲੋੜ ਹੈ ਤਾਂ ਜੋ ਰੂਸ 'ਤੇ ਦਬਾਅ ਬਣਾਇਆ ਜਾ ਸਕੇ। ਅਮਰੀਕਾ ਦਾ ਕਹਿਣਾ ਹੈ ਕਿ ਰੂਸ ਨੇ ਕੁਝ ਪਰਮਾਣੂ ਹਥਿਆਰ ਬਣਾਏ ਹਨ ਜੋ ਉਪਗ੍ਰਹਿਆਂ ਨੂੰ ਨਸ਼ਟ ਕਰ ਸਕਦੇ ਹਨ, ਜਿਨ੍ਹਾਂ ਨੂੰ ਉਹ ਆਰਬਿਟ ਵਿੱਚ ਤਾਇਨਾਤ ਕਰਨ ਜਾ ਰਿਹਾ ਹੈ। ਦੂਜੇ ਪਾਸੇ ਰੂਸ ਨੇ ਇਸ ਸੰਧੀ ਨੂੰ ਖਤਮ ਕਰਨ ਦੀ ਖੁੱਲ੍ਹ ਕੇ ਚਿਤਾਵਨੀ ਦਿੱਤੀ ਹੈ। ਅਜਿਹੇ 'ਚ ਇਹ ਸੰਧੀ ਸਮੇਂ ਤੋਂ ਪਹਿਲਾਂ ਹੀ ਕਮਜ਼ੋਰ ਹੋ ਗਈ ਹੈ ਅਤੇ ਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਦੋਵੇਂ ਦੇਸ਼ ਅੰਦਰੂਨੀ ਤੌਰ 'ਤੇ ਇਕ-ਦੂਜੇ ਖਿਲਾਫ ਤਿਆਰੀ ਕਰ ਰਹੇ ਹਨ।

ਦ ਇਕਨਾਮਿਸਟ ਦੇ ਮੁਤਾਬਕ ਸੈਂਟਰ ਫਾਰ ਆਰਮਜ ਕੰਟਰੋਲ ਐਂਡ ਨਾਨ ਪਲੋਰੋਫਿਰੇਸ਼ਨ ਦੇ ਸੀਨੀਅਰ ਨੀਤੀ ਨਿਰਦੇਸ਼ਕ ਜੌਹਨ ਏਰੇਥ ਨੇ ਵਾਸ਼ਿੰਗਟਨ ਪੋਸਟ ਨੂੰ ਦਿੱਤੇ ਇੰਟਰਵਿਊ ਵਿਚ ਕਿਹਾ ਕਿ ਰੂਸ ਦਾ ਸੰਧੀ ਤੋਂ ਆਪਣੇ ਆਪ ਨੂੰ ਪਿੱਛੇ ਹਟਣ ਦਾ ਐਲਾਨ ਅਮਰੀਕਾ 'ਤੇ ਦਬਾਅ ਬਣਾਉਣ ਦੀ ਚਾਲ ਵੀ ਹੋ ਸਕਦਾ ਹੈ। ਬ੍ਰਿਟਿਸ਼ ਅਖਬਾਰ ਗਾਰਡੀਅਨ ਨਾਲ ਇੱਕ ਇੰਟਰਵਿਊ ਵਿੱਚ, ਸੰਯੁਕਤ ਰਾਸ਼ਟਰ ਦੇ 'ਇਨਸਟੀਚਿਊਟ ਫਾਰ ਡਿਸਆਰਮਾਮੈਂਟ ਰਿਸਰਚ' ਦੇ 'ਸੈਂਟਰ ਆਫ ਆਰਮਜ਼ ਕੰਟਰੋਲ ਐਂਡ ਸਟ੍ਰੈਟਜਿਕ ਵੈਪਨਸ ਪ੍ਰੋਗਰਾਮ' ਦੇ ਸੀਨੀਅਰ ਖੋਜਕਾਰ ਐਂਡਰੀ ਬਾਕਲਿਟਸਕੀ ਵੀ ਇਸੇ ਦਿਸ਼ਾ ਵੱਲ ਇਸ਼ਾਰਾ ਕਰਦੇ ਹਨ। ਉਸ ਦਾ ਕਹਿਣਾ ਹੈ ਕਿ ਰੂਸ ਸੰਧੀ ਤੋਂ ਹੋਰ ਪਿੱਛੇ ਹਟ ਸਕਦਾ ਹੈ। ਇਹ ਤੈਅ ਹੈ ਕਿ ਉਹ ਅਮਰੀਕਾ ਪ੍ਰਤੀ ਸਖ਼ਤ ਰੁਖ਼ ਅਪਨਾਏਗਾ।

ਇਸ ਲਈ ਇਹ ਜ਼ਰੂਰੀ ਹੈ ਕਿ ਰੂਸ ਯੂਕਰੇਨ ਤੇ ਖਾਸ ਤੌਰ 'ਤੇ ਗਾਜ਼ਾ ਵਿੱਚ ਜੰਗ ਸਮੇਤ ਚੱਲ ਰਹੇ ਹੋਰ ਯੁੱਧ ਖਤਮ ਕਰਨ ਲਈ ਕੂਟਨੀਤਕ ਯਤਨ ਵਧਾਏ ਜਾਣ। ਕੁਝ ਅਫਰੀਕੀ ਦੇਸ਼ਾਂ ਵਿੱਚ ਝਗੜੇ ਸੁਲਝਾਉਣ ਅਤੇ ਦੱਖਣੀ ਏਸ਼ੀਆ ਵਿੱਚ ਗੱਲਬਾਤ ਦੀ ਲੋੜ ਹੈ। ਗੁਟ ਨਿਰਲੇਪ ਲਹਿਰ ਦੀ ਅਣਹੋਂਦ ਵਿੱਚ ਬ੍ਰਿਕਸ ਕੁਝ ਭੂਮਿਕਾ ਨਿਭਾ ਸਕਦਾ ਹੈ, ਭਾਵੇਂ ਇਹ ਨਾਟੋ ਦੀ ਪਸੰਦ ਨਾ ਹੋਵੇ।

ਲੋੜ ਹੈ ਕਿ ਪਰਮਾਣੂ ਹਥਿਆਰ ਰੱਖਣ ਵਾਲੇ ਦੇਸ਼ਾਂ ਨੂੰ ਪਰਮਾਣੂ ਹਥਿਆਰਾਂ ਦੀ ਮਨਾਹੀ ਦੀ ਸੰਧੀ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਨ ਲਈ ਕੌਮਾਂਤਰੀ ਪੱਧਰ 'ਤੇ ਪਹਿਲਕਦਮੀ ਕੀਤੀ ਜਾਵੇ। ਉਨ੍ਹਾਂ ਨੂੰ ਸਾਰੀ ਪਰਮਾਣੂ ਸੰਚਾਲਿਤ ਹਥਿਆਰ ਪ੍ਰਣਾਲੀ ਨੂੰ ਹਾਈ ਅਲਰਟ ਤੋਂ ਦੂਰ ਰੱਖਣ ਲਈ ਸਹਿਮਤ ਕਰਨਾ ਪਏਗਾ। ਇਸ ਬਾਰੇ ਕੂਟਨੀਤਕ ਪਹਿਲਕਦਮੀਆਂ ਦੀ ਘਾਟ ਘਾਤਕ ਹੋ ਸਕਦੀ ਹੈ ਤੇ ਹਜ਼ਾਰਾਂ ਸਾਲ ਦੀ ਮਿਹਨਤ ਨਾਲ ਉਸਾਰੀ ਆਧੁਨਿਕ ਮਨੁੱਖੀ ਸਭਿਅਤਾ ਦੀ ਤਬਾਹੀ ਦਾ ਕਾਰਨ ਬਣ ਸਕਦੀ ਹੈ।







# ਮੈਂ ਪੰਜਾਬ ਹਾਂ !

**ਬਿੱਟੂ ਅਰਪਿੰਦਰ ਸਿੰਘ ਸੇਖੋਂ**
ਫਰੈਂਕ.ਫੋਰਟ ਜਰਮਨ

ਪੰਜਾਬ ਚੜ੍ਹਦਾ ਹੋਵੇ ਜਾਂ ਲਹਿੰਦਾ ਇਹਦੇ ਲਹੂ ਦੀ ਤਸੀਰ ਵੱਖਰੀ ਏ ! ਇਹਦੇ ਅਵਚੇਤਨ ਵਿੱਚਲੇ ਤੱਤਾਂ ਨੂੰ ਅੰਬਰਸਰ ਤੇ ਲਹੌਰ ਵਿੱਚ ਵੱਜੀ ਲਕੀਰ ਵੀ ਵੰਡ ਨੀ ਸਕੀ ! ਇਹਦੇ ਸੁਭਾਅ ਵਿੱਚਲਾ ਅਲਬੇਲਾਪਣ ਕੁਲ ਲੋਕਾਈ ਤੋਂ ਵੱਖਰਾ ਏ ! ਇਹ ਜਿੱਤ ਦੇ ਹੰਕਾਰ 'ਚਖੀਵਾ ਨੀਂ ਹੁੰਦਾ ਤੇ ਹਾਰੇ ਦੀ ਮਾਂ ਕਹਿ ਛੱਡਦੀ ਏ, ਓਝਣ ਓਹ ਵੀ ਤੇ ਆਪਣਾ ਈ ਆ" ਵਧਾਈਆਂ ! ਤੇ ਜਿੱਤੇ ਦੀ ਮਾਂ ਆਖ ਛੱਡਦੀ ਅੱਲਾ ਮੇਰੇ ਚਾਂਦੀ ਆਲੇ ਪੁੱਤ ਨੂੰ ਸੋਨੇ ਨਾਲ ਨਿਵਾਜ਼ੇ ! ਹੈ ਨਾ ਕਮਾਲ ਪੰਜਾਬ ਸਿੰਹੁ ਦੀ !

ਹਰਿਆਣਾ ਕਿਹੜਾ ਓਪਰਾ ਵਾ, ਆਪਣਾ ਈ, ਆ ਜੇ ਕੋਈ ਸਮਝੇ ਤੇ ੩. ! ਨਾਲੇ ਭਲਾ ਸਰਬੱਤ ਦਾ ਭਲਾ ਮੰਗਣ ਵਾਲਿਆ ਨਾਲੋਂਵੱਧ ਕੌਣ ਜਾਣਦਾ ! ਆਹ ਇੱਕ ਭੈਣ ਵਿਨੇਸ਼ .ਫੋਗਟ ਨੇ ਦੋ ਤੋਲੇ ਸੋਨਾ ਕੀ ਜਿੱਤ ਲਿਆ ਸਾਰੇ ਰਾਸ਼ਟਰਵਾਦੀ ਪਿੱਟ ਉੱਠੇ ! ਕਾਲੇ ਇਲ਼ਮ ਤੋਂ ਲੈ ਕੇ ਹਵਨ ਕਰਾਉਣ ਤੱਕ ਗਏ ! ਹਾਂ ਜਾਂ ਕੁੜੀ ਹਿੱਕ ਦੇ ਜ਼ੋਰ ਨਾਲ ਜਿੱਤ ਕਿਓਂ ਗਈ ! ਓਦੋਂ ਤੱਕ ਪਿੱਟਦੇ ਰਹੇ ਜਦੋਂ ਤਾਂਈ ਉਹਦਾ ਦੋ ਛਟਾਂਕਾਂ ਭਾਰ ਵਧਾ ਕੇ ਮੈਡਲ ਗਲੋਂ ਲਾਹ ਨੀ ਲਿਆ ! ਲਾਹਨਤ ਨਹੀਂ ਲੱਖ ਲਾਹਨਤ ਕਵ੍ਹਾਂਗੇ ਜਿੰਨਾਂ ਧੀ ਧਿਆਣੀ ਤੇ ਏਨੇ ਗੰਦੇ ਕੁਮੈਂਟ ਕੀਤੇ ! ਕੁੜੀ ਨੂੰ ਰੋਣਹਾਕੀ ਕਰ ਮਾਰਿਆ ! ਵਜ਼ਾ ਇਹ ਸੀ ਕਿ ਕੁੜੀ ਨੇ ਕਿਸਾਨਾਂ ਦੇ ਮੋਰਚੇ ਦੌਰਾਨ ਸਾਥ ਦਿੱਤਾ , ਤੇ ਸਰੀਰਕ ਸ਼ੋਸ਼ਣ ਕਰ ਰਹੇ ਜਨ ਸੰਘੀ ਰਾਸ਼ਟਰਵਾਦੀ ਲੀਡਰਾਂ ਵਿਰੁੱਧ ਸੰਘਰਸ਼ ਲੜਿਆ ! ਪਰ ਜੋ ਕੁਝ ਇਸ ਭੈਣ ਦੇ ਵਿਰੋਧ ਵਿੱਚ ਰਾਸ਼ਟਰਵਾਦ ਦੇ ਆਈ ਟੀ ਸੈੱਲ ਨੇ ਮੀਡੀਏ ਵਿੱਚ ਸਿਰਜਿਆ ਅਤਿ ਸ਼ਰਮਨਾਕ ਸੀ ! ਪਰ ਸਦਕੇ ਭਲੇ ਲੋਕਾਂ ਦੇ ਜਿੰਨਾਂ ਕੁੜੀ ਨੂੰ ਹੌਂਸਲਾ ਦਿੱਤਾ !




ਪਰ ਗੱਲ ਪੰਜਾਬ ਦੀ ਕਰਦੇ ਆਂ ਜਿੰਨ੍ਹਾਂ ਦੇ ਪੁਰਵਜ਼ਾਂ ਪਰਾਈਆਂ ਵੀ ਧੀਆਂ ਭੈਣਾਂ ਕਰਕੇ ਜਾਣੀਆਂ ! ਗਜ਼ਨੀ ਦੇ ਬਜ਼ਾਰਾਂ ਵੱਲ ਜਾਂਦੀਆਂ ਦੇ ਸਿਰ ਕੱਜੇ ! ਕੱਲ੍ਹ ਦੀਆਂ ਗੱਲਾਂ ਸਾਢੇ ਫੌਜੀਆਂ ਨੇ ਬੰਗਲਾ ਦੇਸ਼ ਦੀ ਲੜਾਈ ਵੇਲੇ ਦਸਤਾਰਾਂ ਪਾੜ ਪਾੜ ਕੇ ਬੀਬੀਆਂ ਦੀ ਪੱਤ ਢੱਕੀ ! ਗੱਲ ਫੇਰ ਲਹੂ ਦੀ ਤਸੀਰ ਦੀ ਸਭ ਤੋਂ ਵੱਧ ਪੰਜਾਬ ਵਿਨੇਸ਼ ਦੇ ਹੱਕ 'ਚ, ਖਲੋਤਾ ! ਬਾਪੂ ਸਰਵਣ ਸਿੰਘ ਪ੍ਰਿੰਸੀਪਲ ਹੋਣਾ ਤੇ ਧੀ ਧਿਆਣੀ ਦੇ ਗਲ਼ ਆਪਣਾ ਮੈਡਲ ਈ ਪਾ ਘੱਤਿਆ ! ਤੇ ਆਖਿਆ ਕੌਣ ਕਹਿੰਦਾ ਕੁੜੀਏ ਤੂੰ ਹਾਰੀ ਏ ? ਤੂੰ ਤੇ ਦਿਲ ਜਿੱਤ ਲਏ ਨੇ ! ਪ੍ਰਿੰਸੀਪਲ ਸਰਵਣ ਸਿੰਘ ਹੋਣਾ ਨੂੰ ਕੌਣ ਨੀ ਜਾਣਦਾ ਜਿਹੜੇ ਆਪ ਵੀ ਭਲਿਆਂ ਸਮਿਆਂ 'ਚ, ਖੇਡਦੇ ਰਹੇ ਆ ! ਤੇ ਹਰ ਜੇਤੂ ਪੰਜਾਬ ਦੇ ਜਾਏ ਤੇ ਉਹਨਾਂ ਮਾਂ ਬੋਲੀ 'ਚ, ਲੇਖ ਤੇ ਕਿਤਾਬਾਂ ਲਿਖੀਆਂ ! ਖੇਡਾਂ ਨਾਲ ਮੋਹ ਕਰਨ ਵਾਲੇ ਪੰਜਾਬੀ ਬਾਬੇ ਦੀ ਘਾਲਣਾ ਤੇ .ਫਰਾਖਦਿਲੀ ਨੂੰ ਸਿਜਦਾ !

ਤੇ ਆਪਣਾ ਲਹਿੰਦੇ ਪੰਜਾਬ ਆਲਾ ਅਰਸ਼ਦ ਨਦੀਮ ਜਿਨ੍ਹੇ ਫਰਾਂਸ ਦੀ ਧਰਤੀ ਤੇ ਏਡਾ ਵਗਾਹ ਕੇ ਨੇਜ਼ਾ ਮਾਰਿਆ ਬਈ ਰਿਕਾਰਡ ਈ ਤੋੜ ਕੇ ਰੱਖਤਾ ! ਦੱਸਤਾ ਬਈ ਪੰਜਾਬੀ ਸ਼ੇਰ ਬੂਰੀਆਂ ਚੁੰਘਣ ਆਲੇ ਹੈਗੇ ਅਜੇ, ਕਿਤੇ ਨੀ ਗਏ ! ਫੇਰ ਵੇਖੋ ਸਾਡਾ ਮਾਣਮੱਤਾ ਕਲਚਰ, ਸਹੁਰਾ ਸਾਹਬ ਨੇ ਵੀ ਖਰੀ ਮੈਂਹ ਦਾ ਸੰਗਲ ਫੜਾਤਾ ਬਈ ਪੁੱਤਰਾ ਪੀ ਦੁੱਧ ਤੇ ਅਗਲੀ ਵਾਰ ਚਾਰ ਕਰਮਾਂ ਹੋਰ ਪਰਾਂ ਸੁੱਟੀਂ ਨੇਜਾ ! ਇਹ ਆ ਸਾਡਾ ਪੰਜਾਬ ਜਿੱਥੇ ਪੁੱਤ ਭਾਈ ਤੇ ਧੀ ਜਵਾਈ ਸੱਭ ਦਾ ਫ਼ਿਕਰ ਕਰਨ ਵਾਲੇ ਬਾਬੇ ਦੋਹੀਂ ਪਾਸੀ ਹੈਗੇ ਆ ! ਤੇ ਅਸੀਸਾਂ ਦੇਣ ਆਲੀਆਂ ਅੰਮੀਆਂ ਬੀਬੀਆਂ ਵੀ ! ਹੱਸੇ ਪੰਜਾਬ, ਵੱਸੇ ਪੰਜਾਬ।

# Turning Obstacles into Opportunities: The Path to Success

**Iqbal Singh Lalpura**



As Guru Nanak wisely said, "Dukh Daru Sukh Rog Bhaia" - obstacles can become solutions, and worldly pleasures can be a sickness. In our journey through life, we encounter challenges that can either hinder our progress or propel us towards success. The choice is ours.

**I. Ninda Bhalri kahu ki nahi - Let's Not Criticize Others**

When faced with obstacles, we can choose to build a wall or construct a bridge. Every setback presents an opportunity to learn, adapt, and grow. By embracing this mindset, we transform obstacles into catalysts for success. Criticism and negative feedback can be valuable tools for growth, but only if we learn to receive them constructively.

**II. Hum nahi changae Bura nahi koi - The Fault Lies with Me**

Developing emotional maturity is crucial for achieving success. When we can listen to negative comments without losing our temper or confidence, we've reached a milestone. This ability to remain composed under pressure allows us to focus on our goals, rather than getting distracted by criticism. By taking ownership of our mistakes and weaknesses, we can work towards self-improvement and personal growth.

**III. Nischey Kar aapni JEET Karon - My Mission is Success**

Instead of seeking external validation, convince yourself that you've done the best you can. Self-validation is the key to unlocking true success. When we're confident in our abilities and decisions, we pursue our passions with unwavering dedication, leading to genuine fulfillment and achievement. By setting clear goals and working towards them with determination, we can overcome even the most daunting obstacles.

As Guru Nanak guides us, "Nanak Satgur Bhatiya puri Hove Jugat" - the Guru teaches us to live a joyful life and attain salvation while remaining untouched by worldly temptations, like a lotus flower in muddy water. By cultivating a positive mindset and staying focused on our goals, we can navigate life's challenges with ease and grace.

In conclusion, success is not about avoiding obstacles but about learning to navigate them effectively. By turning stones into bridges, cultivating emotional maturity, and practicing self-validation, we'll achieve our goals and live a life of purpose. Remember, it's not what happens to us that matters, but how we respond that defines our journey to success.

Let's embark on this journey together, embracing obstacles as opportunities for growth and self-improvement. With the wisdom of Guru Nanak guiding us, we can overcome any challenge and achieve true success and fulfillment.

*Chairman National commission for Minorities government of India*
Mobile : 9780003333

**ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ**

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: 01332 372 851 M: 07966 388 388**

# ਜੇ ਜਾਣਾ ਤਿਲ ਥੋੜ੍ਹੇ ਸੰਭਲ ਬੁੱਕ ਭਰੀਂ

ਲੇਖਿਕਾ
ਬਲਵਿੰਦਰ ਕੌਰ ਚਾਹਲ (ਸਾਊਥਾਲ)



ਸਿੱਖਾਂ ਕੋਲ ਤਾਂ ਤਿਲ ਹਨ ਹੀ ਨਹੀਂ ਮੁੱਠੀ ਭੀ ਨਹੀਂ ਬੁੱਕ ਕਿਥੋਂ, ਜੋ ਦਸ਼ਾ ਇਸ ਵੇਲੇ ਇਹ ਭਮੀਰੀਆਂ ਕਰ ਰਹੀਆਂ, ਲੱਗਦਾ ਸਿੱਖ ਧਰਮ ਦੀ ਜਾਣਕਾਰੀ ਹੈ ਨਹੀਂ ਚੁਫੇਰੇ ਝਾਤੀ ਮਾਰੋ ਕਿਵੇਂ ਭਰਿੰਡਾਂ ਵਾਂਗੂ ਸਿੱਖਾਂ ਦੀਆਂ ਅਦੁੱਤੀ ਸੰਸਥਾਵਾਂ ਵੱਲ ਉਂਗਲਾਂ, ਭੱਖਦਾ ਮੁੱਦਾ ਵਿਚਾਰਾਂ ਕਿ ਸ਼੍ਰੋਮਣੀ ਕਮੇਟੀ ਨੇ ਨਿਸ਼ਾਨ ਸਾਹਿਬਾਂ ਦੇ ਰੰਗ ਬਦਲਣ ਦੀ ਤਜਵੀਜ਼ ਰੱਖ ਕੇ ਸਿੰਘ ਸਾਹਬ ਤੋਂ ਮਨਜ਼ੂਰੀ ਨਾਲ ਆਦੇਸ਼ ਦੇ ਦਿੱਤੇ, ਜਿਹੜੀਆਂ ਧਿਰਾਂ ਪਹਿਲਾਂ ਹੀ ਨਾ ਅਕਾਲ ਤਖ਼ਤ ਦੇ ਜਥੇਦਾਰ ਅਤੇ ਨਾ ਸ਼੍ਰੋਮਣੀ ਕਮੇਟੀ ਦੀਆਂ ਪੈਰੋਕਾਰ ਹਨ ਚੱਕ ਲਏ ਪੌੜ ਕਿਹੜੀ ਮਰਿਯਾਦਾ ਕਿਹੜਾ ਰੰਗ ਆਦਿ ਹਾਲਾਂਕਿ ਇਹ ਨਾ ਤਾਂ ਗੁਰ-ਦੁਆਰਾ ਐਕਟ ਅਧੀਨ ਹਨ ਨਾ ਹੀ ਸ਼੍ਰੋਮਣੀ ਕਮੇਟੀ ਕੁਝ ਸਾਧਾਂ ਦੇ ਕੁਝ ਨਿੱਜੀ ਆਉ ਬੂ-ਦੁਹਾਈ ਜੋ ਇਸ ਹਫਤੇ (ਮਾਨਚੈਸਟਰ ਸਮਾਗਮ) ਭਾਵੇਂ ਇਹ ਧਰਮ ਨਾਲੋਂ ਤਾਂ ਵਪਾਰਕ ਅਦਾਰੇ ਦੀ ਨੁਮਾਇਸ਼ ਹਨ ਮਸ਼ਹੂਰੀਆਂ ਹਨ ਚਲੋ ਸੱਦਾ ਜਥੇਦਾਰ ਰਘਬੀਰ ਸਿੰਘ ਨੂੰ ਬਿਲਕੁੱਲ ਹੀ ਢੁੱਕਦੀ ਨੁਕਤਾਚੀਨੀ ਹੈ ਕਿ ਜਥੇਦਾਰ ਸਾਹਬ ਇੰਨੀ ਵਾਰੀ ਇੰਗਲੈਂਡ ਤਾਂ ਪੰਜਾਬ ਦਾ ਧਿਆਨ ਕਿਥੇ? ਪਰ ਜੋ 7 ਕੁ ਸਿੰਘ ਮਿਲਣ ਤੇ ਨਿਸ਼ਾਨ ਸਾਹਬ ਬਾਰੇ ਪੁੱਛਣ ਗਏ, ਕੌਣ ਹਨ। ਕੋਈ ਪੰਜ ਪਿਆਰੇ ਸਜਾਉਣਾ, ਕੋਈ ਕਥਾਵਾਚਕ, ਕੋਈ ਭਿੰਡਰਾਂਵਾਲਾ ਪੂਜਕ, ਕੋਈ ਦਸ਼ਮ ਗ੍ਰੰਥੀ, ਯਾਨੀ ਸਭ ਵਿਰੋਧੀ ਇਨ੍ਹਾਂ ਸਵਾਲ ਪੁੱਛ ਲਏ ਤਾਂ ਉੱਤਰ ਵਿੱਚ ਜੋ ਆਖਿਆ ਕਿ ਦਰਖਾਸਤਾਂ ਸਨ ਰੰਗ ਬਦਲਣ ਦੀਆਂ ਅਤੇ ਸ਼੍ਰੋਮਣੀ ਕਮੇਟੀ ਨੇ ਮਸ਼ਵਰਾ ਕਬੂਲ ਕਰਕੇ ਲਾਗੂ ਕਰਤਾ, ਹਾਂ ਜਰੂਰ ਉੱਚ ਪੱਧਰੀ ਜਾਂਚ ਨਹੀਂ ਕੀਤੀ ਪਰ ਕੀ ਤੁਸੀਂ ਜੋ ਭੀ ਕੁਝ ਇਥੇ ਕਰਦੇ ਹੋ ਜਾਂਚ ਜਾਂ ਸਲਾਹਾਂ ਨਾਲ ਕਰਦੇ ਹੋ, ਕੀਹਨੇ ਸਲਾਹਾਂ ਦਿੱਤੀਆਂ ਸਨ ਬੁੱਤ ਲਾਉ, ਵਹੀਰਾਂ ਕੱਢੋ, ਆਹ ਕੀਰਤਨੀਆਂ ਦੀਆਂ ਅਕੈਡਮੀਆਂ ਤੋਂ ਰੜ੍ਹੇ ਮਦਾਨਾਂ ਵਿੱਚ ਜਾ ਕੇ ਗੁਰੂ ਗ੍ਰੰਥ ਪ੍ਰਕਾਸ਼ ਕਰੋ ਨਾਲੇ ਕਹਿੰਦੇ ਸੀ ਇਹ ਮਨਾਹੀ ਹੈ, ਹੁਣ ਇਹ ਰੋਡੇ ਦਲੀਏ ਜੋ ਆਪਣੀ ਪ੍ਰਭਤਾ ਲਈ ਪਹਿਲਾਂ ਤਾਂ ਜਥੇਦਾਰੀ ਲਈ ਹੁਣ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਲਈ ਤਰਲੋ ਤੇ ਚੈਨਲ ‘ਤੇ ਸਭ ਕੋਈ ਰਾਗੀ, ਢਾਡੀ, ਕਥਾਵਾਲਾ, ਲਫਟੈਨ ਕਪਤਾਨ ਬੈਠ ਗਏ ਭੰਡਣ, ਇਕ ਅਖ਼ਬਾਰੀ ਤੇ ਟੀਯੂਬੀ ਵਾਲਾ ਕਦੀ ਇਕ ਚੈਨਲ ਤੇ ਕਦੀ ਭਾਜਪਾਈ ‘ਤੇ ਜਾ ਕੇ ਜੀ ਆਹ ਮੇਰੀ ਖ਼ਬਰ ਦਿਖਾਉ ਜਥੇਦਾਰ ਝੂਠ ਬੋਲਦਾ ਹੈ ਕੀ ਇਨ੍ਹਾਂ ਪਹਿਲੀ ਵਾਰੀ ਜਥੇਦਾਰ ਨੂੰ ਦੁਰਕਾਰ ਦੀ ਬੋਲੀ ਨਸ਼ਰ ਕੀਤੀ ਹੈ, ਕੀ ਤੁਸੀਂ ਜਾਣਦੇ ਨਹੀਂ ਕਿ ਜਦੋਂ ਹਵਾਰਾ ਜਥੇਦਾਰ ਹੈ ਇਨ੍ਹਾਂ ਦਾ ਤਾਂ ਕੀ ਹੱਕ ਹੈ ਜਥੇਦਾਰ ਰਘਬੀਰ ਸਿੰਘ ਨੂੰ ਸਵਾਲ ਕਰਨ ਦਾ ਤੇ ਭੰਡਣ ਦਾ, ਹੁਣ ਫਰਜ਼ ਬਣਦਾ ਹੈ ਪੰਥਕ ਧਿਰਾਂ ਜੋ ਜਥੇਦਾਰ ਨੂੰ ਸੱਦਦੀਆਂ ਹਨ ਅੱਗੇ ਆ ਕੇ ਬੋਲਣ ਕਿ ਅਸੀਂ ਸੱਦਦੇ ਹਾਂ, ਇਨ੍ਹਾਂ ਲੋਕਾਂ ਦਾ ਤਾਂ ਅਧਿਕਾਰ ਹੀ ਨਹੀਂ ਬੋਲਣ ਦਾ, ਰਹੀ ਗੱਲ ਭਾਜਪਾ ਦੀ ਧੀਰੇ ਰਹੋ ਜਦੋਂ ਪਲਟੂ-ਕੁਮਾਰ ਨੂੰ ਬਦਹਜ਼ਮੀ ਹੋ ਗਈ ਤੇ ਬਦਲਤਾ ਰੰਗ ਤੇ ਆਹ ਦੋ ਅਜ਼ਾਦ, ਬਜ਼ਾਦ ਭੁਗਤੇ ਉਧਰ ਖੁੱਲ੍ਹ ਜਾਊ ਭੇਤ ਕਿ ਇਹ ਕੀਹਨੇ ਉਤਸ਼ਾਹਤ ਕੀਤੇ ਸੀ, ਗਰਬ ਨਾ ਕੀਜੇ ਮੂਰਖ ਗਵਾਰਾ, ਸੂਰਜ ਢਹਿੰਦਾ ਜਾ ਰਿਹਾ ਹੈ ਮੋਦੀ ਸਾਹਬ ਦਾ ਸੱਜਾ ਖੱਬਾ ਹਟੂ ਪਾਸੇ ਭੰਨ ਕੇ, ਗੱਠਜੋੜ ਜੋਰ ਫੜ ਰਿਹਾ ਹੈ, ਰੱਬ ਭੀ ਫੂੰਕਾਰ ਨੂੰ ਬਖ਼ਸ਼ਦਾ ਨਹੀਂ ਇਹ ਸ਼੍ਰੋਮਣੀ ਅਕਾਲੀ ਦਲ ਨੂੰ ਢਾਅ ਲਾਉਣ ਲਈ ਜੋ ਮਗਰਮੱਛ ਪਾਲ ਰਹੇ ਹਨ ਇਨ੍ਹਾਂ ਨੂੰ ਖਾਣਗੇ ਇਕ ਦਿਨ ਕਿਵੇਂ ਅੰਮ੍ਰਿਤਪਾਲ ਦਾ ਬਾਪੂ ਹੁਣ ਸਭ ਬਾਪੂ ਭਾਸੁਣੀਆ ਬਣਿਆ ਪਿਆ, ਜੀ ਸਭ ਯਾਨੀ ਅਕਾਲੀ ਪਾਸੇ ਹੋਣ ਪੰਜ ਸੱਤ ਸਾਲਾਂ ਲਈ ਸਾਨੂੰ ਵਾਗਡੋਰ ਸਾਰੀ ਸੰਭਾਲਣ ਦਿਉ, ਜਦੋਂ ਲੱਥੀ ਕੰਡ ਲੱਗੂ ਪਤਾ ਆਹ ਹੁਣ ਸਰਬ-ਜੀਤ ਸਿੰਘ ਐਮ।ਪੀ। ਦਾ ਭਰਾ ਜਸਵਿੰਦਰ ਸਿੰਘ ਨੇ ਭੀ ਪੜਤੀ ਪਾਤੀ, ਭੈਣ ਭੀ ਆ ਗਈ ਕਹਿੰਦੀ ਮੈਂ ਭੀ ਹੁਣ ਚਾਲੀ ਸਾਲ ਪਿੱਛੋਂ ਸਾਡੇ ਬਾਪ ਨੂੰ ਲੋਕੀ ਯਾਦ ਕਰਨ ਲੱਗੇ ਤਾਂ ਮੂਹਰੇ ਆਊਂਗੀ ਲਿਆਉਣ ਵਾਲੇ ਦੇਖੋ ਕੌਣ, ਦੋ ਹਨ ਚੈਨਲੀ ਬੰਸਰੀਆਂ ਮੱਕੂ, ਤਜਿੰਦਰ ਸਿੰਘ ਮਾਂਝਾ ਤੇ ਇਕ ਹੋਰ ਹੈ ਮੁਕਤਸਰ ਜਦੋਂ ਇਨ੍ਹਾਂ ਦਾ ਕਿਧਰੇ ਟਾਕਰਾ ਹੋਇਆ ਤਾਂ ਪੰਜਾਬ ਵਿੱਚ ਟਿਕ ਟਿਕਾਅ ਹੋਊ ਭੈਰਮੀ ਮਚਾਈ ਹੈ ਇਨ੍ਹਾਂ ਪੰਜਾਬ ਦਾ ਦਰਦ ਕੇਵਲ ਸਿੱਖਾਂ ਨੂੰ ਹੈ ਭੱਤਾ ਕਾਰੀਆਂ ਨੂੰ ਤਾਂ ਪਹਿਲਾਂ ਪਲ੍ਹੇ ਹੁਣ ਧੱਕੇ ਜਾਤ-ਬਰਾਦਰੀ ਇਥੋਂ ਦੀ ਪਰਖੀ ਦੀ ਹੈ, ਕਦੀ ਕਾਂਗਰਸ ਜਾਂ ਭਾਜਪਾ ਦੇ ਵਿਰੁਧ ਨਹੀਂ ਬੋਲਦੇ ਬੱਸ ਅਕਾਲੀ ਦਲ ਫੜਾਉ ਸਾਨੂੰ ਇਨ੍ਹਾਂ ਨੂੰ ਮਣ ਦੀ ਗਾਲ੍ਹ ਲੱਗਦੇ ਕੀ ਹੋ, ਇੰਕਸ਼ਾਫ ਇਕ ਪ੍ਰਸਿੱਧ ਜੋ ਕਿ ਕੋਈ ਪੈਂਤੀ ਕੁ ਸਾਲ ਦਾ ਹੈ, ਇਸ਼ਤਿਹਾਰ ਦੇਖ ਕੇ ਹੈਰਾਨੀ ਹੋਈ ਸਿੱਖ ਸੇਵਕ ਸੁਸਾਇਟੀ ਯੂ।ਕੇ।, ਨਉਂ ਸਿੰਘ ਬਗੈਰ ਗੋਤ ਤੋਂ ਤੇ ਦੂਜੇ ਹਿੰਦੂ ਭੀ ਇਹੀ ਅਬਾਰਤ, ਚੋਰਾਂ ਟੋਲੀ ਇਕੋ ਬੋਲੀ, ਬੱਸ ਬਾਦਲਾਂ ਵਿਰੁੱਧ, ਸੁਖਬੀਰ ਨੂੰ ਦੁਖਬੀਰ, ਬਾਦਲ ਸਾਹਬ ਨੂੰ ਭੱਦੀ ਬੋਲੀ ਜੀ ਲੁੱਟ ਕੇ ਖਾ ਲਿਆ, ਮੈਂ ਸੋਚਾਂ ਕਿ ਇਨ੍ਹਾਂ ਬਹੁਤਿਆਂ ਦੀਆਂ ਤਾਂ ਮਾਵਾਂ ਵਿਚਾਰੀਆਂ ਮੁੱਲ ਦੀਆਂ ਹੋਣਗੀਆਂ ਲੁੱਟ ਕੀਹਦੀਆਂ ਨੱਥ ਮਛਲੀਆਂ ਲਈਆਂ ਤੁਸੀਂ ਤਾਂ ਖੱਤਰੀ, ਬ੍ਰਾਹਮਣ ਤੇ ਜੱਟ ਭੱਤੇ ਲੈ ਲੈ ਕੇ ਲੁੱਟੇ ਫੇਰ ਨੌਕਰੀਆਂ ਰਿਜ਼ਰਵ, ਸੀਟਾਂ ਭੀ ਪੰਜਾਬ ਖਾਧਾ ਤੁਸੀਂ ਕਿ ਬਾਦਲਾਂ ਨੇ ਜੇਕਰ ਉਹ ਮਾੜੇ ਹਨ ਤੁਸੀਂ ਰਿਸ਼ਤਾ ਕਰਨਾ ਹੈ ਰਹਿਣ ਦਿਉ ਸੇਵਕ ਬਣਦੇ ਨੇ ਲੁੱਟਣ ਨੂੰ ਸਿੱਖ ਨਹੀਂ ਹਨ ਇਹ ਆਹ ਬੇਅੰਤ ਸਿੰਘ ਤਾਂ ਚਲੋ ਸ਼ਹੀਦ ਪ੍ਰਚਾਰ ਤਾ ਸੀ ਅੰਮ੍ਰਿਤਪਾਲ ਜਿੰਦੇ ਸ਼ਹੀਦ ਨੇ ਬਾਪੂ, ਚਾਚੇ, ਮਾਤਾ ਤੇ ਭਰਾ ਜਾਂ ਹੋਣ ਜਾ ਰਹੇ ਹਨ। ਹੋਰ ਦੇਖੋ ਹਾਲੇ ਤਾਂ ਡਿਬਰੂਗੜ੍ਹ ਮੁਲਾਕਾਤਾਂ ਲਈ ਵਕੀਲ ਲਈ ਸਭ ਖਰਚੇ ਅੰਮ੍ਰਿਤਪਾਲ ਪਰਿਵਾਰ ਨੇ ਸ਼੍ਰੋਮਣੀ ਕਮੇਟੀ ਤੋਂ ਕਰਵਾਏ ਤੇ ਹੁਣ ਉਨ੍ਹਾਂ ਦੇ ਵਿਰੁੱਧ ਖੜ੍ਹ ਗਏ ਇਹ ਸਭ ਪਰਿਵਾਰ ਦਾ ਚਰਿੱਤਰ ਦਰਸਾਉਂਦਾ ਹੈ, ਮੈਂ ਜਰੂਰ ਆਖੂੰਗੀ ਕਿ ਸ਼੍ਰੋਮਣੀ ਕਮੇਟੀ ਨੂੰ ਦਸਵੰਧ ਦੇਣ ਵਾਲਿਆਂ ਨੂੰ ਜਾਣਕਾਰੀ ਦੇਣੀ ਬਣਦੀ ਹੈ ਕਿ ਕਿੰਨਾ ਪੈਸਾ ਖਰਚ ਹੋਇਆ ਤਾਂ ਕਿ ਲੋਕਾਂ ਨੂੰ ਸੱਚਾਈ ਦੀ ਜਾਣਕਾਰੀ ਹੋਵੇ। ਜੇਕਰ ਨਹੀਂ ਦੱਸਣਗੇ ਤਾਂ ਫੇਰ ਇਨ੍ਹਾਂ ‘ਤੇ ਨੁਕਤਾਚੀਨੀ ਹੋਵੇਗੀ, ਬਦਨਾਮੀ ਭੀ, ਇਹ ਅਹਿਮ ਮੁੱਦਾ ਮੈਨੂੰ ਅੰਦਰੋ ਬੜਾ ਸਤਾ ਰਿਹਾ ਹੈ ਜੋ ਹੈ ਗੈਂਗਸਟਰਾਂ ਦਾ ਮੇਰਾ ਮੰਨਣਾ ਹੈ ਕਿ ਗੈਂਗਸਟਰ ਭੀ ਕਿਸੇ ਦੇ ਪੁੱਤ ਹਨ ਪਿਆਰੇ ਹਨ ਅੱਖਾਂ ਦੇ ਤਾਰੇ ਹਨ ਪ੍ਰਮੇਸ਼ਰ ਨੇ ਤਾਂ ਹਰ ਮਨੁੱਖ ਵਿੱਚ ਸੋਝ, ਸੁਘੜਤਾ ਭਰੀ ਹੈ ਪਰ ਵਿਗਿਆਨੀ ਖੋਜਾਂ ਕਿ ਕੁਝ ਤੱਥ ਜਿਮੇ ਸੰਸਕਾਰ, ਖਾਧ, ਖੁਰਾਕ, ਵਾਤਾਵਰਣ ਤੇ ਤੁਹਾਡੀ ਪੈਦਾਇਸ਼ ਕਿਥੇ, ਵੱਸੋਂ ਕਿਥੇ, ਉਥੋਂ ਦੇ ਜੀਵਨ ਦਾ ਅਸਰ ਲਾਜ਼ਮੀ ਪਰ ਗੈਂਗਸਟਰ ਜੰਮਦੇ ਨਹੀਂ (ਸਾਰੇ) ਬਣਦੇ ਹਨ, ਸਰਕਾਰਾਂ ਦੇ ਤੇ ਸਮਾਜ ਦੀਆਂ ਅਣਉਚਿਤ ਰੀਤਾਂ ਆਦਿ, ਗੁੱਸੇ ਵੱਧਣੇ, ਦੁਸ਼ਮਣੀਆਂ ਧੱਕ ਧਰਦੀਆਂ ਨੇ, ਮੈਂ ਸਹਿਮਤ ਨਹੀਂ ਕਿ ਕਿਸੇ ਇਕ ਕਤਲ ਲਈ ਸਾਰਾ ਪੰਜਾਬ, ਸਰਕਾਰ ਤੇ ਵਿਰੋਧੀ ਸਰਗਰਮ, ਕਤਲ ਬੜੇ ਹੋਏ ਮੂਸੇਵਾਲੇ ਦਾ ਧਨ ਕਰਕੇ, ਪਰਿਵਾਰ ਸਿਆਸੀ (ਕਾਂਗਰਸੀ) ਗੈਂਗਸਟਰ ਭੀ ਕਿਸੇ ਕਾਰਨ ਕਰਕੇ ਹੀ ਇਸ ਹੱਦ ਤੱਕ ਜਾਂਦੇ ਨੇ, ਉਨ੍ਹਾਂ ਨੂੰ ਸੁਧਾਰਨ ਵੱਲ ਵਧੋ ਨਾ ਕਿ ਹੋਰ ਧੱਕੋ, ਉਹ ਭੀ ਚੰਗੇ ਘਰਾਣੇ ਤੇ ਪੜ੍ਹੇ ਲਿਖੇ ਹਨ, ਸਮਾਜ ਸੁਧਾਰੋ। ਸਿਆਸਤ ਨੂੰ ਸਮਾਜ ਨਾ ਬਣਾਉ, ਵੱਖਰੀ ਰੱਖੋ ਮੈਂ ਭਾਵੇਂ ਅਕਾਲੀ ਸਮਰੱਥਕ ਹਾਂ ਪਰ ਪਹਿਲਾਂ ਮਨੁੱਖਤਾ ਦੀ ਕੜੀ ਭੀ ਹਾਂ, ਉਹਦੇ ਲਈ ਕਲਮਬੰਧੀ ਫਰਜ ਹੈ। ਬਿਕਰਮ ਮਜੀਠਾ ਨੂੰ ਸਲਾਹ ਹੈ ਕਿ ਭਗਵੰਤ ਮਾਨ ਨਾਲ ਨਿੱਜੀ ਕਿੜਾਂ ਤਾਂ ਕੱਢੋ ਪਰ ਸੁਖਪਾਲ ਖਹਿਰੇ ਦੀ ਰੀਸ ਸਟੰਟਬਾਜ਼ ਨਾ ਬਣੋ ਉਹਦਾ ਤਾਂ ਪਿਛੋਕੜ ਪੁਲਸੀਆ ਹੈ, ਪਰ ਮੈਂ ਵਾਜਬ ਨਹੀਂ ਸਮਝਦੀ ਕਿ ਹਰ ਦਮ ਜੀ ਸਰਕਾਰ ਗੈਂਗਸਟਰਾਂ ਨੂੰ ਨੱਥ ਪਾਵੇ, ਭਾਈ ਸਾਰੀਆਂ ਹੀ ਸਰਕਾਰਾਂ ਵੇਲੇ ਗੈਂਗਸਟਰ ਹੁੰਦੇ ਹਨ, ਭਗਵੰਤ ਮਾਨ ਕੀ ਬੱਸ ਇਕ ਮੁੱਦੇ ‘ਤੇ ਹੀ ਘੇਰਿਆ ਜਾ ਸਕਦਾ ਹੈ, ਉਹ ਤਾਂ ਮਸ਼ਕਰੀਆਂ ਨਾਲ ਤਮਾਸ਼ਬੀਨਾਂ ਨੂੰ ਜਿਨ੍ਹਾਂ ਦੀਆਂ ਵੋਟਾਂ ਨਾਲ ਐਨੀ ਨੇਰ੍ਹੀ ਆਈ ਖੁਸ਼ ਕਰਦਾ ਹੈ, ਉਹ ਕਿਵੇਂ ਖੁਸ਼ ਹੁੰਦੇ ਨੇ ਤਾੜੀਆਂ ਮਾਰਦੇ ਨੇ ਤੇ ਉਹਨੂੰ ਹੋਰ ਕੋਈ ਕੰਮ ਕਰਨ ਦੀ ਲੋੜ ਨਹੀਂ ਤੇ ਵਿਰੋਧੀ ਫਾਲਤੂ ਮੁੱਦੇ ਹੀ ਚੱਕੀ ਰੱਖਦੇ ਨੇ, ਪੰਜਾਬ ਬਰਬਾਦੀ ਦੇ ਰਾਹ ‘ਤੇ, ਗੱਲ ਕਰੀਏ ਸੰਸਾਰ ‘ਤੇ ਆਫਤ ਕਿਉਂ ਕਿਵੇਂ ਤੇ ਕਿਹੜੀ ਚਿੰਤਕ ਹੋਣ ਕਰਕੇ ਮੈਂ ਫੋਲਾ ਫਾਲੀ ਖੋਜਾਂ ਕਰਨ ਦੀ ਆਦੀ ਹਾਂ, ਪੁਰਾਣੇ ਸਮੇਂ ਨਾਲ ਮੇਲਣ ਲਈ ਸੁਣੋ ਸਭ ਕੁਝ ਪਹਿਲਾਂ ਭੀ ਸੀ, ਸਮੇਂ ਨਾਲ ਸਮੇਲੀ ਅੱਜ ਅੱਗ ਸੋਸ਼ਲ ਮੀਡੀਏ ਅਤੇ ਮੀਡੀਏ ਕਰਕੇ ਹੈ, ਪੁਰਾਤਨ ਸਮੇਂ ਫਫਾਕੁੱਟਣੀ ਹੁੰਦੀ ਸੀ, ਦਾਦੀਆਂ ਗੱਲਾਂ ਕਰਦੀਆਂ ਸੁਣੀਆਂ ਸਨ, 70-80 ਸਾਲ ਦੇ ਵਿਹਾਰ, ਲਾਮਾਂ ਲੁੱਤੀਆਂ, ਚੁਗਲੀਆਂ ਆਦਿ ਕਹਿੰਦੀਆਂ ਮਰਾਸਣ (ਬੀਰਬਲ ਦੀ ਵੰਸ਼) ਨੂੰ ਮਰਗ ਵੇਲੇ ਮਕਾਣਾ ਰਿਸ਼ਤੇਦਾਰੀਆਂ ਵਿੱਚੋਂ ਮਸੋਸ ਕਰਨ ਆਉਂਦੀਆਂ ਸਨ ਕਿਹੜਾ ਟੈਲੀਫੂਨ ਸਨ, ਨਾਈ ਸੁਨੇਹੇ ਦਿੰਦੇ ਸਨ, ਮਕਾਣ ਨੇ ਪਿੰਡ ਵੜਨ ਵੇਲੇ ਨਾਈ ਨੂੰ ਦੱਸਣਾ, ਤੇ ਨਾਇਣ ਨੇ ਫੇਰ ਪਾਸੇ ਵਿੱਚ ਸੱਦਾ ਦੇਣਾ ਤੇ ਮਰਾਸਣ ਨੇ ਕੀਰਨੇ, ਵੈਣ ਪਾ ਕੇ ਸਿਆਪਾ ਕਰਵਾਉਣਾ, ਗੱਭਰੂ ਤੇ ਦੂਰੋਂ ਨੇੜਿਉਂ ਆਈਆਂ ਮਕਾਣਾ ਲਈ ਰੋਟੀ ਬੰਨ ਕੇ ਬਾਹਰ ਫੜਾ ਆਉਣੀ (ਉਨ੍ਹਾਂ ਨਾਲ ਭੀ ਨਾਈ ਹੁੰਦਾ ਸੀ) ਬਜ਼ੁਰਗ ਵੇਲੇ ਤਾਂ ਵਧੀਆ ਰੋਟੀ ਪਾਣੀ ਲੜ ਬੰਨਣਾ, ਚਾਹ ਪਾਣੀ ਭੀ ਦੇਣਾ ਹੋਇਆ ਕੀ ਕਹਿੰਦੇ ਮਕਾਣ ਆ ਗਈ ਮਰਾਸਣ ਚੱਕੀ ਪੀਂਹਦੀ ਸੀ ਭੱਜੀ ਨੱਠੀ ਨੂੰ ਜਾਣਾ ਪਿਆ ਪੰਜ ਛੇ ਸਾਲ ਦਾ ਪੁੱਤ ਨਉਂ (ਰਲ੍ਹਾ) ਦਰਾਂ ਮੂਹਰੇ ਬਠਾ ਕੇ ਆਖ ਗਈ ਹਿੱਲੀ ਨਾ ਆਟਾ ਕੁੱਤੀ ਖਾ ਜੂ, ਨਿਆਣਾ ਜੁਆਕ ਅੱਕ ਕੇ ਅੰਤ ਮਾਂ ਨੂੰ ਦੇਖਣ ਚੱਲਿਆ ਗਿਆ, ਹੁਣ ਮਰਾਸਣ ਨੇ ਵੈਣ ਪਾ ਪਾ ਕੇ ਰੋਣ ਲਉਣਾ ਹੁੰਦਾ ਸੀ, **ਉਹ ਮੂਹਰੇ ਬੋਲਦੀ ਸੀ ਤੇ ਤੀਮੀਆਂ ਮਗਰ ਜਦੋਂ ਹੀ ਮਰਾਸਣ ਰਲ੍ਹਾ ਦੇਖਿਆ ਉਹ ਕਹਿੰਦੀ ਆਟਾ ਖਾ ਜੂ ਕੁੱਤੀ ਰਲ੍ਹਿਆ ਜਾ ਘਰ ਨੂੰ, ਮਗਰੇ ਲੱਗਗੀਆਂ ਤੀਮੀਆਂ ਹਾਏ ਹਾਏ ਰਲ੍ਹਿਆ ਜਾ ਘਰ ਨੂੰ ਮੁੰਡਾ ਭੱਜ ਗਿਆ, ਆਹ ਸੀ ਸੋਸ਼ਲ ਮੀਡੀ-ਆ, ਬੰਦੇ ਬਾਹਰ ਥੜੇ ‘ਤੇ ਬੈਠਦੇ ਸਨ, ਹੁਣ ਆਹ ਹੈ ਮਸ਼ਾਹਰਾ ਸੋਸ਼ਲ ਮੀਡੀਏ ਦਾ,** ਪਰ ਛੁਟਕਾਰਾ। ਭਾਵੇਂ ਹੁਣ ਭੰਡੀ ਤਾਂ ਹੋਣ ਲੱਗ ਪਈ ਹੈ ਪਤਾ ਨਹੀਂ ਕਦੋਂ ਤੇ ਕਿਵੇਂ ਹੋਵੇਗਾ, ਆਹ ਸਾਡੇ ਭੀ ਚੈਨਲੀਏ ਇਹੀ ਕੁਝ ਨੇ ਸਿੱਖ ਧਰਮ ਦਾ ਤਾਂ ਇੱਲ ਦੀ ਥਾਂ ਕੁੱਕੜ ਨੀ ਆਉਂਦਾ, ਪਰ ਪ੍ਰਾਪਾਗੰਡਾ ਵੱਧ, ਕੱਲ ਭੱਖਦੇ ਮੁੱਦੇ ਨਿਸ਼ਾਨ ਸਾਹਬ ਰੰਗਾਂ ‘ਤੇ ਇਕ ਸਿੰਘ ਨੇ ਬੜੀ ਵਿਸਥਾਰ ਨਾਲ ਜਾਣਕਾਰੀ ਸ਼ਾਇਦ ਵੀਡੀਉ ਹੈ, ਮੈਂ ਧਾਰਮਿਕ ਸਫਾ ਵਿੱਚ ਵਿਚਰਨ ਤੇ ਧਾਰਮਿਕ ਵਿਚਾਰਧਾਰਾ ਦੀ ਲੇਖਕ ਜਾਂ ਪ੍ਰਚਾਰਕ ਨਹੀਂ ਹਾਂ, ਜੋ ਜੀਵਨ ਵਿੱਚ ਮੰਨਿਆ, ਦੇਖਿਆ, ਵਿਚਰਿਆ ਉਹਦੇ ਵਿੱਚ ਬਦਲੀਆਂ ਲਈ ਜਰੂਰ ਚਿੰਤਕ ਹੁੰਦੀ ਹਾਂ, ਹੁਣ ਧਰਮ ਵਿੱਚ ਬੜੀਆਂ ਘੁੱਸਪੈਠਾਂ ਹਨ ਤਾਂ ਵਿਆਕੁਲ ਹੋ ਜਾਂਦੀ ਹਾਂ, 40 ਸਾਲਾਂ ਤੋਂ ਧਰਮ ਉਖਾੜ ਧਰਿਆ ਹੈ ਤੇ ਵਿਅਕਤੀ ਪੂਜਾ ਹੈ, ਸਾਧਾਰਣ ਸਿੱਖਾਂ ਨੂੰ ਤਾਂ ਪਤਾ ਹੀ ਨਹੀਂ ਕਿ ਸਹੀ ਤੇ ਗਲਤ ਕੀ ਹੈ, ਕਬਜ਼ੇ, ਧਾਵੇ, ਸਾਧ, ਡੇਰੇ ਪ੍ਰਫੁੱਲਤ, ਆਹ ਸੀਚੇਵਾਲ ਦਾ ਪਹਿਰਾਵਾ ਹਰਿ-ਦੁਆਰ ਦੇ ਸਾਧੂਆਂ ਦਾ ਰੰਗ, ਸਭ ਮਿਲਾਵਟ ਲਈ ਕੀਤਾ ਗਿਆ, ਸਰਕਾਰੂ ਬੰਦੇ ਨੇ ਇਹ ਕਬਜ਼ੇ ਕਰਕੇ ਡੇਰੇ ਸਾਂਭੇ, ਪੰਜਾਬ ਵਿੱਚ ਅਕਾਲੀ ਵਿਚਾਰਧਾਰਾ ਕਿਥੋਂ ਰਹਿ ਜੂ, ਪੰਥ ਅੱਖਰ ਵਰਤਣ ਲਈ ਸਿੰਘ ਜੋ ਨਿਸ਼ਾਨ ਸਾਹਬ ਦੇ ਰੰਗਾਂ ਨੂੰ ਸਵੀਕਾਰ ਕਰਨ ਲਈ ਤੇ ਵਿਰੋਧਤਾ ਵਾਲਿਆਂ ਤੋਂ ਸੁਝਾਅ ਮੰਗਦਾ ਹੈ, ਨਾਲ ਵੇਰਵੇ ਦਿੱਤੇ ਕਿ ਸ਼੍ਰੋਮਣੀ ਅਕਾਲੀ ਦਲ ਨੇ ਕਿੰਨੀ ਵਾਰੀ ਝੰਡੇ ਵਿੱਚ ਸਿੱਖ ਰੰਗ ਸ਼ਾਮਿਲ ਨਹੀਂ

**ਬਾਕੀ ਹਿਸਾ ਸਫਾ 44 ਤੇ ਪੜ੍ਹੋ**

43 ਸਫ਼ੇ ਦੀ ਬਾਕੀ

ਐਮੇ ਹੀ ਕੇਸਰੀ ਨੂੰ ਸਿੱਖੀ ਦਾ ਪ੍ਰਤੀਕ ਬਣਾ ਧਰਿਆ, ਇਹ ਕਦੀਮ ਦਾ ਹਿੰਦੂ ਰੰਗ ਹੈ ਸਿੱਖ ਤਾਂ ਉਦੋਂ ਸਨ ਹੀ ਨਹੀਂ, ਸਿੱਖ ਧਰਮ ਨੂੰ ਰਲਗੱਡ ਕਰਨ ਵਿੱਚ ਭੂਮਿਕਾ ਟਕਸਾਲ, ਡੇਰੇ ਦੀ ਹੈ ਇਨ੍ਹਾਂ ਨੇ ਰਾਧਾਸੁਆਮੀ ਅਦਾਰੇ ਨਾਲ ਆਡਾ ਆਪਣੇ ਹਿੱਤ ਲਈ ਲਾਇਆ ਸੀ, ਰਾਧਾਸੁਆਮੀ ਤਾਂ ਗੁਰਬਾਣੀ ਦੀ ਵਿਆਖਿਆ ਕਰਦੇ ਸਨ, ਗੁਰੂ ਨਹੀਂ ਮਾਹਰਾਜ ਆਖਦੇ ਹਨ ਕੋਈ ਸਿੱਖਾਂ ਵਿਰੁੱਧ ਉਨ੍ਹਾਂ ਦੀ ਕਾਰਵਾਈ ਨਹੀਂ ਸੀ, ਬੱਸ ਦੁਫੇੜ ਪਾ ਧਰੀ ਉਹ ਸਰਕਾਰੂ ਬਣ ਗਏ ਇਨ੍ਹਾਂ ਦੇ ਮੁਕਾਬਲੇ ਬੜੀ ਵੱਡੀ ਧਿਰ ਹੈ ਤੇ ਹੁਣ ਨਾ ਤਾਂ ਟਕਸਾਲੀ ਤੇ ਨਾ ਹੀ ਰਾਧਾਸੁਆਮੀ ਅਕਾਲੀ ਦਲ ਨੂੰ ਮਾਨਤਾ ਦਿੰਦੇ ਹਨ ਤੇ ਡੇਰਿਆਂ ਦਾ ਕੁਝ ਵਿਗੜਿਆ ਨਹੀਂ ਅਕਾਲੀ ਮਾਰੇ ਗਏ, ਮੱਕਾਰੀ ਕਾਂਗਰਸੀ ਤੇ ਦਾਦੂਵਾਲ ਨੇ ਸੌਦੇ ਵਾਲਿਆਂ ਨਾਲ ਅਕਾਲੀਆਂ ਦਾ ਰੇੜਕਾ ਖੜ੍ਹਾ ਕਰਵਾਇਆ ਆਪ ਹਰਿਆਣੇ ਦਾ ਸਰਕਾਰੂ ਹੁਣ ਆਹ ਖਟੜਾ ਸੁਣ ਲਉ ਕੱਲ ਚੈਨਲ (ਸਿੱਖ) ਤੇ ਮੁਕਤਸਰ ਦੇ ਜਸਵੀਰ ਸਿੰਘ ਨਾਲ ਸਾਰੀ ਵਾਰਤਾ ਵਿੱਚ ਝੂਠ ਪਲੰਦਾ ਛਿੱਬਾ ਜਦੋਂ ਗੱਲ ਉਹਦੇ ਵਿਰੁੱਧ ਜਾਵੇ ਇਹ ਫੇਰ ਕਰਾਂਗੇ ਅੱਜ ਤਾਂ ਬੇਅਦਬੀ ਤੇ ਮੇਰਾ ਸੁਖਬੀਰ ਨਾਲ ਮਾਮਲਾ ਹੀ ਬੋਲੀਏ, ਬੁੱਧੀ ਵਾਲੇ ਸਮੀਖਣ ਕਰ ਸਕਦੇ ਨੇ ਖਟੜਾ ਬੌਂਦਲਿਆ ਪਿਆ ਸੀ ਬੱਸ ਸੱਚਾ ਬਣਦਾ ਸੀ ਭਲਾ ਅਕਾਲੀ ਦਲ ਕੀ ਕਰਨ ਗਿਆ ਸੀ, ਪੁੱਤ ਨੂੰ ਟਿਕਟ ਉਦੋਂ ਸੁਖਬੀਰ ਸਾਫ ਸੀ, **ਕਦੇ ਨਾ ਆਇਆ ਵੇ ਤੂੰ ਹੱਸਦਾ ਖੇਡਦਾ, ਕਦੇ ਨਾ ਆਇਆ ਜਵਾਈ ਬਣਕੇ**, ਹੁਣ ਚੱਲ ਮੁੰਡਿਆ ਸਾਡਾ ਨਾਈ ਬਣਕੇ, ਹਰ ਵੇਲੇ ਨੀ ਤੀਮੀ ਨੀਮੀ ਹੁੰਦੀ ਸੀ, ਗੱਲ ਦਾ ਭਾਵ ਹੈ ਕਿ ਪੁਲਸ ਵਾਲੇ ਤੇ ਕਚਹਿਰੀ ਬੈਠਣੇ ਜਦੋਂ ਉਸ ਕੁਰਸੀ ਤੋਂ ਪਰ੍ਹਾਂ ਤਾਂ ਫੇਰ ਧਰਮ ਤੋਂ ਕੀਤੀਆਂ ਵਧੀਕੀਆਂ ਦੀਆਂ ਖਿਮਾਂ ਮੰਗਣ, ਸਗੋਂ ਉੱਪਰ ਦੜੀਆਂ ਦੇਖੋ ਖਟੜਾ ਪੁਲਸੀਆ (ਸਿੱਟ) ਆਗੂ ਬਣ ਗਿਆ, ਜੋਰਾ ਸਿੰਘ ਕਮਿਸ਼ਨ ਬਣ ਗਿਆ, ਖਟੜਾ ਅਕਾਲੀ ਦਲ ਵਿੱਚ ਤੇ ਜੋਰਾ ਸਿੰਘ ਆਮ, ਜਦੋਂ ਉਥੇ ਦਾਲ ਨਾ ਗਲ੍ਹੀ ਭੱਜ ਨਿਕਲਿਆ, ਹੁਣ ਦੋਨੋਂ ਹੀ ਜੀ ਅਸੀਂ ਅਕਾਲ ਤਖ਼ਤ 'ਤੇ ਜਾਣਾ ਹੈ ਪੁੱਛੋ ਕੀ ਕਰਨ ਭੁੱਲਾਂ ਲਈ ਜਾਂ ਹੋਰ ਝੂਠ ਬੋਲਣ, ਹੁਣ ਹਵਾ ਸੁਖਬੀਰ ਦੇ ਵਿਰੁੱਧ ਹੈ ਤਾਂ ਚਲੋ ਉਥੋਂ ਖੱਟੀਏ ਸਦਾ ਨੀ ਬਾਗਾਂ ਵਿੱਚ ਬੁਲ-ਬੁਲ ਬੋਲਦੀ ਦੋਨੋ ਹੀ ਦਗਾਬਾਜ਼ ਨੇ, ਪੰਜਾਬ ਦਾ ਤਾਂ ਸੁਹਿਰਦ ਕੋਈ ਲੱਭਦਾ ਹੀ ਨਹੀਂ, ਦੇਸੀ, ਵਿਦੇਸ਼ੀ ਹਾਂ ਧਰਮ ਤੋਂ ਕਮਾਈ ਲਈ ਬੜੇ ਜਥੇ ਜੱਥੀਆਂ ਤੇ ਪ੍ਰਚਾਰਕ, ਕਥਾਵਾਚਕ, ਪੁਰਾਣੇ ਸਮੇਂ ਬਜ਼ੁਰਗ ਬਾਤਾਂ ਸੁਣਾਉਂਦੇ ਹੁੰਦੇ ਸਨ ਹੁਣ ਇਹ ਕਥਾਵਾਚਕ (ਸਾਰੇ ਨਹੀਂ) ਗੁਣਵਾਨ, ਵਿਦਵਾਨ ਭੀ ਹਨ ਪਰ ਆਹ ਲਹਿਰ ਦੇ ਸਮਰੱਥ ਤਾਂ ਕਥਾ ਭੀ ਉਸੇ ਸਮੇਂ ਦੀ ਹੀ ਕਰਦੇ ਹਨ ਜੀ ਆਹ ਸ਼ਹੀਦ ਪ੍ਰਵਾਨਤ ਹਨ, ਉਸ ਤੋਂ ਪਹਿਲਾਂ ਦੇ ਤਾਂ ਇਨ੍ਹਾਂ ਨੂੰ ਇਤਿਹਾਸ ਹੀ ਨਹੀਂ ਲੱਗਦਾ ਹੁਣ ਸੱਚ ਪੁੱਛੋ ਤਾਂ ਕਿਸੇ ਨੂੰ ਕੁਝ ਆਖ ਹੀ ਨਹੀਂ ਸਕਦੇ, **ਗੁਰਦੁਆਰੇ ਲਿਖ ਕੇ ਬੋਰਡ ਲਾਇਆ ਹੈ ਬੀਬੀਆਂ ਦੇ ਪਹਿਰਾਵੇ ਲਈ ਪਰ ਮਰਦਾਂ ਨੂੰ ਖੁੱਲ੍ਹ ਹੈ ਲੱਤਾਂ ਨੰਗੀਆਂ ਰੱਖਣ ਦੀ, ਵਿਤਕਰਾ ਤਾਂ ਹੈ ਪਰ ਗੱਲ ਤਾਂ ਚੰਗੀ ਹੈ ਕਿ ਬੀਬੀਆਂ ਸੁਹਣਾ ਪਹਿਨ ਕੇ ਗੁਰੂ ਘਰ ਜਾਣ ਬਾਹਰ ਭੀ ਨੰਗੇਜ਼ ਤਾਂ ਕੋਈ ਰਵਾਜ ਨਹੀਂ ਪਰ ਗੱਲ ਹੈ ਕਿ ਜਦੋਂ ਧਰਮ ਹੀ ਉੱਖੜ ਵਿਖੜ ਗਿਆ ਤਾਂ ਕੀ ਆਖੀਏ,** ਅਗਲੀਆਂ ਗੱਲ ਨੂੰ ਆਉਂਦੀਆਂ ਹਨ, ਬੰਦੇ ਭੀ ਸਭ ਹੰਕਾਰੇ ਫਿਰਦੇ ਹਨ ਕਿ ਅਸੀਂ ਸੇਵਾਦਾਰ ਅਸੀਂ ਧਰਮ ਪਾਲਕ ਹਾਂ, ਘਰ ਬੈਠੇ ਰਾਮ ਧਿਆਈਏ, ਡਰੀਏ ਡਾਢੇ ਤੋਂ ਹਰ ਵੇਲੇ ਸੁਣ ਸੁਣ ਤੇਰੀ ਕਾਮਣੀ ਪਾਰ ਉਤਾਰਾ ਹੋਏ, ਕੀ ਕਾਰਨ ਹਨ ਕਿ ਇੰਨਾ ਧਰਮ ਦਾ ਪਸਾਰਾ ਹੋਵੇ ਤੇ ਪ੍ਰਮਾਤਮਾਂ ਕਰੋਪ ਹੋਵੇ, ਬੇਅਦਬੀ ਨੂੰ ਇਕ ਧਰਮ ਦਾ ਅੰਗ ਬਣਾ ਧਰਿਆ ਹੈ ਹੁਣ ਫੇਰ ਖੜ੍ਹੇ ਹਨ ਜੀ ਆਹ ਫੇਰ ਹੋ ਗਈ, ਹੈਰਾਨੀ ਕਿ ਅੰਮ੍ਰਿਤਧਾਰੀ ਹੀ ਬੇਅਦਬੀ ਲੱਭਦੇ ਹਨ? ਕਿਤੇ ਨਾ ਬਧੇ ਆਪ ਹੰਕਾਰੀ ਧਰਮ ਰਾਇ ਤਿਸ ਕਰੇ ਖੁਆਰੀ ਕਸਰ ਹੈ, ਜਦੋਂ ਵਗਣ ਪੁਰੇ ਦੀਆਂ ਵਾਵਾਂ, ਕਾਲੀਆਂ ਛਾਉਣ ਘਟਾਵਾਂ, ਆਹ ਦੇਖੋ ਹਾਲ ਸਾਡੀ ਕੌਮ ਦਾ, ਗੁਰੂ ਸਾਹਿਬ ਨੇ ਕਹਿੰਦੇ ਜਾਤ-ਪਾਤ ਮਿਟਾਈ ਭਾਵੇਂ ਇਹ ਸੱਚ ਨਹੀਂ ਊਚ ਨੀਚ ਮਿਟਾਈ ਸੀ, ਜਾਤਾਂ ਤਾਂ ਗੁਰੂ ਗ੍ਰੰਥ ਵਿੱਚ ਦਰਜ ਹਨ ਪਰ ਉੱਚੇ ਕੀਤੇ ਕੀ ਰੰਗ ਲਾ ਰਹੇ ਨੇ, ਪਖੰਡੀ ਨੇ ਹਨ ਤਾਂ ਇਹ 84 ਦੀ ਲਹਿਰ ਦੇ ਗੀਗੇ ਕਾਮਰੇਡ, ਨਕਸਲੀਏ ਬਣ ਗਏ ਅੰਮ੍ਰਿਤਧਾਰੀ ਬਾਣੇ ਪਾ ਕੇ ਨਾ ਕਿ ਵਿਚਾਰਧਾਰਕ ਕਿਧਰੇ ਖ਼ਾਲਸਾ ਪਾਰਟੀ, ਕਿਧਰੇ ਆਹ ਦਲ ਖਾਲਸਈ, ਕਿਧਰੇ ਕਈ ਅਕਾਲੀ ਦਲ, ਹੁਣ ਸ਼੍ਰੋਮਣੀ ਅਕਾਲੀ ਦਲ 'ਤੇ ਤਾਂ ਬੱਸ ਸਾੜ੍ਹ-ਸਤੀ ਆ ਗਈ, ਆਹ ਵਿਧਾਇਕ ਅਕਾਲੀ ਸੁਖੀ ਹੁਣ ਜਾਂ ਘਨੇੜੇ ਚੜ੍ਹਿਆ ਆਪ ਦੇ ਕੀ ਲੈਣ ਗਿਆ ਹੈ ਹਾਲੇ ਤਾਂ ਢਾਈ ਸਾਲ ਚੋਣਾਂ ਵਿੱਚ ਪਏ ਨੇ ਬੇਸਬਰੇ ਮੈਂ ਨਹੀਂ ਕਹਿੰਦੀ ਅਕਾਲੀ ਦਲ ਵਿੱਚ ਕਸੂਰ ਨਹੀਂ ਪਰ ਕਸੂਰ ਤਾਂ ਹਰ ਪਾਰਟੀ ਵਿੱਚ, ਬੰਦੇ ਵਿੱਚ ਹਨ ਤਾਂ ਕੀ ਰੱਬ ਨੂੰ ਬਦਲਣਗੇ ਜਾਂ ਆਪ ਨੂੰ, ਮੰਨ ਲਉ ਅਕਾਲੀ ਦਲ ਸਿਧਾਂਤ ਤੋਂ ਉਖੜ ਗਿਆ ਹਾਂ ਕੀ ਅਸੂਲਾਂ ਦੀ ਲੜਾਈ ਬੇਸਬਰੇ ਤੇ ਬੇਅਸੂਲੇ ਹੋ ਕੇ ਸੁਧਾਰ ਕਰੋਗੇ, ਸੁਖਵਿੰਦਰ ਸੁਖੀ ਅਸਤੀਫਾ ਦਿੰਦਾ ਤੇ ਫੇਰ ਵਿਧਾਇਕੀ ਤੋਂ ਭੀ ਅਸਤੀਫਾ ਜਿਮੇ ਅੰਗਫੋਲ ਨੇ ਕੀਤਾ ਤਾਂ ਆਮ ਵਿੱਚ ਭਰਤੀ, ਆਹ ਤਾਂ ਜਾਤ ਦਿਖਾਉਣੀ ਹੈ ਨਾ ਕਿ ਚਰਿੱਤਰ ਚੰਗਾ ਹੋਇਆ ਹੁਣੇ ਚਲਾ ਗਿਆ, ਔਕਾਤ ਖੇਤਰ ਦੇ ਲੋਕ ਪਰਖ ਲੈਣਗੇ, ਆਉ ਆਪਾਂ ਕੌਮੀ ਖੇਤਰ ਦੀ ਗੱਲ ਕਰੀਏ, ਇਖਲਾਕ ਤਾਂ ਹੁਣ ਹੈ ਨਹੀਂ ਦਰਦ ਜਾਂ ਵੰਸ਼ ਦੀ ਵਿਚਾਰਧਾਰਾ ਬਦਲ ਗਈ ਕੇਵਲ ਗੁਰੂਆਂ ਨੂੰ ਲੈ ਲੈ ਮੁੱਕਰ ਪਾਏ, ਦੇਦਾਂ ਦੇਹ ਲੈਂਦੇ ਬਕ ਪਾਏ, ਆਹ ਹੀ ਪੜ੍ਹਦੇ ਨੇ, ਮੁੱਦਾ ਜੋ ਅਕਾਲ ਤਖ਼ਤ ਦੇ ਸਿੰਘ ਸਾਹਬ ਨੂੰ ਝੂਠਾ ਦੱਸਣ ਵਾਲੇ ਇਥੇ ਕੌਣ ਹਨ ਪਛਾਣ ਲਵੋ, ਜੇਕਰ ਗਿਆਨੀ ਹਰਪ੍ਰੀਤ ਸਿੰਘ ਆਖੇ ਤੇ ਗੇੜੀਆਂ ਮਾਰੇ ਬੁੱਤ 'ਤੇ ਗਲਤ ਅੱਖਰ ਭੀ ਪ੍ਰੋਖੇ ਕਰ ਦੇਵੇ ਤਾਂ ਤਖ਼ਤ ਮਹਾਨ ਹੁਣ ਉਹੀ ਬੰਦਾ ਜਥੇਦਾਰ ਵਿਰੁੱਧ ਰੋੜੇ ਸਫਾਂ ਤਾਂ ਜਦੋਂ ਦਾ ਜਸਵੀਰ ਸਿੰਘ ਜਥੇਦਾਰੀ ਤੋਂ ਲਾਂਭੇ ਕੀਤਾ ਨਾਲੇ ਸੰਤ ਭਿੰਡਰਾਂਵਾਲੇ ਲਹਿਰ ਦੇ ਹਾਮੀ ਤਾਂ ਸੰਸਥਾਵਾਂ ਨੂੰ ਮੇਟ ਕੇ ਟਕਸਾਲਾਂ ਉਭਾਰੋ, ਭਗਮਾਂ ਰੰਗ ਭੀ ਇਨ੍ਹਾਂ ਦੀ ਹੀ ਦੇਣ ਹੈ, ਸੈਕਰਾਮੰਟੋ ਲਿਖਤ ਵਿੱਚ ਹਵਾਲਾ ਭੀ ਇਸੇ ਕੜੀ ਦੇ ਯੂ:ਟੀਊਬੀ ਪਰਚੇ ਦਾ ਹੀ ਹੈ ਕੀ ਮੰਨਣਯੋਗ ਹੈ ਕਿ ਆਹ ਪੰਥਕ ਹਨ ਜਾਂ ਸਾਧ ਸਫਾਂ ਸਿਆਸੀ ਟਟੀਰੀਆਂ ਹਨ, ਇਨ੍ਹਾਂ ਦਾ ਨਾਅਰਾ ਹੈ ਕਿ **ਪਿੜ ਖਾਲੀ ਦਿਉ ਅਸੀਂ ਟੱਪਣਾ ਹੈ,** ਇਨ੍ਹਾਂ ਵਿੱਚੋਂ ਹੀ ਇਕ ਕਥਾਵਾਚਕ ਦੀ **ਚੈਨਲ 'ਤੇ ਸੁਣੋ, ਹਰ ਸਿੱਖ ਇਤਿਹਾਸਕ ਗੁਰਧਾਮਾਂ ਦੀ ਯਾਤਰਾ ਕਰੇ, ਦਰਸ਼ਨ ਕਰੇ, ਜਾ ਕੇ ਦੇਗ ਕਰਾਵੇ, ਭਲੇਮਾਣਸ ਨੂੰ ਪੁੱਛੋ ਰਹਿਤ ਮਰਿਯਾਦਾ ਦਾ ਹਵਾਲਾ ਦਿੰਦਾ ਹੈ ਤਾਂ ਰਹਿਤ ਮਰਿਯਾਦਾ ਨਿਸ਼ਾਨ ਸਾਹਬ ਰੰਗਾਂ ਵਿੱਚ ਤਾਂ ਤੁਸੀਂ ਮੰਨਦੇ ਨਹੀਂ, ਗਰੀਬ ਗੁਰਬਾ ਕਿਥੋਂ ਯਾਤਰਾਵਾਂ ਕਰ ਲਊ,** ਦੇਗਾਂ ਕਰਵਾ ਲਊ, ਹਾਂ ਤੁਸੀਂ ਆਪਣੀ ਫਾਣੀ ਨੂੰ ਤਾਂ ਲਿਜਾ ਸਕਦੇ ਹੋ, ਨਾਲ ਹੀ ਸਿੱਖ ਫਿਲਾਸ-ਫੀ ਵਾਲੇ ਚੈਨਲ ਨੇ ਵਧੀਆ ਗੱਲ ਆਖੀ ਹੈ ਕਿ ਜਿਹੜੇ ਆਖਦੇ ਨੇ ਗਲਤ ਗੁਰਬਾਣੀ ਉਚਾਰਣ ਨਾਲ ਪਾਪ ਸੰਤਾਪ ਲੱਗਦਾ ਹੈ, ਕੀ ਸਭ ਪਾਠੀ ਕਦੀ ਭੀ ਕੋਈ ਲਗਾ ਕੰਨਾ, ਮਾਤਰਾ ਕਾਹਲੀ ਵਿੱਚ ਜਾਂ ਜਬਾਨ ਕਈ ਵਾਰੀ ਥਿੜਕ ਜਾਂਦੀ ਹੈ, ਸਭ ਪਾਪੀ ਹਨ, ਸੰਤਾਪੀ ਹਨ, ਇਹ ਪਾਧਾ ਪ੍ਰਥਾ ਸਭ ਸਾਧਾਂ ਦੀ ਦੇਣ ਹੈ ਡੇਰਿਆਂ ਦੀ ਕਥਾਵਾਚਕ ਤਾਂ ਪ੍ਰਸਿੱਧ ਕਥਾਵਾਚਕਾਂ ਦੀ ਭੀ ਮਹੱਤਤਾ ਘਟਾ ਰਹੇ ਹਨ, **ਇਹ ਕਥਾਵਾਚਕ ਨਹੀਂ ਕਥਾਘਾਤਕ ਨੇ,** ਅਜਿਹਾ ਨੂੰ ਫੜਕੇ ਨੂੜੋ ਤੇ ਪੁੱਛੋ ਕਿ ਕਿਥੋਂ ਸਰਟੀਫਿਕੇਟ ਲਿਆ ਤੱਗ ਟੁੱਟਿਆ ਸਿੱਖ ਪ੍ਰਚਾਰਕਾਂ ਦਾ ਤਾਂ ਫੇਰ ਸ਼ਬਦ ਨਾਲ ਵਾਹਿਗੁਰੂ ਤਾਂ ਗੁਰਬਾਣੀ ਹੈ ਹੀ ਨਹੀਂ, ਕਿਵੇਂ ਲਾਇਆ ਹੈ? ਅਖੰਡ ਪਾਠ ਇਕੋ ਵੇਲੇ ਕਈ ਕਿਹੜੀ ਮਰਿਯਾਦਾ ਹੈ ਸਾਧਾਂ ਦੀ, ਹੁਣ ਪੰਜਾਬ ਵਿੱਚ ਧਰਮ ਨਹੀਂ ਜਾਤ-ਪਾਤ ਦਾ ਖਾਸ ਕਰਕੇ ਆਹ ਖ਼ਾਲਸੇ ਸਭ ਨੂੰ ਲਤਾੜੀ ਜਾ ਰਹੇ ਹਨ, ਐਮ।ਪੀ। ਬਣਾ ਕੇ ਦੋ ਦੂਰ ਨਹੀਂ ਦਿਨ ਧਰਮ ਦੀਆਂ ਖਲਪਾੜਾਂ ਕਰਨਗੇ ਕਈ ਬਣਨਗੇ ਚੈਨਲਾਂ 'ਤੇ ਦੋ ਇਕ ਤੇ ਵੱਡਾ ਪੱਤਰਕਾਰ ਦੂਜਾ ਕਾਰਕੁੰਨ ਧੂੜਾਂ ਪੱਟਦੇ ਨੇ ਸਮਾਜ ਦੀਆਂ ਆਪਣੇ ਆਪ ਨੂੰ ਅਸੀਂ ਸਲਾਹ ਦੇਵਾਂਗੇ ਭਲਾ ਟਟੀਰੀਆਂ ਸਲਾਹਾਂ ਦੇਣ ਤਾਂ ਤਰ ਗਏ ਸਿੱਖ, ਦੂਜਾ ਹੈ ਲੋਕ ਮਾਲੀ ਸਹਾਇਤਾ 'ਤੇ ਚੱਲਦਾ ਪਤਾ ਨਹੀਂ ਲੋਕ ਕਿਵੇਂ ਹਰ ਮਹੀਨੇ 5000 ਪੌਂਡ ਦਾਨ ਕਰਦੇ ਨੇ ਸਿਰ ਚੱਕਰ ਖਾ ਜਾਂਦਾ ਹੈ ਅਸੀਂ ਤਾਂ ਮਸਾਂ ਮਹੀਨੇ ਮਗਰੋਂ 5 ਪੌਂਡ ਦਸਵੰਧ ਦੇਣ ਜਾਈਦਾ ਹੈ, ਹੋਰ ਥਾਈਂ ਭੀ ਭਾਗ ਪਾਉਣੀ ਹੁੰਦਾ ਹੈ (ਸੱਚ ਕੀ ਹੈ?) ਪਰ ਦੋਨੋਂ ਹੀ ਜੱਖਣਾ ਸਿੱਖ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਦੁਸ਼ਮਣ ਜੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਨ੍ਹਾਂ ਨੂੰ ਘਰੀਂ ਬਠਾਉਣਾ ਚਾਹੀਦਾ ਹੈ, ਨੰਬਰ ਇਕ ਤੁਸੀਂ ਤਾਂ ਬਠਾ ਤਾ ਲੈ ਆਂਦੀ ਗੈਰ-ਪੰਥਕ ਪਾਰਟੀ ਪਹਿਲਾਂ ਕਾਂਗਰਸ ਹੁਣ ਕੀ ਸਿੰਘ ਸਾਹਿਬ ਭੀ ਪੰਥ ਦਾ ਭੋਗ ਪਾ ਦੇਣ ਤੁਸੀਂ ਹੈਂ ਕੌਣ ਸ਼੍ਰੋਮਣੀ ਕਮੇਟੀ ਦੇ ਭੱਤਿਆਂ 'ਤੇ ਪਲਣੇ ਸਲਾਹਕਾਰ, ਸਿਰ ਨੀਮੇ ਕਰੋ ਤੁਸੀਂ ਤਾਂ ਮੰਗ ਮੰਗ ਖਾਣ ਵਾਲੇ ਹੋ ਪ੍ਰਤੀਭਤਾ ਦੱਸਣ ਵਾਲੇ ਜੀ ਵਫਦ ਰਾਜੋਆਣਾ ਨੂੰ ਹੀ ਕਿਉਂ ਇਹ ਗਿਆਨ ਵਿਹੂਣੇ ਸੁਨਣ ਹਵਾਰਾ ਧੜਾ ਇੰਨਸਾਫੀ ਮੋਰਚਾ ਵਰਗ ਦਾ ਹੈ, ਨਾਲੇ ਮੁਕਾਬਲੇ ਦਾ ਤਖ਼ਤ ਤਾਂ ਕੀ ਹੱਕ ਹੈ ਤੁਹਾਨੂੰ ਇਹ ਮੰਗ ਕਰਨ ਦਾ ਕਾਂਗਰਸ ਤੇ ਆਮ ਨੂੰ ਆਖੋ, ਆਹ ਹਰਿਆਣਾ ਵਿੱਚ ਹੋਰ ਭੜਥੂ ਕਮੇਟੀ ਬਣਾ ਕੇ ਹੁਣ ਉਹੀ ਝੀਂਡਾ ਵਿਰੁੱਧ ਬੋਲਦਾ ਹੈ ਜਦੋਂ ਸ਼੍ਰੋਮਣੀ ਕਮੇਟੀ ਵਿਰੁੱਧ ਸਰਕਾਰੂ ਬਣਿਆ ਸੀ, ਪਤਾ ਨਹੀਂ ਸੀ ਕਿ ਦਗਾਬਾਜਾਂ ਦਾ ਅੰਤ ਕੀ ਹੁੰਦਾ ਹੈ। ਸਿੱਖ ਅਸਲ ਵਿੱਚ ਚਰਿੱਤਰ ਪੱਖੋਂ ਠੋਸ ਨਹੀਂ ਹਨ, ਭੱਜ ਤੜਾਕੇ ਵਾਲੇ ਨੇ ਲਾਲਚੀ ਲੋਭੀ ਹਨ, ਹੁਣ ਦੀ ਦੇਖ ਲਵੋ, ਕਿਵੇਂ ਹਾਲ ਦੁਹਾਈ ਪਾਈ ਫਿਰਦੇ ਨੇ ਕੇਵਲ ਅਕਾਲੀ ਦਲ ਮਾੜਾ ਜਥੇਦਾਰ ਕੋਲ ਧਾਰਾ ਹੀ ਨਹੀਂ ਅਕਾਲੀ ਦਲ ਨੂੰ ਇਸ ਤਰ੍ਹਾਂ ਨਕਾਰਨ ਦੀ, ਨਾਲੇ ਤੁਸੀਂ ਤਾਂ ਅਕਾਲੀ ਹੋ ਹੀ ਨਹੀਂ, **ਅਖੇ ਖੋਲ੍ਹ ਕੇ ਜਾਈਂ ਵੇ, ਸਾਡਾ ਸ਼ਗਨਾਂ ਦਾ ਗਾਨਾ, ਕਿਸੇ ਦੀ ਧੀ ਕਿਸੇ ਦਾ ਪੁੱਤ ਇਹ ਐਮੇ ਹੀ ਮੋਹਤਵਰ, ਸ਼ੱਕਰ ਘੀ ਖਾਣ ਨੂੰ ਜੁੱਤੀਆਂ ਖਾ ਕੇ ਹੱਟਣਗੇ,** ਸਮਝਣ ਵਾਲੀ ਤਾਂ ਬਾਤ ਹੈ ਕਿ ਸੁਹਿਰਦ ਕੌਮਾਂ ਆਪ ਹੁਦਰੀਆਂ ਨਹੀਂ ਫਿਰਦੀਆਂ, ਉਹ ਤਾਂ ਆਪਣੇ ਦੇਸ਼ ਕੌਮ ਦੇ ਹਿੱਤੂ ਹਨ ਪਰ ਸਾਡੇ ਤਾਂ ਬੁਰਾ ਨਾ ਮਨਾਇਓ ਕੋਈ ਸਾਧਾਰਨ ਸਿੱਖ ਆਹ ਭੂਤਰਪੁਣਾ ਨਹੀਂ ਕਰਦਾ ਕੇਵਲ ਕਿਰਪਾਨ ਗਾਤਰੇ ਪਾ ਕੇ ਬਾਣੇ ਬਣ ਘਾਤਕ ਬਣਦੇ ਨੇ, ਅੰਮ੍ਰਿਤ ਛਕਣਾ ਬਿੱਲਾ ਬਣਾ ਲਿਆ ਹੈ, ਇਹਦਾ ਮੁੱਢ 78 ਤੋਂ ਹੀ ਬੱਝ ਗਿਆ ਸੀ, ਸੰਤ ਭਿੰਡਰਾਂਵਾਲੇ ਅਰਦਾਸ ਕਿ ਚਲੋ ਨਿਰੰਕਾਰੀਆਂ ਨੂੰ ਦੇਖੀਏ, ਆਪ ਪਿੱਛੇ ਹੱਟ ਗਏ ਤੇ ਫੌਜਾ ਸਿੰਘ ਅਰਦਾਸ ਕੀਤੀ ਕਰਕੇ ਸ਼ਹੀਦ, ਜੋ ਤੁਸੀਂ ਕੁਫਰ ਤੋਲਦੇ ਹੋ ਕਿ ਬਾਦਲ ਸਾਹਬ ਨੇ ਨਿਰੰਕਾਰੀ ਨੂੰ ਬਚਾ ਕੇ ਕੱਢਿਆ ਸੁਥਰਿਉ ਇਹ ਹਰ ਸਰਕਾਰ ਦੀ ਜ਼ਿੰਮੇਵਾਰੀ ਹੈ ਜੇ ਨਹੀਂ ਤਾਂ ਫੇਰ ਬੇਅਦਬੀ ਲਈ ਹਰ ਦਮ ਦੋਸ਼ੀ ਨਾ ਫੜੇ ਪਰ ਆਪ ਤੁਸੀਂ ਫੜੇ ਹੋਏ ਦੋਸ਼ੀ ਇਹ ਕਹਿ ਕੇ ਮੁਕਤ ਕਰਵਾਏ ਜੀ ਅੰਮ੍ਰਿਤਧਾਰੀ ਹਨ ਪੈਸੇ ਵਿਦੇਸ਼ੋਂ ਬੀਮਾਰੀ ਲਈ ਆਇਆ ਪਰ ਹੁਣ ਹੀ ਦੇਖ ਲਵੋ ਜਿਹੜੇ ਅਕਾਲ ਤਖ਼ਤ ਨੂੰ ਮੰਨਦੇ ਨਹੀਂ ਸਲਾਹਾਂ ਦੇ ਰਹੇ ਹਨ ਯਾਨੀ ਨਾ ਕੋਈ ਨਿਯਮ ਨਾ ਮਰਿਯਾਦਾ ਅਤੇ ਨਾ ਹੀ ਕੋਈ ਮਨੁੱਖਤਾ ਦਾ ਸਦਾਚਾਰ ਹੋਰ ਸੁਣੋ ਹੁਣ ਫੇਰ ਆਹ ਚੈਨਲ ਇਕੋ ਰੋੜੇ ਪ੍ਰਤੀਨਿੱਧ ਕਹਿੰਦਾ ਬਾਹਰੋਂ ਚਲੋ ਚੋਣ ਲੜਨ ਸੰਗ ਨੀ ਆਉਂਦੀ, ਵਿਦੇਸ਼ੀ ਪਾਸਪੋਰਟ ਵਾਲੇ ਪਹਿਲਾਂ 6 ਮਹੀਨੇ ਰਹਿ ਕੇ ਪਾਸਪੋਰਟ ਬਦਲਣ ਫੇਰ ਨਾਗਰਿਕ ਬਣ ਹਿੱਸਾ ਲੈ ਸਕਦੇ ਹਨ ਪਰ ਇਹ ਗੁਮਰਾਹੀ ਹਨ ਪੀਪਨੀਆਂ ਲੱਭ ਗਈਆਂ ਲੋਕਾਂ ਤੋਂ ਪੈਸੇ ਬਟੋਰਨ ਨੂੰ, ਚਲੋ ਆਮ ਪੰਜਾਬੀ ਤਾਂ ਇਨ੍ਹਾਂ ਝੰਜਟਾਂ ਵਿੱਚ ਪੈਂਦੇ ਹੀ ਨਹੀਂ ਕੇਵਲ ਇਨ੍ਹਾਂ ਦੇ ਲਹਿਰ ਕਰਕੇ ਆਏ ਹੀ ਕੂਕਦੇ ਨੇ, ਹਾਲੇ ਭੀ ਕਈਆਂ ਨੇ ਆਉਣਾ ਲਿਆਉਣਾ ਹੋਣਾ ਹੈ, **ਪਰ ਸੁਹਿਰਦ ਸਿੱਖ ਤਾਂ ਦਾਤਾ ਮਿਹਰ ਕਰੀਂ ਸਾਨੂੰ ਸੁਮੱਤ ਬਖ਼ਸ਼, ਇਨ੍ਹਾਂ ਤੋਂ ਦੂਰ ਰੱਖ, ਬੇਨਤੀ ਹੈ।**

**-ਬਲਵਿੰਦਰ ਕੌਰ ਚਾਹਲ ਸਾਊਥਾਲ**

# ਕਾਵਿ-ਕਿਆਰੀ

## ਪਛਤਾਵਾ ਗੋਸ਼ਟੀ



ਕਿਹੜੇ ਕਿਹੜੇ ਪੰਥਕ ਮਸਲੇ,
ਕਿਹੜੀ ਕਿਹੜੀ ਵਿਚਾਰ ਗੋਸ਼ਟੀ?
ਕੌਣ ਤੁਹਾਡੇ ਨਾਲ ਕਰੇਗਾ,
ਬੇ ਅਕਲੇ ਕਾਲੀਓ ਹੁਣ ਦੋਸਤੀ?

ਕਿਹੜਾ ਪੰਥ ਹੈ ਤੁਹਾਡੇ ਪਿੱਛੇ,
ਕਿਹੜੀ ਮਰਿਯਾਦਾ ਦੀਆਂ ਗੱਲਾਂ,
ਤੁਹਾਨੂੰ ਹੁਣ ਤੇ ਡੋਬ ਦੇਣਗੀਆਂ,
ਵਿਰੋਧ ਵਾਲੀਆਂ ਮਾਰੂ ਛੱਲਾਂ।

ਕਾਲੀਓ ਪਾਣੀ ਸਿਰਾਂ ਤੋਂ ਲੰਘ ਗਿਆ!
ਵਕਤ ਤੁਹਾਡੇ ਹੱਥ ਨੀਂ ਆਣਾ,
ਹੁਣ ਤੇ ਤੁਹਾਡੇ ਪੱਲੇ ਰਹਿ ਗਿਆ,
ਪਿੱਟਣਾ ਅਤੇ ਰੋਣਾ ਕੁਰਲਾਣਾ।

ਕਰਤੂਤਾਂ ਕਾਲੀਆਂ ਕਾਲੇ ਹਿਰਦੇ,
ਚਿੱਟੇ ਕੱਪੜੇ ਕੀ ਕਰਨਗੇ?
ਤੁਹਾਡੀਆਂ ਕੀਤੀਆਂ ਦਾ ਡੰਨ ਹੁਣ,
ਤੁਹਾਡੇ ਬੱਚੇ ਭਰਦੇ ਮਰਨਗੇ।

ਜਿੱਥੇ ਮਰਜ਼ੀ ਜਾ ਨੱਕ ਰਗੜੋ,
ਭੁੱਲਾਂ ਹੁਣ ਬਖਸ਼ਾ ਨਹੀਂ ਹੋਣੀਆਂ,
ਪਲੀਤ ਹੋਈਆਂ ਹੁਣ ਤੁਹਾਡੀਆਂ ਰੂਹਾਂ,
ਗੋਸ਼ਟੀਆਂ ਨਾਲ ਵੀ ਧੋ ਨਹੀਂ ਹੋਣੀਆਂ।

ਅਮ੍ਰਿਤਸਰ ਵੀ ਰੁੱਸ ਗਿਆ ਹੈ,
ਨਾ ਆਨੰਦ ਪੁਰ ਹੁਣ ਤੁਹਾਡੇ ਪੱਲੇ,
ਨੱਠ ਲਓ ਜਿੱਥੇ ਤੱਕ ਨੱਠਣਾ,
ਬਹਿ ਨਹੀਂ ਸਕੋਗੇ ਹੁਣ ਨਿਚੱਲੇ।

ਤਰਕ ਤੁਹਾਨੂੰ ਦੁਰਕਾਰ ਰਿਹਾ ਹੈ,
ਅਸੂਲਾਂ ਦੀ ਤਾਂ ਗੱਲ ਹੀ ਛੱਡੋ,
ਧਰਮ ਨੂੰ ਧੁਰਾ ਬਣਾਉਣ ਲਈ ਹੁਣ,
ਜਿਹੜਾ ਮਰਜ਼ੀ ਸੱਪ ਤੁਸੀਂ ਕੱਢੋ।

ਆਪਣੇ ਧਰਮ ਨੂੰ ਦਾਅ ਤੇ ਲਾ ਕੇ,
ਸਿਰਸੇ ਜਾ ਕੇ ਗੋਡੇ ਟੇਕੇ,
ਕੁਰਸੀਆਂ ਖਾਤਰ ਸਾਰੇ ਪਾਸੇ,
ਵਿੰਗੇ ਟੇਢੇ ਕੀਤੇ ਕਈ ਠੇਕੇ।

ਜਥੇਦਾਰਾਂ ਦੇ ਵੱਡੇ ਸ਼ਮਲੇ,
ਕਦੀ ਹੁੰਦੇ ਸੀ ਸ਼ਾਨਾਂ ਮੱਤੇ,
ਘੋਨ ਮੋਨ ਜਿਹੇ ਕਾਕੇ ਬਿੱਟੂ,
ਨਿੱਤ ਲੱਗਦੇ ਨੇ ਸਾਡੇ ਮੱਥੇ।

ਅਕਾਲ ਦਾ ਐੜਾ ਉਡ ਗਿਆ ਹੈ,
ਕਾਲ ਹੁਣ ਸਿਰ ਤੁਹਾਡੇ ਕੂਕੇ,
ਕਾਲਖ ਦਾ ਨ੍ਹੇਰਾ ਤੁਹਾਡੇ ਦੁਆਲੇ,
ਉਮੀਦ ਦੀ ਚਿੜੀ ਕਿਤੇ ਨਾ ਚੂਕੇ।

**ਰਵਿੰਦਰ ਸਿੰਘ ਕੁੰਦਰਾ**
**ਕੋਵੈਂਟਰੀ ਯੂ ਕੇ**

* * * * * *

## ਅਜ਼ਾਦੀ

**ਉੱਨੀ ਸੌ ਸੰਤਾਲੀ ਵੇਲੇ, ਜਦ ਸਾਡਾ ਬਟਵਾਰਾ ਹੋਇਆ।**
**ਘਰ, ਹਵੇਲੀਆਂ, ਬਾਰਾਂਦਰੀਆਂ, ਕੁੱਲੀ ਤੇ ਹਰ ਢਾਰਾ ਰੋਇਆ।**

**ਸਾਡੇ ਦਿਲਾਂ ਦੀ ਰਾਏ ਸ਼ੁਮਾਰੀ, ਉਹਨਾ ਨੇ ਕਰਵਾਈ ਹੀ ਨਾ,**
**ਨਹਿਰੂ ਤੇ ਜਿਨਾਹ ਦਾ ਫੈਸਲਾ, ਲਾਗੂ ਸੀ ਸਾਡੇ 'ਤੇ ਹੋਇਆ।**

**ਵੰਡੋ ਰਾਜ ਕਰੋ ਦੀ ਨੀਤੀ ਵਾਲਾ ਫੇਰ ਫਿਰੰਗੀ ਦੇਖੋ,**
**ਭਾਰਤ ਦਾ ਬਟਵਾਰਾ ਕਰਕੇ, ਲੰਡਨ ਦੇ ਵਿਚ ਜਾ ਖਲੋਇਆ।**

**ਰਾਤੋ ਰਾਤ ਹੀ ਟੁੱਟੇ ਰਿਸ਼ਤੇ, ਹਮਸਾਏ ਸੀ ਵੈਰੀ ਹੋ ਗਏ,**
**ਉੱਜੜੇ ਲੋਕਾਂ ਨੇ ਨਾ ਪੁੱਛੋ, ਦਾਗ ਹਿਜ਼ਰ ਦਾ ਕਿੱਦਾਂ ਧੋਇਆ।**


**ਸਾਂਝ ਲੋਰੀਆਂ ਤੋਂ ਵੈਣਾਂ ਦੀ, ਭੁੱਲ ਗਏ ਫਿਰ ਪੰਜਾਬੀ ਸਾਡੇ,**
**ਅਣਪਛਾਤੇ ਹੱਥ ਕਿਸੇ ਨੇ, ਬੀ ਨਫਰਤ ਦਾ ਏਦਾਂ ਬੋਇਆ।**

**ਰੱਤ ਚੋਂਦੀਆ ਘੜੀਆਂ ਦੇ ਵਿਚ, ਰੋ ਰੋ ਕੇ ਜਦ ਸੁੱਕ ਗਏ ਹੰਝੂ,**
**ਔਖੇ ਵੇਲੇ ਮੱਦਤ ਦੇ ਲਈ, ਵਿਰਲਾ ਹੀ ਕੋਈ ਨਾਲ ਖਲੋਇਆ।**

**ਪੈਂਹਠ, ਕਹੱਤਰ, ਕਾਰਗਿਲ ਦੇ ਜੰਗ ਜਦੋਂ ਫਿਰ ਹੋਵਣ ਲੱਗੇ,**
**ਪੁੱਛੋ ਨਾ ਪੰਜਾਬੀ ਪੁੱਤਾਂ, ਖੂਨ ਆਪਣਾ ਕਿੰਨਾ ਚੋਇਆ।**

**ਮੁੜ ਪੰਜਾਬੀ ਧੜਕਣ ਦੇਖੋ, ਇੱਕ ਦੂਜੇ ਲਈ ਧੜਕਣ ਲੱਗੀ,**
**ਕਰਤਾਰਪੁਰੀ ਲਾਂਘੇ ਨੇ ਬਾਬੇ ਨਾਨਕ ਦੀ ਮਿੱਟੀ ਨੂੰ ਛੋਹਿਆ।**

**ਪੌਣੀ ਸਦੀ ਤੋਂ ਅਸੀਂ ਤਾਂ ਆਪਣੇ ਹੱਕਾਂ ਲਈ ਹੀ ਜੂਝ ਰਹੇ ਹਾਂ,**
**ਦਿੱਲੀ ਨੇ ਪੁੱਛੋ ਨਾ ਕਿੱਦਾਂ, ਸਾਡੇ ਲਈ ਹੈ ਬੂਹਾ ਢੋਇਆ।**



**ਫਰਿਆਦੀ ਪੰਜਾਬੀ ਸਾਡੇ ਦਿਨੋ ਦਿਨ ਹੁਣ ਬਾਗੀ ਹੋ ਰਹੇ,**
**ਦਿੱਲੀ ਤੋਂ ਅਜ਼ਾਦੀ ਦਾ ਹੈ ਜਜ਼ਬਾ ਦਿਲਾਂ 'ਚ ਆਣ ਸਮੋਇਆ।**

**ਚੜ੍ਹਦੇ ਤੇ ਲਹਿੰਦੇ ਦੇ ਵਾਲੇ, ਸੁਖੀ ਵਸਣ ਪੰਜਾਬੀ ਸਾਡੇ,**
**'ਢੇਸੀ' ਨੇ ਇਹ ਕਵਿਤਾ ਕਹਿ ਕੇ ਵਾਘੇ ਦੇ ਸਦਮੇ ਨੂੰ ਟੋਹਿਆ।**

**ਕੁਲਵੰਤ ਸਿੰਘ ਢੇਸੀ**

## ਪੰਜਾਬੀ

ਡਾ. ਮੁਹਿੰਦਰ ਸਿੰਘ ਰਾਏ



ਮੈਂ ਹਾਂ ਪੰਜਾਬੀ ਅਤੇ ਨਾਲ ਪੰਜਾਬੀ ਹੈ ਇਸ਼ਕ ਮੇਰਾ,
ਭਾਵੇਂ ਬੋਲਣੀਆਂ ਹੋਰ ਬੋਲੀਆਂ ਵੀ ਮੈਂ ਜਾਣਦਾ ਹਾਂ।
ਖ਼ੈਰ ਮੰਗਦਾ ਹਾਂ ਮੈਂ ਹੋਰਨਾ ਬੋਲੀਆਂ ਦੀ ਵੀ,
ਪਰ ਛਤਰ ਮੈਂ ਪੰਜਾਬੀ ਉੱਤੇ ਹੀ ਤਾਣਦਾ ਹਾਂ।
ਜੰਮਦੇ ਸਾਰ ਹੀ ਮੈਨੂੰ ਇਸ ਨਾਲ ਇਸ਼ਕ ਹੋਇਆ,
ਸੀ ਮੇਰੇ ਹਾਣ ਦੀ ਤੇ ਅੱਜ ਵੀ ਇਸਦੇ ਹਾਣ ਦਾ ਹਾਂ।
ਗੁੜ੍ਹਤੀ ਮਿਲੀ ਹੈ ਮਾਂ-ਬੋਲੀ ਦੀਆਂ ਮੈਨੂੰ ਲੋਰੀਆਂ ਦੀ,
ਕਾਇਲ ਲੋਕ ਗੀਤਾਂ, ਮੁਹਾਵਰੇ ਅਤੇ ਅਖਾਣ ਦਾ ਹਾਂ।
ਗੁਰਮੁਖੀ ਪੜ੍ਹਾਂ ਤਾਂ ਹੈ ਗੁਰੂਆਂ ਦੀ ਝਲਕ ਪੈਂਦੀ,
ਬੁੱਲ੍ਹੇ, ਵਾਰਸ ਅਤੇ ਬਾਹੂ ਨੂੰ ਵੀ ਪਹਿਚਾਣਦਾ ਹਾਂ।
ਸਮੋਇਆ ਏਸ 'ਚ ਸਾਡਾ ਸੱਭਿਆਚਾਰ ਅਤੇ ਵਿਰਸਾ,
ਲੱਭਦੇ ਨੇ ਹੀਰੇ ਮੋਤੀ ਜਦ ਵੀ ਮੈਂ ਇਸਨੂੰ ਛਾਣਦਾ ਹਾਂ।
ਹੀਰ ਰਾਂਝਾ, ਮਿਰਜ਼ਾ ਸਾਹਿਬਾਂ ਅਤੇ ਪੰਜਾਬ ਦੇ ਹੋਰ ਆਸ਼ਕ,
ਅਨੰਦ ਇਨ੍ਹਾਂ ਦੇ ਕਿੱਸਿਆਂ ਦਾ ਪੰਜਾਬੀ ਦੇ ਵਿੱਚ ਮਾਣਦਾ ਹਾਂ।
ਪੁੱਤ ਪੰਜਾਬ ਦਾ ਹਾਂ ਅਤੇ ਪੰਜਾਬੀ ਹੈ ਮੇਰੀ ਮਾਂ-ਬੋਲੀ,
'ਰਾਏ' ਪੰਜਾਬੀ ਲਈ ਰੱਖਾਂ ਰੁਤਬਾ ਬਹੁਤ ਉਚਾਣ ਦਾ ਹਾਂ

## ਗੀਤ–

=ਨਾ ਆਕੜ-ਆਕੜ...=

ਨਾ ਆਕੜ ਆਕੜ ਤੁਰਿਆ ਕਰ,
ਇੱਕ ਦਿਨ ਆਕੜ ਜਾਣਾ ਤੂੰ
ਤੇਰੀ ਏਸ ਆਕੜ ਕਰਕੇ,
ਓੜਕ ਨੂੰ ਪਛਤਾਣਾ ਤੂੰ


ਹੁਣ ਚੜਿਆ ਨਸ਼ਾ ਜਵਾਨੀ ਦਾ,
ਤੂੰ ਝੂੰਮ ਝੂੰਮ ਕੇ ਤੁਰਦਾ ਏਂ
ਜੇ ਕੋਈ ਸਿਆਣਾ ਮੋੜੇ ਤਾਂ ਫਿਰ,
ਮੋੜਿਆਂ ਵੀ ਨਾ ਮੁੜਦਾ ਏਂ
ਉਸ ਨੂੰ ਮੂਰਖ ਸਮਝਦਾ ਏਂ,
ਤੇ ਬਣਦੈਂ ਆਪ ਸਿਆਣਾ ਤੂੰ
ਨਾ ਆਕੜ ਆਕੜ.......

ਦੂਜਾ ਨਸ਼ਾ ਹੈ ਦੌਲਤ ਦਾ,
ਜੋ ਆਉਂਦੀ ਜਾਂਦੀ ਰਹਿੰਦੀ ਏ
ਜਿਸ ਦੌਲਤ ਦਾ ਤੂੰ ਮਾਣ ਕਰੇਂ,
ਇਹ ਤੈਨੂੰ ਟਿਕਣ ਨਾ ਦਿੰਦੀ ਏ
ਸਭ ਕੁੱਝ ਏਥੇ ਛੱਡ ਜਾਣਾ,
ਨਾਲ ਨਾ ਕੁੱਝ ਲਿਜਾਣਾ ਤੂੰ
ਨਾ ਆਕੜ ਆਕੜ.......

ਦਾਰੂ,ਫੀਮ,ਪੋਸਤ,ਚਿੱਟਾ,
ਕੋਈ ਨਸ਼ਾ ਨਾ ਛੱਡਦਾ ਤੂੰ
ਨਸ਼ਿਆਂ ਦੇ ਵਿੱਚ ਅੰਨਾਂ ਹੋ ਕੇ,
ਕੁਕਰਮ ਬੜੇ ਹੀ ਕਰਦਾ ਤੂੰ
ਮੋਹ-ਮਾਇਆ ਦੇ ਜਾਲ 'ਚ ਪੈ,
ਉਲਝਾਈ ਜਾਨੈਂ ਤਾਣਾ ਤੂੰ
ਨਾ ਆਕੜ ਆਕੜ.......

ਭਲੂਰੀਆ ਬਾਬੇ ਨਾਨਕ ਦੱਸਿਆ,
ਉਹ ਨਸ਼ਾ ਨਾ ਕੀਤਾ ਤੂੰ
ਚੜੀ ਰਹੇ ਜੋ ਨਾਮ ਖੁਮਾਰੀ,
ਕਿਉਂ ਨਾ ਪਿਆਲਾ ਪੀਤਾ ਤੂੰ
ਪੱਕੇ ਡੇਰੇ ਲਾਈ ਬੈਠਾ,
ਜਿਵੇਂ ਨੀ ਏਥੋਂ ਜਾਣਾ ਤੂੰ
ਨਾ ਆਕੜ ਆਕੜ.......

ਜਸਵੀਰ ਸਿੰਘ ਭਲੂਰੀਆ



* * * * * *

## ਕਬਿੱਤ 'ਕਾਲੀਆਂ ਦਾ !

**ਕਿੱਥੋਂ ਕਿਥੇ ਪਹੁੰਚਿਆ ਸ਼ਰੋਮਣੀ ਅਕਾਲੀ ਦਲ**
**ਪੜ੍ਹ ਸੁਣ ਖਬਰਾਂ ਉਦਾਸ ਹੋਵੇ ਚਿੱਤ ਜੀ।**
**ਭੁੱਲ ਕੇ ਹੁਕਮ ਸ਼੍ਰੀ ਅਕਾਲ ਤਖਤ ਸਾਹਿਬ ਜੀ ਦਾ**
**ਸਰਸੇ ਨੂੰ ਗਏ ਜੋ ਵੋਟਾਂ 'ਚ ਲੈਣ ਜਿੱਤ ਜੀ।**
**ਛੋਟੇ ਢੀਂਡਸੇ ਦੇ ਹੈ ਬਿਆਨ ਨਾਲ ਨਸ਼ਰ ਹੋਈ**
**ਵੱਡੇ ਛੋਟੇ ਬਾਦਲ ਦੀ ਸ਼ਾਜਿਸ਼ ਕਥਿੱਤ ਜੀ**
**ਸੱਤਾ ਦੇ ਨਸ਼ੇ ਦੇ ਵਿੱਚ ਭੁੱਲੇ ਪ੍ਰਧਾਨ ਸਾਹਿਬ**
**ਕਾਠ ਵਾਲੀ ਹਾਂਡੀ ਭਾਈ ਚੜ੍ਹਦੀ ਨਾ ਨਿੱਤ ਜੀ**
**ਓਹੀ ਪ੍ਰਧਾਨ ਸੁਖਬੀਰ ਹੁਣ ਮੰਗੇ ਮਾਫੀ**
**ਕੌਤਕ ਅਜੀਬ ਵੇਖੋ ਰੱਬ ਦੇ ਸਬੱਬ ਦੇ।**
**ਆਖਦਾ ਭਮੱਦੀ ਸਦਾ ਚੱਲਣ ਚਲਾਕੀਆਂ ਨਾ**
**ਆਖ ਗਏ ਸਿਆਣੇ ਹੱਥ ਲੰਮੇ ਹੁੰਦੇ ਰੱਬ ਦੇ।**



**ਤਰਲੋਚਨ ਸਿੰਘ ਭਮੱਦੀ (ਢਾਡੀ)**
**ਫੋਨ ਵਟਸਐਪ+91 9814700348**

## 75ਵੀਂ ਸਲਾਨਾ ਬਰਸੀ 'ਤੇ ਵਿਸ਼ੇਸ਼

# ਨਿਮਰਤਾ ਤੇ ਸੇਵਾ ਦੇ ਪੁੰਜ ਸਨ ਸੰਤ ਬਾਬਾ ਦਲੀਪ ਸਿੰਘ ਜੀ ਡੁਮੇਲੀ ਵਾਲੇ

– ਲੇਖਕ –
ਰਣਧੀਰ ਸਿੰਘ ਸੰਬਲ
ਯੂ ਕੇ
ਫੋਨ :07417443300



ਅਕਾਲ ਪੁਰਖ ਪ੍ਰਮਾਤਮਾਂ ਦੇ ਬਣਾਏ ਨਿਯਮ ਅਨੁਸਾਰ ਜਿਵੇਂ ਧਰਤੀ, ਚੰਦ, ਸੂਰਜ, ਸਿਤਾਰੇ, ਪੌਣ-ਪਾਣੀ ਅਤੇ ਚਉ-ਰਾਸੀਹ ਲੱਖ ਜੀਵ-ਜੰਤੂ ਪੈਦਾ ਕੀਤੇ ਗਏ ਅਤੇ ਯੁੱਗਾਂ ਦੀ ਰਚਨਾ ਕੀਤੀ ਗਈ। ਉਸ ਸਮੇਂ ਅਟੱਲ ਨਿਯਮ ਅਨੁਸਾਰ ਆਪਣੀ ਇਸ ਸੁੰਦਰ ਤੇ ਸੌਭਨੀਕ ਫੁਲਵਾਰੀ ਨੂੰ ਸੰਭਾਲਣ, ਸੁਵਾਰਨ ਅਤੇ ਸ਼ਿੰਗਾਰਨ ਲਈ ਪ੍ਰਭੂ ਸਮੇਂ-ਸਮੇਂ ਅਨੁਸਾਰ ਆਪਣੇ ਅਵਤਾਰ ਭੇਜਦਾ ਹੈ। ਜੋ ਸੰਸਾਰ ਵਿੱਚ ਭਟਕੇ ਲੋਕਾਂ ਤਾਂਈਂ ਰੱਬੀ ਸੰਦੇਸ਼ ਦੇ ਕੇ ਕੁਰਾਹੇ ਪਏ ਜੀਵਾਂ ਨੂੰ ਸੱਚੇ ਮਾਰਗ ਵੱਲ ਤੋਰਦੇ ਹਨ। ਐਸੀ ਹੀ ਮਹਾਨ ਆਤਮਾ, ਪਰਉਪਕਾਰੀ ਸੰਤ ਬਾਬਾ ਦਲੀਪ ਸਿੰਘ ਜੀ ਡੁਮੇਲੀ ਵਾਲੇ ਹੋਏ ਹਨ। ਜਿਨ੍ਹਾਂ ਨੇ ਸਿੱਖ ਧਰਮ ਦੇ ਵਿਸਥਾਰ ਹਿੱਤ, ਫਗਵਾੜੇ ਤੋਂ ਹੁਸ਼ਿਆਰਪੁਰ ਨੂੰ ਜਾਣ ਵਾਲੀ ਸੜਕ ਅੱਡਾ ਰਿਹਾਣਾ ਜੱਟਾ ਤੋਂ ਦੋ ਕਿਲੋਮੀਟਰ ਦੂਰ ਪਿੰਡ ਡੁਮੇਲੀ ਦੇ ਉੱਤਰ ਵਾਲੇ ਪਾਸੇ ਕਲਰ ਦੀ ਧਰਤੀ 'ਤੇ ਇਕ ਨਿੱਕੀ ਜਿਹੀ ਛੱਪਰੀ ਤੇ ਭੋਰਾ ਬਣਾ ਕੇ ਘੋਰ ਤਪੱਸਿਆ ਕੀਤੀ। ਜਿਥੇ ਅੱਜ-ਕੱਲ੍ਹ ਸੰਗੀਤ ਅਚਾਰੀਆ ਸੰਤ ਪ੍ਰੀਤਮ ਸਿੰਘ ਜੀ ਦੀ ਦੇਖ-ਰੇਖ ਵਿੱਚ ਬਹੁਤ ਹੀ ਸ਼ਾਨਦਾਰ ਗੁਰਦੁਆਰਾ ਬਣਿਆ ਹੋਇਆ ਹੈ। ਬਾਣੀ ਦਾ ਪ੍ਰਕਾਸ਼ ਹੈ ਜਿਥੋਂ ਕਿ ਲੱਖਾਂ ਹੀ ਭੁੱਲੇ-ਭੱਟਕੇ ਕਲਯੁੱਗੀ ਜੀਵਾਂ ਨੂੰ ਆਤਮਿਕ ਸ਼ਾਂਤੀ ਮਿਲਦੀ ਹੈ। ਇਸ ਅਸਥਾਨ 'ਤੇ ਸੰਗੀਤ ਅਤੇ ਅਧਿਆਤਮਿਕ ਵਿੱਦਿਆ ਤੇ ਗਿਆਨ ਦੀ ਜੋਤਿ ਲੱਟ-ਲੱਟ ਬਲਦੀ, ਅਗਿਆਨਤਾ ਦੇ ਹਨੇਰੇ ਦਾ ਸਫ਼ਾਇਆ ਕਰਦੀ ਹੈ। ਇਹ ਥਾਂ ਆਪ ਜੀ ਦੇ ਆਉਣ ਤੋਂ ਪਹਿਲਾਂ ਇਕ ਬੀਆ ਬਾਣ ਜੰਗਲ ਦੀ ਨਿਆਈਂ ਹੁੰਦੀ ਸੀ। ਆਪ ਜੀ ਨੇ ਇਸ ਦੁਆਬੇ ਦੀ ਧਰਤੀ ਨੂੰ ਵਿੱਦਿਆ ਦੇ ਚਾਨਣ ਨਾਲ ਰੁਸ਼ਨਾਉਣ ਲਈ ਪਿੰਡ ਡੁਮੇਲੀ ਵਿੱਚ ਇਕ ਦਿਹਾਤੀ ਯੂਨੀਵਰਸਿਟੀ ਦੇ ਨਿਰਮਾਣ ਦਾ ਸੁਪਨਾ ਉਲੀਕਿਆ ਸੀ, ਜਿਸ ਨੂੰ ਆਪ ਜੀ ਤੋਂ ਵਰੋਸਾਏ ਸੰਗੀਤਚਾਰੀਆਂ ਸੰਤ ਬਾਬਾ ਸਰਵਣ ਸਿੰਘ ਜੀ ਗੰਧਰਵ ਨੇ 1971 ਵਿੱਚ ਐਸ.ਸੀ.ਬੀ.ਡੀ., ਐੱਸ.ਐੱਸ. ਖ਼ਾਲਸਾ ਕਾਲਜ ਸਥਾਪਿਤ ਕਰਕੇ ਪੂਰਾ ਕੀਤਾ। ਇਸ ਇਲਾਕੇ ਦਾ ਇਹ ਖ਼ਾਲਸਾ ਕਾਲਜ, ਅੱਜ ਵੀ ਦੁਆਬੇ ਦੀ ਸ਼ਾਨ ਬਣਿਆ ਹੋਇਆ ਹੈ।

ਆਪ ਜੀ ਦਾ ਜਨਮ ਪਿੰਡ ਕਾਰੀ ਸਾਰ੍ਹੀ ਵਿਖੇ 15 ਨਵੰਬਰ 1874 ਈ. ਨੂੰ ਗੁਰਸਿੱਖ ਘਰਾਣੇ ਵਿੱਚ ਹੋਇਆ। ਪਿੰਡ ਡੁਮੇਲੀ ਵਿਖੇ ਆਪ ਜੀ ਦੇ ਨਾਨਕੇ ਸਨ। ਛੋਟੀ ਉਮਰ ਵਿੱਚ ਆਪ ਨੇ ਸੰਤ ਬਾਬਾ ਹੀਰਾ ਸਿੰਘ ਜੀ ਬਿਹਾਨੇ ਵਾਲਿਆਂ ਦੀ ਸੰਗਤ ਕੀਤੀ। ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲੀਏ, ਸੰਤ ਬਾਬਾ ਹਰਨਾਮ ਸਿੰਘ ਜੀ ਜਿਆਣ, ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਇਤਿਆਦਿ ਮਹਾਂਪੁਰਖਾਂ ਨਾਲ



ਆਪ ਜੀ ਦਾ ਬਹੁਤ ਸਨੇਹ ਸੀ। ਬਾਬਾ ਜਵਾਲਾ ਸਿੰਘ ਜੀ ਹਰਖੋਵਾਲੀਏ ਅਤੇ ਬਾਬਾ ਭਗਤ ਸਿੰਘ ਜੀ ਮਸਤ ਹਰਖੋਵਾਲ ਵਾਲੇ ਕਾਫੀ-ਕਾਫੀ ਦਿਨ ਆਪ ਜੀ ਪਾਸ ਆ ਕੇ ਠਹਿਰਦੇ ਸਨ। ਜਿਸ ਕਰਕੇ ਆਪ ਜੀ ਦੇ ਅਕਾਲ ਚਲਾਣੇ ਮਗਰੋਂ ਇਸੇ ਹੀ ਅਸਥਾਨ 'ਤੇ 28 ਕੱਤਕ 2014 ਬਿ. ਮੁਤਾਬਿਕ 13 ਨਵੰਬਰ, 1957 ਈ. ਨੂੰ ਸਵੇਰੇ 7 ਵਜੇ ਪੰਜ ਭੂਤਕ ਸਰੀਰ ਨੂੰ ਸੰਤ ਬਾਬਾ ਜਵਾਲਾ ਸਿੰਘ ਜੀ ਨੇ ਤਿਆਗਿਆ ਸੀ। ਡੁਮੇਲੀ ਵਾਲੇ ਮਸਤਾਂ ਨੇ ਇਹ ਸਾਰਾ ਕੌਤਕ ਦੇਖਿਆ।

ਸੰਤ ਬਾਬਾ ਦਲੀਪ ਸਿੰਘ ਜੀ ਦੀਆਂ ਸਿੱਖ ਕੌਮ ਪ੍ਰਤੀ ਕੀਤੀਆਂ ਹੋਈਆਂ ਕੁਰਬਾਨੀਆਂ, ਪੰਥਕ ਤੇ ਸਮਾਜਿਕ ਸੁਧਾਰ ਕਾਰਜਾਂ, ਸੇਵਾ, ਸਿਮਰਨ, ਮਹਾਨ ਤਪੱਸਿਆ, ਰੋਸ਼ਨ ਮੁਨਾਰੇ ਦੀ ਤਰ੍ਹਾਂ ਸਦਾ ਹੀ ਆਉਣ ਵਾਲੇ ਪ੍ਰਮਾਰਥ ਦੇ ਪਾਂਧੀਆਂ ਨੂੰ ਰੁਸ਼ਨਾਈ ਦਿੰਦੀ ਰਹੇਗੀ। ਜਿਸ ਸਮੇਂ ਸਿੱਖ ਸੰਗਤਾਂ ਅਤੇ ਸ. ਸੁੰਦਰ ਸਿੰਘ ਜੀ, ਸ. ਕਰਮ ਸਿੰਘ, ਸ. ਚੰਦਾ ਸਿੰਘ ਅਤੇ ਸ. ਭਾਗ ਸਿੰਘ ਜੀ ਨੇ ਛੇਵੇਂ ਪਾਤਸ਼ਾਹ ਜੀ ਦੀ ਪਾਵਨ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਬੰਮ੍ਹ ਸਾਹਿਬ ਜੀ ਦੀ ਇਮਾਰਤ ਬਨਾਉਣੀ 1935 ਵਿੱਚ ਆਰੰਭ ਕੀਤੀ ਤਾਂ ਉਸ ਸਮੇਂ ਆਪ ਜੀ ਨੇ ਵੀ ਨਗਰ ਨਿਵਾਸੀ ਸੰਗਤਾਂ ਨੂੰ ਪੂਰਾ-ਪੂਰਾ ਸਹਿਯੋਗ ਦਿੱਤਾ।

ਜਿਸ ਸਮੇਂ ਅੰਗ੍ਰੇਜ਼ ਸਰਕਾਰ ਨੇ ਗੰਗਸਰ ਜੈਤੋ ਵਿਖੇ ਦੀਵਾਨ ਦੇ ਮੁਖੀ ਸਿੰਘਾਂ ਨੂੰ 27 ਅਗਸਤ, 1923 ਈ. ਨੂੰ ਗ੍ਰਿਫ਼ਤਾਰ ਕਰ ਲਿਆ ਅਤੇ 14 ਸਤੰਬਰ, 1923 ਨੂੰ ਅੰਗ੍ਰੇਜ਼ ਸਰਕਾਰ ਸਮੇਂ 9 ਫਰਵਰੀ, 1924 ਨੂੰ ਜੈਤੋ ਦੇ ਮੋਰਚੇ ਲਈ ਚੱਲੇ ਸੱਤਵੇਂ ਤੇ ਅੱਠਵੇਂ ਜਥੇ ਦੀ ਅਗਵਾਈ ਸੰਤ ਬਾਬਾ ਦਲੀਪ ਸਿੰਘ ਜੀ ਡੁਮੇਲੀ ਵਾਲਿਆਂ ਅਤੇ ਸ੍ਰ. ਪ੍ਰਤਾਪ ਸਿੰਘ ਜੀ ਖੁਰਦਪੁਰ ਅਤੇ ਸ. ਮਾਨ ਸਿੰਘ ਚੰਬੇ ਨੇ 29 ਜੂਨ, 1924 ਨੂੰ ਕੀਤੀ। ਹਜ਼ਾਰਾ ਸਿੰਘਾਂ ਦੇ ਸਾਥ ਆਪ ਜੀ ਨੂੰ ਗ੍ਰਿਫਤਾਰ ਕੀਤਾ ਗਿਆ। ਸਭ ਤੋਂ ਅੱਗੇ ਹੋ ਕੇ ਆਪ ਜੀ ਨੇ ਅੰਗ੍ਰੇਜ਼ ਪੁਲਸ ਦੀਆਂ ਡਾਂਗਾਂ ਖਾਧੀਆਂ, ਮਾਰਾਂ ਸਹਾਰੀਆਂ ਅਤੇ ਜੇਲ੍ਹਾਂ ਵਿੱਚ ਆਪ ਨੇ ਚੱਕੀਆਂ ਪੀਸੀਆਂ। ਜਿਸ ਕਰਕੇ ਆਪ ਜੀ ਦੇ ਸਹਿਯੋਗ ਤੋਂ ਅਨੇਕਾਂ ਸਿੰਘਾਂ ਦੀ ਸ਼ਹਾਦਤ ਨਾਲ ਸ੍ਰੀ ਗੰਗਸਰ ਜੈਤੋ ਦਾ ਮੋਰਚਾ ਫ਼ਤਹਿ ਹੋਇਆ ਅਤੇ ਪੰਥ ਦੇ ਹਵਾਲੇ ਸਾਰਾ ਪ੍ਰਬੰਧ ਆਇਆ। 6 ਮਈ ਸੰਨ 1935 ਵਿੱਚ ਸੁਲਤਾਨਪੁਰ ਲੋਧੀ ਵਿਖੇ ਗੁਰ-ਦੁਆਰਾ ਸ੍ਰੀ ਹੱਟ ਸਾਹਿਬ ਬਾਉਲੀ ਸਾਹਿਬ ਦਾ ਆਪ ਜੀ ਨੇ ਪੰਜਾਂ ਪਿਆਰਿਆਂ ਸਹਿਤ ਨੀਂਹ ਪੱਥਰ ਰੱਖਿਆ। ਨਿਰਮਲ ਆਸ਼ਰਮ ਦੀ ਆਪ ਜੀ ਨੇ 15 ਨਵੰਬਰ, 1931 ਈ. ਵਿੱਚ ਸਥਾਪਨਾ ਕੀਤੀ। ਇਸ ਅਸਥਾਨ ਦੀ ਇਮਾਰਤ ਬਹੁਤ ਪੁਰਾਣੀ ਹੋ ਜਾਣ ਕਰਕੇ ਸੰਤ ਬਾਬਾ ਸਰਵਣ ਸਿੰਘ ਜੀ ਅਤੇ ਸੰਤ ਬਾਬਾ ਹਰਬੰਸ ਸਿੰਘ ਜੀ ਨੇ 12 ਮਈ, 1976 ਈ. ਨੂੰ ਨਵੇਂ ਸਿਰਿਉਂ ਉਸਾਰੀ ਕਰਨ ਵਾਸਤੇ ਪੰਜਾਂ ਪਿਆਰਿਆਂ ਸਹਿਤ ਸੁੰਦਰ ਇਮਾਰਤ ਦਾ ਨੀਂਹ ਪੱਥਰ ਰੱਖਿਆ। ਇਸ ਗੁਰਦੁਆਰੇ ਵਿੱਚ ਸਵੇਰ ਸ਼ਾਮ ਗੁਰਬਾਣੀ ਦਾ ਪਾਠ ਕਥਾ ਅਤੇ ਕੀਰਤਨ ਰੋਜ਼ਾਨਾ ਹੀ ਹੁੰਦਾ ਹੈ। ਸ਼ਰਧਾਲੂਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ। ਰੋਜ਼ਾਨਾ ਹੀ ਭਾਰੀ ਗਿਣਤੀ ਵਿੱਚ ਸੰਗਤਾਂ ਦੂਰ-ਨੇੜਿਉਂ ਚੱਲ ਕੇ ਇਸ ਮਹਾਨ ਅਸਥਾਨ ਦੇ ਦਰਸ਼ਨ ਕਰਕੇ ਆਤਮਿਕ ਸ਼ਾਂਤੀ ਪ੍ਰਾਪਤ ਕਰਦੀਆਂ ਹਨ।


ਆਪ ਜੀ ਦਾ ਅਮਲੀ ਜੀਵਨ ਸੀ। ਸਾਰੀ ਆਯੂ ਸੰਗਤਾਂ ਦੀ ਤੀਬਰ ਇੱਛਾ ਅਨੁਸਾਰ ਸਾਰੇ ਦੇਸ਼ ਵਿੱਚ ਵਿਚਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਮੁਤਾਬਿਕ ਗੁਰਮਤਿ ਦਾ ਪ੍ਰਚਾਰ ਕੀਤਾ। ਸਿੱਖ ਸੰਗਤਾਂ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਤੱਪਦੇ ਹਿਰਦਿਆਂ ਨੂੰ ਠਾਰਦੇ ਤੇ ਤਾਰਦੇ ਰਹੇ। ਆਪ ਜੀ ਨੇ ਬੰਦਗੀ ਵਾਲੇ ਇਸ ਅਸਥਾਨ 'ਤੇ ਪਰਉਪਕਾਰ ਦੀਆਂ ਸੰਸਥਾਵਾਂ ਚਲਾਈਆਂ ਜੋ ਕਿ ਗੰਧਰਬ ਸੰਗੀਤ ਤੇ ਵਿੱਦਿਆਲੇ ਅਤੇ ਦਵਾਈ ਖਾਨਾ ਹਨ। ਇਨ੍ਹਾਂ ਸਾਰੀਆਂ ਸੰਸਥਾਵਾਂ ਤੇ ਅਸਥਾਨਾਂ ਦੀ ਸੇਵਾ ਸੰਤ ਬਾਬਾ ਸਰਵਣ ਸਿੰਘ ਜੀ ਸੰਗੀਤ ਅਚਾਰੀਆ ਨੇ ਕੀਤੀ। ਸੰਤ ਬਾਬਾ ਸਰਵਣ ਸਿੰਘ ਜੀ ਦਾ ਜਨਮ ਪਿਤਾ ਸ. ਅਮਰ ਸਿੰਘ ਜੀ ਦੇ ਗ੍ਰਹਿ ਮਾਤਾ ਸ਼ਾਮ ਕੌਰ ਦੀ ਕੁੱਖ ਤੋਂ 15 ਸਤੰਬਰ 1926 ਈ. ਨੂੰ ਫਗਵਾੜੇ ਦੇ ਨਜ਼ਦੀਕ ਪਿੰਡ ਭੁਲਾ ਰਾਈ ਵਿਖੇ ਹੋਇਆ। ਸੰਨ 1935 ਈ. ਨੂੰ 9 ਸਾਲ ਦੀ ਉਮਰ ਵਿੱਚ ਆਪ ਜੀ ਡੇਰਾ ਡੁਮੇਲੀ ਵਿਖੇ ਸੰਤ ਦਲੀਪ ਸਿੰਘ ਜੀ ਪਾਸ ਆ ਗਏ। ਮਹਾਂਪੁਰਖਾਂ ਦੀ ਆਗਿਆ ਅਨੁਸਾਰ ਗਵਾਲੀਅਰ ਘਰਾਣੇ ਦੀ ਅਪਰੰਪਰਾ ਅਨੁਸਾਰ ਸੰਗੀਤ ਦੀ ਡਬਲ ਐੱਮ.ਏ. ਕਰਵਾਈ। 1 ਫਰਵਰੀ 2000 ਈ. ਨੂੰ ਆਪ ਅਕਾਲ ਚਲਾਣਾ ਕਰ ਗਏ। ਇਨ੍ਹਾਂ ਤੋਂ ਬਾਅਦ ਪਾਵਨ ਅਸਥਾਨ ਦੀ ਸੇਵਾ ਸੰਗੀਤ ਦੇ ਮਹਾਨ ਧਨੀ, ਸੇਵਾ ਸਿਮਰਨ ਦੀ ਪੂਜਨੀਕ ਸ਼ਖ਼ਸੀਅਤ ਸੰਤ ਬਾਬਾ ਪ੍ਰੀਤਮ ਸਿੰਘ ਜੀ ਬਹੁਤ ਹੀ ਸੁਚੱਜੇ ਢੰਗ ਨਾਲ ਸੰਗਤਾਂ ਦੇ ਸਹਿਯੋਗ ਦੁਆਰਾ ਸ਼ਰਧਾ ਪੂਰਵਕ ਨਿਭਾਉਂਦੇ ਆ ਰਹੇ ਹਨ।

ਆਖਿਰ ਪੰਥ ਦੇ ਮਹਾਨ ਪਰਉਪਕਾਰੀ, ਨਾਮ ਬਾਣੀ ਦੇ ਰਸੀਏ ਸੰਤ ਸਿਪਾਹੀ ਸ੍ਰੀ ਮਾਨ ਸੰਤ ਬਾਬਾ ਦਲੀਪ ਸਿੰਘ ਜੀ 21 ਅਗਸਤ, 1949 ਈ. ਦਿਨ ਬੁੱਧਵਾਰ 6 ਅੱਸੂ 2007 ਬਿ. ਨੂੰ ਅੰਮ੍ਰਿਤ ਵੇਲੇ ਗੁਰਪੁਰੀ ਸਿਧਾਰ ਗਏ। ਸੰਤ ਬਾਬਾ ਦਲੀਪ ਸਿੰਘ ਜੀ ਦੀ ਪਾਵਨ ਮਿੱਠੀ ਸਾਲਾਨਾ ਯਾਦ ਹਰ ਸਾਲ ਉੱਚ ਪੱਧਰ ਤੇ ਸੰਤ ਬਾਬਾ ਪ੍ਰੀਤਮ ਸਿੰਘ ਜੀ ਦੀ ਰਹਿਨੁਮਾਈ ਵਿੱਚ ਬੜੀ ਸ਼ਰਧਾ ਤੇ ਸਤਿਕਾਰ ਸਹਿਤ 21 ਅਗਸਤ ਨੂੰ ਮਨਾਈ ਜਾ ਰਹੀ ਹੈ।

*********

# ਜੋ ਮਜੌਰਟੀ ਕਹੇ ਉਸ ਤਰੀਕੇ ਨਾਲ ਫੈਸਲੇ ਮੰਨੋ

ਪਹਿਲਾਂ ਵੀ ਲਿਖ ਚੁੱਕਾ ਹਾਂ ਪਿਛਲੇ ਹਫ਼ਤੇ ਇਕ ਕਰਾਲੀ ਗੁਰੂ ਘਰ ਵਾਰੇ ਇਕ ਸਫ਼ਾ ਲਿਖਿਆ ਗਿਆ ਲਿਖਣ ਤੋਂ ਭਾਵ ਹੁੰਦਾ ਹੈ ਕਿ ਸੱਚ ਬਾਰੇ ਪੱਤਾ ਚਲ ਸਕੇ ਇਕ ਗੱਲ ਜ਼ਰੂਰ ਹੈ ਅਜਿਹੇ ਫੈਸਲੇ ਕੋਰਟ ਕਚਹਿਰੀ ਵਿੱਚ ਨਿਬੜ ਨਹੀਂ ਸਕਦੇ ਸਿਰਫ਼ ਬੈਠ ਕੇ ਮੀਟਿੰਗ ਕਰਕੇ ਹੱਲ ਕਰੋ। ਸਿੰਘ ਸਭਾ ਦੇ ਬਾਕੀ ਯੂ ਕੇ ਵੱਲੋਂ ਮਹਾਂਪੁਰਖਾਂ ਨੂੰ ਨਾਲ ਲਵੋ । ਗੁਰੂ ਘਰ ਦੇ ਪ੍ਰਧਾਨ ਵਗੈਰਾ ਨੂੰ ਨਾਲ ਲਵੋ । ਪੰਜਾਬ ਟਾਈਮਜ਼ ਵੱਲੋਂ ਪੁਰੇ-ਵਾਲ ਸਾਹਿਬ ਜੋ ਇਕ ਸੁਲਝੇ ਮਨੁੱਖ ਸਨ ਉਨ੍ਹਾਂ ਨੂੰ ਸੱਦੋ । ਮਸਲਾ ਜੋ ਬਾਕੀ ਕਹਿਣ ਜਾਂ ਮਜੌਰਟੀ ਕਹੇ ਉਸ ਤਰੀਕੇ ਨਾਲ ਫੈਸਲਾ ਮੰਨੋ । ਜੋ ਲਿਖਿਆ ਹੈ ਕੀ ਇਹ ਸੱਚ ਹੈ। ਜਦੋਂ ਨਵਾਂ ਥਾਂ ਲਿਆ ਸੀ ਇਹ ਫੈਸਲਾ ਕਰਕੇ ਲਿਆ ਸੀ ਕਿ ਉਸ ਥਾਂ ਤੇ ਵਿਆਹ ਸ਼ਾਦੀਆਂ,



ਜਨਮ ਦਿਨ ਹੋਰ ਵੱਡੇ ਫੰਕਸ਼ਨ ਮਨਾਏ ਜਾਣਗੇ । ਪੁਰਾਣੇ ਥਾਂ ਤੇ ਗੁਰੂ ਘਰ ਇਸ ਤਰ੍ਹਾਂ ਚਲਦਾ ਰਹੇਗਾ । ਵੋਟਾਂ 100% ਪਾਈਆਂ ਹੋਣਗੀਆਂ। -ਕੇ ਐਸ ਜੋਗੀ

# ਸਰਕਾਰੀ ਦਹਿਸ਼ਤ ਦਾ ਸਬੂਤ ਕਾਲੇ ਕਨੂੰਨ ਬਨਾਮ ਯੂਏਪੀਏ

**ਜਸਵੰਤ ਜੀਰਖ**

• • •




ਪਿਛਲੇ 10 ਸਾਲਾਂ ਤੋਂ ਦੇਸ਼-ਧ੍ਰੋਹ ਦੇ ਕੇਸ ਲਗਾਤਾਰ ਵਧ ਰਹੇ ਹਨ। ਯੂਏਪੀਏ ਤਹਿਤ ਕਿੰਨੇ ਹੀ ਬੁੱਧੀਜੀਵੀ, ਰੰਗ ਕਰਮੀ, ਵਕੀਲ, ਡਾਕਟਰ, ਪੱਤਰਕਾਰ ਆਦਿ ਜੇਲ੍ਹਾਂ ਵਿੱਚ ਬੰਦ ਕੀਤੇ ਗਏ ਹਨ ਅਤੇ ਅੱਜ ਤੱਕ ਕੀਤੇ ਜਾ ਰਹੇ ਹਨ। ਬਿਨਾ ਕੋਈ ਮੁਕੱਦਮਾ ਚਲਾਏ ਸਾਲਾਂ ਬੱਧੀ ਜੇਲ੍ਹ ਵਿੱਚ ਬੰਦ ਰਹਿਣ ਕਾਰਨ ਕਈਆਂ ਦੀ ਸਿਹਤ ਬਹੁਤ ਨਾਜ਼ੁਕ ਦੌਰ ਵਿੱਚੋਂ ਲੰਘ ਰਹੀ ਹੈ। ਫਾਦਰ ਸਟੈਨ ਸਵਾਮੀ ਵਰਗੇ ਜੇਲ੍ਹ ਵਿੱਚ ਹੀ ਦਮ ਤੋੜ ਚੁੱਕੇ ਹਨ। ਇਹ ਉਹ ਲੋਕ ਹਨ ਜਿਨ੍ਹਾਂ ਨੇ ਭਾਰਤੀ ਲੋਕਾਂ ਉੱਪਰ ਹੋ ਰਹੇ ਸਰਕਾਰੀ ਤੇ ਗੈਰ-ਸਰਕਾਰੀ ਦਮਨ ਦੇ ਅਸਲ ਕਾਰਨ ਸਮਝ ਕੇ ਉਨ੍ਹਾਂ ਪ੍ਰਤੀ ਲੋਕਾਂ ਵਿੱਚ ਜਾਗ੍ਰਿਤੀ ਫੈਲਾ ਕੇ ਜ਼ਿੰਮੇਵਾਰ ਲੋਕਾਂ ਦੇ ਚਿਹਰੇ ਸਮਾਜ ਸਾਹਮਣੇ ਲਿਆਉਣ ਵਿੱਚ ਆਪਣੀ ਤੀਖਣ ਬੁੱਧੀ ਦੀ ਵਰਤੋਂ ਕਰਦਿਆਂ ਅਹਿਮ ਜ਼ਿੰਮੇਵਾਰੀ ਨਿਭਾਈ।

ਮਾਮਲਾ ਭਾਵੇਂ ਭੀਮਾ ਕੋਰੇਗਾਓਂ ਦਾ ਹੋਵੇ, ਦਿੱਲੀ ਦੇ ਸ਼ਾਹੀਨ ਬਾਗ਼ ਜਾਂ ਦਿੱਲੀ ਯੂਨੀਵਰਸਿਟੀ ਦਾ ਜਾਂ ਫਿਰ ਦੇਸ਼ ਵਿੱਚ ਮਨੀਪੁਰ ਵਰਗਾ ਕੋਈ ਹੋਰ ਖੇਤਰ ਹੋਵੇ; ਇਨ੍ਹਾਂ ਵਿੱਚ ਅਕਸਰ ਸਾਹਮਣੇ ਆਉਂਦਾ ਰਿਹਾ ਹੈ ਕਿ ਪੀੜਤ ਧਿਰ ਦੀ ਹੱਕੀ ਆਵਾਜ਼ ਦਬਾਉਣ ਲਈ ਹਮੇਸ਼ਾ ਧਰਮ ਆਧਾਰਿਤ ਫਿਰਕੂ ਰੰਗਤ ਰਾਹੀਂ ਛਲ ਕਪਟ ਤੇ ਸੱਤਾ ਦੇ ਬਲ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਕਿਸੇ ਵੀ ਤਰ੍ਹਾਂ ਦੇਸ਼-ਧ੍ਰੋਹ ਤੋਂ ਘੱਟ ਨਹੀਂ। ਮਨੀਪੁਰ ਵਿੱਚ ਪੁਲੀਸ ਦੀ ਹਾਜ਼ਰੀ ਵਿੱਚ ਹੁਲੜਬਾਜ਼ਾਂ ਦਾ ਔਰਤਾਂ ਨੂੰ ਨਿਰਵਸਤਰ ਕਰ ਕੇ ਸੜਕਾਂ 'ਤੇ ਘੁਮਾਉਣਾ ਕੀ ਦਰਸਾਉਂਦਾ ਹੈ? ਸ਼ਾਹੀਨ ਬਾਗ ਵਿੱਚ ਮਹਿਲਾਵਾਂ ਦੇ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਵਿੱਢੇ ਸੰਘਰਸ਼ ਮੌਕੇ ਕਈ ਹੋਰ ਇਨਸਾਫ਼ ਪਸੰਦ ਜੱਥੇਬੰਦੀਆਂ ਨੇ ਵੀ ਹਮਾਇਤ ਕੀਤੀ। ਇਸ ਦੌਰਾਨ ਸਰਕਾਰੀ ਬਲਾਂ ਦੀ ਵਰਤੋਂ ਕਰਦਿਆਂ ਜਿੱਥੇ ਸਰਗਰਮ ਕਾਰਕੁਨਾਂ ਖਿਲਾਫ ਕਈ ਸੰਗੀਨ ਕੇਸ ਦਰਜ ਕੀਤੇ ਗਏ ਪਰ ਜਿਹੜੇ ਸ਼ਰ੍ਹੇਆਮ ਡਰਾਉਣ ਧਮਕਾਉਣ ਦੀ ਦਹਿਸ਼ਤ ਪਾ ਕੇ 'ਦੇਸ਼ ਦੇ ਗੱਦਾਰੋਂ ਕੋ, ਗੋਲੀ ਮਾਰੋ...' ਵਰਗੇ ਨਾਅਰੇ ਲਾ ਰਹੇ ਸਨ, ਉਨ੍ਹਾਂ ਨੂੰ ਦਹਿਸ਼ਤ ਪਾਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ। ਅਸਲ ਵਿੱਚ ਦਹਿਸ਼ਤ ਪਾਉਣ ਵਾਲੇ ਇਹ ਲੋਕ ਦੇਸ਼-ਧ੍ਰੋਹ ਵਰਗੇ ਕੇਸਾਂ ਦੇ ਹੱਕਦਾਰ ਸਨ ਪਰ ਅਫਸੋਸ! ਸਰਕਾਰੀ ਸਰਪ੍ਰਸਤੀ ਹੇਠ ਅਜਿਹੀ ਬੁਰਛਾਗਰਦੀ ਸ਼ਰ੍ਹੇਆਮ ਹੁੰਦੀ ਦੇਖੀ ਗਈ।

ਇਸੇ ਤਰ੍ਹਾਂ ਭੀਮਾ ਕੋਰੇਗਾਓਂ ਘਟਨਾ ਵਿੱਚ ਮੁੱਖ ਦੋਸ਼ੀਆਂ ਦੀ ਬਜਾਇ ਉਨ੍ਹਾਂ ਲੋਕਾਂ ਖਿਲਾਫ ਦੇਸ਼-ਧ੍ਰੋਹ ਵਰਗੇ ਕੇਸ ਸਰਕਾਰੀ ਸ਼ਹਿ ਹੇਠ ਦਰਜ ਕਰ ਲਏ ਗਏ ਜਿਹੜੇ ਉਸ ਵੇਲੇ ਉੱਥੇ ਹਾਜ਼ਰ ਵੀ ਨਹੀਂ ਸਨ। ਜਸਟਿਸ (ਸੇਵਾਮੁਕਤ) ਕੋਲਸੇ ਪਾਟਿਲ ਵਰਗੇ ਸਮਾਜ ਚਿੰਤਕ ਬੁੱਧੀਜੀਵੀ ਭਾਵੇਂ ਸਭ ਕੁਝ ਸਪਸ਼ਟ ਕਰ ਚੁੱਕੇ ਹਨ ਪਰ ਇਸ ਦੇ ਬਾਵਜੂਦ ਹਕੂਮਤੀ ਜਬਰ ਬਰਕਰਾਰ ਹੈ। ਅਮਰੀਕਾ ਦੀ ਇੱਕ ਏਜੰਸੀ ਇਹ ਸਿੱਧ ਕਰ ਚੁੱਕੀ ਹੈ ਕਿ ਇਸ ਕੇਸ ਬਾਰੇ ਝੂਠਾ ਬਿਰਤਾਂਤ ਸਿਰਜਣ ਲਈ ਇੱਕ ਸਮਾਜਿਕ ਕਾਰਕੁਨ ਦੇ ਕੰਪਿਊਟਰ ਵਿੱਚ ਬਾਹਰੋਂ ਦਸਤਾਵੇਜ਼ ਫਿੱਟ ਕੀਤੇ ਗਏ ਜਿਸ ਨੂੰ ਆਧਾਰ ਬਣਾ ਕੇ ਦੇਸ਼-ਧ੍ਰੋਹ ਦਾ ਕੇਸ ਬਣਾਇਆ ਗਿਆ ਪਰ ਇਸ ਮਾਮਲੇ ਦੀ ਵਿਗਿਆਨਿਕ ਆਧਾਰ 'ਤੇ ਹੋਰ ਛਾਣ-ਬੀਣ ਕਰਨ ਤੋਂ ਕਿਨਾਰਾ ਕੀਤਾ ਗਿਆ। ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀਐੱਨ ਸਾਈ ਬਾਬਾ ਜੋ ਸਰੀਰਕ ਤੌਰ 'ਤੇ 90% ਅਪਾਹਜ ਹੈ, ਵਰਗੇ ਬੁੱਧੀਜੀਵੀ ਕਾਰਕੁਨਾਂ ਨੂੰ ਵੀ ਦੇਸ਼-ਧ੍ਰੋਹੀ ਕਰਾਰ ਦੇ ਕੇ ਜੇਲ੍ਹ 'ਚ ਬੰਦ ਰੱਖਿਆ ਗਿਆ। ਪ੍ਰੋ. ਸਾਈ ਬਾਬਾ ਮਨੁੱਖੀ ਤੇ ਜਮਹੂਰੀ ਹੱਕ ਕੁਚਲਣ ਖਿਲਾਫ ਆਵਾਜ਼ ਉਠਾਉਣ ਲਈ ਜਾਣੇ ਜਾਂਦੇ ਹਨ।

ਦਿੱਲੀ ਯੂਨੀਵਰਸਿਟੀ ਵਿੱਚ ਫਿਰਕੂ ਟੋਲਿਆਂ ਅਤੇ ਪੁਲੀਸ ਨੇ ਕਿੰਨੇ ਹੀ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ। ਕਈਆਂ ਨੂੰ ਗੰਭੀਰ ਸੱਟਾਂ ਵੀ ਲੱਗੀਆਂ ਪਰ ਕੇਸ ਵੀ ਵਿਦਿਆਰਥੀਆਂ ਖਿਲਾਫ ਹੀ ਦਰਜ ਕਰ ਲਏ ਗਏ। ਯੂਨੀਵਰਸਿਟੀ ਵਿੱਚ ਧਰਮ ਆਧਾਰਿਤ ਫਿਰਕਾਪ੍ਰਸਤ ਟੋਲਿਆਂ ਅਤੇ ਪੁਲੀਸ ਬਲ ਦੇ ਜ਼ੋਰ ਵਿਦਿਆਰਥੀਆਂ ਉੱਪਰ ਤਸ਼ੱਦਦ ਕਰ ਕੇ ਦਨਦਨਾਉਣ ਵਾਲਿਆਂ ਖਿਲਾਫ ਕੋਈ ਕਾਰਵਾਈ ਨਾ ਕਰਨਾ ਕੀ ਸਿੱਧ ਕਰਦਾ ਹੈ? ਇਕ ਪਾਸੇ 2022 ਤੱਕ ਦੇਸ਼ ਦੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਫਰਮਾਨ ਜਾਰੀ ਕੀਤੇ ਗਏ, ਦੂਜੇ ਪਾਸੇ ਕਿਸਾਨਾਂ ਦੀ ਬਜਾਇ ਕਾਰਪੋਰੇਟਾਂ ਦੀ ਆਮਦਨ ਦੁੱਗਣੀ ਹੀ ਨਹੀਂ, ਕਈ ਗੁਣਾ ਵਧਾਉਣ ਲਈ ਤਿੰਨ ਖੇਤੀ ਕਾਨੂੰਨ ਲਿਆਉਣੇ ਕੀ ਦੇਸ਼/ਲੋਕਾਂ ਨਾਲ ਧੋਖਾ ਨਹੀਂ? ਕੀ ਅਜਿਹਾ ਧੋਖਾ ਕਰਨ ਵਾਲਿਆਂ ਖਿਲਾਫ ਦੇਸ਼-ਧ੍ਰੋਹ ਦਾ ਕੇਸ ਨਹੀਂ ਬਣਦਾ? ਇਸ ਧੋਖੇ ਖਿਲਾਫ ਦਿੱਲੀ ਦੀਆਂ ਬਰੂਹਾਂ ਅਤੇ ਚਾਰੇ ਪਾਸੇ ਲੱਗੇ ਕਿਸਾਨ ਮੋਰਚੇ ਨੇ ਸਰਕਾਰੀ ਮਨਸੂਬਿਆਂ ਬਾਰੇ ਲੋਕਾਂ ਦੀ ਸੋਝੀ ਵਿਕਸਿਤ ਕਰਨ ਲਈ ਜੋ ਹਿੱਸਾ ਪਾਇਆ, ਉਹ ਇਤਿਹਾਸਿਕ ਹੋ ਨਿੱਬੜਿਆ ਹੈ। ਇੱਕ ਸਾਲ ਤੋਂ ਵੀ ਵੱਧ ਸਮਾਂ ਚੱਲੇ ਇਸ ਸੰਘਰਸ਼ ਨੇ ਸਰਕਾਰੀ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਲਈ ਕੀਤੀ ਜਾਂਦੀ ਤਿਕੜਮਬਾਜ਼ੀ ਜਿਸ ਢੰਗ ਨਾਲ ਸਾਹਮਣੇ ਲਿਆਂਦੀ, ਉਸ ਨੇ ਦੇਸ਼ ਨੂੰ ਬਚਾਉਣ ਵਾਲਿਆਂ ਅਤੇ ਦੇਸ਼ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇ ਕੇ ਅੰਨ੍ਹਾ ਮੁਨਾਫਾ ਕਮਾਉਣ ਦੀਆਂ ਖੁੱਲ੍ਹਾਂ ਦੇਣ ਵਾਲੀਆਂ ਨੀਤੀਆਂ ਨੂੰ ਸਮਝਣ ਵਿੱਚ ਅਹਿਮ ਰੋਲ ਨਿਭਾਇਆ। ਘੋਲ ਨੂੰ ਲੀਹੋਂ ਲਾਹੁਣ ਲਈ ਜੋ ਸਰਕਾਰੀ ਸਾਜ਼ਿਸ਼ਾਂ ਸਾਹਮਣੇ ਆਈਆਂ, ਉਹ ਸਾਰੀਆਂ ਦੇਸ਼ ਵਿਰੋਧੀ ਕਾਰਵਾਈਆਂ ਸਨ ਜੋ ਸਰਕਾਰੀ ਸਰਪ੍ਰਸਤੀ ਹੇਠ ਦੇਸ਼ ਵਿਰੋਧੀ ਅਨਸਰਾਂ ਰਾਹੀਂ ਵਾਰ-ਵਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਅਜਿਹੀਆਂ ਸਾਜ਼ਿਸ਼ਾਂ ਘੜਨ ਵਾਲਿਆਂ ਖਿਲਾਫ ਦੇਸ਼-ਧ੍ਰੋਹ ਤਾਂ ਕੀ, ਕੋਈ ਆਮ ਕੇਸ ਵੀ ਦਰਜ ਨਹੀਂ ਹੋਇਆ। ਕਿੰਨੇ ਹੀ ਕਿਸਾਨ ਇਸ ਘੋਲ ਦੌਰਾਨ ਗ਼ਲਤ ਸਰਕਾਰੀ ਨੀਤੀਆਂ ਦਾ ਸ਼ਿਕਾਰ ਹੋ ਕੇ ਕੁਰਬਾਨੀਆਂ ਦੇ ਗਏ ਪਰ ਸਰਕਾਰ ਨੇ ਇਨ੍ਹਾਂ ਦੀ ਗਿਣਤੀ ਰੱਖਣ ਦੀ ਵੀ ਲੋੜ ਨਹੀਂ ਸਮਝੀ। ਕੀ ਆਪਣੇ ਹੀ ਦੇਸ਼ ਵਾਸੀਆਂ ਨਾਲ ਅਜਿਹਾ ਵਰਤਾਓ ਦੇਸ਼-ਧ੍ਰੋਹ ਨਹੀਂ?

ਗੁਜਰਾਤ ਕਤਲੇਆਮ ਦੌਰਾਨ ਬਿਲਕੀਸ ਬਾਨੋ ਨਾਲ ਬਲਾਤਕਾਰ ਹੋਇਆ, ਉਸ ਦੀ ਬੱਚੀ ਨੂੰ ਵੀ ਕਤਲ ਕੀਤਾ ਗਿਆ; ਲੰਮੀ ਅਦਾਲਤੀ ਲੜਾਈ ਤੋਂ ਬਾਅਦ ਦੋਸ਼ੀਆਂ ਨੂੰ ਸਜ਼ਾ ਦਿਵਾਈ ਗਈ ਪਰ ਗੁਜਰਾਤ ਦੀ ਭਾਜਪਾ ਸਰਕਾਰ ਨੇ ਦੋਸ਼ੀਆਂ ਨੂੰ ਚੰਗੇ ਵਿਹਾਰ ਦਾ ਸਰਟੀਫਿਕੇਟ ਦੇ ਕੇ ਜੇਲ੍ਹ 'ਚੋਂ ਰਿਹਾਈ ਕਰਵਾ ਦਿੱਤੀ। ਜਦੋਂ ਉਹ ਜੇਲ੍ਹ ਤੋਂ ਬਾਹਰ ਆਏ ਤਾਂ ਉਨ੍ਹਾਂ ਦਾ ਸਵਾਗਤ ਮਠਿਆਈ ਵੰਡ ਕੇ ਅਤੇ ਗਲਾਂ ਵਿੱਚ ਹਾਰ ਪਾ ਕੇ ਸਨਮਾਨਤ ਕੀਤਾ ਗਿਆ। ਕੀ ਇਹ ਕਾਰਵਾਈ ਦੇਸ਼-ਧ੍ਰੋਹੀ ਤੋਂ ਘੱਟ ਹੈ? ਬਾਅਦ ਵਿੱਚ ਜਦੋਂ ਇਨਸਾਫ ਪਸੰਦ ਲੋਕਾਂ ਨੇ ਇਸ ਬੇਨਿਯਮੀ ਖਿਲਾਫ ਆਵਾਜ਼ ਉਠਾਈ ਤਾਂ ਇਨ੍ਹਾਂ ਦੋਸ਼ੀਆਂ ਨੂੰ ਦੁਬਾਰਾ ਜੇਲ੍ਹ ਤਾਂ ਭੇਜ ਦਿੱਤਾ ਗਿਆ ਪਰ ਉਨ੍ਹਾਂ ਨੂੰ ਬਰੀ ਕਰਵਾਉਣ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

ਸੋ, ਸਪਸ਼ਟ ਹੈ ਕਿ ਇਸ ਦੇਸ਼ ਵਿੱਚ ਸੱਤਾ ਦੇ ਜ਼ੋਰ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਦੋਸ਼ੀਆਂ ਨੂੰ ਬਰੀ ਕਰਨ ਅਤੇ ਨਿਰਦੋਸ਼ਾਂ ਦੀਆਂ ਜ਼ਮਾਨਤਾਂ ਵੀ ਨਾ ਹੋਣ ਦੇਣ ਲਈ ਝੂਠੇ ਬਿਰਤਾਂਤ ਸਿਰਜੇ ਜਾਣ ਲਈ ਸਰਕਾਰੀ ਹੱਥ ਵਰਤੇ ਜਾ ਰਹੇ ਹਨ ਜਿਸ ਨੂੰ ਕਿਸੇ ਵੀ ਤਰ੍ਹਾਂ ਦੇਸ਼ ਦੇ ਹਿਤ ਵਿੱਚ ਨਹੀਂ ਕਿਹਾ ਜਾ ਸਕਦਾ।

ਇਸ ਤੋਂ ਬਿਨਾ ਦੇਸ਼ ਦੇ ਕਮਾਊ ਪਬਲਿਕ ਅਦਾਰੇ ਜੋ ਲੋਕਾਂ ਦੀ ਕਿਰਤ ਕਮਾਈ ਅਤੇ ਉਨ੍ਹਾਂ ਦੇ ਦਿੱਤੇ ਟੈਕਸਾਂ ਦੇ ਸਰਮਾਏ ਨਾਲ ਉਸਾਰੇ ਗਏ ਸਨ, ਨੂੰ ਬਿਨਾਂ ਲੋਕਾਂ ਦੀ ਰਾਏ ਲਿਆਂ ਨਿੱਜੀ ਹੱਥਾਂ ਵਿੱਚ ਦੇ ਦਿੱਤਾ ਗਿਆ। ਇਨ੍ਹਾਂ ਵਿੱਚ ਸਿਹਤ, ਸਿੱਖਿਆ, ਹਵਾਈ ਅੱਡੇ, ਟੈਲੀਫੋਨ, ਰੇਲ, ਬਿੱਜਲੀ, ਟਰਾਂਸਪੋਰਟ ਆਦਿ ਅਦਾਰੇ ਗਿਣਨ ਯੋਗ ਹਨ; ਇੱਥੋਂ ਤੱਕ ਕਿ ਸਿੱਖਿਆ ਤੇ ਸਿਹਤ ਜੋ ਦੇਸ਼ ਦੇ ਲੋਕਾਂ ਲਈ ਬਹੁਤ ਹੀ ਮਹੱਤਵਪੂਰਨ ਅਦਾਰੇ ਹਨ, ਨੂੰ ਵੀ ਵੱਡੀ ਪੱਧਰ 'ਤੇ ਨਿੱਜੀਕਰਨ ਰਾਹੀਂ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਕਰ ਕੇ ਨਿੱਜੀ ਮੁਨਾਫੇ ਕਮਾਉਣ ਦੇ ਸਾਧਨਾਂ ਵਿੱਚ ਤਬਦੀਲ ਕਰ ਦਿੱਤਾ ਗਿਆ। ਇਹ ਅਸਲ ਵਿੱਚ ਦੇਸ਼/ਲੋਕ ਵਿਰੋਧੀ ਕਾਰਵਾਈਆਂ ਹਨ। ਦੇਸ਼ ਦੀ ਤਰੱਕੀ ਵਿੱਚ ਆਮ ਮਨੁੱਖ ਲਈ ਚੰਗੀ ਸਿੱਖਿਆ ਅਤੇ ਚੰਗੀ ਸਿਹਤ ਬੇਹੱਦ ਜ਼ਰੂਰੀ ਹੈ ਜਿਸ ਦਾ ਪ੍ਰਬੰਧ ਕਰਨਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ ਪਰ ਅਫਸੋਸ ਕਿ ਸਰਕਾਰ ਇਹ ਜ਼ਿੰਮੇਵਾਰੀ ਨਿਭਾਉਣ ਤੋਂ ਭੱਜ ਗਈ ਹੈ।

ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਸਾਹਮਣੇ ਆਇਆ ਕਿ ਕਿਵੇਂ ਵੱਡੀਆਂ ਕੰਪਨੀਆਂ ਪਾਸੋਂ ਚੋਣ ਬਾਂਡਾਂ ਰਾਹੀਂ ਹਜ਼ਾਰਾਂ ਕਰੋੜ ਦੇ ਫੰਡ ਲੈ ਕੇ ਬਦਲੇ ਵਿੱਚ ਉਨ੍ਹਾਂ ਨੂੰ ਵੱਡੇ-ਵੱਡੇ ਕਾਰੋਬਾਰੀ ਠੇਕੇ ਦਿੱਤੇ ਗਏ। ਕੀ ਇਹ ਦੇਸ਼-ਧ੍ਰੋਹ ਨਹੀਂ? ਕੀ ਦੇਸ਼ ਦੀ ਤਰੱਕੀ ਇਸ ਤਰ੍ਹਾਂ ਹੋਵੇਗੀ? ਲੋਕ ਦੇਸ਼ ਦੀ ਸਰਕਾਰ ਦੇਸ਼ ਚਲਾਉਣ ਲਈ ਚੁਣਦੇ ਹਨ ਜਾਂ ਇਸ ਨੂੰ ਵੇਚਣ ਲਈ? ਕੀ ਇਨ੍ਹਾਂ ਸਵਾਲਾਂ ਦੇ ਜਵਾਬ ਮੰਗਣਾ ਦੇਸ਼-ਧ੍ਰੋਹ ਹੈ? ਇਹ ਸਵਾਲ ਉਠਾਉਣੇ ਹਰ ਦੇਸ਼ ਹਿਤੈਸ਼ੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਰਕਾਰ ਸਾਹਮਣੇ ਅਜਿਹੇ ਸਵਾਲ ਖੜ੍ਹੇ ਕਰ ਕੇ ਦੇਸ਼ ਦੇ ਹਿੱਤ ਵਿੱਚ ਆਵਾਜ਼ ਉਠਾਏ ਅਤੇ ਸਰਕਾਰ ਇਨ੍ਹਾਂ ਦਾ ਜਵਾਬ ਦੇ ਕੇ ਸਪਸ਼ਟ ਕਰਨ ਲਈ ਪਾਬੰਦ ਹੋਵੇ।

ਹੁਣ ਜਦੋਂ ਲੋਕ ਅਜਿਹੇ ਸਵਾਲ ਉਠਾ ਰਹੇ ਹਨ ਤਾਂ ਉਨ੍ਹਾਂ ਦੀ ਜ਼ਬਾਨਬੰਦੀ ਲਈ ਅੰਗਰੇਜ਼ ਵੇਲੇ ਦੇ ਕਾਨੂੰਨ ਖਤਮ ਕਰਨ ਦੇ ਬਹਾਨੇ ਤਿੰਨ ਅਜਿਹੇ ਕਾਨੂੰਨ ਅਜਿਹੇ ਲਿਆਂਦੇ ਗਏ ਜੋ ਦੇਸ਼ ਵਿੱਚ ਮਨੁੱਖ ਦੇ ਬਚਦੇ ਜਮਹੂਰੀ ਹੱਕਾਂ ਨੂੰ ਵੀ ਖਤਮ ਕਰਨ ਦੀ ਵਕਾਲਤ ਕਰਦੇ ਹਨ ਅਤੇ ਦੇਸ਼ ਨੂੰ ਪੁਲੀਸ ਰਾਜ ਵਿੱਚ ਤਬਦੀਲ ਕਰਨ ਦਾ ਰਾਹ ਖੋਲ੍ਹਦੇ ਹਨ। ਇਨ੍ਹਾਂ ਖਿਲਾਫ ਪੰਜਾਬ ਅਤੇ ਕਈ ਹੋਰ ਸੂਬਿਆਂ ਵਿੱਚ ਲੋਕ ਆਵਾਜ਼ ਉਠਾ ਰਹੇ ਹਨ ਜੋ ਦੇਸ਼ ਵਿੱਚ ਜਮਹੂਰੀ ਹੱਕਾਂ ਦੀ ਰਾਖੀ ਲਈ ਬੇਹੱਦ ਜ਼ਰੂਰੀ ਹੈ। ਕਿਰਤੀ ਲੋਕਾਂ ਦੀ ਕਮਾਈ ਰਾਹੀਂ ਕੀਤੀ ਦੇਸ਼ ਉਸਾਰੀ ਨੂੰ ਕੁਝ ਕੁ ਘਰਾਣਿਆਂ ਦੇ ਮੁਨਾਫੇ ਵਧਾਉਣ ਲਈ ਦੇਸ਼ ਨੂੰ ਉਨ੍ਹਾਂ ਦੇ ਹਵਾਲੇ ਕਰਨ ਤੋਂ ਸਿਰਫ ਲੋਕ ਸੰਘਰਸ਼ ਹੀ ਰੋਕ ਸਕਦੇ ਹਨ। ਅਜਿਹੇ ਸੰਘਰਸ਼ ਰੋਕਣ ਲਈ ਹੀ ਇਹ ਕਾਨੂੰਨ ਲਿਆਂਦੇ ਗਏ ਹਨ। ਕੀ ਦੇਸ਼ ਨੂੰ ਕਾਰਪੋਰੇਟਾਂ ਦੀ ਲੁੱਟ ਤੋਂ ਬਚਾਉਣ ਵਾਲਿਆਂ ਖਿਲਾਫ ਅਜਿਹੇ ਕਾਨੂੰਨ ਲਾਗੂ ਕਰਨਾ ਦੇਸ਼-ਧ੍ਰੋਹ ਨਹੀਂ? ਇਸ ਲਈ ਅੱਜ ਦੇਸ਼ ਨੂੰ ਕਾਰਪੋਰੇਟ ਪੱਖੀ ਨੀਤੀਆਂ ਦੇ ਪੰਜੇ 'ਚੋਂ ਕੱਢਣ ਲਈ ਉਨ੍ਹਾਂ ਦੇ ਵਿਰੋਧ ਵਿੱਚ ਵੱਡੇ ਸੰਘਰਸ਼ਾਂ ਲਈ ਖੜ੍ਹੇ ਹੋਣਾ ਹੀ ਦੇਸ਼ ਭਗਤੀ ਹੈ ਜਿਸ ਨੂੰ ਹਾਕਮ ਧਿਰ ਉਲਟਾ ਦੇਸ਼-ਧ੍ਰੋਹ ਕਹਿ ਭੰਡਦੀ ਹੈ।

# ਯੌਰਪ ਦਾ ਸਭ ਤੋਂ ਉੱਚਾ ਪਰਬਤ (ਮੌਂਟ ਬਲਾਂਅ)

ਸੁਖਵੀਰ ਸਿੰਘ ਸੰਧੂ
ਅਲਕੜਾ (ਪੈਰਿਸ)




ਫਰਾਂਸ ਦੇ ਸਾਊਥ ਈਸਟ ਇਲਾਕੇ ਵਿੱਚ ਇੱਟਲੀ ਬਾਡਰ ਦੇ ਨਜ਼ਦੀਕ ਕਈ ਕਿਲੋਮੀਟਰ ਵਿੱਚ ਫੈਲੇ ਹੋਏ ਉਚੇ ਉਚੇ ਪਰਬਤਾਂ ਦੀ ਇੱਕ ਲੰਬੀ ਚੈਨ ਹੈ। ਜਿਸ ਨੂੰ ਐਲਪਸ ਦੇ ਨਾਂਮ ਨਾਲ ਜਾਣਿਆਂ ਜਾਂਦਾ ਹੈ। ਇਥੋਂ ਸਵਿਟਜ਼ਰਲੈਂਡ ਦਾ ਬਾਡਰ ਵੀ ਥੋੜ੍ਹੀ ਦੂਰੀ ਉਪਰ ਹੀ ਪੈਂਦਾਂ ਹੈ। ਇਹਨਾਂ ਐਲਪਸ ਪਰਬਤਾਂ ਦੇ ਕੋਲ ਹੀ ਫਰਾਂਸ ਦਾ ਖੂਬਸੂਰਤ ਛਾਮੂਨਿਕਸ ਨਾਂ ਦਾ ਮਸ਼ਹੂਰ ਕਸਬਾ ਹੈ। ਜਿਥੇ ਸਾਲ 1924 ਵਿੱਚ ਭਾਵ ਸੌ ਸਾਲ ਪਹਿਲਾਂ ਸਰਦੀਆਂ ਦੀਆਂ ਓਲੰਪਿੰਕ ਖੇਡਾਂ ਦੀ ਸ਼ੁਰੂਆਤ ਹੋਈ ਸੀ।

ਕੁਦਰਤੀ ਸੋਮਿਆ ਨਾਲ ਭਰਪੂਰ ਇਹ ਕਸਬਾ ਸੁੰਦਰਤਾ ਅਤੇ ਸਾਫ ਸਫਾਈ ਪੱਖੋਂ ਆਪਣੀ ਮਿਸਾਲ ਆਪ ਹੈ। ਇਥੋਂ ਸੱਤ ਕਿ.ਮੀ. ਦੀ ਦੂਰੀ ਉਪਰ 4807 ਮੀਟਰ ਉਚਾ "ਮੌਂਟ ਬਲਾਂਨ" ਨਾਂ ਦਾ ਪਰਬਤ ਸਥਿੱਤ ਹੈ। ਜਿਸ ਨੂੰ ਯੌਰਪ ਦਾ ਸਭ ਤੋਂ ਉਚਾ ਪਰਬਤ ਮੰਨਿਆ ਜਾਂਦਾ ਹੈ। ਚੜ੍ਹਦੀ ਸਵੇਰ ਦੀ ਧੁੱਪ ਵਿੱਚ ਸੁਨਿਹਰੀ ਭਾਅ ਮਾਰਦੀ ਪਰਬਤ ਦੀ ਚੋਟੀ ਦੇ ਅਦਭੁੱਤ ਨਜ਼ਾਰੇ ਦਾ ਦ੍ਰਿਸ਼ ਵੇਖਣ ਯੋਗ ਹੈ। ਦੇਸ਼ਾਂ ਵਿਦੇਸ਼ਾਂ ਦੇ ਲੋਕੀਂ ਇਸ ਦਾ ਖੂਬ ਅਨੰਦ ਮਾਣਦੇ ਹਨ। ਸਰਦੀਆਂ ਵਿੱਚ ਇਸ ਦੀ ਚੋਟੀ



ਉਪਰ ਚਿੱਟੀ ਚਾਦਰ ਵਾਂਗ ਬਰ.ਫ ਦੀ ਤਹਿ 15 ਤੋ 30 ਮੀਟਰ ਤੱਕ ਜੰਮ ਜਾਂਦੀ ਹੈ। ਇਸ ਦੇ ਉਪਰ ਜਾਣ ਲਈ ਕੈਬਿਨਲਿੱਫਟ ਲੱਗੀ ਹੋਈ







ਹੈ। ਜਿਸ ਨੂੰ "ਟੈਲੀਫੈਰਿੱਕ ਆਗਿਉ ਦੀ ਮਿੱਦੀ" ਦੇ ਨਾਂਮ ਜਾਣਿਆ ਜਾਂਦਾ ਹੈ। ਇਹ ਵੀਹ ਮਿੰਟਾਂ ਵਿੱਚ ਸਾਰੇ ਰਸਤੇ ਨੂੰ ਤਹਿ ਕਰਕੇ 3806 ਮੀਟਰ ਦੀ ਉਚਾਈ ਤੱਕ ਲੈ ਜਾਂਦੀ ਹੈ। ਬੱਚੇ, ਔਰਤਾਂ, ਆਦਮੀ ਤੇ ਬਜ਼ੁਰਗ ਪਹਾੜ੍ਹ ਉਪਰ ਜਾਣ ਲਈ ਸਰਦੀਆਂ ਵਾਲੇ ਕੋਟ ਪਹਿਨੀ ਲਾਈਨਾਂ ਬਣਾਈ ਖੜ੍ਹੇ ਵੇਖੇ ਜਾ ਸਕਦੇ ਹਨ।

ਉਪਰ ਆਕਸੀਜ਼ਨ ਦੀ ਕਮੀ ਹੋਣ ਕਾਰਨ ਇੱਕ ਸਾਲ ਦੇ ਬੱਚੇ ਅਤੇ ਦਮੇ ਦੇ ਮਰੀਜ਼ਾਂ ਲਈ ਜਾਣ ਤੋਂ ਮਨ੍ਹਾਂ ਕੀਤਾ ਜਾਦਾਂ ਹੈ। ਲੋਕਾਂ ਨੂੰ ਹੋਲੀ ਤੁਰਨ ਦੀ ਅਤੇ ਪਾਣੀ ਪੀਣ ਦੀ ਨਸੀਹਤ ਦਿੱਤੀ ਜਾਂਦੀ ਹੈ। ਉਪਰ ਰਾਤ ਬਤਾਉਣ ਦੀ ਮਨਾਹ੍ਹੀ ਹੈ। ਇਥੇ ਦੀ ਵਸਨੀਕ ਜਿਆਦਾ ਕਰਕੇ ਟੂਰਿਸਟ ਲੋਕਾਂ ਤੇ ਹੀ ਨਿਰਭਰ ਕਰਦੇ ਹਨ। ਇਸ ਦੀ ਚੋਟੀ ਉਪਰ 8 ਅਗਸਤ 1786 ਨੂੰ ਹੋਰੋਸ ਦਾ ਸੋਸੂਓਰ ਨਾਂ ਦਾ ਪਹਿਲੇ ਆਦਮੀ ਨੇ ਆਪਣੇ ਗਾਈਡ ਨਾਲ ਸ਼ਾਮ ਛੇ ਵਜ਼ੇ ਕੇ 23 ਮਿੰਟ ਤੇ ਪਹੁੰਚਣ ਦੀ ਜਿੱਤ ਹਾਸਲ ਕੀਤੀ ਸੀ। ਉਹ ਇੱਕ ਪਰਬਤ ਰੋਹੀ ਅਤੇ ਸਵਿਟਜ਼ਰਲੈਂਡ ਦੇ ਜਨੇਵਾ ਸ਼ਹਿਰ ਦਾ ਵਸਨੀਕ ਸੀ। ਕੁਦਰਤੀ ਸੋਮਿਆ ਨਾਲ ਭਰਪੂਰ ਇਥੋਂ ਲੋਕਾਂ ਵਿੱਚ ਕਿਤਾਬਾਂ ਪੜ੍ਹਣ ਦੀ ਰੁੱਚੀ ਵੀ ਵੇਖਣ ਯੋਗ ਹੈ। ਜਿਸ ਦਾ ਅੰਦਾਜ਼ਾ ਇਸ ਤੋਂ ਲਇਆ ਜਾ ਸਕਦਾ ਹੈ,ਕਿ ਹਰ ਇੱਕ ਹੋਟਲ ਦੇ ਡਰਾਂਇਗ ਰੂਮ ਵਿੱਚ ਵੱਡੀ ਲਾਇਬਰ੍ਹੈਰੀ ਬਣੀ ਹੋਈ ਹੈ। ਹੋਟਲ ਦੇ ਕਮਰਿਆਂ ਵਿੱਚ ਵੀ ਫੱਟਿਆਂ ਉਪਰ ਕਿਤਾਬਾਂ ਦੀ ਲਾਈਨਾਂ ਲੱਗੀਆਂ ਹੋਈਆਂ ਹਨ। ਹੈਰਾਨੀ ਜਨਕ ਇਹ ਹੈ ਕਿ ਟਰੈਂਨ ਦੀ ਲਾਈਨ ਕੋਲ ਬੰਦ ਪਏ ਪਬਲਿੱਕ ਟੈਲੀਫੋਨ ਕੈਬਿਨ ਨੂੰ ਕਿਤਾਬਾਂ ਨਾਲ ਭਰ ਕੇ ਲਾਇਬਰ੍ਹੈਰੀ ਬਣਾਇਆ ਹੋਇਆ ਹੈ। ਜਿਥੇ ਜਾ ਕੇ ਕੋਈ ਵੀ ਪੜ੍ਹ ਸਕਦਾ ਹੈ।

ਇਸ ਪਰਬਤ ਦੇ ਨੇੜੇ ਹੀ 24 ਜਨਵਰੀ 1966 ਨੂੰ ਏਅਰ ਇੰਡੀਆ ਦਾ ਜ਼ਹਾਜ਼ ਹਾਦਸਾ ਗ੍ਰਹਿਸਤ ਹੋ ਗਿਆ ਸੀ। ਜਿਸ ਵਿੱਚ ਸਵਾਰ 117 ਬੇਗੁਨਾਹ ਲੋਕੀਂ ਮਾਰੇ ਗਏ ਸਨ। ਇੰਤ.ਫਾਕ ਨਾਲ ਹੀ ਸੰਨ 1950 ਵਿੱਚ ਵੀ ਏਅਰ ਇੰਡੀਆ ਦਾ ਇੱਕ ਹੋਰ ਜਹਾਜ਼ ਇਥੇ ਹੀ ਡਿੱਗਿਆ ਸੀ ਜਿਸ ਵਿੱਚ 48 ਲੋਕਾਂ ਦੀ ਜਾਨ ਚਲੀ ਗਈ ਸੀ। ਪਰ ਇਸ ਸਭ ਕਾਸੇ ਦੇ ਬਾਵਯੂਦ ਪਹਾੜ੍ਹ ਉਪਰ ਚੜ੍ਹਣ ਲਈ ਲੋਕਾਂ ਦੀ ਕਤਾਰਾਂ ਸਵੇਰੇ ਹੀ ਲੱਗ ਜਾਂਦੀਆਂ ਹਨ। ਅੱਜ ਵੀ ਵਿਜ਼ਟਰਾਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ।

## ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com



# ਭਾਦੋਂ ਧੁੱਪਾਂ ਕਹਿਰ ਦੀਆਂ, ਝੜੀਆਂ ਕਈ ਕਈ ਪਹਿਰ ਦੀਆਂ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਦੇਸੀ ਮਹੀਨਿਆਂ ਦੇ ਚੱਕਰ ਵਿੱਚ ਤੀਹ ਦਿਨਾਂ ਦਾ ਰੁੱਤਬਾ ਰੱਖਦਾ ਭਾਦੋਂ ਮਹੀਨਾ ਨਾਨਕਸ਼ਾਹੀ ਕੈਲੰਡਰ ਦਾ ਛੇਵਾਂ ਮਹੀਨਾ ਹੈ। ਇਹ ਅੰਗਰੇਜ਼ੀ ਮਹੀਨਿਆਂ ਦੇ ਅਗਸਤ ਸਤੰਬਰ ਵਿੱਚ ਆਉਂਦਾ ਹੈ। ਮੌਸਮ, ਅਧਿਆਤਮਕ, ਸਮਾਜਿਕ ਤੇ ਸੱਭਿਆਚਾਰਕ ਪੱਖੋਂ ਭਾਦੋਂ ਮਹੀਨਾ ਤਰ੍ਹਾਂ ਤਰ੍ਹਾਂ ਦੇ ਰੰਗ ਬਿਖੇਰਦਾ ਹੋਇਆ ਮਾਨਵਤਾ ਨੂੰ ਸੁਨੇਹੇ ਦਿੰਦਾ ਹੈ। ਸਭ ਤੋਂ ਪਹਿਲਾਂ ਪਵਿੱਤਰ ਗੁਰਬਾਣੀ ਵਿੱਚ ਇਸ ਮਹੀਨੇ ਜੀਊਣ ਦੀ ਜਾਂਚ ਅਤੇ ਖੋਟੇ ਖਰੇ ਦੀ ਪਰਖ ਕਰਵਾਈ ਗਈ ਹੈ। ਇਸ ਤੋਂ ਇਲਾਵਾ ਜੇਹਾ ਬੀਜਣਾ ਉਹੀ ਕੱਟਣ ਦੇ ਸੁਨੇਹੇ ਨਾਲ ਮੰਦੇ ਕਰਮਾਂ ਤੋਂ ਮੋੜਿਆ ਗਿਆ ਹੈ। ਭਾਦੋਂ ਮਹੀਨੇ ਨੂੰ ਦੁਨੀਆਂਦਾਰੀ ਅਤੇ ਮਾਨਵਤਾ ਦੇ ਲਹਿਜ਼ੇ ਤੋਂ ਵਿਚਾਰਣ ਦਾ ਹੁਕਮ ਹੈ:-

"ਭਾਦੁਇ ਭਰਮਿ ਭੁਲਾਣੀਆ
ਦੂਜੈ ਲਗਾ ਹੇਤੁ,
ਲਖ ਸੀਗਾਰ ਬਣਾਇਆ
ਕਾਰਜਿ ਨਾਹੀ ਕੇਤੁ,
ਜਿਤੁ ਦਿਨਿ ਦੇਹ ਬਿਨਸਸੀ
ਤਿਤੁ ਵੇਲੈ ਕਹਸਨਿ ਪ੍ਰੇਤੁ,
ਪਕੜਿ ਚਲਾਇਨਿ ਦੂਤ ਜਮ
ਕਿਸੈ ਨ ਦੇਨੀ ਭੇਤੁ,
ਛਡਿ ਖੜੋਤੇ ਖਿਨੈ ਮਾਹਿ,
ਜਿਨ ਸਿਉ ਲਗਾ ਹੇਤੁ,
ਹਥ ਮਰੋੜੈ ਤਨੁ ਕਪੇ
ਸਿਆਹਹੁ ਹੋਆ ਸੇਤੁ,
ਜੇਹਾ ਬੀਜੈ ਸੋ ਲੁਣੈ
ਕਰਮਾ ਸੰਦੜਾ ਖੇਤੁ"
ਨਾਨਕ ਪ੍ਰਭ ਸਰਣਾਗਤੀ
ਚਰਣ ਬੋਹਿਥ ਪ੍ਰਭ ਦੇਤੁ,
ਸੇ ਭਾਦੁਇ ਨਰਕਿ ਨ ਪਾਈਅਹਿ
ਗੁਰੁ ਰਖਣ ਵਾਲਾ ਹੇਤੁ"

ਭਾਦੋਂ ਵਿੱਚ ਜੱਟ ਨੂੰ ਵੱਜਿਆ ਮੁੜਕੇ ਦਾ ਜੱਫ਼ਾ ਕਹਾਵਤ ਮਸ਼ਹੂਰ ਕਰ ਗਿਆ "ਭਾਦੋਂ ਵਿੱਚ ਜੱਟ ਸਾਧ ਹੋ ਗਿਆ" ਗੱਲ ਇਉਂ ਸੀ ਕਿ ਇਹ ਮਹੀਨਾ ਲਹੂ ਵਾਂਗ ਚੋਂਦੇ ਮੁੜਕੇ ਦਾ ਹੁੰਦਾ ਹੈ। ਉਧਰ ਹੱਥੀਂ ਕਿਰਤ ਨਾਲ ਖੇਤੀ ਕੀਤੀ ਜਾਂਦੀ ਸੀ। ਜੱਟ ਦਾ ਸਿਦਕ ਅਤੇ ਸਿਰੜ ਵੀ ਭਾਦੋਂ ਹੀ ਪਰਖਦਾ ਸੀ। ਖੇਤੀ ਮੀਂਹ ਤੇ ਨਿਰਭਰ ਹੁੰਦੀ ਸੀ। ਇਹ ਮਹੀਨਾ ਮੀਂਹ ਅਤੇ ਹੁੰਮਸ ਵਿੱਚ ਵੀ ਜੱਟ ਨੂੰ ਵਿਹਲਾ ਨਹੀਂ ਬੈਠਣ ਦਿੰਦਾ, ਕਿਉਂਕਿ ਕੰਮ ਕਰਨਾ ਹੀ ਪੈਂਦਾ ਹੈ। ਇਸ ਮਹੀਨੇ ਮੱਕੀਆਂ ਵਿੱਚੋਂ ਘਾਹ ਵੱਢਣਾ ਇੱਕ ਤਰ੍ਹਾਂ ਸਿਰੜ ਦਾ ਸਿਖ਼ਰ ਹੁੰਦਾ ਹੈ। ਭਾਦੋਂ ਮਹੀਨੇ ਮੱਕੀਆਂ ਦੇ ਖੇਤਾਂ ਵਿੱਚ ਸਾਹ ਰੁਕਦਾ ਹੈ ਇਸ ਫ਼ਸਲ ਵਿੱਚੋਂ ਬਾਹਰ ਆ ਕੇ ਵਿੱਚ ਇਉਂ ਲੱਗਦਾ ਕਿ ਕਿਸੇ ਹੋਰ ਦੁਨੀਆਂ ਵਿੱਚ ਆ ਗਏ ਹਾਂ। ਇਸੇ ਲਈ ਹੀ ਇਸ ਨੂੰ ਭੜਦਾਹ ਵੀ ਕਿਹਾ ਜਾਂਦਾ ਹੈ। ਭਾਦੋਂ ਵਿੱਚ ਅਜਿਹਾ ਵਰਤਾਰਾ ਵੀ ਹੁੰਦਾ ਹੈ ਕਿ ਬਾਹਰ ਮੀਂਹ ਵਰ੍ਹਦਾ ਹੈ ਅੰਦਰ ਪਸੀਨਾ ਚੋਂਦਾ ਹੈ। ਧੁੱਪ ਅਤੇ ਮੀਂਹ, ਹੁੰਮਸ ਅਤੇ ਨਮੀ ਦਾ ਪ੍ਰਤੀਕਰਮ ਦਿੰਦੇ ਹੋਏ ਇਸ ਮਹੀਨੇ ਨੇ ਸਾਹਿਤਕ ਸੱਤਰਾਂ ਨੂੰ ਉੱਗਣ ਦਾ ਮੌਕਾ ਦਿੱਤਾ:-

"ਭਾਦੋਂ ਧੁੱਪਾਂ ਕਹਿਰ ਦੀਆਂ
ਝੜੀਆਂ ਕਈ ਕਈ ਪਹਿਰ ਦੀਆਂ"
"ਭਾਦੋਂ ਦੀ ਤਿੜਕੀ
ਮਤਰੇਈ ਦੀ ਝਿੜਕੀ"

ਦੁਪਹਿਰੇ ਨਿਕਲੀ ਧੁੱਪ ਦੀ ਆਰ ਪਾਰ ਹੁੰਦੀ ਚਮਕ ਨੂੰ ਮਤਰੇਈ ਮਾਂ ਵਾਲੇ ਸਲੂਕ ਬਰਾਬਰ ਮੰਨਿਆ ਹੈ। ਕੁਝ ਮਤਰੇਈਆਂ ਸਮੇਂ ਅਨੁਸਾਰ ਦੂਜੇ ਦੇ ਬੱਚੇ ਨੂੰ ਸ਼ਾਂਤ ਮਾਹੌਲ ਵਿੱਚ ਵੀ ਇੱਕਦਮ ਝਿੜਕ ਦਿੰਦੀਆਂ ਸਨ। ਜਿਵੇਂ ਮਾਂ ਅਤੇ ਮਤਰੇਈ ਵਿੱਚ ਫ਼ਰਕ ਹੈ ਇਸੇ ਤਰ੍ਹਾਂ ਹੀ ਭਾਦੋਂ ਅਤੇ ਹੋਰ ਮਹੀਨੇ ਦੀ ਧੁੱਪ ਵਿੱਚ ਵੀ ਫ਼ਰਕ ਹੁੰਦਾ ਹੈ। ਭਾਦੋਂ ਮਹੀਨਾ ਤਪਸ਼ ਦੇ ਨਾਲ ਨਾਲ ਹੋਰ ਵੰਨਗੀਆਂ ਵੀ ਪੇਸ਼ ਕਰਦਾ ਹੈ ਹੀਰ ਦਾ ਮੁਕਲਾਵਾ ਵੀ ਇਸੇ ਭਾਦੋਂ ਵਿੱਚ ਬੋਲਦਾ ਹੈ:-

"ਭਾਦੋਂ ਦਾ ਹੀਰ ਦਾ
ਧਰਿਆ ਮੁਕਲਾਵਾ,
ਉਸ ਨੂੰ ਖ਼ਬਰ ਨਾ ਕਾਈ,
ਮਹਿੰਦੀ ਸ਼ਗਨਾਂ ਦੀ ਚੜ੍ਹ ਗਈ
ਦੂਣ ਸਵਾਈ"

ਇਸੇ ਲਈ ਗਵਾਹੀ ਵੀ ਮਿਲਦੀ ਹੈ:-

"ਤੀਆਂ ਸਾਉਣ ਦੀਆਂ
ਭਾਦੋਂ ਦੇ ਮੁਕਲਾਵੇ"

ਸਾਉਣ ਮਹੀਨਾ ਸ਼ਗਨਾ ਦਾ ਨਿੱਘ ਮਾਨਣ ਲਈ ਕੁੜੀਆਂ ਨੂੰ ਬੁਲਾਉਂਦਾ ਹੈ। ਚਾਅ ਮਲਾਰ ਅਤੇ ਇਕੱਠੀਆਂ ਹੋਈਆਂ ਦੀਆਂ ਰੌਣਕਾਂ ਵਿਛੋੜਾ ਸਹਿਣ ਨਹੀਂ ਕਰ ਸਕਦੀਆਂ ਇਸ ਲਈ ਕਿਹਾ ਗਿਆ ਹੈ:-

"ਭਾਦੋਂ ਚੜ੍ਹਦੀ ਨੂੰ ਅੱਗ ਲੱਗ ਜਾਵੇ,
ਸਾਉਣ ਵੀਰ ਇਕੱਠੀਆਂ ਕਰੇ,
ਭਾਦੋਂ ਚੰਦਰੀ ਵਿਛੋੜੇ ਪਾਵੇ"

ਇਸ ਮਹੀਨੇ ਰੂਪਨਗਰ ਜ਼ਿਲ੍ਹੇ ਵਿੱਚ ਪੈਂਦੇ ਬਿਭੌਰ ਸਾਹਿਬ ਨੂੰ ਉੱਚਾ ਰੁਤਬਾ ਮਿਲਿਆ ਸੀ। ਭਾਦੋਂ ਸੁਦੀ ਅਸ਼ਟਮੀ ਨੂੰ ਇੱਥੇ ਧਾਰਮਿਕ ਮੇਲਾ ਲੱਗਦਾ ਹੈ। ਚੌਪਈ ਸਾਹਿਬ ਨਾਲ ਵੀ ਇਸ ਮਹੀਨੇ ਦੀ ਗੂੜ੍ਹੀ ਸਾਂਝ ਹੈ:-

"ਭਾਦ੍ਰਵ ਸੁਦੀ ਅਸ਼ਟਮੀ ਰਵਿ ਵਾਰਾ,
ਤੀਰ ਸਤੁਦ੍ਰਵ ਗ੍ਰੰਥ ਸੁਧਾਰਾ"

ਮੇਲੇ ਪੰਜਾਬ ਦੀ ਸ਼ਾਨ ਹੋਣ ਕਰਕੇ ਇਸ ਮਹੀਨੇ ਵੀ ਵੱਡਾ ਮੇਲਾ ਛਪਾਰ ਲੁਧਿਆਣਾ ਵਿਖੇ ਮਨਾਇਆ ਜਾਂਦਾ ਹੈ ਇਹ ਮੇਲਾ ਭਾਦੋਂ ਦੀ ਚਾਨਣੀ ਚੌਦਸ ਨੂੰ ਲੱਗਦਾ ਹੈ:-

"ਆਰੀ ਆਰੀ ਆਰੀ
ਮੇਲਾ ਤਾਂ ਛਪਾਰ ਲੱਗਦਾ,
ਜਿਹੜਾ ਲੱਗਦਾ ਜਹਾਂਨ ਤੋਂ ਭਾਰੀ"

ਭਾਦੋਂ ਸੁਵੱਖਤੇ ਤੋਂ ਆਥਣ ਤੱਕ ਜੀਵਨ ਦੇ ਪੰਧ ਨੂੰ ਗੁੰਝਲਦਾਰ ਬਣਾ ਕੇ ਰੱਖਦਾ ਹੈ। ਦੂਜਾ ਪਲ ਹੀ ਬਦਲਵੇਂ ਪਰਛਾਵੇਂ ਪਾ ਦਿੰਦਾ ਹੈ:-

"ਭਾਦੋਂ ਦੇ ਛਰਾਟੇ
ਗੁੰਨੇ ਰਹਿ ਗਏ ਆਟੇ"

ਗਰਮੀ, ਮੀਂਹ, ਧੁੱਪ ਅਤੇ ਮੁੜ੍ਹਕਾ ਮਨੁੱਖੀ ਸਰੀਰ ਦਾ ਰੰਗ ਵੀ ਬਦਲ ਦਿੰਦਾ ਹੈ ਇਸ ਲਈ ਇਸ ਨਕਸ਼ੇ ਨੂੰ ਸੁਰਾਂ ਇਉਂ ਬਿਆਨਦੀਆਂ ਹਨ:-


"ਭਾਦੋਂ ਬਦਰੰਗ, ਗੋਰਾ ਕਾਲਾ ਰੰਗ"

ਪੰਜਾਬੀ ਸੱਭਿਆਚਾਰ, ਸਾਹਿਤ ਅਤੇ ਸੰਸਕ੍ਰਿਤੀ ਵਿੱਚ ਭਾਦੋਂ ਨੂੰ ਬਣਦਾ ਰੁਤਬਾ ਤਾਂ ਦਿੱਤਾ ਗਿਆ ਹੈ, ਪਰ ਕਿਰਤੀਆਂ ਨੂੰ ਇਸ ਦੀ ਮਾਰ ਝੱਲਣੀ ਪੈਂਦੀ ਹੈ। ਕਿਸਾਨੀ ਜੀਵਨ ਲਈ ਇਹ ਕਸਵੱਟੀਆਂ ਲਗਾਉਂਦਾ ਹੈ। ਕੁਦਰਤ ਅਤੇ ਬਨਸਪਤੀ ਦੇ ਪੱਖ ਤੋਂ ਕੁਦਰਤ ਨੇ ਇਹ ਰੁੱਤ ਤਿਆਰ ਕੀਤੀ ਹੈ ਕਿਉਂਕਿ ਇਸ ਦੀ ਤਪਸ਼ ਧਰਤੀ ਅਤੇ ਬਨਸਪਤੀ ਨੂੰ ਜ਼ਰੂਰੀ ਹੁੰਦੀ ਹੈ। ਰੁੱਤਾਂ ਦੇ ਬਦਲਾਓ ਵਿੱਚ ਇਸ ਮਹੀਨੇ ਨਾਲ ਅਗਲੀ ਰੁੱਤ ਦੀ ਬੁਨਿਆਦ ਰੱਖੀ ਜਾਂਦੀ ਹੈ।

✪ ✪ ✪




## ਵਿਦਾਇਗੀ ਭਾਸ਼ਣ ਦੌਰਾਨ ਰੋਣ ਲੱਗੇ ਜੋਅ ਬਾਇਡਨ



ਸ਼ਿਕਾਗੋ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦੀਆਂ ਅੱਖਾਂ ਪਹਿਲੀ ਵਾਰ ਨਮ ਨਜ਼ਰ ਆਈਆਂ ਜਦੋਂ ਸ਼ਿਕਾਗੋ ਵਿਖੇ ਆਰੰਭ ਹੋਈ ਡੈਮੋਕ੍ਰੈਟਿਕ ਪਾਰਟੀ ਦੀ ਕੌਮੀ ਕਨਵੈਨਸ਼ਨ ਦੌਰਾਨ ਉਹ ਵਿਦਾਇਗੀ ਭਾਸ਼ਣ ਦੇਣ ਲਈ ਉਠੇ। ਜੋਅ ਬਾਇਡਨ ਮੰਚ ਫ਼ਰਸਤੂਤੇ ਪੁੱਜੇ ਤਾਂ ਲੋਕਾਂ ਨੇ ਥੈਂਕਿਊ ਜੋਐ ਦੇ ਨਾਹਰੇ ਲਾਏ। ਟਰੰਪ ਨੂੰ ਕਰੜੇ ਹੱਥੀਂ ਲੈਂਦਿਆਂ ਜੋਅ ਬਾਇਡਨ ਨੇ ਕਿਹਾ ਕਿ ਲੋਕਤੰਤਰ ਨੂੰ ਬਚਾਉਣ ਖਾਤਰ ਉਹ ਰਾਸ਼ਟਰਪਤੀ ਬਣੇ। ਦੂਜੇ ਪਾਸੇ ਹਿਲੇਰੀ ਕਲਿੰਟਨ ਨੇ ਕਮਲਾ ਹੈਰਿਸ ਰਾਹੀਂ ਟਰੰਪ ਤੋਂ ਆਪਣੀ ਹਾਰ ਦਾ ਬਦਲਾ ਲੈਣ ਦਾ ਐਲਾਨ ਕੀਤਾ। ਆਪਣੀਆਂ ਅੱਖਾਂ ਪੂੰਝਦਿਆਂ ਜੋਅ ਬਾਇਡਨ ਨੇ ਜ਼ੋਰਦਾਰ ਭਾਸ਼ਣ ਸ਼ੁਰੂ ਕੀਤਾ ਅਤੇ ਕਿਹਾ ਕਿ ਅਮਰੀਕਾ ਵਿਚ ਸਿਆਸੀ ਹਿੰਸਾ ਵਾਸਤੇ ਕੋਈ ਥਾਂ ਨਹੀਂ। ਟਰੰਪ ਵੱਲ ਇਸ਼ਾਰਾ ਕਰਦਿਆਂ ਬਾਇਡਨ ਨੇ ਆਖਿਆ ਕਿ ਸਿਰਫ ਜੇਤੂ ਰਹਿਣ ਮਗਰੋਂ ਹੀ ਤੁਹਾਨੂੰ ਤੁਹਾਡਾ ਮੁਲਕ ਪਿਆਰਾ ਨਹੀਂ ਲੱਗਣਾ ਚਾਹੀਦਾ ਹੈ। ਉਨ੍ਹਾਂ ਕਿਹਾ, ਕੁਝ ਲੋਕ ਕਹਿ ਰਹੇ ਹਨ ਕਿ ਅਮਰੀਕਾ ਹਾਰ ਰਿਹਾ ਹੈ ਜਦਕਿ ਅਸਲੀਅਤ ਇਹ ਹੈ ਕਿ ਉਹ ਖੁਦ ਹਾਰ ਰਹੇ ਹਨ।

## ਪਾਕਿਸਤਾਨ ਚ ਪਹੁੰਚਿਆ ਐਮਪਾਕਸ ਵਾਇਰਸ, ਭਾਰਤ ਦੀ ਚਿੰਤਾ ਵਧੀ

ਐਮਪਾਕਸ ਵਾਇਰਸ ਨਾਲ ਸੰਕਰਮਿਤ ਲੋਕਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਐਮਪਾਕਸ ਦੀ ਲਾਗ ਚਿੰਤਾਜਨਕ ਦਰ ਨਾਲ ਫੈਲ ਰਹੀ ਹੈ। ਭਾਰਤ ਨੂੰ ਵੀ ਇਸ ਵਾਇਰਸ ਨੂੰ ਲੈ ਕੇ ਸਾਵਧਾਨ ਰਹਿਣ ਦੀ ਲੋੜ ਹੈ ਕਿਉਂਕਿ ਪਾਕਿਸਤਾਨ ਵਿਚ ਐਮਪਾਕਸ ਵਾਇਰਸ ਨਾਲ ਪੀੜਤ ਤਿੰਨ ਮਰੀਜ਼ ਪਾਏ ਗਏ ਹਨ। ਉੱਤਰੀ ਖ਼ੈਬਰ ਪਖ਼ਤੂਨਖਵਾ ਸੂਬੇ ਦੇ ਸਿਹਤ ਵਿਭਾਗ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਪਾਕਿਸਤਾਨ ਵਿਚ ਐਮਪਾਕਸ ਵਾਇਰਸ ਤੋਂ ਪੀੜਤ ਤਿੰਨ ਮਰੀਜ਼ਾਂ ਦਾ ਪਤਾ ਲੱਗਾ ਹੈ। ਵਿਭਾਗ ਨੇ ਕਿਹਾ ਕਿ ਯੂਏਈ ਤੋਂ ਆਉਣ ਫ਼ਰਸਤੂਤੇ ਮਰੀਜ਼ਾਂ ਵਿੱਚ ਵਾਇਰਲ ਇਨਫ਼ੈਕਸ਼ਨ ਦਾ ਪਤਾ ਲਗਾਇਆ ਗਿਆ ਸੀ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



**ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ**

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***

For Hindu boy, very handsome, never married, 50 years, 5'10, M.S & B.E in IT, Software professional in Reading city. Looking Sikh/Hindu bride, tall, well educated professional match. contact on email: s2009king@gmail.com or reply to ref. 844 (3044)

A British born gentleman mid 40s looking for sincere homely female 38+ divorcee and over stayer considered any cast please contact 07882 379881 or reply to ref. 843 (3038)

## ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' ਨੂੰ ਲੈ ਕੇ ਸਿੱਖ ਨਾਰਾਜ਼

ਨਵੀਂ ਦਿੱਲੀ: ਬਾਲੀਵੁੱਡ ਅਭਿਨੇਤਰੀ ਅਤੇ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਜਪਾ ਸੰਸਦ ਕੰਗਨਾ ਰਣੌਤ ਦੀ ਆਉਣ ਵਾਲੀ ਫਿਲਮ ਐਮਰਜੈਂਸੀ ਵਿਵਾਦਾਂ ਵਿੱਚ ਘਿਰ ਗਈ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਐਮਰਜੈਂਸੀ ਦੌਰ 'ਤੇ ਆਧਾਰਿਤ ਇਸ ਫਿਲਮ ਦੇ ਦ੍ਰਿਸ਼ਾਂ 'ਤੇ ਇਤਰਾਜ਼ ਪ੍ਰਗਟਾਉਂਦਿਆਂ ਪੰਜਾਬ ਦੇ ਸਿੱਖ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਇਸ ਫਿਲਮ ਦੀ ਰਿਲੀਜ਼ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ। 'ਇਹ ਫਿਲਮ ਇਕ ਸਾਜ਼ਿਸ਼ ਹੈ' ਫਰੀਦਕੋਟ ਦੇ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਪੱਤਰ ਵਿੱਚ ਕਿਹਾ ਹੈ ਕਿ ਫਿਲਮ ਐਮਰਜੈਂਸੀ ਵਿੱਚ ਸਿੱਖਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤੇ ਜਾਣ ਦੀਆਂ ਖਬਰਾਂ ਆ ਰਹੀਆਂ ਹਨ। ਇਸ ਨਾਲ ਸਮਾਜ ਵਿੱਚ ਅਮਨ-ਕਾਨੂੰਨ ਦੀ ਸਥਿਤੀ ਵਿਗੜਨ ਦਾ ਖਦਸ਼ਾ ਹੈ। ਜੇਕਰ ਫਿਲਮ ਵਿੱਚ ਸਿੱਖਾਂ ਨੂੰ ਵੱਖਵਾਦੀ ਜਾਂ ਅੱਤਵਾਦੀ ਦੇ ਰੂਪ ਵਿੱਚ ਦਰਸਾਇਆ ਗਿਆ ਹੈ ਤਾਂ ਇਹ ਇੱਕ ਸਾਜ਼ਿਸ਼ ਹੈ। ਇਹ ਫਿਲਮ ਇੱਕ ਮਨੋਵਿਗਿਆਨਕ ਹਮਲਾ ਹੈ ਜਿਸ ਵੱਲ ਸਰਕਾਰ ਨੂੰ ਪਹਿਲਾਂ ਤੋਂ ਹੀ ਧਿਆਨ ਦੇਣਾ ਚਾਹੀਦਾ ਹੈ ਅਤੇ ਦੂਜੇ ਦੇਸ਼ਾਂ ਵਿੱਚ ਸਿੱਖਾਂ ਪ੍ਰਤੀ ਨਫਰਤ ਨੂੰ ਭੜਕਾਉਣਾ ਬੰਦ ਕਰਨਾ ਚਾਹੀਦਾ ਹੈ।

### CHANGE OF NAME

I, BREEZY D/O MR MAHENDRA PANDI WHOSE PERMANENT ADDRESS IN INDIA IS NO. A1/704, PROVIDENT WELWORTH CITY, 7TH CROSS MARASANDRA, DODDATUMKUR, BENGALURU RURAL, PIN: 561203, KARNATAKA AND NOW LIVING AT 5 VIOLA STREET, BOOTLE, L20 7DP, UK HEREBY GIVE NOTICE OF MY INTENTION TO CHANGE MY NAME TO IYAL GODWIN. (U)


### CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## ਪੁਲਾੜ ਚ ਲੰਮਾ ਸਮਾਂ ਰਹਿਣ ਨਾਲ ਸੁਨੀਤਾ ਵਿਲੀਅਮਜ਼ ਦੀਆਂ ਅੱਖਾਂ ਚ ਪੈਦਾ ਹੋਣ ਲਗੀ ਸਮੱਸਿਆ



ਸੁਨੀਤਾ ਵਿਲੀਅਮਜ਼ ਅਤੇ ਉਨ੍ਹਾਂ ਦੇ ਸਾਥੀ ਬੁਚ ਵਿਲਮੋਰ ਨੂੰ ਹੁਣ ਪੁਲਾੜ ਚ ਸਿਹਤ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 58 ਸਾਲਾ ਸੁਨੀਤਾ ਵਿਲੀਅਮਜ਼ ਨੂੰ ਹੁਣ ਅਪਣੀਆਂ ਅੱਖਾਂ ਚ ਕੁੱਝ ਸਮੱਸਿਆ ਪੇਸ਼ ਆ ਰਹੀ ਹੈ। ਇਹ ਸਮੱਸਿਆ ਆਮ ਤੌਰ ਤੇ ਵਿਅਕਤੀ ਦੇ ਮਾਈਕ੍ਰੋ-ਗ੍ਰੈਵਿਟੀ ਚ ਲੰਮਾ ਸਮਾਂ ਰਹਿਣ ਕਾਰਨ ਆ ਜਾਂਦੀ ਹੈ। ਵਿਲੀਅਮਜ਼ ਦੀ ਸਥਿਤੀ ਨੂੰ ਸਪੇਸ-ਫ਼ਲਾਈਟ ਐਸੋਸੀਏਟਡ ਨਿਊਰੋ-ਅਕਲਰ ਸਿੰਡ੍ਰੋਮ (ਐਸਏਐਨਐਸ) ਵਜੋਂ ਜਾਣਿਆ ਜਾਂਦਾ ਹੈ।

ਇਸ ਸਮੱਸਿਆ ਚ ਸਰੀਰ ਅੰਦਰ ਤਰਲ ਪਦਾਰਥਾਂ ਦੀ ਵੰਡ ਪ੍ਰਭਾਵਿਤ ਹੋ ਜਾਂਦੀ ਹੈ, ਜਿਸ ਕਾਰਨ ਅੱਖਾਂ ਸਬੰਧੀ ਸਮੱਸਿਆਵਾਂ ਪੇਸ਼ ਆ ਸਕਦੀਆਂ ਹਨ। ਇਸ ਵਿਚ ਨਜ਼ਰ ਧੁੰਦਲੀ ਹੋਣ ਲਗਦੀ ਹੈ ਤੇ ਅੱਖ ਦਾ ਪੂਰਾ ਟਾਂਚਾ ਹੀ ਬਦਲ ਸਕਦਾ ਹੈ। ਹੁਣ ਸੁਨੀਤਾ ਵਿਲੀਅਮਜ਼ ਦੀਆਂ ਅੱਖਾਂ ਚ ਸਮੱਸਿਆ ਦਾ ਪਤਾ ਲਾਉਣ ਲਈ ਉਨ੍ਹਾਂ ਦੇ ਰੈਟੀਨਾ, ਕੌਰਨੀਆ ਤੇ ਲੈਨਜ਼ ਦੇ ਸਕੈਨ ਕੀਤੇ ਗਏ ਹਨ। ਇਹ ਦੋਵੇਂ ਬੋਇੰਗ ਦੇ ਪੁਲਾੜ ਵਾਹਨ ਸਟਾਰਲਾਈਨਰ ਦੇ 9 ਦਿਨਾ ਮਿਸ਼ਨ ਤੇ ਗਏ ਸਨ ਪਰ ਸਪੇਸ-ਸ਼ਿਪ ਚ ਗੜਬੜੀ ਕਾਰਣ ਉਨ੍ਹਾਂ ਨੂੰ ਕੌਮਾਂਤਰੀ ਸਪੇਸ ਸਟੇਸ਼ਨ ਤੇ ਹੀ ਸਮਾਂ ਬਤੀਤ ਕਰਨਾ ਪੈ ਰਿਹਾ ਹੈ।

## ਪ੍ਰਤਾਪ ਸਿੰਘ ਬਾਜਵਾ ਕੈਨੇਡਾ ਫ਼ੇਰੀ ਦੌਰਾਨ ਵੈਨਕੂਵਰ ਪੁੱਜੇ ਦੋਸਤਾਂ ਅਤੇ ਸਮਰਥਕਾਂ ਵੱਲੋਂ ਕੀਤਾ ਗਿਆ ਨਿੱਘਾ ਸਵਾਗਤ



ਪ੍ਰਤਾਪ ਸਿੰਘ ਬਾਜਵਾ ਅਤੇ ਕਮਲ ਧਾਲੀਵਾਲ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਦੇ ਦੋਸਤ ਅਤੇ ਸਮਰਥਕ

ਵੈਨਕੂਵਰ-(ਮਲਕੀਤ ਸਿੰਘ)—ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਵਿਧਾਨ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਕੈਨੇਡਾ ਦੌਰੇ ਦੌਰਾਨ ਬੀਤੇ ਦਿਨ ਵੈਨਕੂਵਰ ਏਅਰਪੋਰਟ ’ਤੇ ਪਹੁੰਚੇ। ਜਿੱਥੇ ਉਨ੍ਹਾਂ ਦੇ ਸਮਰਥਕਾਂ ਅਤੇ ਦੋਸਤਾਂ-ਮਿੱਤਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਸਵਾਗਤ ਕਰਨ ਵਾਲਿਆਂ ’ਚ ਗੈਰੀ ਗਰੇਵਾਲ, ਮਨਜੀਤ ਪੰਧੇਰ ਅਤੇ ਅਵਤਾਰ ਗਰੇਵਾਲ ਆਦਿ ਦੇ ਨਾਮ ਜ਼ਿਕਰਯੋਗ ਹਨ। ਇਸ ਮੌਕੇ ’ਤੇ ਇੰਗਲੈਂਡ ਤੋਂ ਵਿਸ਼ੇਸ਼ ਤੌਰ ’ਤੇ ਪੁੱਜੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਕਮਲ ਧਾਲੀਵਾਲ ਵੀ ਹਾਜ਼ਰ ਸਨ।


## ਕੈਨੇਡਾ ਵਿਚ ਸਿੱਖ ਨੌਜਵਾਨ ਨੂੰ ਹੋਵੇਗੀ ਸਜ਼ਾ

ਬਰੈਂਪਟਨ : ਕੈਨੇਡਾ ਵਿਚ ਸਿੱਖ ਨੌਜਵਾਨ ਨੂੰ ਜਾਨਲੇਵਾ ਸੜਕ ਹਾਦਸੇ ਦਾ ਦੋਸ਼ੀ ਕਰਾਰ ਦਿਤਾ ਗਿਆ ਹੈ ਅਤੇ ਸਜ਼ਾ ਦਾ ਐਲਾਨ ਅਕਤੂਬਰ ਵਿਚ ਕੀਤਾ ਜਾਵੇਗਾ। ਅਦਾਲਤੀ ਦਸਤਾਵੇਜ਼ਾਂ ਮੁਤਾਬਕ 11 ਸਤੰਬਰ 2021 ਨੂੰ ਵਾਪਰੇ ਹਾਦਸੇ ਦੌਰਾਨ ਏਕਮਜੋਤ ਸਿੰਘ ਸੰਧੂ ਆਪਣੀ ਗੱਡੀ ਵਿਚ 120 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਜਾ ਰਿਹਾ ਸੀ ਜਦੋਂ ਬਰੈਂਪਟਨ ਵਿਖੇ ਇਕ ਟੈਕਸੀ ਨੂੰ ਟੱਕਰ ਮਾਰ ਦਿਤੀ ਅਤੇ ਟੈਕਸੀ ਡਰਾਈਵਰ ਦੀ ਮੌਤ ਹੋ ਗਈ। ਹਾਦਸੇ ਵੇਲੇ ਏਕਮਜੋਤ ਸੰਧੂ ਦੀ ਫੌਕਸਵੈਗਨ ਜੈਟਾ ਕਾਰ ਵਿਚ ਜਸਨੀਤ ਬਡਵਾਲ ਵੀ ਮੌਜੂਦ ਸੀ ਜਿਸ ਦੀ ਗਵਾਹੀ ਤੇ ਏਕਮਜੋਤ ਸੰਧੂ ਨੂੰ ਦੋਸ਼ੀ ਕਰਾਰ ਦਿਤਾ ਗਿਆ ਹੈ। ਦੂਜੇ ਪਾਸੇ ਏਕਮਜੋਤ ਸੰਧੂ ਨੇ ਦੋਸ਼ ਕਬੂਲ ਕਰਨ ਤੋਂ ਨਾਂਹ ਕਰ ਦਿਤੀ

## ਹਰਿਆਣਾ ਵਿਧਾਨ ਸਭਾ ਚੋਣਾਂ ਲੜ ਸਕਦੀ ਹੈ ਵਿਨੇਸ਼ ਫੋਗਾਟ

ਨਵੀਂ ਦਿੱਲੀ- ਮਸ਼ਹੂਰ ਪਹਿਲਵਾਨ ਵਿਨੇਸ਼ ਫੋਗਾਟ ਦੇ ਹਰਿਆਣਾ ਵਿਧਾਨ ਸਭਾ ਚੋਣਾਂ ਲੜਨ ਦੀ ਸੰਭਾਵਨਾ ਹੈ। ਹਾਲਾਂਕਿ ਵਿਨੇਸ਼ ਨੇ ਪਹਿਲਾਂ ਕਿਹਾ ਸੀ ਕਿ ਉਹ ਸਰਗਰਮ ਰਾਜਨੀਤੀ ਵਿੱਚ ਨਹੀਂ ਆਵੇਗੀ ਪਰ ਤਾਜ਼ਾ ਰਿਪੋਰਟ ਅਨੁਸਾਰ ਕੁਝ ਸਿਆਸੀ ਪਾਰਟੀਆਂ ਉਸ ਨੂੰ ਮਨਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀਆਂ ਹਨ। ਵਿਨੇਸ਼ ਨੇ ਪੈਰਿਸ ਓਲੰਪਿਕ ਚ 100 ਗ੍ਰਾਮ ਜ਼ਿਆਦਾ ਭਾਰ ਹੋਣ ਕਾਰਨ ਫਾਈਨਲ ਚ ਅਯੋਗ ਹੋਣ ਤੋਂ ਬਾਅਦ ਔਰਤਾਂ ਦੇ ਫ੍ਰੀਸਟਾਈਲ 50 ਕਿਲੋਗ੍ਰਾਮ ਵਰਗ ਚ ਸੋਨ ਤਮਗਾ ਜਿੱਤਣ ਦਾ ਮੌਕਾ ਗੁਆ ਦਿੱਤਾ। ਵਿਨੇਸ਼ ਕਿਸ ਪਾਰਟੀ ਚ ਸ਼ਾਮਲ ਹੋ ਰਹੀ ਹੈ, ਇਸ ਦੀ ਪੁਸ਼ਟੀ ਹੋਣੀ ਬਾਕੀ ਹੈ।

# ਸਿਹਤ ਤੇ ਸੁੰਦਰਤਾ



## ਹਲਦੀ ਦੇ ਸੇਵਨ ਨਾਲ ਸਰੀਰ ਨੂੰ ਹੁੰਦੇ ਅਨੇਕਾਂ ਫਾਇਦੇ


ਹਲਦੀ ਦੀ ਵਰਤੋਂ ਹਰ ਘਰ 'ਚ ਕੀਤੀ ਜਾਂਦੀ ਹੈ। ਹਲਦੀ ਖਾਣੇ ਦਾ ਸੁਆਦ ਵਧਾਉਣ ਦੇ ਨਾਲ ਸਰੀਰ ਨੂੰ ਕਈ ਬੀਮਾਰੀਆਂ ਤੋਂ ਦੂਰ ਰੱਖਦੀ ਹੈ। ਹਲਦੀ ਵਿਚ ਬਹੁਤ ਸਾਰੇ ਗੁਣ ਹੁੰਦੇ ਹਨ ਜਿਵੇਂ ਕਿ ਫਾਈਬਰ , ਪੋਟਾਸ਼ੀਅਮ , ਵਿਟਾਮਿਨ ਬੀ6, ਮੈਗਨੀਸ਼ੀਅਮ ਅਤੇ ਵਿਟਾਮਿਨ ਛ ਹੁੰਦੇ ਹਨ। ਇਹ ਆਸਾਨੀ ਨਾਲ ਹਰ ਕਿਸੇ ਦੀ ਰਸੋਈ 'ਚ ਮਿਲ ਜਾਂਦੀ ਹੈ। ਹਲਦੀ 'ਚ ਕੈਂਸਰ ਵਿਰੋਧੀ ਤੱਤ ਮੌਜੂਦ ਹੁੰਦੇ ਹਨ, ਜੋ ਸਰੀਰ ਨੂੰ ਕੈਂਸਰ ਵਰਗੀ ਬੀਮਾਰੀ ਤੋਂ ਦੂਰ ਰੱਖਦੇ ਹਨ। ਇਸਦੇ ਇਲਾਵਾ ਹਲਦੀ ਕੈਂਸਰ ਨੂੰ ਵਧਣ ਤੋਂ ਰੋਕਣ 'ਚ ਰਾਮਬਾਣ ਵਾਂਗ ਕੰਮ ਕਰਦੀ ਹੈ।

ਰੋਜ਼ਾਨਾ ਹਲਦੀ ਦੀ ਵਰਤੋਂ ਕਰਨ ਨਾਲ ਦਿਮਾਗ ਸੁਰੱਖਿਅਤ ਰਹਿੰਦਾ ਹੈ। ਇਸ ਨਾਲ ਦਿਮਾਗ ਦੀਆਂ ਨਾੜੀਆਂ ਦੇ ਸੁੰਗੜਣ ਵਰਗੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲਦਾ ਹੈ। ਹਲਦੀ 'ਚ ਮੌਜੂਦ ਤੱਤ ਕੋਲੈਸਟਰੋਲ ਨੂੰ ਘੱਟ ਕਰਨ 'ਚ ਮਦਦ ਕਰਦੇ ਹਨ। ਇਸਦੇ ਇਲਾਵਾ ਇਹ ਖੂਨ ਨੂੰ ਜੰਮਣ ਤੋਂ ਰੋਕਦੇ ਹਨ। ਇਸ ਲਈ ਹਲਦੀ ਨੂੰ ਆਪਣੇ ਭੋਜਨ 'ਚ ਜ਼ਰੂਰ ਸ਼ਾਮਲ ਕਰੋ।

ਹਲਦੀ 'ਚ ਐਂਟੀ-ਮਾਈਕਰੋਬੀਅਲ ਗੁਣ ਹੁੰਦੇ ਹਨ। ਇਸ ਲਈ ਇਸ ਨੂੰ ਗਰਮ ਦੁੱਧ ਦੇ ਨਾਲ ਲੈਣ ਨਾਲ ਦਮਾ, ਫੇਫੜਿਆਂ 'ਚ ਰੇਸ਼ਾ ਆਦਿ ਬੀਮਾਰੀਆਂ ਤੋਂ ਆਰਾਮ ਮਿਲਦਾ ਹੈ। ਹਲਦੀ 'ਚ ਕੈਲਸ਼ੀਅਮ ਅਤੇ ਮਿਨਰਲਸ ਜਿਹੇ ਕਈ ਪੌਸ਼ਕ ਤੱਤ ਮੌਜੂਦ ਹੁੰਦੇ ਹਨ, ਜੋ ਭਾਰ ਘਟਾਉਣ 'ਚ ਮਦਦਗਾਰ ਹੁੰਦੇ ਹਨ। ਇਸਦੀ ਵਰਤੋਂ ਕਰਨ ਨਾਲ ਸਰੀਰ 'ਚ ਚਰਬੀ ਘੱਟ ਹੁੰਦੀ ਹੈ। ਇਸ ਲਈ ਜੋ ਲੋਕ ਮੋਟਾਪੇ ਦੀ ਸਮੱਸਿਆ ਤੋਂ ਪ੍ਰੇਸ਼ਾਨ ਰਹਿੰਦੇ ਹਨ ਉਨ੍ਹਾਂ ਨੂੰ ਇਸ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਹਲਦੀ ਪਾਚਨ ਸ਼ਕਤੀ ਨੂੰ ਮਜ਼ਬੂਤ ਕਰਨ 'ਚ ਵੀ ਸਹਾਈ ਹੁੰਦੀ ਹੈ। ਇਸ ਤੋਂ ਇਲਾਵਾ ਇਹ ਪੇਟ ਸੰਬੰਧੀ ਸਮੱਸਿਆਵਾਂ ਜਿਵੇਂ ਗੈਸ, ਐਸਿਡਿਟੀ, ਕਬਜ਼ ਆਦਿ ਨੂੰ ਦੂਰ ਕਰਦੀ ਹੈ।

* * * * * * *

## ਕਿਡਨੀ ਨੂੰ ਕਿਵੇਂ ਰੱਖ ਸਕਦੇ ਹੋ ਹੈਲਦੀ



ਮੋਟਾਪਾ ਨਾ ਸਿਰਫ ਤੁਹਾਡੀ ਫਿਗਰ ਨੂੰ ਖਰਾਬ ਕਰਦਾ ਹੈ, ਸਗੋਂ ਇਹ ਕਈ ਬਿਮਾਰੀਆਂ ਦਾ ਘਰ ਵੀ ਹੈ। ਸਿਹਤ ਮਾਹਿਰਾਂ ਅਨੁਸਾਰ ਮੋਟਾਪੇ ਕਾਰਨ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਤੇ ਕਿਡਨੀ ਸਬੰਧੀ ਸਮੱਸਿਆਵਾਂ ਦਾ ਖਤਰਾ ਕਾਫੀ ਵੱਧ ਜਾਂਦਾ ਹੈ। ਗੁਰਦੇ ਖੂਨ ਨੂੰ ਫਿਲਟਰ ਕਰਨ ਦਾ ਕੰਮ ਕਰਦੇ ਹਨ। ਇਹ ਸਰੀਰ ਵਿੱਚ ਇਲੈਕਟ੍ਰੋਲਾਈਟਸ ਦਾ ਸੰਤੁਲਨ ਵੀ ਬਣਾਏ ਰੱਖਦਾ ਹੈ। ਇਸ ਤੋਂ ਇਲਾਵਾ ਇਹ ਬਲੱਡ ਪ੍ਰੈਸ਼ਰ ਨੂੰ ਵੀ ਕੰਟਰੋਲ ਵਿਚ ਰੱਖਦਾ ਹੈ ਪਰ ਵਧਦੇ ਮੋਟਾਪੇ ਕਾਰਨ ਇਹ ਕਿਡਨੀ ਫੰਕਸ਼ਨ ਪ੍ਰਭਾਵਿਤ ਹੋਣ ਲੱਗਦੇ ਹਨ। ਕਿਡਨੀਆਂ ਨੂੰ ਸਿਹਤਮੰਦ ਰੱਖਣ ਲਈ ਸਭ ਤੋਂ ਬੁਨਿਆਦੀ ਚੀਜ਼ਾਂ ਸੰਤੁਲਿਤ ਖੁਰਾਕ, ਲੋੜੀਂਦੀ ਮਾਤਰਾ ਵਿੱਚ ਪਾਣੀ, ਰੋਜ਼ਾਨਾ ਕਸਰਤ ਤੇ ਸਿਗਰਟਨੋਸ਼ੀ ਤੋਂ ਦੂਰੀ ਬਣਾਈ ਰੱਖਣਾ ਹੈ। ਇਨ੍ਹਾਂ ਦੀ ਮਦਦ ਨਾਲ ਬੁਢਾਪੇ 'ਚ ਵੀ ਕਿਡਨੀ ਨੂੰ ਸਿਹਤਮੰਦ ਰੱਖਿਆ ਜਾ ਸਕਦਾ ਹੈ।

ਕਿਡਨੀ ਨੂੰ ਸਿਹਤਮੰਦ ਰੱਖਣ ਲਈ ਸੁਝਾਅ : ਬੱਚਿਆਂ ਦੇ ਸਹੀ ਵਿਕਾਸ ਲਈ ਬੇਹੱਦ ਜ਼ਰੂਰੀ ਹੈ ਕੈਲਸ਼ੀਅਮ, ਘਾਟ ਹੋਣ 'ਤੇ ਸਰੀਰ 'ਚ ਨਜ਼ਰ ਆਉਂਦੇ ਹਨ ਖਾਸ ਸੰਕੇਤ

ਕਸਰਤ ਕਰੋ-ਰੋਜ਼ਾਨਾ ਕੁਝ ਕਸਰਤ ਕਰਨ ਨਾਲ ਸਰੀਰ ਫਿੱਟ ਰਹਿੰਦਾ ਹੈ। ਕਸਰਤ ਦਾ ਮਤਲਬ ਸਿਰਫ਼ ਜਿੰਮ ਜਾਣਾ ਤੇ ਡੰਬਲ ਚੁੱਕਣਾ ਨਹੀਂ ਹੈ। ਤੁਸੀਂ ਜੌਗਿੰਗ, ਸਾਈਕਲਿੰਗ, ਤੈਰਾਕੀ ਵਰਗੀਆਂ ਗਤੀਵਿਧੀਆਂ ਰਾਹੀਂ ਵੀ ਆਪਣੇ ਸਰੀਰ ਨੂੰ ਫਿੱਟ ਰੱਖ ਸਕਦੇ ਹੋ। ਇਸ ਨਾਲ ਮੋਟਾਪਾ ਵੀ ਘੱਟ ਹੋਵੇਗਾ। ਇਸ ਤੋਂ ਇਲਾਵਾ ਬਲੱਡ ਪ੍ਰੈਸ਼ਰ ਤੇ ਸ਼ੂਗਰ ਵੀ ਕੰਟਰੋਲ 'ਚ ਰਹੇਗੀ।

ਡਾਈਟ 'ਚ ਬਦਲਾਅ-ਖਾਸ ਤੌਰ 'ਤੇ ਹਰੀਆਂ ਪੱਤੇਦਾਰ ਸਬਜ਼ੀਆਂ, ਮੌਸਮੀ ਫਲ ਤੇ ਸਾਬਤ ਅਨਾਜ ਨੂੰ ਆਪਣੀ ਖੁਰਾਕ 'ਚ ਸ਼ਾਮਲ ਕਰੋ। ਇਸ ਤੋਂ ਇਲਾਵਾ ਘੱਟ ਤੋਂ ਘੱਟ ਨਮਕ ਤੇ ਚੀਨੀ ਦਾ ਸੇਵਨ ਕਰੋ। ਇਸ ਨਾਲ ਮੋਟਾਪਾ ਵੀ ਵਧਦਾ ਹੈ। ਕਸਰਤ, ਸਿਹਤਮੰਦ ਖੁਰਾਕ ਤੇ ਸਿਗਰਟਨੋਸ਼ੀ ਤੋਂ ਦੂਰ ਰਹਿਣ ਦੇ ਨਾਲ-ਨਾਲ ਇਨ੍ਹਾਂ ਚੀਜ਼ਾਂ 'ਤੇ ਧਿਆਨ ਦੇ ਕੇ ਕਿਡਨੀ ਨੂੰ ਰੱਖ ਸਕਦੇ ਹੋ ਹੈਲਦੀਕਸਰਤ, ਸਿਹਤਮੰਦ ਖੁਰਾਕ ਤੇ ਸਿਗਰਟਨੋਸ਼ੀ ਤੋਂ ਦੂਰ ਰਹਿਣ ਦੇ ਨਾਲ-ਨਾਲ ਇਨ੍ਹਾਂ ਚੀਜ਼ਾਂ 'ਤੇ ਧਿਆਨ ਦੇ ਕੇ ਕਿਡਨੀ ਨੂੰ ਰੱਖ ਸਕਦੇ ਹੋ ਹੈਲਦੀ।


ਹਾਈਡਰੇਟਿਡ ਰਹੋ-ਕਿਡਨੀ ਵਿੱਚ ਮੌਜੂਦ ਗੰਦਗੀ ਨੂੰ ਬਾਹਰ ਕੱਢਣ ਲਈ ਅਤੇ ਗੁਰਦੇ ਦੀ ਪੱਥਰੀ ਦੇ ਖਤਰੇ ਤੋਂ ਬਚਣ ਲਈ ਦਿਨ ਭਰ ਲੋੜੀਂਦੀ ਮਾਤਰਾ ਵਿੱਚ ਪਾਣੀ ਪੀਓ।

ਸਿਗਰਟ ਤੇ ਸ਼ਰਾਬ ਤੋਂ ਰਹੋ ਦੂਰ-ਸਿਗਰੇਟ ਤੇ ਸ਼ਰਾਬ ਕਈ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। ਇਸ ਦੇ ਨਾਲ ਹੀ ਇਹ ਕਿਡਨੀ ਦੇ ਕਾਰਜਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਜਿੰਨਾ ਹੋ ਸਕੇ ਇਨ੍ਹਾਂ ਤੋਂ ਦੂਰ ਰਹੋ। ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਮੋਟਾਪਾ ਕਿਡਨੀ ਨਾਲ ਜੁੜੀਆਂ ਬਿਮਾਰੀਆਂ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ, ਇਸ ਲਈ ਇਸ ਨੂੰ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਹਰ ਤਿੰਨ ਤੋਂ ਛੇ ਮਹੀਨਿਆਂ ਦੇ ਅੰਤਰਾਲ 'ਤੇ ਕਿਡਨੀ ਸਬੰਧੀ ਟੈਸਟ ਕਰਵਾਉਣੇ ਚਾਹੀਦੇ ਹਨ। ਜਿਸ ਕਾਰਨ ਸਮੇਂ ਸਿਰ ਸਮੱਸਿਆ ਦਾ ਪਤਾ ਲੱਗ ਜਾਂਦਾ ਹੈ ਅਤੇ ਇਲਾਜ ਨਾਲ ਇਸ ਨੂੰ ਠੀਕ ਕੀਤਾ ਜਾ ਸਕਦਾ ਹੈ।

## * ਚੂੰਢਾਂ–ਪ੍ਰੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਹਿੰਡਨਬਰਗ ਦੇ ਦੋਸ਼ਾਂ ਤੋਂ ਬਾਅਦ ਵਿਰੋਧੀ ਧਿਰ ਅਤੇ ਸਰਕਾਰ ਆਹਮੋ ਸਾਹਮਣੇ- ਇਕ ਖ਼ਬਰ

-ਭੂਆ ਭਤੀਜੀ ਲੜੀਆਂ, ਵਿਚ ਦਰਵਾਜ਼ੇ ਦੇ।



*ਸੌਦਾ ਸਾਧ 10 ਵੀਂ ਵਾਰ 21 ਦਿਨਾਂ ਦੀ ਪੈਰੋਲ 'ਤੇ ਆਇਆ ਜੇਲ੍ਹ ਤੋਂ ਬਾਹਰ- ਇਕ ਖ਼ਬਰ

-ਸਈਆਂ ਭਏ ਕੋਤਵਾਲ, ਅਬ ਡਰ ਕਾਹੇ ਕਾ।

*ਡੇਰੇ ਦੇ ਸਾਧ ਨੂੰ ਲੁਟੇਰਿਆਂ ਨੇ ਬੰਦੀ ਬਣਾ ਕੇ ਲੁੱਟਿਆ- ਇਕ ਖ਼ਬਰ

-ਚੋਰਾਂ ਨੂੰ ਮੋਰ।



*ਅਕਾਲੀ ਦਲ ਦੇ ਮੌਜੂਦਾ ਵਿਧਾਇਕ ਸੁਖਵਿੰਦਰ ਸਿੰਘ ਸੁਖੀ ਹੋਏ 'ਆਪ' ਵਿਚ ਸ਼ਾਮਲ-ਇਕ ਖ਼ਬਰ

-ਚੁੱਕ ਚਾਦਰਾ ਚਰ੍ਹੀ ਵਿਚ ਚਲੀਏ, ਮੱਕੀ ਵਿਚ ਪੱਛ ਲੜਦੇ।

*ਸੁਖਬੀਰ ਬਾਦਲ ਕਾਰਨ ਲੋਕ ਖ਼ੁਦ ਨੂੰ ਅਕਾਲੀ ਕਹਾਉਣ ਤੋਂ ਵੀ ਕਤਰਾਉਣ ਲੱਗੇ- ਚੰਦੂਮਾਜਰਾ



-ਚੋਰ ਚੌਧਰੀ ਯਾਰ ਨਾਪਾਕ ਦਾਮਨ, ਭੂਤ ਮੰਡਲੀ ਇਕ ਦੂੰ ਚਾਰ ਹੋਈ।

*ਸ਼੍ਰੋਮਣੀ ਅਕਾਲੀ ਦਲ ਸਿਧਾਂਤਹੀਣ ਲੋਕਾਂ ਦਾ ਟੋਲਾ ਬਣ ਕੇ ਰਹਿ ਗਿਐ- ਹਰਿੰਦਰਪਾਲ ਸਿੰਘ, ਦਿੱਲੀ

-ਵਪਾਰੀਆਂ ਦਾ ਇਕੋ ਸਿਧਾਂਤ ਹੁੰਦੈ, ਮੁਨਾਫ਼ਾ ਤੇ ਵਪਾਰ 'ਚ ਤਰੱਕੀ।

*ਕਾਨ੍ਹਪੁਰ ਨੇੜੇ ਸਾਬਰਮਤੀ ਐਕਸਪ੍ਰੈਸ ਰੇਲ ਗੱਡੀ ਦੇ 20 ਡੱਬੇ ਪਟੜਿਉਂ ਲੱਥੇ- ਇਕ ਖ਼ਬਰ

-ਲਗਦੈ ਰੇਲ ਗੱਡੀਆਂ ਵੀ ਵਿਰੋਧੀ ਧਿਰ ਵਿਚ ਸ਼ਾਮਲ ਹੋ ਗਈਆਂ ਨੇ।

*ਰਾਜਪਾਲ ਦਾ ਸਰਕਾਰ ਦੇ ਬਰਾਬਰ ਮੀਟਿੰਗਾਂ ਕਰਨਾ ਸੰਘੀ ਢਾਂਚੇ ਦੇ ਵਿਰੁੱਧ- ਅਕਾਲੀ ਦਲ

-ਊਠ ਨਹੀਂ ਕੁੱਦਦੇ, ਬੋਰੇ ਕੁੱਦਦੇ ਐ।



*ਭਾਈ ਮਨਜੀਤ ਸਿੰਘ ਅਤੇ ਪੰਜੌਲੀ ਨੇ ਜਥੇਦਾਰ ਤੋਂ ਸੁਖਬੀਰ ਬਾਦਲ ਨੂੰ ਮਿਸਾਲੀ ਸਜ਼ਾ ਦੇਣ ਦੀ ਮੰਗ ਕੀਤੀ- ਇਕ ਖ਼ਬਰ

-ਲੂਣਾ ਆਖੇ ਸਲਵਾਨ ਨੂੰ, ਕਰ ਪੂਰਨ ਜਲਦ ਹਲਾਲ।

*400 ਕਰੋੜ ਤੋਂ ਵੀ ਵੱਡਾ ਘਟੀਆ ਅਤੇ ਨਕਲੀ ਡੀ. ਏ. ਪੀ. ਖਾਦ ਦਾ ਘੁਟਾਲਾ ਹੋਇਆ ਨੰਗਾ- ਕਿਸਾਨ ਆਗੂ ਬਹਿਰੂ

-ਲੱਖਾਂ ਕਰੋੜਾਂ ਦੇ ਘੁਟਾਲਿਆਂ ਸਾਹਮਣੇ ਇਹ ਤਾਂ ਘੁਟਾਲੀ ਜਿਹੀ ਐ, ਭਾਈ ਸਾਹਿਬ।




*ਲੋਕ ਸਭਾ ਚੋਣਾਂ 'ਚ ਪਤਨੀ ਨੂੰ ਭੈਣ ਵਿਰੁੱਧ ਖੜ੍ਹੀ ਕਰ ਕੇ ਗ਼ਲਤੀ ਕੀਤੀ- ਅਜ਼ੀਤ ਪਵਾਰ

-ਅਬ ਪਛਤਾਏ ਕਿਆ ਹੋਤ, ਜਬ ਚਿੜੀਆਂ ਚੁਗ ਗਈ ਖੇਤ।


*ਸਿੱਖ ਕੌਮ ਨੂੰ ਇਕ ਲੜੀ 'ਚ ਪਰੋਣ ਲਈ 'ਆਲ ਇੰਡੀਆ ਗੁਰਦੁਆਰਾ ਐਕਟ' ਦੀ ਲੋੜ- ਇਕ ਖ਼ਬਰ

-ਬਾਦਲਾਂ ਦੀ ਬੇੜੀ 'ਚ ਵੱਟੇ ਪਏ ਨਹੀਂ ਤਾਂ ਇਹ ਐਕਟ ਬਣ ਜਾਣਾ ਸੀ।



*ਹਰਿਆਣਾ ਵਿਚ ਕਾਂਗਰਸ ਬਹੁਮੱਤ ਨਾਲ ਬਣਾਏਗੀ ਸਰਕਾਰ- ਭੂਪਿੰਦਰ ਸਿੰਘ ਹੁੱਡਾ

-ਕੋਠੀ 'ਚੋਂ ਲਿਆ ਦੇ ਘੁੰਗਰੂ, ਬੱਗੇ ਬਲਦ ਖਰਾਸੇ ਜਾਣਾ।



*ਹਿੰਡਨਬਰਗ ਦੀ ਰਿਪੋਰਟ ਮਗਰੋਂ ਸੇਬੀ ਦੀ ਭਰੋਸੇਯੋਗਤਾ ਦਾਅ 'ਤੇ ਲੱਗੀ- ਇਕ ਖ਼ਬਰ

-ਨਿੰਮ ਨਾਲ ਝੂਟਦੀਏ, ਤੋਤਾ ਪੀ ਗਿਆ ਗੁਲਾਬੀ ਰੰਗ ਤੇਰਾ।



*ਇਕ ਲੱਖ ਦਸ ਹਜ਼ਾਰ ਪਰਵਾਸੀਆਂ ਲਈ ਕੈਨੇਡਾ ਦੀ ਪੀ.ਆਰ. ਦਾ ਸੱਦਾ- ਇਕ ਖ਼ਬਰ

-ਭਰ ਲਉ ਝੋਲ਼ੀਆਂ ਮਿੱਤਰੋ, ਲੱਡੂਆਂ ਦਾ ਮੀਂਹ ਵਰ੍ਹਦਾ।

* * * * * * *

# ਇੱਕ ਵਾਰ ਫਿਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦਾ ਮਾਮਲਾ ਅਦਾਲਤ 'ਚ ਜਾਣ ਦਾ ਖਦਸ਼ਾ

## ਜਨਰਲ ਅਜਲਾਸ ਤੋਂ ਪਹਿਲਾਂ ਸ਼ੇਰ ਗਰੁੱਪ ਸਾਊਥਾਲ ਵੱਲੋਂ ਸਿੱਖ ਮਿਸ਼ਨਰੀ ਸੁਸਾਇਟੀ ਵਿਖੇ ਮੀਟਿੰਗ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਦੇਸ਼ਾਂ ਵਿੱਚ ਗੁਰਦੁਆਰਿਆਂ ਦੇ ਪ੍ਰਬੰਧ ਹਮੇਸ਼ਾਂ ਚਰਚਾ ਵਿੱਚ ਰਹੇ ਹਨ। ਖਾਸ ਤੌਰ ਤੇ ਸਿੱਖਾਂ ਵਿੱਚ ਆਪਸੀ ਝਗੜੇ ਅਦਾਲਤਾਂ ਦਾ ਰੁੱਖ ਕਰਦੇ ਆ ਰਹੇ ਹਨ। ਇਹ ਕੋਈ ਨਵੀਂ ਗੱਲ ਨਹੀਂ। ਗੁਰ-ਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਆ ਰਹੀ ਜਨਰਲ ਬਾਡੀ ਦੀ ਮੀਟਿੰਗ ਨੂੰ ਰੱਖਦਿਆਂ ਸ਼ੇਰ ਗਰੁੱਪ ਦੀ ਇੱਕ ਅਹਿਮ ਮੀਟਿੰਗ ਸਿੱਖ ਮਿਸ਼ਨਰੀ ਸੁਸਾਇਟੀ ਵਿਖੇ ਕੀਤੀ ਗਈ।

ਇਸ ਮੀਟਿੰਗ ਨੂੰ ਸਭਾ ਦੇ ਸਾਬਕਾ ਗ੍ਰੰਥੀ ਭਾਈ ਬਲਵਿੰਦਰ ਸਿੰਘ ਪੱਟੀ, ਹਰਜੀਤ ਸਿੰਘ ਸਰਪੰਚ, ਗੁਰਮੇਲ ਸਿੰਘ ਮੱਲੀ, ਅਮ੍ਰਿਤਪਾਲ ਸਿੰਘ ਬਰਾੜ, ਸਤਨਾਮ ਸਿੰਘ ਚੌਹਾਨ, ਬਲਜਿੰਦਰ ਸਿੰਘ, ਹਰਨੇਕ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ, ਹਰਜਿੰਦਰ ਸਿੰਘ, ਸੁਲੱਖਣ ਸਿੰਘ, ਤਜਿੰਦਰ ਸਿੰਘ ਆਦਿ ਨੇ ਸੰਬੋਧਨ ਕੀਤਾ।


ਸ਼ੇਰ ਗਰੁੱਪ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਬੁਲਾਰੇ

ਮੀਟਿੰਗ ਵਿੱਚ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਮੌਜੂਦਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੀ ਜਨਰਲ ਬਾਡੀ ਮੀਟਿੰਗ ਦੌਰਾਨ ਨਵੇਂ ਚੁਣੇ ਟਰੱਸਟੀਆਂ ਦੀ ਚੋਣ ਪ੍ਰਕ੍ਰਿਆ ਅਤੇ ਸੰਵਿਧਾਨ ਵਿੱਚ ਸੋਧ ਦੀ ਪ੍ਰਕ੍ਰਿਆ ਦੀ ਆਲੋਚ-ਨਾ ਕੀਤੀ। ਬੁਲਾਰਿਆਂ ਨੇ ਕਿਹਾ ਕਿ ਸੰਵਿਧਾਨ ਵਿੱਚ ਸੋਧ ਅਤੇ ਟਰੱਸਟੀਆਂ ਦੀ ਚੋਣ ਗੈਰਸੰਵਿਧਾਨਿਕ ਤਰੀਕੇ ਨਾਲ ਕੀਤੀ ਗਈ ਹੈ। ਇਸ ਮੌਕੇ ਇਹ ਵੀ ਕਿਹਾ ਗਿਆ ਕਿ ਇਸ ਮਾਮਲੇ ਵਿੱਚ ਚੈਰਿਟੀ ਕਮਿਸ਼ਨ ਨੂੰ ਸ਼ਿਕਾਇਤ ਵੀ ਕੀਤੀ ਗਈ ਹੈ। ਭਾਵੇਂ ਕਿ ਇਸ ਮਾਮਲੇ ਨੂੰ ਬੈਠ ਨੇ ਨਜਿੱਠਣ ਲਈ ਦੋਵਾਂ ਧਿਰਾਂ ਵਿੱਚਕਾਰ ਗੱਲਬਾਤ ਕਰਵਾਉਣ ਲਈ ਬਲਜਿੰਦਰ ਸਿੰਘ ਨੂੰ ਜਿੰਮੇਂਵਾਰੀ ਵੀ ਦਿੱਤੀ ਗਈ ਤਾਂ ਕਿ ਅਦਾਲਤੀ ਚੱਕਰਾਂ ਤੋਂ ਬਚਿਆ ਜਾ ਸਕੇ।

ਭਾਵੇਂ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਮੇਸ਼ਾਂ ਕਿਹਾ ਜਾਂਦਾ ਰਿਹਾ ਹੈ ਕਿ ਇਹ ਦੋਵੇਂ ਪ੍ਰਕ੍ਰਿਆਵਾਂ ਸੰਵਿਧਾਨ ਅਨੁਸਾਰ ਹੀ ਕੀਤੀਆਂ ਗਈਆਂ ਹਨ। ਲੇਕਨ ਹੁਣ ਸਮਾਂ ਹੀ ਦੱਸੇਗਾ ਕਿ ਇਹ ਮਾਮਲਾ ਭਵਿੱਖ ਵਿੱਚ ਕੀ ਰੁੱਖ ਅਖਤਿਆਰ ਕਰੇਗਾ।

# INDIA CRY FOR ACTION

What happened to the young doctor in Kolkata Is happening to thousands of women in India, although it's not much of a interest to the media or the people at large. The educational department and the indian administration must seriously address issues concerning the problem, violence against women. The justice system needs urgent reform and investigations to what is causing the problem. The government of India must spend public money on the infra-structure and security in providing facilities at hospitals and courts. Protests have erupt-ed in Kolkata and other cities of India after a sexual assault and murder of 31 year old trainee doctor in the city of RG Kar medical colledge hospital. Dr moumita Debnath who was on night duty was brutally sexually assaulted and murdered by civic volunteer sanjay roy inside the seminar hall on the 3rd floor of the campus. Momita naked body was found on the fourth floor of the building.The preliminary post- mortem report indicated that there was blood in her eyes, and there were injury Mark's on multiple parts of her body, this was clearly indicating that this was brutal torture that had taken place. The headlines that we see in India are heartbreaking, I'm still shocked that their has been so much of delay for the justice in manipur last year. Every day in India women are suffering unimaginable horrors, almost 90 cases of sexual assault are reported every day, every hour 4 women are raped in India. This is a country where women are not safe in their own homes, workplaces schools and universities. As India celebrat-ed its 78th Independence Day I find myself reflecting deeply what freedom truly means for the women in India. Freedom is not just about breaking away from constraints, it's about choices. Women in India should fulfill and pursue there dreams and challenge the norm and encourage each other. However true freedom remains elusive when women dont feel safe to walk the street without fear. Incidents like the recent attack is a stark reminder that india administration has long way in ensuring the saftey and security of all women. My message to all women in India is to stand up for each other, raise you voices against unjust practices and be at it till you see it change fir a better india and safer place.





ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

**From: LAMBARDAR DHARMVEER SINGH CLAIRE COVENTRY**


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਅਮਰੀਕਾ ਦੇ ਸ਼ਹਿਰ ਡੈਲਸ ਵਿਖੇ 2024 ਦਾ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ ਕਰਵਾਇਆ ਗਿਆ





ਡੈਲਸ, ਟੈਕਸਾਸ-(ਸਮੀਪ ਸਿੰਘ ਗੁਮਟਾਲਾ)-ਬੀਤੇ ਦਿਨੀਂ ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵਲੋਂ ਕਰਵਾਏ ਜਾਂਦੇ ਚਾਰ ਰੋਜ਼ਾ ਸਲਾਨਾ ਇੰਟਰਨੈਸ਼ਨਲ ਸਿੱਖ ਯੂਥ ਸਿਮਪੋਜ਼ੀਅਮ 2024 ਸੰਬੰਧੀ ਮੁਕਾਬਲੇ ਅਮਰੀਕਾ ਦੇ ਸੂਬੇ ਨੋਰਥ ਕੈਰੋਲੀਨਾ ਦੇ ਸ਼ਹਿਰ ਸ਼ਾਰਲੈਟ ਵਿਖੇ ਆਯੋਜਿਤ ਕੀਤੇ ਗਏ। ਗੁਰਦੁਆਰਾ ਸਿੰਘ ਸਭਾ ਰਿਚਰਡਸਨ ਵਿਖੇ ਹੋਏ ਪ੍ਰੋਗਰਾਮਾਂ ਵਿਚ ਅਮਰੀਕਾ ਅਤੇ ਕੈਨੇਡਾ ਤੋਂ ਆਏ 6 ਸਾਲ ਤੋਂ ਲੈ ਕੇ 22 ਸਾਲਾਂ ਤੱਕ ਦੇ 61 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ।

ਸਿਮਪੋਜ਼ੀਅਮ ਅਤੇ ਸੰਸਥਾ ਦੇ ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਸੰਸਥਾ ਵਲੋਂ ਇਹ ਸਮਾਗਮ ਸਾਲ 1989 ਤੋਂ ਹਰ ਸਾਲ ਮਾਰਚ-ਅਪ੍ਰੈਲ ਦੇ ਮਹੀਨੇ ਵਿੱਚ ਪਹਿਲਾਂ ਅਮਰੀਕਾ ਅਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ, ਫਿਰ ਰਾਜ ਪੱਧਰੀ ਤੇ ਅੰਤ ਵਿਚ ਅਗਸਤ ਦੇ ਮਹੀਨੇ 'ਚ ਅੰਤਰ-ਰਾਸ਼ਰਟੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ, ਜਿਸ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਭਾਗ ਲੈਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਨੂੰ 13 ਹਿੱਸਿਆਂ ਵਿਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਫਾਈਨਲ ਮੁਕਾਬਲਿਆਂ ਵਿਚ ਜਾਂਦੇ ਹਨ।

ਉਹਨਾਂ ਅੱਗੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਗਿਆ ਹੈ। ਹਰੇਕ ਗਰੁੱਪ ਨੂੰ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿੱਚੋ ਤਿੰਨ ਸਵਾਲਾਂ ਦੇ ਜਵਾਬ 6 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ "ਮਾਈ ਗੁਰੂਜ਼ ਬਲੈਸਿੰਗਜ਼", ਦੂਜੇ ਨੂੰ "ਟੀਚਿੰਗ ਸਿੱਖ ਹੈਰੀਟੇਜ ਟੂ ਯੂਥ", ਤੀਜੇ ਨੂੰ "20 ਮਿੰਟ ਗਾਈਡ ਟੂ ਦ ਸਿੱਖ ਫੇਥ" ਅਤੇ ਚੌਥੇ ਨੂੰ "ਕਲੈਸ਼ ਆਫ ਕਲਚਰਜ਼" ਪੁਸਤਕ ਦਿੱਤੀ ਗਈ। ਇਹਨਾਂ ਵਿੱਚੋਂ ਉਹਨਾਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ ਭਾਸਨ ਨਾਲ ਦਿੱਤੇ।

1984 ਦੇ ਘੱਲੂਘਾਰੇ ਅਤੇ ਸਿੱਖਾਂ ਦੇ ਕਤਲੇਆਮ ਦੀ 40ਵੀ ਵਰ੍ਹੇਗੰਢ ਨੂੰ ਸਮਰਪਿਤ, ਪੰਜਵੇਂ ਗਰੁੱਪ ਦਾ ਵਿਸ਼ਾ, "1984 ਦਾ ਘੱਲੂਘਾਰਾ, ਉਸ ਤੋਂ ਬਾਦ ਦਾ ਸਿੱਖ ਸੰਘਰਸ਼, ਅਤੇ ਖਾਲਸਾ ਜੀ ਦੇ ਬੋਲ ਬਾਲੇ" ਰੱਖਿਆ ਗਿਆ ਸੀ। ਇਸ ਵਿਚ ਭਾਗ ਲੈਣ ਵਾਲੇ 16 ਤੋਂ 22 ਸਾਲਾਂ ਦੇ 12 ਨੌਜਵਾਨਾਂ ਨੇ ਵਿਸ਼ੇ ਸੰਬੰਧੀ ਡਿਬੇਟ ਵਿਚ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਇਹ ਡਿਬੇਟ ਲਗਭਗ ਚਾਰ ਘੰਟੇ ਤੱਕ ਚੱਲੀ ਅਤੇ ਇਸ ਵਿੱਚ ਸ਼ੁਰੂਆਤੀ ਬਿਆਨ, ਪੁੱਛੇ ਗਏ ਪ੍ਰਸ਼ਨਾਂ ਅਤੇ ਜਵਾਬ ਦੇ ਨਾਲ ਸੰਬੰਧਤ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਅਤੇ ਸਮਾਪਤੀ ਦਾ ਬਿਆਨ ਸ਼ਾਮਲ ਸਨ। ਡਿਬੇਟ ਦੇ ਸੰਚਾਲਕ ਉਹ ਨੌਜਵਾਨ ਸਨ ਜਿਹੜੇ ਪਹਿਲਾਂ ਇਹਨਾਂ ਮੁਕਾਬਲਿਆਂ 'ਚ ਸ਼ਾਮਲ ਹੁੰਦੇ ਰਹੇ ਸਨ ਅਤੇ ਹੁਣ ਉਹੀ ਇਹਨਾਂ ਸਮਾਗਮਾਂ 'ਚ ਵਲੰਟੀਅਰ ਕਰ ਰਹੇ ਹਨ।

ਇਹਨਾਂ ਸਲਾਨਾ ਫਾਈਨਲ ਮੁਕਾਬਲਿਆਂ 'ਚ ਪਹੁੰਚਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਸ਼ਾਮ ਦਾ ਇਕ ਵਿਸ਼ੇਸ਼ ਪ੍ਰੋਗਰਾਮ ਰੱਖਿਆ ਜਾਂਦਾ ਹੈ ਜਿਸ ਵਿਚ ਸਾਰੇ ਬੁਲਾਰਿਆਂ ਦਾ ਸਨਮਾਨ ਕੀਤਾ ਜਾਂਦਾ ਹੈ ਅਤੇ ਉਹਨਾਂ ਬਾਰੇ ਆਏ ਹੋਏ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਪ੍ਰੋਗਰਾਮ ਦੌਰਾਨ 84 ਦੇ ਘੱਲੂਘਾਰੇ ਅਤੇ ਸਿੱਖਾਂ ਦੇ ਕਤਲੇਆਮ ਨੂੰ ਸਮਰਪਿਤ ਨਾਟਕ ਦੀ ਪੇਸ਼ਕਾਰੀ ਇਹਨੀ ਪ੍ਰਭਾਵਸ਼ਾਲੀ ਸੀ ਕਿ ਹਾਜ਼ਰ ਮਹਿਮਾਨਾਂ ਦੀਆਂ ਅੱਖਾਂ ਹੰਝੂਆਂ ਨਾਲ ਨਮ ਹੋ ਗਈਆਂ।

ਸਿਮਪੋਜ਼ੀਅਮ ਵਿਚ ਪਹਿਲੇ ਗਰੁੱਪ ਵਿਚ ਐਟਲਾਂਟਾ ਤੋਂ ਜੀਅਰਾ ਕੌਰ, ਦੂਜੇ ਵਿੱਚ ਉਨਟਾਰੀਓ ਤੋਂ ਕੇਸਰ ਸਿੰਘ, ਤੀਜੇ ਵਿਚ ਨੋਰਥ ਕੈਰੋਲਾਈਨਾ ਤੋਂ ਬਿਸਮਾਦ ਕੌਰ, ਚੌਥੇ ਵਿਚ ਕੈਲੀਫੋਰਨੀਆ ਤੋਂ ਏਕਨੂਰ ਸਿੰਘ ਤੇ ਪੰਜਵੇਂ ਵਿਚ ਨਾਰਥ ਕੈਰੋਲਾਈਨਾ ਤੋਂ ਰੂਹਾਨੀ ਕੌਰ ਪਹਿਲੇ ਸਥਾਨ 'ਤੇ ਰਹੇ। ਜੇਤੂਆਂ ਤੋਂ ਇਲਾਵਾ ਸਾਰੇ ਭਾਗ ਲੈਣ ਵਾਲਿਆਂ ਨੂੰ ਵਿਸ਼ੇਸ਼ ਪੁਰਸਕਾਰ ''ਡਿਸਟਿੰਗਯੂਟਿਸ਼ਡ ਸਪੀਕਰ ਅਵਾਰਡ'' ਦਿੱਤਾ ਗਿਆ।

ਸਿਆਨਾ ਸੰਸਥਾ ਦੇ ਕਨਵੀਨਰ ਸ. ਕੁਲਦੀਪ ਸਿੰਘ ਦਾ ਕਹਿਣਾ ਸੀ ਕਿ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆ ਨੂੰ ਜਿੱਥੇ ਸਿੱਖ ਇਤਿਹਾਸ, ਗੁਰਬਾਣੀ, ਧਰਮ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ ਨਾਲ ਹੀ ਉਹਨਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲਗਦਾ ਹੈ। ਹਰ ਉਮਰ ਦੇ ਸੇਵਾਦਾਰਾਂ ਦੁਆਰਾ ਤਨ, ਮਨ ਤੇ ਧਨ ਨਾਲ ਲੰਗਰ ਤੇ ਹੋਰ ਸੇਵਾਵਾਂ ਕੀਤੀਆਂ ਗਈਆਂ। ਉਹਨਾਂ ਡੈਲਸ ਵਿਖੇ ਇਸ ਸਲਾਨਾ ਸਮਾਗਮ ਨੂੰ ਸਫਲਤਾਪੂਰਵਕ ਆਯੋਜਤ ਕਰਨ ਲਈ ਬੱਚਿਆਂ, ਸੰਗਤ, ਟੈਕਸਾਸ ਸੂਬੇ ਦੇ ਕਨਵੀਨਰ ਹਰਦੀਪ ਕੌਰ ਮੱਲ੍ਹੀ, ਉਹਨਾਂ ਦੇ ਨਾਲ ਸਾਰੇ ਵਲੰਟੀਅਰਾਂ, ਅਤੇ ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰਬੰਧਕ ਕਮੇਟੀ ਦਾ ਵੀ ਧੰਨਵਾਦ ਕੀਤਾ। ਇਹ ਵੀ ਐਲਾਨ ਕੀਤਾ ਗਿਆ ਕਿ ਅਗਲੇ ਸਾਲ ਦਾ ਅੰਤਰਰਾਸ਼ਟਰੀ ਸਿਮਪੋਜ਼ੀਅਮ ਕੈਲੀਫੌਰਨੀਆ ਸੂਬੇ ਦੇ ਸ਼ਹਿਰ ਬੇਕਰਸਫੀਲਡ ਵਿਖੇ ਕਰਵਾਇਆ ਜਾਵੇਗਾ।

# ਇਟਲੀ ਦੀ ਰਾਜਧਾਨੀ ਰੋਮ ਵਿਖੇ ਧੂਮ-ਧਾਮ ਨਾਲ ਮਨਾਇਆ ਗਿਆ ਭਾਰਤ ਦਾ 78ਵਾਂ ਸੁਤੰਤਰਤਾ ਦਿਵਸ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)-ਅਸੀਂ ਸਮੂਹ ਭਾਰਤੀ ਭਾਰਤ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲੇ ਉਹਨਾਂ ਸਮੂਹ ਸ਼ਹੀਦਾਂ ਦੇ ਸਦਾ ਹੀ ਰਿਣੀ ਰਹਾਂਗੇ ਜਿਹਨਾਂ ਨੇ ਆਪਣਾ ਜੀਵਨ ਦੇਸ਼ ਦੀ ਆਜ਼ਾਦੀ ਲਈ ਨਿਛਾਵਰ ਕਰਕੇ ਸਾਨੂੰ ਆਜ਼ਾਦੀ ਲੈਕੇ ਦਿੱਤੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਅੰਬੈਂਸੀ ਰੋਮ ਦੇ ਸਤਿਕਾਰਤ ਰਾਜਦੂਤ ਮੈਡਮ ਵਾਣੀ ਰਾਓ ਨੇ ਰੋਮ ਵਿਖੇ ਭਾਰਤੀ ਅੰਬੈਂਸੀ ਰੋਮ ਤੇ ਸਮੂਹ ਭਾਰਤੀ ਭਾਈਚਾਰੇ ਵੱਲੋਂ ਮਨਾਏ ਭਾਰਤ ਦੇ 78ਵੇਂ ਸੁਤੰਤਰਤਾ ਦਿਵਸ ਮੌਕੇ ਹਾਜ਼ਰੀਨ ਵੱਡੇ ਇਕੱਠ ਨਾਲ ਕੀਤਾ। ਇਸ ਮੌਕੇ ਮੈਡਮ ਵਾਣੀ ਰਾਓ ਨੇ ਭਾਰਤ ਦਾ ਝੰਡਾ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕਰਦਿਆਂ ਮਾਨਯੋਗ ਰਾਸ਼ਟਰਪਤੀ ਦਰਾਓਪਦੀ ਮੁਰਮੂ ਦਾ ਦੇਸ਼ ਵਾਸੀਆਂ ਦੇ ਨਾਮ ਸੰਦੇਸ਼ ਵੀ ਪੜ੍ਹ ਕੇ ਸੁਣਾਇਆ। ਭਾਰਤ ਦੇ ਰਾਸ਼ਟਰ ਗੀਤ ਜਨ-ਗਣ-ਮਣ ਤੋਂ ਆਜ਼ਾਦੀ ਦਿਵਸ ਸਮਾਰੋਹ ਦੀ ਸ਼ੁਰੂਆਤ ਹੋਈ ਤੇ ਉਪੰਰਤ ਭੰਗੜੇ ਸਮੇਤ ਹੋਰ ਵੀ ਭਾਰਤੀ ਸਭਿਆਚਾਰ ਨਾਲ ਸੰਬਧਤ ਲੋਕ ਨਾਚ ਪੇਸ਼ ਕੀਤੇ ਗਏ। ਨੰਨੇ-ਮੰਨੇ ਬੱਚਿਆਂ ਵੀ ਦੇਸ਼ ਭਗਤੀ ਨਾਲ ਸੰਬਧੀ ਗੀਤ ਗਾਏ। ਇਸ ਮੌਕੇ ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਰਾਹੀ ਦੇਸ਼ ਵਾਸੀਆਂ ਨੂੰ ਮੈਡਮ ਵਾਣੀ ਰਾਓ ਨੇ 78ਵੇਂ ਸੁਤੰਤਰਤਾ ਦਿਵਸ ਦੀ ਵਧਾਈ ਦਿੰਦੀਆਂ ਕਿਹਾ ਕਿ ਉਹ ਇਟਲੀ ਰਹਿਣ ਬਸੇਰਾ ਕਰਦੇ ਭਾਰਤੀ ਭਾਈਚਾਰੇ ਦੀ ਸੇਵਾ ਵਿੱਚ ਹਨ ਤੇ ਭਾਈਚਾਰੇ ਨੂੰ ਪੇਸ਼ ਆਉਂਦੀਆਂ ਦਰਪੇਸ਼ ਮੁਸ਼ਕਿਲਾਂ ਲਈ ਇਟਲੀ ਸਰਕਾਰ ਨਾਲ ਭਾਰਤੀ ਅੰਬੈਂਸੀ ਰੋਮ ਪਹਿਲ ਦੇ ਅਧਾਰ ਤੇ ਗੱਲਬਾਤ ਕਰਦੀ ਰਹਿੰਦੀ ਹੈ। ਜਿਹੜੇ ਭਾਰਤੀ ਇਟਲੀ ਆਉਣਾ ਚਾਹੁੰਦੇ ਹਨ ਉਹ ਕਾਨੂੰਨੀ ਤੌਰ ਤੇ ਆਉਣ ਤਾਂ ਜੋ ਉਹਨਾਂ ਨੂੰ ਇੱਥੇ ਆਕੇ ਮੁਸ਼ਕਿਲਾਂ ਦਾ ਸਾਹਮੁਣਾ ਨਾ ਕਰਨਾ ਪਵੇ। ਭਾਰਤੀ ਦੇ 78ਵੇਂ ਸੁਤੰਤਰਤਾ ਦਿਵਸ ਵਿੱਚ ਹਾਜ਼ਰੀਨ ਬਹੁ ਗਿਣਤੀ ਮਹਿਮਾਨਾਂ ਲਈ ਅੰਬੈਂਸੀ ਵੱਲੋਂ ਵਿਸੇ ਭਾਰਤੀ ਖਾਣਿਆਂ ਦਾ ਵੀ ਪ੍ਰਬੰਧ ਕੀਤਾ ਗਿਆ।ਇਸ ਮੌਕੇ ਇਟਲੀ ਭਰ ਤੋਂ ਬਹੁ-ਗਿਣਤੀ ਭਾਰਤੀਆਂ ਤੋਂ ਇਲਾਵਾ ਇਟਾਲੀਅਨ ਤੇ ਹੋਰ ਦੇਸ਼ਾਂ ਦੇ ਲੋਕਾਂ ਨੇ ਸੁਤੰਤਰਤਾ ਦਿਵਸ ਵਿੱਚ ਸ਼ਾਰੀਕ ਹੋ ਸਭ ਨੂੰ ਵਧਾਈ ਦਿੱਤੀ।



# ਰਫ਼ੀਕ, ਮੈਨੂੰ ਨਨਕਾਣੇ ਲੈ ਚੱਲ....ਮੈਂ ਪੱਗਾਂ ਵਾਲੇ ਸਰਦਾਰ ਦੇਖਣੇ ਆ

➢ ਉਜਾੜੇ ਦਾ ਦਰਦ ਇਸ ਕਦਰ ਹਿੱਕ ਨਾਲ ਲਾ ਕੇ ਰੱਖਿਆ ਕਿ ਪੰਜਾਬ ਤੋਂ ਤੁਰਨ ਵੇਲੇ ਬੰਨ੍ਹੀ ਪੱਗ ਮਰਨ ਤੱਕ ਸਿਰ 'ਤੇ ਰੱਖੀ।

➢ ਕਿਸ ਗੱਲ ਦੇ ਜਸ਼ਨ? ਕਿਹੜਾ ਮਾਅਰਕਾ ਮਾਰ ਲਿਆ??



**ਮਨਦੀਪ ਖੁਰਮੀ ਹਿੰਮਤਪੁਰਾ**



ਸਾਹ ਲੈਂਦਾ ਹਰ ਜੀਵ, ਬੂਟਾ, ਮਨੁੱਖ ਆਜਾਦੀ ਲੋਚਦੈ। ਪਿੰਜਰੇ 'ਚ ਕੈਦ ਤੋਤੇ, ਚਿੜੀਆਂ ਵੀ ਖੁੱਲ੍ਹੇ ਅੰਬਰੀਂ ਉੱਡਣਾ ਲੋਚਦੇ ਹਨ ਪਰ ਤਾਕਤਵਰ ਧਿਰ ਇਨਸਾਨ ਆਪਣੀ ਖੁਸ਼ੀ ਲਈ ਉਹਨਾਂ ਨਿਤਾਣਿਆਂ ਨੂੰ ਗੁਲਾਮ ਬਣਾ ਕੇ ਰੱਖਦੈ। ਗੁਲਾਮੀ ਖਿਲਾਫ ਆਜ਼ਾਦ ਹੋਣ ਦੀ ਇੱਛਾ ਨਿਰੰਤਰ ਆਪਣੇ ਸਫ਼ਰ 'ਤੇ ਰਹਿੰਦੀ ਹੈ। ਜਦੋਂ ਭਾਰਤ ਪਾਕਿਸਤਾਨ ਦੀ 'ਆਜ਼ਾਦੀ' ਦੀ ਗੱਲ ਕਰਦੇ ਹਾਂ ਤਾਂ 1947 ਵੇਲੇ ਹੋਏ ਭਿਆਨਕ ਉਜਾੜੇ, ਕਤਲੇਆਮ, ਲੁੱਟ ਖੋਹ, ਆਪਣਿਆਂ ਕੋਲੋਂ ਵਿੱਛੜਣ ਵੇਲੇ ਦਾ ਵਿਰਲਾਪ ਕੰਨਾਂ 'ਚ ਕੁਰਬਲ ਕੁਰਬਲ ਕਰਨ ਲੱਗਦੈ। ਇੱਜ਼ਤਾਂ ਦੀ ਚੀਰਫਾੜ ਦਾ ਦੁੱਖ, ਆਪਣਿਆਂ ਵੱਲੋਂ ਆਪਣਿਆਂ ਦੇ ਕਤਲ ਕਿਹੜੀ ਆਜ਼ਾਦੀ ਵੱਲ ਲੈ ਕੇ ਗਏ ਸਨ?? ਇਹ ਸਵਾਲ ਅੱਜ ਵੀ ਦੋਵੇਂ ਦੇਸ਼ਾਂ ਦੇ ਹੁਕਮਰਾਨਾਂ ਨੂੰ ਮੂੰਹ ਚਿੜਾਉਂਦੇ ਨਜ਼ਰੀਂ ਪੈਂਦੇ ਹਨ। ਇੱਕ ਦੂਜੇ ਦੀ ਕੰਧ ਨਾਲ ਕੰਧ ਸਾਂਝੀ, ਖੇਤੀਬਾੜੀ ਦੇ ਸੰਦ-ਸੰਦੇੜੇ ਤੋਂ ਲੈ ਕੇ ਕੰਧਾਂ ਵਿਚਕਾਰ ਬਣਾਏ ਮੋਘਰਿਆਂ ਥਾਈਂ ਦਾਲ ਸਬਜ਼ੀਆਂ ਵਾਲੀਆਂ ਕੌਲੀਆਂ ਦੇ ਵਟਾਂਦਰਿਆਂ ਵਾਲੀ ਸਾਂਝ ਨੂੰ ਕੌਣ ਖੂਨ ਦੀ ਰੰਗਤ ਦੇ ਗਿਆ?

ਸੋਚ ਕੇ ਦੇਖੋ ਕੀ ਸਿਆਸਤਦਾਨਾਂ ਦੇ ਵਚਨਾਂ 'ਤੇ ਫੁੱਲ ਚੜ੍ਹਾਉਂਦੇ ਘੜੰਮ ਚੌਧਰੀ ਕਿੰਨੀ ਜ਼ਹਿਰ ਆਪਣੇ ਅੰਦਰ ਸਮੋਈ ਬੈਠੇ ਹੋਣਗੇ ਕਿ ਪਿੰਡ ਪਿੰਡ, ਸ਼ਹਿਰ ਸ਼ਹਿਰ 'ਚ ਨਫ਼ਰਤ ਦੇ ਬੀਜੇ ਬੀਜ ਕਿਵੇਂ ਅਮਰਵੇਲ ਬਣ ਕੇ ਭਾਈਚਾਰੇ ਦੇ ਬੂਟੇ ਨੂੰ ਸੁਕਾ ਗਏ। ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ। ਇੱਕ ਸੁਨੇਹਾ ਚੁਟਕੀ ਮਾਰਿਆਂ ਦੇਸ਼ਾਂ ਦੀਆਂ ਹੱਦਾਂ ਟੱਪ ਜਾਂਦਾ ਹੈ। ਅੱਜ ਤੋਂ 75 ਸਾਲ ਪਹਿਲਾਂ ਸਿਆਸਤ ਕਿੰਨੀ ਕਰੂਪ ਹੋਵੇਗੀ, ਜਿਸਨੇ ਘਰ ਘਰ ਨਫ਼ਰਤ ਦੇ ਥੋਹਰ ਖਿਲਾਰ ਦਿੱਤੇ ਸਨ? ਲੱਖਾਂ ਲੋਕਾਂ ਦਾ ਕਤਲੇਆਮ, ਗਿਣਤੀ ਮਿਣਤੀ ਤੋਂ ਪਰ੍ਹੇ ਮਾਲੀ ਨੁਕਸਾਨ, ਅਮੁੱਲੀਆਂ ਸਾਂਝਾਂ ਦੇ ਵਿਛੋੜੇ ਆਪੋ ਆਪਣੀਆਂ ਝੋਲੀਆਂ 'ਚ ਪੁਆ ਕੇ ਸਾਨੂੰ ਕਿਹੜੀ ਆਜ਼ਾਦੀ ਵਾਲਾ ਛੁਣਛੁਣਾ ਫੜਾ ਦਿੱਤਾ ਗਿਆ?

ਬੇਸ਼ੱਕ ਉਹ ਦਰਦੀਲਾ ਦੌਰ ਸਾਡੇ ਦਾਦਿਆਂ ਬਾਬਿਆਂ ਦਾ ਦੌਰ ਸੀ, ਪਰ ਜਦੋਂ ਲੰਮੀਆਂ ਉਮਰਾਂ ਵਾਲੇ ਬਜ਼ੁਰਗਾਂ ਦੀਆਂ ਹਾਉਕਿਆਂ ਹਟਕੋਰਿਆਂ ਭਰੀਆਂ ਵੀਡੀਓ ਸੋਸ਼ਲ ਮੀਡੀਆ 'ਤੇ ਨਸ਼ਰ ਹੋਈਆਂ ਦੇਖਦੇ ਹਾਂ ਤਾਂ ਦਿਲ ਪਾਟ ਜਾਂਦੈ। ਕਿਵੇਂ ਅੱਜ ਵੀ ਬਜ਼ੁਰਗ ਆਪਣੇ ਪਿਛਲੇ ਪਿੰਡਾਂ, ਪਰਿਵਾਰਾਂ, ਖੇਤਾਂ, ਦੋਸਤਾਂ ਨੂੰ ਯਾਦ ਕਰਕੇ ਖੂਨ ਦੇ ਅੱਥਰੂ ਰੋਂਦੇ ਹਨ। ਆਮ ਲੋਕਾਂ ਨੇ ਤਾਂ ਅਜਿਹੀ ਆਜ਼ਾਦੀ ਦੀ ਕਲਪਨਾ ਵੀ ਨਹੀਂ ਸੀ ਕੀਤੀ, ਜਿਹੜੀ ਆਪਣਿਆਂ ਦੇ ਖ਼ੂਨ 'ਚ ਗੁੰਨ੍ਹੀ ਹੋਵੇ।

ਤਿੰਨ ਕੁ ਸਾਲ ਪਹਿਲਾਂ ਮੈਂ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਆ ਕੇ ਵਸਿਆ ਤਾਂ ਮਿਲੇ ਦੋ ਸਖਸ਼ਾਂ ਦੀਆਂ ਗੱਲਾਂ ਸੁਣ ਕੇ ਇਉਂ ਲੱਗਿਆ ਜਿਵੇਂ ਮੈਂ ਉਹਨਾਂ ਦੇ ਪਿਓ ਦਾਦਿਆਂ ਦੀਆਂ ਚੀਕਾਂ ਆਪਣੇ ਕੰਨੀਂ ਸੁਣ ਰਿਹਾ ਹੋਵਾਂ। ਪਹਿਲਾ ਸਖਸ਼ ਸੀ ਅਬਦੁਲ ਕਯੂਮ ਨਾਂ ਦਾ ਦੁਕਾਨਦਾਰ ਵੀਰ। ਉਹਦੀ ਦੁਕਾਨ 'ਤੇ ਗਿਆ ਤਾਂ ਜਿਹੜਾ ਮੋਹ, ਅਪਣੱਤ ਕਯੂਮ ਵੱਲੋਂ ਮੇਰੇ ਸੀਨੇ 'ਤੇ ਉੱਕਰ ਦਿੱਤਾ, ਉਹ ਇਹ ਦੱਸਣ ਲਈ ਕਾਫੀ ਸੀ ਕਿ 'ਉਜਾੜੇ' ਤੋਂ ਪਹਿਲਾਂ ਸਾਡਾ 'ਭਰੱਪਾ' ਕਿਹੋ ਜਿਹਾ ਹੋਵੇਗਾ? ਕਯੂਮ ਨੇ ਆਪਣੀਆਂ ਗੱਲਾਂ ਦੀ ਸ਼ੁਰੂਆਤ ਤਾਂ ਬਹੁਤ ਖੁਸ਼ਮਿਜਾਜ਼ੀ ਨਾਲ ਕੀਤੀ ਪਰ ਅਚਾਨਕ ਅੱਖਾਂ ਦੇ ਕੋਏ ਅੱਥਰੂਆਂ ਨੂੰ ਸਾਂਭ ਨਾ ਸਕੇ। ਕਯੂਮ ਦਾ ਕਹਿਣਾ ਸੀ ਕਿ "ਸਾਡਾ ਜਗਰਾਵਾਂ ਕੋਲ ਪਿੰਡ ਸਵੱਦੀ ਚੰਗਾ ਖਾਸਾ ਪਰਿਵਾਰ, ਕੰਮਕਾਰ ਸੀ। ਉਜਾੜਾ ਹੋਇਆ ਤਾਂ ਪਾਕਿਸਤਾਨ ਦੇ ਟੋਭਾ ਟੇਕ ਸਿੰਘ ਜਾ ਕੇ ਵਸਣਾ ਪਿਆ। ਮੇਰੇ ਦਾਦਾ ਦਾ ਸਰਦਾਰਾਂ ਨਾਲ ਅੰਤਾਂ ਦਾ ਮੁਲਾਹਜਾ ਸੀ, ਪਿਆਰ ਸੀ। ਦਾਦੇ ਦੀਆਂ ਗੱਲਾਂ 'ਚ ਓਹ ਮੋਹ ਆਖਰੀ ਸਾਹ ਤੱਕ ਜਿਉਂਦਾ ਰਿਹਾ। ਉਹ ਦਸਤਾਰਾਂ ਵਾਲੇ ਤੇ ਉੱਚੇ ਕਿਰਦਾਰਾਂ ਵਾਲੇ ਯਾਰਾਂ ਸਰਦਾਰਾਂ ਦੀ ਯਾਦ 'ਚ ਬਾਹਾਂ ਖੜ੍ਹੀਆਂ ਕਰ ਕਰ ਅੱਲ੍ਹਾ ਅੱਗੇ ਉਹਨਾਂ ਦੀਆਂ ਖੈਰਾਂ ਮੰਗਦਾ। ਜਿੰਨੀ ਦੇਰ ਦਾਦਾ ਨਿਜ਼ਾਮਦੀਨ ਜਿਉਂਦਾ ਰਿਹਾ, ਸਵੱਦੀ ਤੋਂ ਬੰਨ੍ਹ ਕੇ ਲਿਆਂਦੀ ਪੱਗ ਹੀ ਬੰਨ੍ਹਦਾ ਰਿਹਾ। ਕੋਈ ਦੂਜੀ ਪੱਗ ਖਰੀਦੀ ਵੀ ਨਾ"

ਆਪਣੇ ਦਾਦੇ ਦੀਆਂ ਗੱਲਾਂ ਸੁਣਾਉਂਦਾ ਕਯੂਮ ਨੀਵੀਂ ਪਾਈ ਦੁਕਾਨ ਦੇ ਕਾਊਂਟਰ 'ਤੇ ਉਂਗਲ ਨਾਲ ਇਬਾਰਤ ਜਿਹੀ ਲਿਖਦਾ ਮੇਰੇ ਕੋਲੋਂ ਅੱਖਾਂ ਦੇ ਗਿੱਲੇ ਹੋਏ ਕੋਏ ਛੁਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਮਨਦੀਪ ਬਾਈ, ਮੇਰੇ ਅੱਬਾ ਨੂੰ ਦਾਦੇ ਨੇ ਕਹਿਣਾ ਕਿ ਰਫੀਕ ਮੈਨੂੰ ਨਨਕਾਣੇ ਲੈ ਚੱਲ, ਮੈਂ ਪੱਗਾਂ ਵਾਲੇ ਸਰਦਾਰ ਦੇਖਣੇ ਆ।"

ਇਸੇ ਤਰ੍ਹਾਂ ਹੀ ਬਾਗੀ ਬਿਰਤੀ ਦੇ ਸ਼ਾਇਰ ਸਲੀਮ ਰਜ਼ਾ ਨੂੰ ਮਿਲਣ ਦਾ ਸਬੱਬ ਬਣਿਆ। ਸਲੀਮ ਰਜ਼ਾ ਦੇ ਪਰਿਵਾਰ ਦਾ ਪਿੱਛਾ ਰਾਏਕੋਟ ਦਾ ਸੀ। ਉਹੀ ਦਰਦ, ਓਹੀ ਆਪਣਿਆਂ ਨੂੰ ਮਿਲਣ ਦੀ ਚਾਹਤ ਸਲੀਮ ਰਜ਼ਾ ਦੀਆਂ ਗੱਲਾਂ 'ਚ ਦੇਖਣ ਨੂੰ ਮਿਲੀ। ਹੈਰਾਨੀ ਉਦੋਂ ਹੋਈ ਜਦੋਂ ਸਲੀਮ ਰਜ਼ਾ ਜੀ ਨੇ ਆਪਣੀ ਉਰਦੂ ਸ਼ਾਇਰੀ ਨੂੰ ਗੁਰਮੁਖੀ 'ਚ ਅਨੁਵਾਦ ਕਰਕੇ ਛਾਪਣ ਲਈ ਭੇਜਿਆ ਤਾਂ ਤਾਕੀਦ ਕਰਦਿਆਂ ਬੋਲੇ, "ਮਨਦੀਪ, ਮੇਰੀ ਇੱਛਾ ਹੈ ਕਿ ਤੁਸੀਂ ਰਚਨਾ ਦੇ ਅਖੀਰ 'ਚ ਮੇਰਾ ਨਾਮ ਸਲੀਮ ਰਜ਼ਾ ਰਾਏਕੋਟੀ ਜ਼ਰੂਰ ਲਿਖਣਾ।"

ਸੂਏ ਕੱਸੀਆਂ 'ਚ ਤੈਰਦੀਆਂ ਲਾਸ਼ਾਂ ਨੂੰ ਬਾਲ ਉਮਰੇ ਤੱਕ ਬੈਠਾ ਸਲੀਮ ਰਜ਼ਾ ਅਜੇ ਵੀ ਉਹ ਭਿਆਨਕ ਤਸਵੀਰਾਂ ਦਿਲ 'ਚ ਸਾਂਭੀ ਬੈਠਾ ਹੈ।

ਅੱਜ ਦੋਵੇਂ ਦੇਸ਼ਾਂ ਦੇ ਹਾਕਮ ਆਜ਼ਾਦੀ ਦਾ ਜਿੰਨਾ ਮਰਜ਼ੀ ਡੌਂਡਕਾ ਪਿੱਟਣ ਪਰ ਉਹ ਸਮਾਂ ਆਜ਼ਾਦੀ ਦਾ ਸੀ ਜਾਂ ਬਰਬਾਦੀ ਦਾ, ਪਿੰਡਿਆਂ 'ਤੇ ਹੰਢਾਉਣ ਵਾਲੇ ਲੋਕ ਹੀ ਜਾਣਦੇ ਹਨ।

ਦੇਸ਼ ਮਹਿੰਗਾਈ, ਭੁੱਖਮਰੀ, ਭ੍ਰਿਸ਼ਟਾਚਾਰ ਦੀ ਦਲਦਲ 'ਚ ਧਸਿਆ ਹੋਵੇ ਤੇ ਲੋਕਾਂ ਨੂੰ ਘਰ ਘਰ ਝੰਡੇ ਲਾਉਣ ਦੇ ਫੁਰਮਾਨ ਸੁਣਾਏ ਜਾ ਰਹੇ ਹੋਣ? ਇਉਂ ਲਗਦੈ ਜਿਵੇਂ ਭੁੱਖੇ ਨੂੰ ਰੋਟੀ ਦੇਣ ਦੀ ਬਜਾਏ ਕਾਗਜ਼ 'ਤੇ ਰੋਟੀ ਦੀ ਤਸਵੀਰ ਬਣਾ ਕੇ ਫੜਾ ਦਿੱਤੀ ਹੋਵੇ।



# ਲਿੰਗਕ ਅਸਮਾਨਤਾ ਦਾ ਹਲ ਆਰਥਿਕ ਆਜ਼ਾਦੀ !

**ਰਾਜਿੰਦਰ ਕੌਰ ਚੋਹਕਾ**
91-98725-44738
001-403-285-4208
EMail: chohkarajinder@gmail.com





"ਜਦੋਂ ਤੱਕ ਇਸਤਰੀਆਂ ਨੂੰ ਆਮ ਤੌਰ 'ਤੇ ਨਾ, ਕੇਵਲ ਰਾਜਸੀ ਜ਼ਿੰਦਗੀ ਵਿਚ, ਸਗੋਂ 'ਤੇ ਨਿੱਤ ਦਿਹਾੜੀ ਦਾ ਅਤੇ ਆਮ ਜਨਤਕ ਸੇਵਾਵਾਂ ਵਿਚ ਸੁਤੰਤਰ ਤੌਰ 'ਤੇ ਹਿੱਸਾ ਲੈਣ ਲਈ ਨਹੀਂ ਲਿਆਂਦਾ ਜਾਂਦਾ, ਤਾਂ ! ਉਸ ਸਮੇਂ ਤੱਕ ਸੋਸ਼ਲਿਜ਼ਮ ਤਾਂ ! ਕੀ ? ਸਗੋਂ 'ਤੇ ਸੰਪੂਰਨ 'ਤੇ ਹੰਢਣਸਾਰ ਜਨਵਾਦ ਦੀ ਗੱਲ ਕਰਨ ਦਾ ਕੋਈ ਲਾਭ ਨਹੀਂ ਹੈ ?" (ਵੀ. ਆਈ. ਲੈਨਿਨ)

ਇਸਤਰੀਆਂ ਪ੍ਰਤੀ ਇਹੋ ਜਿਹੀ ਸੋਚ ਅਤੇ ਸਮਝ ਨੂੰ ਭਾਵੇਂ ! ਸਾਰੇ ਦੇਸ਼ਾਂ ਦੇ ਨਵੀਨ ਨੀਤੀਵਾਨ 'ਤੇ ਵਿਦਵਾਨ ਠੀਕ ਮੰਨ ਰਹੇ ਹਨ, ਪਰ ! ਅਜੇ ਤੱਕ ਵੀ ਨਾ ਤਾਂ ਵਿਕਾਸਸ਼ੀਲ ਦੇਸ਼ਾਂ 'ਤੇ ਨਾ ਹੀ ਵਿਕਸਤ ਦੇਸ਼ਾਂ ਵਿੱਚ ਇਸਤਰੀਆਂ ਨੂੰ ਸਮਾਜਿਕ, ਰਾਜਨੀਤਕ ਅਤੇ ਆਰਥਿਕ ਤੌਰ 'ਤੇ ਪੂਰੀ ਆਜ਼ਦੀ ਮਿਲੀ ਹੈ। ਉਸ ਨੂੰ ਅਜੇ ਤਕ ਵੀ ਆਪਣੇ ਹੱਕ ਲੈਣ ਲਈ ਲੰਬੇ ਸੰਘਰਸ਼ ਕਰਨੇ ਪੈਣਗੇ।

ਭਾਂਵੇ ਅੱਜ ਅਸੀਂ 21-ਵੀਂ ਸਦੀ ਦੀ ਆਰਥਿਕਤਾ ਦੇ ਮੁਕਾਬਲੇ ਅੰਦਰ ਦਾਖਲ ਹੋਣ ਦੀਆ ਡੀਗਾਂ ਤਾਂ ਮਾਰ ਰਹੇ ਹਾਂ, ਇਹ ਵੀ ਕਹਿ ਰਹੇ ਹਾਂ, ਕਿ ਇਸਤਰੀ ਜੋ ਸਮਾਜ ਦੀ ਸਿਰਜਕ ਅਤੇ ਜਨਨੀ ਹੈ, ਨੇ ਦੇਸ਼ ਅੰਦਰ ਕਈ ਖੇਤਰਾਂ 'ਚ ਪ੍ਰਾਪਤੀਆਂ ਕੀਤੀਆਂ ਹਨ। ਭਾਂਵੇ ! ਉਹ ਵਿਅਕਤੀਗਤ ਪ੍ਰਾਪਤੀਆਂ ਹੀ ਸਨ ? ਪਰ ਉਹ ਪ੍ਰਾਪਤੀਆਂ ਸਮੁੱਚੇ ਦੇਸ਼ ਅੰਦਰ ਇਸਤਰੀ ਵਰਗ ਦੇ ਆਰਥਿਕ ਆਜ਼ਾਦੀ, ਸਿੱਖਿਆ, ਸਿਹਤ, ਰੁਜ਼ਗਾਰ ਅਤੇ ਸਮਾਜਿਕ ਬਰਾਬਰਤਾ ਦੇ ਪਿੜ ਅੰਦਰ ਅਜੇ ਵੀ ਤੁੱਛ ਹਨ। ਉਸ ਨੂੰ ਅਜੇ ਹੋਰ ਲੰਬਾ ਸੰਘਰਸ਼ ਕਰਨਾ ਪੈਣਾ ਹੈ। ਕਿਉਂਕਿ ? ਉਸ ਦੀਆਂ ਪ੍ਰਾਪਤੀਆਂ ਦੇ ਮੁਕਾਬਲੇ, ਉਸ ਦੀਆਂ ਦੁਸ਼ਵਾਰੀਆਂ ਘਟਣ ਦੀ ਬਜਾਏ ਹੋਰ ਵੱਧ ਰਹੀਆਂ ਹਨ। "ਸੰਸਾਰ ਆਰਥਿਕ ਸੋਚੱ 2024 ਦੀ ਰੀਪੋਰਟ 'ਇਸਤਰੀ ਲਿੰਗਕ ਅਸਮਾਨਤਾੱ ਦੇ ਮਾਮਲੇ ਵਿੱਚ ਭਾਰਤ 146 ਦੇਸ਼ਾਂ ਦੀ ਸੂਚੀ 'ਚ 129-ਵੇਂ ਸਥਾਨ 'ਤੇ ਸੀ। ਹੁਣ ਉਹ ਹੋਰ ਹੇਠਾਂ ਚਲਾ ਗਿਆ ਹੈ। ਦੇਸ਼ ਦੇ ਸੰਵਿਧਾਨ ਦੀ ਧਾਰਾ 14 ਤੋਂ ਲੈ ਕੇ -18 ਤੱਕ ਸਮਾਨਤਾ ਦੇ ਅਧਿਕਾਰਾਂ ਤਹਿਤ, ਹਰ ਤਰ੍ਹਾਂ ਦੇ ਲਿੰਗਕ-ਤੌਰ 'ਤੇ ਭੇਦ-ਭਾਵ ਨਾ ਕਰਨ ਦੀ ਪ੍ਰੋੜਤਾ ਕੀਤੀ ਗਈ ਹੈ। ਸੰਵਿਧਾਨ ਦੇ ਮੌਲਿਕ ਅਧਿਕਾਰਾਂ ਅਤੇ ਨੀਤੀ ਨਿਰਦੇਸ਼ਾਂ ਵਿੱਚ ਇਸਤਰੀਆਂ ਦੀ ਸੁਰੱਖਿਆ, ਉਨ੍ਹਾਂ ਦਾ ਸਨਮਾਨ, ਵਿਕਾਸ 'ਤੇ ਭੇਦ-ਭਾਵ ਨਾ ਕਰਨ ਦੇ ਨਿਰਦੇਸ਼ ਦਿੱਤੇ ਹਨ।

ਭਾਰਤ ਦੇ ਸੰਵਿਧਾਨ ਅੰਦਰ ਇਸਤਰੀਆਂ ਅਤੇ ਬੱਚੀਆਂ ਲਈ ਬਰਾਬਰਤਾ ਦੇ ਮੌਕੇ, ਅਧਿਕਾਰ ਅਤੇ ਸੁਰੱਖਿਆ ਦੇਣ ਲਈ ਕਿਹਾ ਗਿਆ ਹੈ। ਸਾਰੇ ਹੀ ਖੇਤਰਾਂ ਅੰਦਰ ਇਸਤਰੀਆਂ ਨਾਲ ਰਾਜਾਂ ਅੰਦਰ ਵੀ ਬਰਾਬਰਤਾ ਦੇ ਮੌਕੇ ਪ੍ਰਦਾਨ ਕਰਨ ਲਈ ਕਿਹਾ ਗਿਆ ਹੈ। ਪਰ ! ਇਸ ਸੰਵਿਧਾਨ ਦੇ ਲਾਗੂ ਹੋਣ ਦੇ -75 ਸਾਲਾ ਬਾਦ ਵੀ ਇਸਤਰੀ ਵਰਗ ਦੇਸ਼ ਅੰਦਰ ਲਿੰਗਕ-ਬਰਾਬਰਤਾ ਦੇ ਖੇਤਰ ਵਿੱਚ ਹਰ ਤਰ੍ਹਾਂ ਦੇ ਵਿਤਕਿਰਿਆਂ ਦੀ ਸ਼ਿਕਾਰ ਹੈ ! ਉਪਰੋਕਤ ਲਿੰਗਕ ਅਸਮਾਨਤਾ 2024 ਦੀ ਰੀਪੋਰਟ ਇਨ੍ਹਾਂ ਵਿਤਕਿਰਿਆਂ ਦੀ ਪ੍ਰੋੜਤਾ ਕਰਦੀ ਹੈ ? ਕਿ ਦੇਸ਼ ਅੰਦਰ ਇਸਤਰੀਆਂ ਨਾਲ, ਹਰ ਖੇਤਰ ਵਿਚ ਅਸਮਾਨਤਾ ਵੱਧੀ ਹੈ। "ਦੱਖਣੀ ਏਸ਼ੀਆ ਵਿਚ ਭਾਰਤ ਸੰਸਾਰ ਲਿੰਗਕ ਅਸਮਾਨਤਾ ਦੇ ਸੂਚਕ ਅੰਕ-2024" ਅੰਦਰ ਬੰਗਲਾਦੇਸ਼, ਨੇਪਾਲ, ਸ਼੍ਰੀਲੰਕਾ ਅਤੇ ਭੂਟਾਨ ਗੁਆਂਢੀ ਦੇਸ਼ਾਂ ਦੇ ਮੁਕਾਬਲੇ ਪੰਜਵੇਂ ਸਥਾਨ 'ਤੇ ਹੈ। ਇਸ ਰੀਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ, ਭਾਰਤ ਨੇ ਆਪਣਾ ਪ੍ਰਾਪਤੀ ਅੰਕ ਪਿਛਲੇ ਸਾਲਾਂ ਨਾਲੋਂ 64.1-ਫੀਸਦ ਦੇ ਅੰਤਰ ਨਾਲ ਘੱਟ ਕਰ ਲਿਆ ਹੈ। ਪਰ ! ਫਿਰ ਵੀ ਅਸੀਂ ਹੇਠਾਂ ਹੀ ਹਾਂ ਅਤੇ ਸਾਨੂੰ 2012 ਦੇ ਸਕੋਰ ਵਾਲੇ 46-ਫੀ ਸੱਦ ਦੀ ਸਤਹਾ ਦਰ 'ਤੇ ਮੁੜ ਵਾਪਸ ਆਉਣ ਲਈ 6.2ਫੀ-ਸੱਦ ਅੰਕ ਵਧਾਉਣ ਦੀ ਲੋੜ ਹੈ। ਭਾਵ ! ਦੇਸ਼ ਅੰਦਰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਖੇਤਰ ਅੰਦਰ ਦੇਸ਼ ਦਾ ਵੱਡਾ ਹਿੱਸਾ, ਖਾਸ ਕਰਕੇ ਇਸਤਰੀ ਵਰਗ ਹਰ ਤਰ੍ਹਾਂ ਦੀਆਂ ਦੁਸ਼ਵਾਰੀਆਂ ਦੀ ਸ਼ਿਕਾਰ ਹੋਈ ਹੈ। ਇਸ ਲਈ ਇਸ ਵਰਗ ਵੱਲ ਉਚੇਚਾ ਧਿਆਨ ਦੇਣਾ ਪਏਗਾ।

"ਸੰਸਾਰ ਆਰਥਿਕ ਮੰਚ" ਦੀ ਸਾਲ 2024 ਦੀ ਲਿੰਗਕ ਅੰਤਰ ਸੂਚਕ ਅਕ ਦੀ ਰੀਪੋਰਟ ਵਿੱਚ ਭਾਰਤ ਦੋ ਅੰਕ ਘੱਟ ਕੇ-129ਵੇਂ ਸਥਾਨ ਤੇ ਆ ਗਿਆ ਹੈ। ਭਾਵੇਂ ! ਸਰਕਾਰ ਨੇ ਇਸਤਰੀਆਂ ਦੇ ਵਿਕਾਸ ਲਈ ਕਈ ਨੀਤੀਆਂ ਅਪਣਾਈਆਂ ਹਨ। ਪ੍ਰਤੂੰ ਸਿੱਖਿਆ, ਸਿਹਤ, ਆਮਦਨ, ਸਮਾਜਿਕ 'ਤੇ ਰਾਜਨੀਤਕ ਹਿੱਸੇਦਾਰੀ ਅੰਦਰ ਬਰਾਬਰਤਾ ਲਈ ਕਈ ਸਵਾਲ ਉਠ ਰਹੇ ਹਨ। ਭਾਂਵੇਂ ! ਸਿੱਖਿਆ ਦੇ ਮਾਮਲੇ ਵਿਚ ਭਾਰਤ ਨੇ ਮਰਦ ਅਤੇ ਇਸਤਰੀ ਵਿਚਕਾਰ ਕਾਰਗੁਜ਼ਾਰੀ ਚੰਗੀ ਦਿਖਾਈ ਹੈ। ਫਿਰ ਵੀ ਇਸਤਰੀਆਂ ਦੇ ਸ਼ਸ਼ਕਤੀਕਰਨ ਵਿਚ ਭਾਰਤ 65-ਵੇਂ ਸਥਾਨ 'ਤੇ ਹੈ। ਪਿਛਲੇ ਬੀਤੇ 50 ਸਾਲਾਂ ਵਿਚ ਇਸਤਰੀਆਂ 'ਤੇ ਮਰਦਾਂ ਦੇ ਨਾਲ ਸਮਾਨਤਾ ਦੇ ਮਾਮਲੇ ਵਿਚ 10-ਵੇਂ ਸਥਾਨ ਤੇ ਸੀ। ਭਾਂਵੇਂ ! ਅਵਾਮ ਵਿਚ ਤਬਦੀਲੀ ਆ ਰਹੀ ਹੈ। ਪ੍ਰਤੂੰ ਪੂੰਜੀਵਾਦੀ ਪ੍ਰਭਾਵਿਤ ਮਰਦ-ਪ੍ਰਧਾਨ ਦੀ ਮਾਨਸਿਕਤਾ ਅਜੇ ਤੱਕ ਪੂਰੀ ਤਰ੍ਹਾਂ ਖਤਮ ਨਹੀ ਹੋਈ ਹੈ 'ਤੇ ਪਿਤਰੀ ਰੋਹਬ ਵੀ ਅਜੇ ਪ੍ਰਬਲ ਹੀ ਰਿਹਾ ਹੈ ? ਸਗੋਂ ਤੇ ਪਿਤਰੀ ਸੱਤਾ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋ ਰਹੀਆਂ ਹਨ।

ਮੌਜੂਦਾ ਰਾਜਨੀਤਕ ਪਾਰਟੀਆਂ ਦੇ ਆਗੂਆਂ ਦੀ ਇਸਤਰੀਆਂ ਪ੍ਰਤੀ ਜੋ ਵਿਵਹਾਰ ਹਨ, ਉਸ ਵਿੱਚ ਤਬਦੀਲੀ ਆਉਣ ਵਿਚ ਪਤਾ ਨਹੀ ਕਿੰਨ੍ਹਾਂ ਕੁ ਹੋਰ ਸਮਾਂ ਲਗੇਗਾ ? ਪਰ ਸਾਨੂੰ ਇਹ ਵੀ ਯਾਦ ਰੱਖਣਾ ਪਏਗਾ ਕਿ ਕੋਈ ਵੀ ਦੇਸ਼ ਤਰੱਕੀ ਨਹੀਂ ਕਰ ਸਕਦਾ ਜਦੋਂ ਤਕ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਨਹੀ ਦਿੱਤੇ ਜਾਂਦੇ। ਇਸ ਸਥਿਤੀ ਵਿਚ ਤਬਦੀਲੀ ਲਿਆਉਣ ਲਈ ਸਮਾਜਿਕ, ਆਰਥਿਕ ਤੇ ਰਾਜਨੀਤਕ ਅਜ਼ਾਦੀ ਅਤੇ ਉਸ ਦੇ ਜਥੇਬੰਦਕ ਸੰਘਰਸ਼ਾਂ ਰਾਹੀਂ ਹੀ ਇਸ ਵਰਗ ਵਲੋਂ ਬਰਾਬਰਤਾ ਦੀ ਪ੍ਰਾਪਤੀ ਵੱਲ ਪੁਜਣ ਦੀ ਆਸ ਰੱਖੀ ਜਾ ਸਕਦੀ ਹੈ।

ਦੁਨੀਆਂ ਭਰ ਵਿਚ ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੇ ਲਿੰਗਕ ਸਮਾਨਤਾਂ ਵਿਚ ਪ੍ਰਾਪਤੀ ਕੀਤੀ ਹੈ, ਉਨ੍ਹਾਂ ਨੇ ਅਨੇਕਾਂ ਸਾਰਥਿਕ ਨੀਤੀਆਂ ਇਸਤਰੀਆਂ ਲਈ ਬਣਾਈਆਂ ਹਨ। ਪਰ ! ਅੱਜੇ ਤੱਕ ਬਹੁਤਿਆਂ ਦੇਸ਼ਾਂ ਵਿੱਚ ਜਿਥੇ ਇਹ ਸਾਰਥਿਕ ਨੀਤੀਆਂ ਨਹੀਂ ਹਨ, ਇਹ ਬਰਾਬਰਤਾ ਘੱਟੀ ਹੀ ਨਹੀਂ ਹੈ ? ਸਗੋਂ ਤੇ ਵਧੀ ਹੈ ! ਸੰਸਾਰ ਆਰਥਿਕ ਮੰਚ ਦੀ ਰੀਪੋਰਟ ਵਿਚ ਇਹ ਸਪਸ਼ਟ ਤੌਰ ਤੇ ਕਿਹਾ ਕਿਹਾ ਗਿਆ ਹੈ ਕਿ ਭਾਰਤ ਵਿੱਚ ਇਹੋ ਜਿਹੀਆਂ ਇਸਤਰੀਅਆਂ ਪ੍ਰਤੀ ਬਣਾਈਆਂ ਗਈਆਂ ਨੀਤੀਆਂ ਸਿਰਫ਼ ਫਾਈਲਾਂ ਵਿੱਚ 'ਤੇ ਐਲਾਨਨਾਮਿਆਂ ਤੱਕ ਹੀ ਸੀਮਤ ਰਹਿ ਗਈਆਂ ਹਨ। ਉਹ ਵੀ ਫਿਰਕੂ ਅਤੇ ਮਰਦ ਪ੍ਰਧਾਨ ਪ੍ਰਭਾਵ ਵਾਲੀਆਂ ਹੋਣ ਦੇ ਕਾਰਨ ? ਇਸੇ ਰੀਪੋਰਟ ਮੁਤਾਬਿਕ ਭਾਰਤ ਦਾ ਇਸ ਨਾਲ ਦੋ ਰੈਂਕ ਘੱਟ ਕੇ 129ਵੇਂ ਸਥਾਨ ਤੇ ਆਉਣ ਦਾ ਕਾਰਨ ਸਿੱਖਿਆ ਪ੍ਰਾਪਤੀ, ਆਰਥਿਕ ਅਜ਼ਾਦੀ ਅਤੇ ਰਾਜਨੀਤਕ ਮਾਪ ਡੰਡ ਵਿਚ ਆਈ ਗਿਰਾਵਟ ਹੈ। ਇਹ ਸਥਿਤੀ ਭਾਰਤ ਵਿਚ ਉਸ ਸਮੇਂ ਦੀ ਹੈ, ਜਦੋਂ ਅਤਿ ਦੀ ਫਿਰਕੂ ਕਾਰਪੋਰੇਟੀ ਅਤੇ ਪੂੰਜੀਵਾਦੀ ਮੋਦੀ ਸਰਕਾਰ ਨੇ ਇਸਤਰੀਆਂ ਲਈ 33-ਫੀ ਸੱਦ ਰਾਖਵਾਂਕਰਨ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਦੇਣ ਦਾ ਬਿੱਲ ਵੀ ਪਾਸ ਕਰ ਦਿੱਤਾ ਹੈ। ਪਰ ਦੇਸ਼ ਵਿਚ ਮੋਦੀ ਸਰਕਾਰ ਨੇ ਇਸਤਰੀਆਂ ਲਈ ਬਿਲ ਤਾਂ ਪਾਸ ਕਰ ਦਿੱਤਾ ਹੈ ! ਪਰ ਇਸਤਰੀਆਂ ਦੀ ਦੇਸ਼ ਭਰ ਵਿੱਚ ਅਬਾਦੀ ਮੁਤਾਬਿਕ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਰਾਜਨੀਤਕ ਅਸਥਾਨ ਨਹੀ ਦਿੱਤਾ ਜਾ ਰਿਹਾ ਹੈ।

ਇਹ 33-ਫੀਸਦ ਵਿਧਾਨ ਸਭਾ ਤੇ ਸੰਸਦ ਵਿਚ ਇਸਤਰੀਆਂ ਦੀ ਨੁਮਾਇੰਦਗੀ ਦਾ ਭਾਵੇਂ ਬਿਲ 17-ਵੀਂ ਲੋਕ ਸਭਾ 'ਚ ਮੋਦੀ ਸਰਕਾਰ ਨੇ ਪਾਸ ਕਰ ਦਿੱਤਾ ਸੀ। ਪਰ ! ਇਸ ਕਾਨੂੰਨ ਵਿਚ (ਕਾਨੂੰਨੀ ਮਾਹਿਰਾਂ ਮੁਤਾਬਿਕ) ਅੱਜੇ ਤੱਕ ਵੀ ਕੁਝ ਅਜਿਹੀਆਂ ਕਾਨੂੰਨੀ ਸ਼ਰਤਾਂ ਹਨ। ਜਿੰਨੀ ਦੇਰ ਉਹ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਇਹ ਬਿੱਲ ਕਾਨੂੰਨੀ ਤੌਰ 'ਤੇ ਸੰਪੂਰਨ ਨਹੀ ਹੋ ਸਕਦਾ ਹੈ। ਇਕ ਤਾਂ ਇਸ ਦੀ ਸ਼ਰਤ ਹੈ, ਕਿ ਕਾਨੂੰਨ ਬਣਾਉਣ ਤੋਂ ਪਹਿਲਾਂ ਦੇਸ਼ ਵਿਚ ਜਨ ਗਣਨਾਂ ਹੋਈ ਹੈ। 2011 ਤੋਂ ਬਾਦ ਦੇਸ਼ ਵਿਚ ਜਨ ਗਣਨਾਂ ਨਹੀ ਹੋਈ ਹੈ। ਜਦ ਕਿ ਹਰ ਦੱਸ ਸਾਲ ਬਾਦ ਦੇਸ਼ ਦੀ ਜਨ ਗਣਨਾਂ ਕਰਵਾਈ ਜਾਂਦੀ ਹੈ। 2021 ਵਿਚ ਕਰੋਨਾ ਮਹਾਂਮਾਰੀ ਕਾਰਨ ਇਹ ਜਨ ਗਣਨਾ ਨਹੀ ਹੋ ਸਕੀ ਹੈ। ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਜੋ ਇਸ ਦਾ ਡਰਾਫਟ ਬਣਾਇਆ ਗਿਆ ਹੈ, ਉਹ ਬਹੁਤ ਹੀ ਪੇਚੀਦਾ ਹੈ। ਜਨ ਗਣਨਾਂ 'ਤੇ ਇਕ ਹੋਰ ਸ਼ਰਤ ਲਾਈ ਗਈ ਹੈ ਉਹ ਬਹੁਤ ਹੀ ਖਤਰਨਾਕ ਹੈ। ਮਾਹਿਰਾ ਦਾ ਕਹਿਣਾ ਹੈ, "ਕਿ ਇਏ ਕਾਨੂੰਨ 2029 ਤੱਕ ਵੀ ਲਾਗੂ ਨਹੀ ਹੋ ਸਕਦਾ ਹੈ। ਤਾਂ ਹੀ ਹੋ ਸਕਦਾ ਹੈ 2039 ਤੱਕ ਜਾ ਕੇ ਜੇਕਰ ਪੂਰੀ ਤਰ੍ਹਾਂ ਮੁਕੰਮਲ ਹੋਵੇ ?

2014 ਵਿਚ ਬੀ.ਜੇ.ਪੀ. ਮੋਦੀ ਸਰਕਾਰ ਜਿੱਤ ਕੇ ਸੰਸਦ ਵਿਚ ਪਹੁੰਚੀ ਸੀ। ਜਦਕਿ 16-ਵੀਂ ਲੋਕ ਸਭਾ ਵਿਚ 544 ਸੰਸਦ ਮੈਂਬਰਾਂ ਵਿਚੋਂ 66 ਸੰਸਦ ਮੈਂਬਰ ਇਸਤਰੀਆਂ ਹੀ ਸਦਨ ਵਿਚ ਪਹੁੰਚੀਆਂ ਅਤੇ 2019 ਵਿਚ 17-ਵੀਂ ਲੋਕ ਸਭਾ ਦੇ 542 ਸੰਸਦ ਮੈਂਬਰਾਂ ਵਿਚੋਂ 78 ਇਸਤਰੀਆਂ ਹੀ ਸੰਸਦ ਵਿਚ ਚੁਣੀਆਂ ਗਈਆਂ। ਹੁਣ 2024 ਵਿਚ ਐਨ.ਡੀ.ਏ. ਦੀ ਮੋਦੀ ਸਰਕਾਰ ਅੰਦਰ 18ਵੀਆਂ ਸੰਸਦੀ ਚੋਣਾਂ ਵਿਚ 543 ਮੈਂਬਰੀ ਸੰਸਦ ਵਿਚ ਇਸਤਰੀ ਸੰਸਦ ਮੈਂਬਰਾਂ ਦੀ ਗਿਣਤੀ ਕੇਵਲ "74" ਹੀ ਹੈ, ਜੋ ਸੰਸਦ ਦੀ ਪੌੜੀ ਚੜ੍ਹੀਆਂ ਹਨ। ਸੰਸਦ ਨੇ ਦੇਸ਼ ਦੇ ਲਈ ਕਾਨੂੰਨ ਘੜਨੇ ਹੁੰਦੇ ਹਨ, ਦੇਸ਼ ਦੀ ਅੱਧੀ ਅਬਾਦੀ ਵਿੱਚੋਂ ਇਸਤਰੀਆਂ ਸਿਰਫ 74 ਹੀ 543 ਸੰਸਦ ਮੈਂਬਰਾਂ ਵਿਚੋਂ ਚੁਣੀਆਂ ਜਾਣ ਤਾਂ ! ਉਹ ਦੇਸ਼ ਕਿੰਨਾ ਕੁ ਤਰੱਕੀ ਕਰ ਸਕੇਗਾ। ਇਹ ਸਾਡੇ ਸਾਹਮਣੇ ਇਕ ਸਵਾਲ, ਉਭਰ ਕੇ ਆ ਰਿਹਾ ਹੈ। ਜੋ ਕਿ ਸਭਾ ਤੇ ਬੈਠੀਆਂ ਰਾਜਨੀਤਕ ਪਾਰਟੀਆਂ ਲਈ ਵੀ ਇਕ ਚਿੰਤਾ ਹੋਣੀ ਚਾਹੀਦੀ ਹੈ ?

**ਬਾਕੀ ਹਿਸਾ ਸਫ਼ਾ 56 ਤੇ ਪੜ੍ਹੋ**

## 55 ਸਫ਼ੇ ਦੀ ਬਾਕੀ

ਜੇਕਰ ਅਸੀਂ ਦੁਨੀਆਂ ਦੀ ਗੱਲ ਕਰੀਏ ਤਾਂ "ਹਿਊਮਨ ਡਿਵੈਲਪਮੈਂਟ ਇੰਡੈਕਸ ਰੈਕਿੰਗ ਅੰਦਰ ਵਿਕਸਤ ਦੇਸ਼ਾਂ ਵਿਚ ਇਸਤਰੀਆਂ ਦੀ ਸੰਸਦ ਵਿਚ ਪ੍ਰਤੀਨਿਧਤਾ ਜਿਆਦਾ ਹੈ। ਨਿਊਜ਼ੀਲੈਂਡ ਵਿਚ ਇਸਤਰੀਆਂ ਦੀ ਸ਼ਮੂਲੀਅਤ 50-ਫੀਸਦ ਤੋਂ ਵੀ ਵੱਧ ਹੈ। ਇਸੇ ਤਰ੍ਹਾਂ ਸਪੇਨ, ਫਰਾਂਸ, ਜਰਮਨੀ, ਯੂ.ਕੇ 'ਤੇ ਇਟਲੀ ਦੀ ਸੰਸਦ ਵਿਚ 30 ਫੀਸਦ ਤੋਂ ਵੀ ਜ਼ਿਆਦਾ ਨੁਮਾਇੰਦਗੀ ਹੈ। ਭਾਰਤ ਇਸ ਮਾਮਲੇ ਵਿੱਚ ਆਪਣੇ ਪੜੋਸੀ-ਨੇਪਾਲ, ਬੰਗਲਾ ਦੇਸ਼ 'ਤੇ ਪਾਕਿਸਤਾਨ ਤੋਂ ਵੀ ਪਿਛੇ ਹੈ। ਨੇਪਾਲ ਵਿਚ 33%-ਫੀਸਦ, ਬੰਗਲਾ ਦੇਸ਼ 'ਚ 20.9 ਫੀਸਦ 'ਤੇ ਪਾਕਿਸਤਾਨ ਵਿਚ 20.5 ਫੀਸਦ ਸੰਸਦ ਮੈਂਬਰ ਇਸਤਰੀਆਂ ਹਨ। ਭਾਰਤ ਵਿਚ 18ਵੀਂ ਸੰਸਦ ਦੀ ਚੋਣ ਵਿਚ ਇਸਤਰੀਆਂ ਦੀ ਵੋਟ 48 ਫੀਸਦ ਰਹੀ। ਫਿਰ ਇਸਤਰੀਆਂ ਦੀ ਸੰਸਦੀ ਸੀਟਾਂ ਦੀ ਗਿਣਤੀ ਸਿਰਫ 14 ਫੀਸਦ ਹੀ ਕਿਉਂ ਹੈ? ਇਹ ਸਵਾਲ ਸਾਡੇ ਸਾਹਮਣੇ ਉਭਰ ਕੇ ਆ ਰਿਹਾ ਹੈ ਜੋ ਸਾਰੇ ਦੇਸ਼ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ।

ਜੇਕਰ ਦੇਖਿਆ ਜਾਵੇ ਤਾਂ ਸਮਾਜਿਕ ਅੱਤਿਆਚਾਰ ਦੇ ਗ੍ਰਾਫ ਅੰਦਰ ਇਸਤਰੀ ਦੀ ਹਾਲਤ ਹੋਰ ਵੀ ਮਾੜੀ ਹੈ ਜੋ ਸਾਡੇ ਸਾਹਮਣੇ ਆ ਰਹੀ ਹੈ। "ਕੌਮੀ ਇਸਤਰੀ ਕਮਿਸ਼ਨਰ" ਕੋਲ ਹੁਣ ਤੱਕ (2024) ਸਭ ਤੋਂ ਵੱਧ ਹਿੰਸਾ ਦੀਆਂ ਵਾਰਦਾਤਾਂ ਸੰਬੰਧੀ 12,600 ਸ਼ਿਕਾਇਤਾਂ ਮਿਲੀਆਂ ਹਨ। ਜਿਸ ਵਿੱਚ ਸਭ ਤੋਂ ਵੱਧ ਸ਼ਿਕਾਇਤਾਂ ਉੱਤਰ ਪ੍ਰਦੇਸ਼ ਵਿਚੋਂ ਆਈਆਂ ਹਨ ਅਤੇ ਉਹ ਵੀ ਸਭ ਤੋਂ ਵੱਧ ਘਰੇਲੂ ਹਿੰਸਾ 'ਤੇ ਉਤਪੀੜਤ ਦੀਆਂ ਹਨ। "ਐਨ.ਸੀ.ਡਬਲਯੂ" ਦੇ ਅੰਕੜਿਆ ਦੇ ਮੁਤਾਬਿਕ ਇਸਤਰੀਆਂ ਨਾਲ ਸਬੰਧਿਤ ਹਿੰਸਾ 'ਤੇ ਉਤਪੀੜਤ ਦੀਆਂ 3107 ਸ਼ਿਕਾਇਤਾਂ ਮਿਲੀਆਂ ਹਨ। ਯੂ.ਪੀ. ਤੋਂ ਬਾਅਦ ਦੂਸਰਾ ਨੰਬਰ ਦਿੱਲੀ 'ਤੇ ਮਹਾਂਰਾਸ਼ਟਰ ਦਾ ਹੈ, ਜਿਥੇ ਇਸਤਰੀਆਂ ਨਾਲ ਹਿੰਸਾ ਸੰਬੰਧੀ ਖਬਰਾਂ ਮਿਲੀਆਂ ਹਨ। ਦੇਖੋ ਵਿਡੰਵਨਾ! ਜਦੋਂ ਕਿ ਦੇਸ਼ ਵਿਚ ਪਿਛਲੇ ਇਕ ਸਾਲ ਦੇ ਵੱਧ ਸਮੇਂ ਤੋਂ ਹਿੰਸਾ ਨਾਲ ਜੂਝ ਰਹੇ ਮਨੀਪੁਰ ਵਿਚ ਇਸਤਰੀਆਂ ਸੰਬੰਧੀ ਆਯੋਗ ਦੇ ਕੋਲ 59 ਕੇਸ ਆਏ ਤੇ ਸਿਰਫ 5 ਕੇਸ ਹੀ ਇਸਤਰੀਆਂ 'ਤੇ ਹੋ ਰਹੇ ਅਪਰਾਧਾਂ ਵਾਰੇ ਸੀ.ਬੀ.ਆਈ ਨੂੰ ਦਿੱਤੇ ਗਏ ਹਨ! ਜਦ ਕਿ ਮਨੀਪੁਰ ਵਿਚ ਇਸਤਰੀਆਂ ਦੀ ਬੇ-ਪਤੀ, ਰੇਪ 'ਤੇ ਜਿਸਮਾਨੀ ਅੱਤਿਆਚਾਰ ਦੀਆਂ ਵੀ. ਡੀ. ਓ. ਜੱਗ ਜਾਹਿਰ ਹੋ ਚੁੱਕੀਆਂ ਹਨ। ਪਰ ਜਦ ਕਿ ਦੇਸ਼ ਦੇ ਪ੍ਰਧਾਨ ਮੰਤਰੀ ਜੀ ਅਤੇ ਉਨ੍ਹਾ ਦੀ ਸਰਕਾਰ ਵੀ ਅੱਜ ਤੱਕ ਮੂੰਹ ਬੰਦ ਕਰ ਕੇ ਬੈਠੀ ਰਹੀ ਤੇ ਹੁਣ ਵੀ ਚੁੱਪ ਹੈ! ਕਿੱਡੀ ਬੇ-ਇਨਸਾਫੀ ਹੈ ਹਾਕਮਾਂ ਦੀ, ਮਨੀਪੁਰ ਦੀਆਂ ਇਸਤਰੀਆਂ ਨਾਲ?

ਅਸੀਂ 21ਵੀਂ ਸਦੀ ਵਿੱਚ ਪਹੁੰਚ ਗਏ ਹਾਂ। ਪਰ! ਭਾਰਤ ਵਿੱਚ ਇਸਤਰੀਆਂ ਆਪਣੇ ਆਪ ਨੂੰ ਸੁੱਰਖਿਅਤ ਨਹੀਂ ਸਮਝ ਰਹੀਆਂ ਹਨ। ਜੀ. ਆਈ. ਡਬਲਯੂ. ਪੀ. ਐਸ. 2023 ਦੇ ਅਨੁਸਾਰ ਭਾਰਤ ਵਿਚ 15 ਸਾਲ ਅਤੇ ਉਸ ਤੋਂ ਵੱਧ ਉਮਰ ਦੀਆਂ ਇਸਤਰੀਆਂ ਵਿਚ ਆਪਣੇ ਆਪ ਦੀਆਂ ਸੁਰੱਖਿਆਂ ਦੀਆਂ ਭਾਵਨਾਵਾਂ ਘੱਟ ਗਈਆਂ ਹਨ। ਜਦ ਕਿ 2017 ਵਿਚ 65.5-ਫੀਸਦ ਇਸਤਰੀਆਂ ਨੇ ਆਪਣੇ ਆਪ ਨੂੰ ਸੁਰੱਖਿਅਤ ਹੋਣ ਦੀਆਂ ਭਾਵਨਾਵਾਂ ਪ੍ਰਗਟ ਕੀਤੀਆ ਸਨ। ਪਰ, 2023 ਵਿਚ ਇਹ ਅੰਕੜਾ 58-ਫੀ ਸੱਦ ਘੱਟ ਕੇ ਹੇਠਾਂ ਆ ਗਿਆ ਹੈ। ਇਸ ਇੰਡੈਕਸ ਨੂੰ ਇਸ ਦੇ ਉੱਤੇ ਤਿਆਰ ਕੀਤਾ ਜਾਂਦਾ ਹੈ ਕਿ, ਕੀ? ਇਸਤਰੀਆਂ ਆਪਣੇ ਹਲਕੇ, ਸ਼ਹਿਰ, ਜਾਂ ਪਿੰਡ ਵਿਚ ਰਾਤ ਨੂੰ ਰਾਤ ਨੂੰ ਬਾਹਰ ਜਾਣ ਸਮੇਂ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਦੀਆਂ ਹਨ, ਜਾਂ ਨਹੀਂ ?

ਭਾਰਤ ਦੇਸ਼ ਦੀ ਜੇ ਦੂਸਰੇ ਵਿਕਸਤ 'ਤੇ ਵਿਕਾਸਸ਼ੀਲ ਦੇਸ਼ਾਂ ਨਾਲ ਤੁਲਨਾ ਕੀਤੀ ਜਾਵੇ ਤਾਂ! ਉਹ ਦੇਸ਼ ਸਾਡੇ ਨਾਲੋਂ ਬਿਹਤਰ ਹਨ। ਚੀਨ ਵਿਚ 97-ਫੀ ਸੱਦ ਇਸਤਰੀਆਂ ਆਪਣੇ ਆਪ ਨੂੰ ਸੁਰੱਖਿਅਤ ਮੰਨ ਰਹੀਆਂ ਹਨ। ਜਦ ਕਿ ਯੂਨਾਈਟਿਡ ਕਿੰਗਡਮ 'ਤੇ ਅਮਰੀਕਾ ਵਿਚ ਇਹ ਅੰਕੜਾ ਕ੍ਰਮਵਾਰ 74-ਫੀ ਸੱਦ 'ਤੇ 61-ਫੀ ਸੱਦ ਹੈ। ਰੂਸ ਵਿੱਚ 50-ਫੀ ਸੱਦ 'ਤੇ ਦੱਖਣੀ ਅਫ਼ਰੀਕਾ ਵਿਚ ਕੇਵਲ 27-ਫੀ ਸੱਦ ਇਸਰੀਆਂ ਹੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੀਆਂ ਹਨ।

ਦੇਸ਼ ਅੰਦਰ ਮੋਦੀ ਸਰਕਾਰ ਦੀਆਂ ਫਿਰਕੂ, ਕਾਰਪੋਰੇਟ-ਪੱਖੀ ਪੂੰਜੀਵਾਦੀ ਆਰਥਿਕ ਨੀਤੀਆਂ 'ਤੇ ਉਦਾਰਵਾਦੀ ਆਰਥਿਕ ਸੁਧਾਰਾਂ ਕਾਰਨ ਦੇਸ਼ ਦੀ ਆਰਥਿਕ ਪ੍ਰਭੂਸਤਾ ਕਮਜ਼ੋਰ ਹੋ ਰਹੀ ਹੈ। ਆਰਥਿਕਤਾ ਨੂੰ ਸਥਾਈ ਮੰਦੀ ਅਤੇ ਸੰਕਟ ਵੱਲ ਧੱਕਿਆ ਜਾ ਰਿਹਾ ਹੈ। ਬੇਰੁਜ਼ਗਾਰੀ ਵਿਚ ਚਿੰਤਾ ਜਨਕ ਵਾਧਾ, ਵੱਧ ਰਹੀ ਗਰੀਬੀ 'ਤੇ ਆਰਥਿਕ ਅਸਮਾਨਤਾ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਜਿਸ ਦਾ ਪ੍ਰਭਾਵ ਆਮ ਲੋਕਾਂ ਤੇ ਪੈ ਰਿਹਾ ਹੈ, ਉਥੇ ਖਾਸ ਕਰਕੇ ਇਸਤਰੀ ਵਰਗ 'ਤੇ ਇਸ ਦਾ ਸਭ ਤੋਂ ਮਾੜਾ ਪ੍ਰਭਾਵ ਪੈ ਰਿਹਾ ਹੈ।

ਇਸਤਰੀਆਂ ਦਾ ਰੁਜ਼ਗਾਰ, ਉਜਰਤਾਂ ਅਤੇ ਆਰਥਿਕ ਅਜ਼ਾਦੀ ਇਸ ਵੇਲੇ ਡਾਵਾਂ ਡੋਲ ਹੈ। ਇਸ ਦਾ ਸਿੱਧਾ ਪ੍ਰਭਾਵ ਇਸਤਰੀਆਂ ਦੇ ਲਿੰਗਕ-ਅਨੁਪਾਤ ਵਿਚ ਪਾੜਾ, ਪਿਤਰੀ-ਸੱਤਾ ਕਾਰਨ ਸ਼ੁਰੂ ਤੋਂ ਹੀ ਗੈਰ ਬਰਾਬਰਤਾ ਵਾਲੀ ਸੋਚ, ਵਿਦਿਅਕ-ਲਿੰਗਕ ਅਸਮਾਨਤਾ, ਜਿਨਸੀ ਸ਼ੋਸ਼ਣ, ਹਿੰਸਾ ਆਦਿ ਹੀ ਇਸਤਰੀਆਂ ਦੀ ਲਿੰਗਕ ਅਸਮਾਨਤਾ ਦਾ ਮੁੱਖ ਕਾਰਨ ਹਨ। ਇਹ ਸਾਰੇ ਮੁੱਦੇ ਇਸਤਰੀ ਦੇ ਸਮਾਜਿਕ-ਆਰਥਿਕ ਮੁਕਤੀ ਨਾਲ ਹੀ ਜੁੜੇ ਹੋਏ ਹਨ! ਕਿਉਂਕਿ ਇਸਤਰੀ ਵਰਗ ਵੀ ਦੇਸ਼ ਦੀ ਕਿਰਤੀ ਜਮਾਤ ਦਾ ਇਕ ਹਿੱਸਾ ਹੈ ਅਤੇ ਦੇਸ਼ ਵਿਚ ਸਮਾਜਿਕ ਪ੍ਰੀਵਰਤਨ ਕਿਰਤੀ ਜਮਾਤ ਦੀ ਅਗਵਾਈ ਵਿਚ ਹੀ ਆਵੇਗਾ। ਇਸ ਲਈ ਇਸਤਰੀ ਵਰਗ ਨੂੰ ਵੀ ਆਪਣੀ ਮੁਕਤੀ ਲਈ ਕਿਰਤੀ ਜਮਾਤ ਦਾ ਹਿੱਸਾ ਬਣ ਕੇ ਹੀ ਸੰਘਰਸ਼ 'ਚ ਕੁਦਣਾ ਪਏਗਾ। ਇਸ ਤੋਂ ਬਿਨਾ ਮੁਕਤੀ ਸੰਭਵ ਨਹੀਂ ਹੈ।

"ਸਮਾਜਿਕ ਚਿੰਤਕ 'ਤੇ ਵਿਗਿਆਨੀਂ ਚਾਰਲਸ ਫੋਰੀਅਰ ਨੇ ਕਿਹਾ ਹੈ "ਕਿ ਕਿਸੇ ਦੇਸ਼ ਦੀ ਜਮਹੂਰੀਅਤ ਨੂੰ ਨਾਪਣ ਲਈ ਇਹ ਵੇਖੋ ! ਕਿ ਉਸ ਦੇਸ਼ ਵਿਚ ਇਸਤਰੀਆਂ ਦੀ ਹਾਲਤ ਕੀ ਹੈ?"

## ਫ਼ਿਲਮ ਸਨਅਤ ਵਿਚ ਉਭਰ ਰਹੀ ਨਾਇਕਾ ਬਰਖਾ ਬਸ਼ਿਸ਼ਟ



ਬੰਗਾਲੀ, ਹਿੰਦੀ ਫ਼ਿਲਮਾਂ ਤੋਂ ਇਲਾਵਾ ਕਈ ਟੈਲੀਵਿਜ਼ਨ ਸ਼ੋਆਂ ਵਿਚ ਨਜ਼ਰ ਆ ਚੁੱਕੀ ਅਦਾਕਾਰਾ ਬਰਖਾ ਬਸ਼ਿਸ਼ਟ ਨੇ ਐਮ.ਟੀ.ਵੀ. ਇੰਡੀਆ 'ਤੇ ਪ੍ਰਸਾਰਿਤ ਟੀ.ਵੀ. ਸ਼ੋਅ 'ਕਿਤਨੀ ਮਸਤ ਹੈ ਜ਼ਿੰਦਗੀ' (2004-05) ਨਾਲ ਛੋਟੇ ਪਰਦੇ 'ਤੇ ਸ਼ੁਰੂਆਤ ਕੀਤੀ ਸੀ। ਇਸ ਸ਼ੋਅ ਵਿਚ ਉਸ ਨੇ ਉਦਿਤਾ ਦਾ ਯਾਦਗਾਰ ਕਿਰਦਾਰ ਨਿਭਾਇਆ ਸੀ। ਇਸ ਤੋਂ ਬਾਅਦ ਬਰਖਾ, 'ਕੈਸਾ ਯਹ ਪਿਆਰ ਹੈ', 'ਕਾਵਿਆਂਜਲੀ', 'ਕਸੌਟੀ ਜ਼ਿੰਦਗੀ ਕੀ' (2005), 'ਕਿਆ ਹੋਗਾ ਨਿੰਮੋ ਕਾ' (2006), 'ਪਿਆਰ ਕੇ ਦੋ ਨਾਮ-ਏਕ ਰਾਧਾ ਏਕ ਸ਼ਿਆਮ' (2006), 'ਸਜਨ ਘਰ ਜਾਨਾ ਹੈ' (2010), 'ਤੁਮ ਸਾਥ ਹੋ ਜਬ ਅਪਨੇ' (2014-15), 'ਲਾਲ ਇਸ਼ਕ' (2018) ਅਤੇ 'ਸ਼ਾਦੀ ਮੁਬਾਰਕ' (2020-21) ਵਰਗੇ ਅਨੇਕ ਟੀ.ਵੀ. ਸ਼ੋਆਂ ਵਿਚ ਨਜ਼ਰ ਆਈ। ਉਸ ਨੇ 'ਸਹਾਰਾ ਵੰਨ' ਚੈਨਲ 'ਤੇ 'ਡੋਲੀ ਸਜਾ ਕੇ' ਵਿਚ ਅਨੁਪਮਾ ਦੀ ਮੁੱਖ ਭੂਮਿਕਾ ਨਿਭਾਈ। ਬਰਖਾ ਨੇ ਸੋਨੀ ਟੀ.ਵੀ. 'ਤੇ 'ਸੰਕਟ ਮੋਚਨ ਮਹਾਂਬਲੀ ਹਨੂਮਾਨ' ਵਿਚ ਹਨੂਮਾਨ ਜੀ ਦੀ ਮਾਤਾ ਅੰਜਨਾ ਦਾ ਕਿਰਦਾਰ ਵੀ ਨਿਭਾਇਆ। ਬਰਖਾ ਨੇ 'ਰਾਜਨੀਤੀ' (2010) ਤੋਂ ਹਿੰਦੀ ਵਿਚ ਅਤੇ 'ਦੁਈ ਪ੍ਰਿਥਵੀਬੀ' (2010) ਤੋਂ ਬੰਗਾਲੀ ਫ਼ਿਲਮਾਂ ਵਿਚ ਆਪਣੀ ਸ਼ੁਰੂਆਤ ਕੀਤੀ। 'ਰਾਤਰੀ ਕੀ ਯਾਤਰੀ' (2020) ਤੋਂ ਬਰਖਾ ਨੇ ਓ.ਟੀ.ਟੀ. 'ਤੇ ਡੈਬਿਊ ਕੀਤਾ।


'ਰਾਜਨੀਤੀ' (2010) ਤੋਂ ਬਾਅਦ ਬਰਖਾ ਹੁਣ ਤੱਕ 'ਗੋਲੀਓਂ ਕੀ ਰਾਸਲੀਲਾ ਰਾਮਲੀਲਾ' (2013), 'ਸਮਰਾਟ ਐਂਡ ਕੰਪਨੀ' (2014), 'ਪੀ. ਐਮ. ਨਰੇਂਦਰ ਮੋਦੀ' (2019), '1920 : ਹਰਰਸ ਆਫ਼ ਦ ਹਰਟ' (2023) ਅਤੇ 'ਸਫ਼ੇਦ' ਵਰਗੀਆਂ ਹਿੰਦੀ ਫ਼ਿਲਮਾਂ ਤੋਂ ਇਲਾਵਾ 5 ਬੰਗਾਲੀ ਫ਼ਿਲਮਾਂ, 35 ਟੀ.ਵੀ. ਸ਼ੋਅ ਅਤੇ 9 ਵੈੱਬ ਸੀਰੀਜ਼ ਕਰ ਚੁੱਕੀ ਹੈ। 'ਦੁਰੰਗਾ' (2022-23) ਅਤੇ 'ਅਸੁਰ' (2023) ਵਰਗੀਆਂ ਵੈੱਬ ਸੀਰੀਜ਼ ਵਿਚ ਉਸ ਦੇ ਕੰਮ ਨੂੰ ਕਾਫ਼ੀ ਜ਼ਿਆਦਾ ਪਸੰਦ ਕੀਤਾ ਗਿਆ।

## ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ਼ ਕੈਨੇਡਾ ਦੇ ਸਹਿਯੋਗ ਨਾਲ ਕਰਵਾਏ ਗਏ ਟੂਰਨਾਮੈਂਟ 'ਚ ਹਰਜੀਤ ਬਾਜਾਖਾਨਾ ਕਲੱਬ ਦੀ ਟੀਮ ਨੇ ਮਾਰੀ ਬਾਜ਼ੀ

ਵੈਨਕੂਵਰ– (ਮਲਕੀਤ ਸਿੰਘ)–'ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਕੈਨੇਡਾ' ਵੱਲੋਂ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਸਰੀ ਦੀ 10975–126 ਏ ਸਟਰੀਟ 'ਤੇ ਸਥਿਤ ਪਾਰਕ 'ਚ 'ਯੰਗ ਰਾਇਲ ਕਿੰਗਜ਼ ਕਬੱਡੀ ਕੱਪ 2024' ਤਹਿਤ ਇਕ ਰੋਜ਼ਾ ਟੂਰਨਾਮੈਂਟ ਕਰਵਾਇਆ ਗਿਆ। ਜਿਸ 'ਚ ਵੱਡੀ ਗਿਣਤੀ 'ਚ ਪੁੱਜੇ ਮਾਂ ਖੇਡ ਕਬੱਡੀ ਦੇ ਪ੍ਰੇਮੀਆਂ ਨੇ ਸ਼ਿਰਕਤ ਕਰਕੇ ਜਿੱਥੇ ਕਬੱਡੀ ਖਿਡਾਰੀਆਂ ਦੇ ਸਰੀਰਿਕ ਜੌਹਰਾਂ ਨੂੰ ਨੇੜਿਓਂ ਤੱਕਿਆ, ਉਥੇ ਰੰਗਾਰੰਗ ਪ੍ਰੋਗਰਾਮ ਦਾ ਵੀ ਆਨੰਦ ਮਾਣਿਆ। ਅੱਜ ਸਵੇਰ ਵੇਲੇ ਅਚਾਨਕ ਪਏ ਮੀਂਹ ਕਾਰਨ ਜਿੱਥੇ ਸਮੇਂ ਤੋਂ ਕੁਝ ਘੰਟੇ ਪੱਛੜ ਕੇ ਆਰੰਭ ਹੋਏ ਇਸ ਕਬੱਡੀ ਟੂਰਨਾਮੈਂਟ 'ਚ ਸ਼ਾਮ ਵੇਲੇ ਤੀਕ ਕਬੱਡੀ ਪ੍ਰੇਮੀਆਂ ਦੀ ਬਹੁਤਾਤ ਕਾਰਨ ਇਕੇਰਾ ਕਬੱਡੀ ਵਾਲੇ ਪਾਰਕ 'ਚ ਪੂਰੀ ਰੌਣਕ ਵਾਲਾ ਮਾਹੌਲ ਸਿਰਜਿਆ ਨਜ਼ਰੀ ਆਇਆ। ਅੱਜ ਆਯੋਜਿਤ ਕਰਵਾਏ ਗਏ ਇਕ ਰੋਜ਼ਾ ਟੂਰਨਾਮੈਂਟ 'ਚ ਵੱਖ–ਵੱਖ ਕਬੱਡੀ ਟੀਮਾਂ ਦੇ ਕੁਲ 6 ਮੈਚ ਕਰਵਾਏ ਗਏ। ਇਸ ਦੌਰਾਨ ਫ਼ਾਈਨਲ ਮੁਕਾਬਲੇ 'ਚ ਹਰਜੀਤ ਬਾਜਾਖਾਨਾ ਕਲੱਬ ਦੀ ਟੀਮ ਪਹਿਲੇ ਅਤੇ ਪੰਜਾਬ ਸਪੋਰਟਸ ਕਲੱਬ ਦੀ ਟੀਮ ਦੂਸਰੇ ਨੰਬਰ 'ਤੇ ਰਹੀ। ਇਸ ਟੂਰਨਾਮੈਂਟ ਦੌਰਾਨ ਅੰਬਾ ਸੁਰਸਿੰਘ ਵਾਲੇ ਨੂੰ ਬੈਸਟ ਰੇਡਰ ਅਤੇ ਅੰਮ੍ਰਿਤ ਵਸਾਲਪੁਰ ਨੂੰ ਬੈਸਟ ਜਾਫ਼ੀ ਐਲਾਨਿਆ ਗਿਆ। ਸਭ ਤੋਂ ਦਿਲਚਸਪ ਮੈਚ ਭਾਰਤ ਦੇ ਚੜ੍ਹਦੇ ਪੰਜਾਬ ਅਤੇ ਪਾਕਿਸਤਾਨ ਦੇ ਲਹਿੰਦੇ ਪੰਜਾਬ ਦੀਆਂ ਕਬੱਡੀ ਟੀਮਾਂ ਦਰਮਿਆਨ ਵੇਖਣਯੋਗ ਸੀ। ਪੰਜਾਬੀ ਮੂਲ ਦੇ ਸੰਸਦ ਮੈਂਬਰ ਸੁੱਖ ਧਾਲੀਵਾਲ ਵੱਲੋਂ ਇਸ ਟੂਰਨਾਮੈਂਟ 'ਚ ਉਚੇਚੇ ਤੌਰ 'ਤੇ ਹਾਜ਼ਰੀ ਭਰੀ ਗਈ। ਟੂਰਨਾਮੈਂਟ ਦੇ ਫ਼ਾਈਨਲ ਮੁਕਾਬਲੇ ਤੋਂ ਪਹਿਲਾਂ ਸ਼ਾਮ ਵੇਲੇ ਪ੍ਰਸਿੱਧ ਪੰਜਾਬੀ ਗਾਇਕ ਆਤਮਾ ਸਿੰਘ ਅਤੇ ਬਲਜਿੰਦਰ ਰਿੰਪੀ ਵੱਲੋਂ ਗਾਏ ਗਏ ਚੋਣਵੇਂ ਗੀਤਾਂ ਦੀ ਪੇਸ਼ਕਾਰੀ ਨਾਲ ਮਾਹੌਲ ਹੋਰ ਵੀ ਦਿਲਚਸਪ ਅਤੇ ਰੰਗੀਨ ਬਣ ਗਿਆ ਮਹਿਸੂਸ ਹੋਇਆ। ਟੂਰਨਾਮੈਂਟ ਵਾਲੇ ਪਾਰਕ ਦੇ ਇਕ ਕੋਨੇ 'ਚ ਸਰੀ ਦੇ ਪ੍ਰਸਿੱਧ ਮੁਗਲ ਗਾਰਡਨ ਰੈਸਟੋਰੈਂਟ ਦੀ ਟੀਮ ਵੱਲੋਂ ਬਹੁਤ ਹੀ ਵਾਜਿਬ ਰੇਟਾਂ 'ਤੇ ਮੁਹੱਈਆ ਕਰਵਾਏ ਗਏ ਤਾਜ਼ਾ ਪੰਜਾਬੀ ਖਾਣਿਆਂ ਦਾ ਚਾਹਵਾਨਾਂ ਵੱਲੋਂ ਪੂਰਾ ਆਨੰਦ ਮਾਣਿਆ ਗਿਆ। ਇਸ ਮੌਕੇ 'ਤੇ ਪੁੱਜੀ ਕੰਜ਼ਰਵੇਟਿਵ ਪਾਰਟੀ ਦੀ ਆਗੂ ਤ੍ਰਿਪਤ ਅਟਵਾਲ ਵੱਲੋਂ ਪੰਜਾਬੀ ਭਾਈਚਾਰੇ ਵੱਲੋਂ ਅਜਿਹੇ ਟੂਰਨਾਮੈਂਟ ਕਰਵਾਏ ਜਾਣ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਇੰਦਰਜੀਤ ਬੱਲ, ਨੀਟੂ ਕੰਗ, ਬਲਬੀਰ ਬੈਂਸ, ਨਿੱਕਾ ਨਕੋਦਰ, ਰਾਜ ਪੁਰੇਵਾਲ, ਮੇਜ਼ਰ ਨੱਤ, ਸੋਨੂੰ ਜੰਪ, ਪਾਲੀ ਬੁਰਜ, ਦਲਾ ਸੁਰਖਪੁਰ, ਦੇਵ ਮਾਨ, ਬਲਜੀਤ ਔਜਲਾ, ਜੱਸ ਖਹਿਰਾ, ਉਕਾਰ ਮਾਨ, ਸੁਖਬੀਰ ਅਟਵਾਲ, ਸ਼ਿੰਦਾ ਅਚਰਵਾਲ, ਸਰਬਜੀਤ ਭੱਟੀ, ਨਿਰਭੈ ਸਿੰਘ ਕੈਂਥ (ਨਿਊ ਵੇਅ ਰੇਲਿੰਗ), ਸੁੱਖੀ (ਐਕੋਰੇਟ ਰੇਲਿੰਗ), ਬਰਜਿੰਦਰ ਢਿੱਲੋਂ, ਗੁਰਮੀਤ ਸਿੰਘ (ਮੁਗਲ ਗਾਰਡਨ) ਆਦਿ ਸਨ। ਅੱਜ ਦੇ ਇਸ ਟੂਰਨਾਮੈਂਟ ਦੌਰਾਨ ਕੁਮੈਂਟਰੀ ਕਰਨ ਦੀ ਜ਼ਿੰਮੇਵਾਰੀ ਮੌਗੀ ਢਿੱਲੋਂ (ਸਮਾਧ ਭਾਈ), ਸੁੱਖ ਗੋਲੇਵਾਲੀਆ, ਦਿਲਸ਼ਾਦ ਈ. ਸੀ. ਅਤੇ ਬਿੱਲਾ ਭੱਟੀ ਵੱਲੋਂ ਬੜੇ ਹੀ ਦਿਲਕਸ਼ ਅੰਦਾਜ਼ ਨਾਲ ਨਿਭਾਈ ਗਈ।

# ਭਾਰਤ ਵਿਚ ਮਨੁੱਖੀ ਅਜ਼ਾਦੀ ਤੇ ਲੋਕ ਅਧਿਕਾਰ ਬਚਾਉਣ ਲਈ ਲੋਕ ਲਹਿਰ ਦੀ ਲੋੜ

**ਡਾਕਟਰ ਸੁਚਾ ਸਿੰਘ ਗਿਲ**
ਅਰਥ ਸ਼ਾਸ਼ਤਰੀ



ਭਾਰਤ ਦੇ ਸੰਵਿਧਾਨ ਵਿਚ ਮੌਲਿਕ ਅਧਿਕਾਰ ਅਤੇ ਸ਼ਹਿਰੀ ਆਜ਼ਾਦੀਆਂ ਦੀ ਗਰੰਟੀ ਦਿੱਤੀ ਗਈ ਸੀ ਹਰ ਨਾਗਰਿਕ ਨੂੰ ਦੇਸ਼ ਦੇ ਕਿਸੇ ਵੀ ਹਿੱਸੇ/ ਸੂਬੇ ਵਿਚ ਕੰਮ ਕਰਨ ਜਾਂ ਰੁਜ਼ਗਾਰ ਪ੍ਰਾਪਤ ਕਰਨ, ਜਥੇਬੰਦੀਆਂ ਬਣਾਉਣ ਅਤੇ ਉਨ੍ਹਾਂ ਦੇ ਮੈਂਬਰ ਬਣਨ ਦੀ ਖੁੱਲ੍ਹ ਦਿੱਤੀ ਗਈ ਸੀ। ਸੂਬਿਆਂ ਦੀ ਖ਼ੁਦਮੁਖ਼ਤਿਆਰੀ ਵਾਸਤੇ ਮੱਦਾਂ ਦੀ ਸਪੈਸ਼ਲ ਸੂਚੀ ਤਿਆਰ ਕੀਤੀ ਗਈ, ਜਿਨ੍ਹਾਂ 'ਤੇ ਵਿਧਾਨ ਸਭਾ ਨੂੰ ਕਾਨੂੰਨ ਬਣਾਉਣ ਅਤੇ ਰਾਜ ਸਰਕਾਰਾਂ ਨੂੰ ਕਾਨੂੰਨ ਲਾਗੂ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ। ਦੇਸ਼ ਦੀ ਜਮਹੂਰੀਅਤ ਦਾ ਖਾਸਾ ਸੰਘੀ ਢਾਂਚੇ 'ਤੇ ਅਧਾਰਿਤ ਹੈ। ਭਾਰਤ ਸੂਬਿਆਂ ਦੀ ਯੂਨੀਅਨ ਵਾਲਾ ਇਕ ਦੇਸ਼ ਹੈ। ਜਮਹੂਰੀਅਤ ਨੂੰ ਕਾਮਯਾਬ ਬਣਾਉਣ ਲਈ ਕਾਰਜਕਾਰਨੀ, ਨਿਆਂਪਾਲਿਕਾ ਅਤੇ ਕਾਨੂੰਨ ਘੜਨੀ (ਪਾਰਲੀਮੈਂਟ ਅਤੇ ਵਿਧਾਨ ਸਭਾਵਾਂ) ਨੂੰ ਇਕ ਦੂਜੇ ਤੋਂ ਖ਼ੁਦਮੁਖ਼ਤਿਆਰ ਰੱਖਿਆ ਗਿਆ ਹੈ। ਦੇਸ਼ ਦੇ ਅਰਥਚਾਰੇ ਵਾਸਤੇ ਨਿਰਦੇਸ਼ਕ ਸਿਧਾਂਤਾਂ ਵਿਚ ਆਰਥਿਕ ਵਿਕਾਸ ਦੀ ਪ੍ਰਕਿਰਿਆ ਵਿਚ ਧਨ ਦੌਲਤ ਦੇ ਥੋੜ੍ਹੇ ਹੱਥਾਂ ਵਿਚ ਇਕੱਠੇ ਨਾ ਹੋਣ ਬਾਰੇ ਨੀਤੀ ਨਿਰਦੇਸ਼ ਦਿੱਤੇ ਗਏ ਸਨ। ਇਨ੍ਹਾਂ ਨਿਰਦੇਸ਼ਾਂ ਅਨੁਸਾਰ ਦੇਸ਼ ਦੀ ਆਰਥਿਕਤਾ ਦਾ ਵਿਕਾਸ ਕਰਨ ਵਾਸਤੇ ਯੋਜਨਾ ਕਮਿਸ਼ਨ 1950 ਵਿਚ ਕਾਇਮ ਕੀਤਾ ਗਿਆ ਸੀ ਤਾਂ ਕਿ ਆਰਥਿਕ ਵਿਕਾਸ ਦੇ ਨਾਲ-ਨਾਲ ਆਰਥਿਕ ਬਰਾਬਰਤਾ ਨੂੰ ਵੀ ਪ੍ਰਾਪਤ ਕੀਤਾ ਜਾ ਸਕੇ। ਭੂਮੀ ਸੁਧਾਰਾਂ ਤਹਿਤ ਭੂਮੀ ਮਾਲਕੀ ਦੀ ਉਪਰਲੀ ਸੀਮਾ ਨਿਸ਼ਚਿਤ ਕੀਤੀ ਗਈ ਸੀ।

ਉਦਯੋਗਿਕ ਸੈਕਟਰ ਵਿਚ ਭਾਰੀ ਅਤੇ ਮੁਢਲੇ ਉਦਯੋਗ ਜਿਵੇਂ ਸਟੀਲ, ਭਾਰੀ ਮਸ਼ੀਨਾਂ, ਰੇਲਵੇ, ਖਾਣਾਂ, ਫ਼ੌਜੀ ਸੁਰੱਖਿਆ ਨਾਲ ਸਬੰਧਤ ਸਾਜ਼ੋ ਸਾਮਾਨ ਆਦਿ ਨੂੰ ਪਬਲਿਕ ਖੇਤਰ ਵਾਸਤੇ ਰਿਜ਼ਰਵ ਰੱਖਿਆ ਗਿਆ ਸੀ। ਪਬਲਿਕ ਖੇਤਰ ਦੇ ਅਦਾਰੇ ਮੁਲਾਜ਼ਮਾਂ ਦੇ ਰੁਜ਼ਗਾਰ ਵਾਸਤੇ ਮਾਡਲ ਰੁਜ਼ਗਾਰਦਾਤਾ ਮੰਨੇ ਗਏ ਸਨ। ਮੁਲਾਜ਼ਮਾਂ ਨੂੰ ਮਿਆਰੀ ਉਜਰਤਾਂ/ ਤਨਖਾਹਾਂ, ਭੱਤੇ, ਪ੍ਰਾਵੀਡੈਂਟ ਫੰਡ/ ਪੈਨਸ਼ਨਾਂ, ਹਫਤੇ ਵਿਚ ਇਕ ਜਾਂ ਦੋ ਦਿਨਾਂ ਦੀ ਛੁੱਟੀ, ਬੀਮਾਰੀ ਦੀ ਛੁੱਟੀ ਅਤੇ ਔਰਤਾਂ ਵਾਸਤੇ ਜਣੇਪੇ ਦੀ ਤਨਖਾਹ ਨਾਲ ਪ੍ਰਸੂਤੀ ਛੁੱਟੀ ਆਦਿ ਦੀ ਵਿਵਸਥਾ ਕੀਤੀ ਗਈ ਸੀ। ਪ੍ਰਾਈਵੇਟ ਸੈਕਟਰ ਤੋਂ ਇਸ ਆਧਾਰ 'ਤੇ ਮੁਲਾਜ਼ਮਾਂ/ ਮਜ਼ਦੂਰਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਵੱਡੀਆਂ ਇਕਾਈਆਂ ਲਈ ਕਾਨੂੰਨ ਬਣਾਏ ਗਏ ਸਨ। ਇਸ ਨਾਲ ਸੰਗਠਿਤ ਖੇਤਰ ਵਿਚ ਰੁਜ਼ਗਾਰ ਦੀ ਗੁਣਵੱਤਾ ਵਿਚ ਸੁਧਾਰ ਆਇਆ ਸੀ। ਸੰਗਠਿਤ ਖੇਤਰ ਦੀਆਂ ਪਬਲਿਕ ਅਤੇ ਪ੍ਰਾਈਵੇਟ ਇਕਾਈਆਂ ਵਿਚ ਮੁਲਾਜ਼ਮਾਂ/ ਮਜ਼ਦੂਰਾਂ ਦੀਆਂ ਯੂਨੀਅਨਾਂ ਨੇ ਇਸ ਨੂੰ ਸੁਨਿਸ਼ਚਿਤ ਵੀ ਕਰ ਦਿੱਤਾ ਸੀ। ਪਰ ਗੈਰ ਸੰਗਠਿਤ ਖੇਤਰ ਵਿਚ ਇਹ ਸਭ ਕੁਝ ਲਾਗੂ ਨਹੀਂ ਹੋ ਸਕਿਆ।

ਕੇਂਦਰ ਸਰਕਾਰਾਂ ਵਲੋਂ ਸੰਵਿਧਾਨ ਵਿਚ ਸੋਧਾਂ ਕਰਕੇ ਸੂਬਿਆਂ ਦੇ ਕੁਝ ਅਧਿਕਾਰਾਂ ਨੂੰ ਖੋਰਾ ਲਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਦੇਸ਼ ਵਿਆਪੀ ਐਮਰਜੈਂਸੀ (1975-77) ਦੌਰਾਨ ਵਿੱਦਿਆ ਦੀ ਮੱਦ ਨੂੰ ਸਟੇਟ ਲਿਸਟ ਵਿਚੋਂ ਕੱਢ ਕੇ ਸਾਂਝੀ ਲਿਸਟ ਵਿਚ ਸ਼ਾਮਿਲ ਕਰ ਲਿਆ ਗਿਆ ਸੀ। ਜੀ ਐਸ ਟੀ ਬਾਰੇ ਕਾਨੂੰਨ ਸਤੰਬਰ 2016 ਵਿਚ ਪਾਸ ਕਰਕੇ ਇਸ ਨੂੰ 2017 ਵਿਚ ਲਾਗੂ ਕੀਤਾ ਗਿਆ। ਇਸ ਨਾਲ ਸੂਬਿਆਂ ਤੋਂ ਟੈਕਸ ਲਾਉਣ ਦੀ ਕਾਫੀ ਤਾਕਤ ਕੇਂਦਰ ਸਰਕਾਰ ਨੇ ਆਪਣੇ ਹੱਥ ਵਿਚ ਲੈ ਲਈ ਸੀ। ਇਸ ਦਾ ਖਮਿਆਜ਼ਾ ਹੁਣ ਸੂਬਿਆਂ ਨੂੰ ਭੁਗਤਣਾ ਪੈ ਰਿਹਾ ਹੈ। ਜਿਨ੍ਹਾਂ ਸੂਬਿਆਂ ਵਿਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ ਉਨ੍ਹਾਂ ਨੂੰ ਟੈਕਸ ਦੇ ਬਣਦੇ ਹਿੱਸੇ ਦਾ ਦੇਰੀ ਨਾਲ ਭੁਗਤਾਨ ਕੀਤਾ ਜਾਂਦਾ ਹੈ।

ਕੇਂਦਰ ਸਰਕਾਰ ਵਲੋਂ 2020 ਵਿਚ ਖੇਤੀ ਨਾਲ ਸਬੰਧਿਤ ਤਿੰਨ ਕਾਨੂੰਨ ਪਾਸ ਕਰਕੇ ਸੂਬਿਆਂ ਦੇ ਅਧਿਕਾਰਾਂ 'ਤੇ ਡੂੰਘੀ ਸੱਟ ਮਾਰੀ ਗਈ ਸੀ। ਕਿਸਾਨਾਂ ਦੇ ਵਿਰੋਧ ਕਾਰਨ ਇਨ੍ਹਾਂ ਕਾਨੂੰਨਾਂ ਨੂੰ 2021 ਵਿਚ ਵਾਪਸ ਲੈਣਾ ਪਿਆ ਸੀ। ਹੁਣ ਬਾਰਡਰ ਏਰੀਆ ਦੀ ਪੱਟੀ 10 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਦਿੱਤੀ ਗਈ ਹੈ। ਇਸ ਨਾਲ ਬਾਰਡਰ ਨਾਲ ਲਗਦੇ ਸੂਬਿਆਂ ਦੇ ਕਾਫੀ ਵੱਡੇ ਇਲਾਕਿਆਂ ਤੇ ਦੇਸ਼ ਦੀ ਸੁਰੱਖਿਆ ਦੇ ਨਾਂਅ 'ਤੇ ਕੇਂਦਰ ਸਰਕਾਰ ਵਲੋਂ ਆਪਣੀ ਦਖਲਅੰਦਾਜ਼ੀ ਵਧਾਈ ਗਈ ਹੈ। ਗਵਰਨਰ ਦੇ ਅਹੁਦੇ ਨੂੰ ਵਰਤ ਕੇ ਕੇਂਦਰ ਸਰਕਾਰ ਵਿਰੋਧੀ ਪਾਰਟੀਆਂ ਦੀਆਂ ਸੂਬਾ ਸਰਕਾਰਾਂ ਵਿਚ ਬੇਲੋੜੀ ਦਖਲਅੰਦਾਜ਼ੀ ਕਰ ਰਹੀ ਹੈ।

ਪਿਛਲੇ ਸਾਲ (2023) ਬਸਤੀਵਾਦੀ ਸਮੇਂ ਦੇ ਅਪਰਾਧ ਨਾਲ ਸਬੰਧਤ ਤਿੰਨ ਕਾਨੂੰਨਾਂ ਵਿਚ ਸੋਧਾਂ ਕਰਕੇ ਦੇਸ਼ ਵਿਚ ਪੁਲੀਸ ਰਾਜ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਨਾਗਰਿਕਾਂ ਨੂੰ ਪੁਛਗਿੱਛ ਲਈ 10 ਦਿਨਾਂ ਦੀ ਬਜਾਏ 90 ਦਿਨ ਲਈ ਪੁਲਿਸ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ। ਗੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ ਤਹਿਤ ਕਿਸੇ ਵਿਅਕਤੀ 'ਤੇ ਕੇਸ ਦਰਜ ਹੋਣ 'ਤੇ ਕਈ ਸਾਲ (2 ਸਾਲ ਜਾਂ ਵੱਧ) ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ। ਭੀਮਾ ਕੋਰੇਗਾਓਂ ਕੇਸ ਵਿਚ ਸਮਾਜਿਕ ਜਮਹੂਰੀ ਕਾਰਕੁਨਾਂ ਨੂੰ ਕਈ ਸਾਲ ਜੇਲ੍ਹਾਂ ਵਿਚ ਸੁੱਟਿਆ ਗਿਆ ਸੀ। ਹੁਣ ਅਰੁੰਧਤੀ ਰਾਏ ਅਤੇ ਸ਼ੇਖ ਸ਼ੌਕਤ ਹੁਸੈਨ ਦੇ ਖ਼ਿਲਾਫ਼ 2010 ਵਿਚ ਦਿੱਤੇ ਭਾਸ਼ਨਾਂ ਦੇ ਆਧਾਰ 'ਤੇ ਇਸ ਕਾਨੂੰਨ ਤਹਿਤ ਕੇਸ ਦਰਜ ਕਰਨ ਦੀ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਲੋਂ ਪ੍ਰੌਸੈਕਟਸ ਦਿੱਤੀ ਗਈ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਮਨੀਲਾਂਡਰਿੰਗ ਦਾ ਕੇਸ ਦਰਜ ਕਰਕੇ ਕਿਸੇ ਵਿਅਕਤੀ ਨੂੰ ਲੰਮੇ ਸਮੇਂ ਤੱਕ ਹਿਰਾਸਤ ਵਿਚ ਰੱਖਣ ਦਾ ਅਧਿਕਾਰ ਦਿੱਤਾ ਗਿਆ ਹੈ। ਸੀ. ਬੀ. ਆਈ. ਦੀ ਵਿਰੋਧੀਆਂ ਖਿਲਾਫ਼ ਦੁਰਵਰਤੋਂ ਕੀਤੀ ਜਾ ਰਹੀ ਹੈ। ਵਿਰੋਧੀ ਪਾਰਟੀਆਂ ਦੇ ਮੁੱਖ ਮੰਤਰੀਆਂ ਨੂੰ ਜੇਲ੍ਹਾਂ ਵਿਚ ਸੁੱਟਿਆ ਗਿਆ ਹੈ। ਇਸ ਨਾਲ ਮਨੁੱਖੀ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ ਦਾ ਹੱਕ ਖੋਹਿਆ ਜਾ ਰਿਹਾ ਹੈ। ਧਰਮ ਦੇ ਅਧਾਰ 'ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਦੀ ਪ੍ਰਮੁੱਖ ਮਿਸਾਲ ਇਕ ਸਾਲ ਤੋਂ ਵੱਧ ਸਮੇਂ ਤੱਕ ਮਨੀਪੁਰ ਵਿਚ ਜਾਰੀ ਹਿੰਸਕ ਘਟਨਾਵਾਂ ਤੋਂ ਮਿਲਦੀ ਹੈ। ਹਿੰਦੀ ਪ੍ਰਦੇਸ਼ਾਂ ਵਿਚ ਘੱਟ ਗਿਣਤੀਆਂ ਦੇ ਘਰ ਅਦਾਲਤੀ ਫ਼ੈਸਲਿਆਂ ਤੋਂ ਬਗੈਰ ਬੁਲਡੋਜ਼ਰਾਂ ਨਾਲ ਢਾਏ ਜਾ ਰਹੇ ਹਨ।

ਔਰਤਾਂ ਦੇ ਖਿਲਾਫ ਹਿੰਸਾ ਵਧ ਰਹੀ ਹੈ ਅਤੇ ਹਾਕਮ ਪਾਰਟੀਆਂ ਦੇ ਕਾਰਕੁਨਾਂ ਵਲੋਂ ਇਸ ਵਿਚ ਵਾਧਾ ਕੀਤਾ ਜਾ ਰਿਹਾ ਹੈ। ਸਰਕਾਰਾਂ ਵਲੋਂ ਪੀੜਤ ਔਰਤਾਂ ਦੀ ਮਦਦ ਕਰਨ ਦੀ ਬਜਾਏ ਪ੍ਰਭਾਵਸ਼ਾਲੀ ਸਿਆਸੀ ਕਾਰਕੁਨਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਹਿਲਵਾਨ ਔਰਤਾਂ ਦੇ ਸੰਘਰਸ਼ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿਵਾਉਣ ਵਿਚ ਸਰਕਾਰਾਂ ਹੱਥ ਪਿੱਛੇ ਖਿੱਚ ਰਹੀਆਂ ਹਨ। ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਚੋਣ ਕਮਿਸ਼ਨ, ਸੀ.ਬੀ.ਆਈ., ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਅਦਾਲਤਾਂ ਦੀ ਖ਼ੁਦਮੁਖ਼ਤਿਆਰੀ ਕੇਂਦਰ ਸਰਕਾਰ ਵਲੋਂ ਲਗਾਤਾਰ ਘਟਾਈ ਜਾ ਰਹੀ ਹੈ। ਇਸ ਕਾਰਨ ਲੋਕਾਂ ਦਾ ਵਿਸ਼ਵਾਸ ਜਮਹੂਰੀਅਤ ਵਿਚ ਘਟਦਾ ਜਾ ਰਿਹਾ ਹੈ।

ਆਰਥਿਕਤਾ ਦੇ ਵਿਕਾਸ ਦਾ ਵਰਤਾਰਾ ਆਮ ਲੋਕਾਂ ਦੀ ਵਿਕਾਸ ਵਿਚ ਸ਼ਮੂਲੀਅਤ ਦੀ ਬਜਾਏ ਕੁੱਝ ਕੁ ਵੱਡੇ ਪੂੰਜੀਪਤੀਆਂ ਨੂੰ ਮਾਲਾਮਾਲ ਕਰ ਰਿਹਾ ਹੈ। ਦੇਸ਼ ਦੇ ਇਕ ਪ੍ਰਤੀਸ਼ਤ ਤੋਂ ਘੱਟ ਦੌਲਤਮੰਦ ਵਿਅਕਤੀਆਂ ਕੋਲ 40 ਫ਼ੀਸਦੀ ਤੋਂ ਵੱਧ ਆਮਦਨ ਇਕੱਠੀ ਹੋ ਗਈ ਹੈ। ਦੇਸ਼ ਦੀ ਧਨ ਦੌਲਤ ਦਾ ਵੱਡਾ ਹਿੱਸਾ (40.5 ਫ਼ੀਸਦੀ) ਇਨ੍ਹਾਂ ਅਮੀਰਾਂ ਕੋਲ ਇਕੱਠਾ ਹੋ ਗਿਆ ਹੈ।

ਦੂਜੇ ਪਾਸੇ 50 ਫ਼ੀਸਦੀ ਗਰੀਬ ਲੋਕਾਂ ਕੋਲ ਦੇਸ਼ ਦੀ ਆਮਦਨ ਦਾ 13.1 ਫ਼ੀਸਦੀ ਹਿੱਸਾ ਅਤੇ ਧਨ ਦੌਲਤ ਦਾ ਸਿਰਫ 5.9 ਫ਼ੀਸਦੀ ਹੀ ਰਹਿ ਗਿਆ ਹੈ। ਰਿਪੋਰਟਾਂ ਇਹ ਵੀ ਦੱਸਦੀਆਂ ਹਨ ਕਿ ਆਰਥਿਕ ਵਿਕਾਸ ਦਾ ਫਾਇਦਾ ਸਿਰਫ ਉਪਰਲੇ 10 ਫ਼ੀਸਦੀ ਵਿਅਕਤੀਆਂ ਨੂੰ ਹੀ ਹੋ ਰਿਹਾ ਹੈ। ਧਨ ਦੌਲਤ ਵੀ ਇਨ੍ਹਾਂ ਕੋਲ ਇੱਕਠੀ ਹੋ ਰਹੀ ਹੈ। ਕਿਰਤ ਕਾਨੂੰਨਾਂ ਨੂੰ ਬਦਲ ਕੇ ਲੇਬਰ ਕੋਡ ਬਣਾਏ ਗਏ ਹਨ, ਜਿਨ੍ਹਾਂ ਨਾਲ ਕਿਰਤੀਆਂ ਅਤੇ ਮੁਲਾਜ਼ਮਾਂ ਦੀ ਹੋਰ ਲੁੱਟ ਕਰਨ ਦਾ ਰਾਹ ਖੋਲ੍ਹ ਦਿੱਤਾ ਗਿਆ ਹੈ। ਇਨ੍ਹਾਂ ਕੋਡਾਂ ਨਾਲ ਟਰੇਡ ਯੂਨੀਅਨ ਲਹਿਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਆਮ ਲੋਕ ਮਹਿੰਗਾਈ, ਗ਼ਰੀਬੀ ਅਤੇ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ। ਬੇਰੁਜ਼ਗਾਰੀ ਦੀ ਸਭ ਤੋਂ ਵੱਧ ਮਾਰ ਨੌਜਵਾਨਾਂ ਨੂੰ ਪੈ ਰਹੀ ਹੈ। ਆਮ ਬੇਰੁਜ਼ਗਾਰੀ ਦੀ ਦਰ ਨੇ ਪਿਛਲੇ 45 ਸਾਲਾਂ ਦਾ ਰਿਕਾਰਡ ਤੋੜ ਕੇ 6.5 ਫ਼ੀਸਦੀ ਦਾ ਅੰਕੜਾ ਹਾਸਲ ਕਰ ਲਿਆ ਹੈ। ਦੇਸ਼ ਵਿਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 22 ਫ਼ੀਸਦੀ ਤੋਂ ਵੱਧ ਹੈ। ਪੰਜਾਬ ਵਰਗੇ ਸੂਬੇ ਵਿਚ ਇਹ ਦਰ 29 ਫ਼ੀਸਦੀ ਰਿਕਾਰਡ ਕੀਤੀ ਗਈ ਹੈ। ਇਸ ਵਧ ਰਹੀ ਆਰਥਿਕ ਨਾਬਰਾਬਰੀ, ਗਰੀਬੀ ਅਤੇ ਬੇਰੁਜ਼ਗਾਰੀ ਨੇ ਆਮ ਵਿਅਕਤੀ ਵਾਸਤੇ ਚੋਣਾਂ ਲੜਨਾ ਅਸੰਭਵ ਕਰ ਦਿੱਤਾ ਹੈ। ਚੋਣਾਂ ਵਿਚ ਕਰੋੜਾਂ ਰੁਪਏ ਖਰਚ ਕਰਨ ਦੀ ਸਮਰੱਥਾ ਸਿਰਫ਼ ਉਪਰਲੇ 10 ਫ਼ੀਸਦੀ ਵਿਅਕਤੀਆਂ ਕੋਲ ਹੀ ਰਹਿ ਗਈ ਹੈ। ਆਮ ਵਿਅਕਤੀ ਇਸ ਦੌੜ ਤੋਂ ਬਾਹਰ ਹੋ ਗਏ ਹਨ। ਇਸ ਕਰਕੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਵਰਤਾਰਾ ਆਮ ਨਾਗਰਿਕਾਂ ਦੇ ਖਿਲਾਫ ਭੁਗਤ ਰਿਹਾ ਹੈ। ਟੈਕਸ ਨਾਲ ਸਬੰਧਤ ਨੀਤੀਆਂ ਵਿਚ ਆਮ ਲੋਕਾਂ ਅਤੇ ਮੱਧ ਵਰਗ ਤੋਂ ਟੈਕਸ ਉਗਰਾਹੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਸਰਕਾਰੀ ਖਰਚੇ ਦੇ ਰੂਪ ਵਿਚ ਅਮੀਰਾਂ ਦੇ ਮੁਫਾਦਾਂ ਵਾਸਤੇ ਵਰਤਿਆ ਜਾਂਦਾ ਹੈ।

ਅਮੀਰ ਕਾਰੋਬਾਰੀਆਂ ਦੇ ਕਰਜ਼ੇ ਮਾਫ਼ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਟੈਕਸ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। ਲੋਕਾਂ ਵਿਚ ਵਧ ਰਹੀ ਬੇਚੈਨੀ ਨੂੰ ਕਾਬੂ ਪਾਉਣ ਲਈ ਲੋਕਾਂ ਦੇ ਜਮਹੂਰੀ ਹੱਕ ਅਤੇ ਸ਼ਹਿਰੀ ਆਜ਼ਾਦੀਆਂ ਨੂੰ ਖੋਹਿਆ ਜਾ ਰਿਹਾ ਹੈ ਲੋਕਾਂ ਵਿਚ ਧਰਮ, ਜਾਤ, ਲਿੰਗ ਅਤੇ ਇਲਾਕੇ ਦੇ ਆਧਾਰ 'ਤੇ ਵੰਡੀਆਂ ਪਾਈਆਂ ਜਾ ਰਹੀਆਂ ਹਨ। ਇਹ ਵਰਤਾਰਾ 1991 ਦੀਆਂ ਆਰਥਿਕ ਨੀਤੀਆਂ ਤੋਂ ਸ਼ੁਰੂ ਹੋਇਆ ਅਤੇ 2014 ਤੋਂ ਬਹੁਤ ਤੇਜ਼ੀ ਨਾਲ ਸਰਕਾਰ ਵਲੋਂ ਅੱਗੇ ਤੋਰਿਆ ਗਿਆ ਹੈ। ਅਗਸਤ 2014 ਵਿਚ ਕੇਂਦਰ ਸਰਕਾਰ ਵਲੋਂ ਯੋਜਨਾ ਕਮਿਸ਼ਨ ਨੂੰ ਖਤਮ ਕਰਕੇ ਦੇਸ਼ ਵਿਚ ਯੋਜਨਾਬੱਧ ਤਰੀਕੇ ਨਾਲ ਵਿਕਾਸ ਦਾ ਭੋਗ ਪਾ ਦਿੱਤਾ ਗਿਆ ਸੀ ਅਤੇ ਵੱਡੇ ਪੱਧਰ 'ਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦਾ ਧੰਦਾ ਜ਼ੋਰਾਂ-ਸ਼ੋਰਾਂ ਨਾਲ ਚਲਾਇਆ ਗਿਆ ਹੈ। ਸਮੇਂ ਦੀ ਜ਼ਰੂਰਤ ਹੈ ਕਿ ਇਸ ਸਾਰੇ ਵਰਤਾਰੇ ਨੂੰ ਸਮਝਿਆ ਜਾਵੇ ਅਤੇ ਦੇਸ਼ ਦੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਸਿਸਟਮ ਨੂੰ ਆਮ ਲੋਕਾਂ ਦੇ ਹੱਕ ਵਿਚ ਮੋੜਾ ਦੇਣ ਦੇ ਉਪਰਾਲੇ ਕੀਤੇ ਜਾਣ।

ਸਿਆਸੀ ਪਾਰਟੀਆਂ ਦੇ ਬਹੁਤੇ ਲੀਡਰਾਂ ਨੇ ਸਿਆਸਤ ਨੂੰ ਵਪਾਰ ਬਣਾ ਰੱਖਿਆ ਹੈ ਅਤੇ ਉਹ ਪਾਰਟੀਆਂ ਬਦਲ ਬਦਲ ਕੇ ਚੋਣਾਂ ਜਿੱਤ ਰਹੇ ਹਨ। ਇਸ ਕਰਕੇ ਜ਼ਰੂਰੀ ਹੈ ਕਿ ਦੇਸ਼ ਵਿਚ ਨਵੀਂ ਚੇਤਨਤਾ ਅਤੇ ਵਚਨਬੱਧਤਾ ਨਾਲ ਲੋਕ ਲਹਿਰ ਉਸਾਰੀ ਜਾਵੇ। 2020-21 ਦੇ ਕਿਸਾਨ ਅੰਦੋਲਨ ਤੋਂ ਸਬਕ ਸਿੱਖਦੇ ਹੋਏ ਐਸੀ ਲਹਿਰ ਪੈਦਾ ਕਰਨਾ ਸੰਭਵ ਹੈ। ਇਹ ਕਾਰਜ ਔਖਾ ਹੈ ਪਰ ਇਸ ਲਈ ਦੇਸ਼ ਵਿਚ ਅਧਾਰ ਜ਼ਰੂਰ ਬਣਦਾ ਜਾ ਰਿਹਾ ਹੈ। ਸਮਾਜਿਕ ਅਤੇ ਆਰਥਿਕ ਸਿਸਟਮ ਨੂੰ ਲੋਕ ਪੱਖੀ ਮੋੜਾ ਸਿਰਫ ਲੋਕਾਂ ਦੇ ਉਸਾਰੂ ਉਭਾਰ ਨਾਲ ਹੀ ਮਿਲ ਸਕਦਾ ਹੈ।

**ਮੀਡੀਆ ਦੇ ਮਾਲਕ ਲੋਕਾਂ ਵਿੱਚ ਅੰਧ-ਵਿਸ਼ਵਾਸ ਫੈਲਾਉਣ ਵਾਲੇ ਅਖੌਤੀ ਨਜ਼ੂਮੀਆਂ ਤੇ ਬਾਬਿਆਂ ਦੇ ਇਸ਼ਤਿਹਾਰ ਨਾ ਲਾਉਣ। ਅੱਜਕਲ੍ਹ ਬਹੁਤੇ ਯੂ ਟਿਊਬ ਚੈਨਲ ਤੇ ਬਾਬਿਆਂ ਨੂੰ ਪ੍ਰਮੋਟ ਕਰਕੇ ਅੰਧ ਵਿਸ਼ਵਾਸ ਫੈਲਾ ਰਹੇ ਹਨ। ਇਨ੍ਹਾਂ ਚੈਨਲਾਂ ਨੂੰ ਸਬਸਕ੍ਰਾਈਬ ਨਾ ਕਰੋ ਅਤੇ ਨਾ ਹੀ ਇਹਨਾਂ ਦੀਆਂ ਖ਼ਬਰਾਂ ਦੂਜਿਆਂ ਨਾਲ ਸਾਂਝੀਆਂ ਕਰੋ।**

# ਰੂਸੀ ਜਲ ਸੈਨਾ ਨਾਟੋ ਨਾਲ ਪ੍ਰਮਾਣੂ ਜੰਗ ਲਈ ਤਿਆਰ ! ਦਸਤਾਵੇਜ਼ਾਂ ਤੋਂ ਹੋਇਆ ਖੁਲਾਸਾ

ਵਸ਼ਿੰਗਟਨ-ਅਮਰੀਕਾ ਦੇ ਪ੍ਰਸਿਧ ਪੇਪਰ ਫਾਇਨੈਂਸ਼ੀਅਲ ਟਾਈਮਜ ਨੇ ਵਿਸ਼ੇ Russian navy trained to target sites inside Europe with nuclear-capable missiles ਹੇਠ ਖਬਰ ਛਾਪੀ ਹੈ ਕਿ ਰੂਸ ਯੂਰਪ ਉਪਰ ਪ੍ਰਮਾਣੂ ਹਮਲਾ ਕਰੇਗਾ।

ਫਾਈਨੈਂਸ਼ੀਅਲ ਟਾਈਮਜ ਅਨੁਸਾਰ ਰੂਸ ਨੇ ਨਾਟੋ ਨਾਲ ਜੰਗ ਦੀ ਸਥਿਤੀ ਵਿੱਚ ਯੂਰਪ ਉੱਤੇ ਪ੍ਰਮਾਣੂ ਹਮਲੇ ਦੀ ਤਿਆਰੀ ਕਰ ਲਈ ਹੈ। ਇਸ ਦੇ ਲਈ ਰੂਸੀ ਜਲ ਸੈਨਾ ਨੂੰ ਪਰਮਾਣੂ ਮਿਜ਼ਾਈਲ ਫਾਇਰਿੰਗ ਦੀ ਵਿਸ਼ੇਸ਼ ਸਿਖਲਾਈ ਵੀ ਦਿੱਤੀ ਗਈ ਹੈ।

ਫਾਈਨੈਂਸ਼ੀਅਲ ਟਾਈਮਜ਼ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਰੂਸੀ ਜਲ ਸੈਨਾ ਨੇ ਪਰਮਾਣੂ ਹਮਲਿਆਂ ਲਈ ਫਰਾਂਸ ਦੇ ਪੱਛਮੀ ਤੱਟ ਅਤੇ ਬਰਤਾਨੀਆ ਦੇ ਬੈਰੋ-ਇਨ-ਫਰਨੇਸ ਵਰਗੇ ਦੂਰ ਦੇ ਟੀਚਿਆਂ ਨੂੰ ਚੁਣਿਆ ਹੈ। ਇਸ ਦੇ ਲਈ ਵਿਸ਼ੇਸ਼ ਨਕਸ਼ੇ ਬਣਾਏ ਗਏ ਹਨ ਅਤੇ ਹਮਲੇ ਦੀ ਸਿਖਲਾਈ ਦਿੱਤੀ ਗਈ ਹੈ।

ਰਿਪੋਰਟ ਵਿੱਚ 29 ਗੁਪਤ ਰੂਸੀ ਫੌਜੀ ਫਾਈਲਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ ਕਿ ਮਾਸਕੋ ਨੇ ਨਾਟੋ ਵਰਗੀ ਮਹਾਂਸ਼ਕਤੀ ਨਾਲ ਟਕਰਾਅ ਦੇ ਸ਼ੁਰੂਆਤੀ ਦੌਰ ਵਿੱਚ ਰਣਨੀਤਕ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦਾ ਅਭਿਆਸ ਕੀਤਾ ਹੈ।



### ਰੂਸ ਨੇ ਹਮਲਿਆਂ ਲਈ ਸਿਖਲਾਈ ਦਿੱਤੀ

ਫਾਈਨੈਂਸ਼ੀਅਲ ਟਾਈਮਜ਼ ਦੁਆਰਾ ਪ੍ਰਾਪਤ ਕੀਤੇ ਗਏ ਦਸਤਾਵੇਜਾਂ ਨੇ ਪੱਛਮੀ ਯੂਰਪ ਵਿੱਚ ਰੂਸ ਦੇ ਵਿਆਪਕ ਹਮਲਿਆਂ ਦੀ ਯੋਜਨਾਵਾਂ ਦਾ ਵੀ ਖੁਲਾਸਾ ਕੀਤਾ ਹੈ। 2008 ਅਤੇ 2014 ਦੇ ਵਿਚਕਾਰ ਤਿਆਰ ਕੀਤੇ ਗਏ ਇਨ੍ਹਾਂ ਦਸਤਾਵੇਜ਼ਾਂ ਵਿੱਚ ਰਵਾਇਤੀ ਜਾਂ ਰਣਨੀਤਕ ਪ੍ਰਮਾਣੂ ਹਥਿਆਰਾਂ ਨਾਲ ਮਿਜ਼ਾਈਲਾਂ ਦੇ ਟੀਚਿਆਂ ਦਾ ਜ਼ਿਕਰ ਹੈ। ਇਨ੍ਹਾਂ ਵਿਚ ਪ੍ਰਮਾਣੂ ਹਥਿਆਰਾਂ ਦੀ ਸ਼ੁਰੂਆਤੀ ਵਰਤੋਂ ਦੀ ਯੋਜਨਾ ਲਿਖੀ ਗਈ ਹੈ।

ਦਸਤਾਵੇਜ਼ਾਂ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਰੂਸ ਜੰਗੀ ਬੇੜਿਆਂ ’ਤੇ ਪ੍ਰਮਾਣੂ ਹਥਿਆਰ ਤਾਇਨਾਤ ਕਰ ਸਕਦਾ ਹੈ। ਹਾਲਾਂਕਿ, ਅਜਿਹੀ ਤੈਨਾਤੀ ਕਾਰਣ ਇੱਕ ਵੱਡੀ ਜੰਗ ਦੇ ਸ਼ੁਰੂ ਹੋਣ ਦਾ ਖਤਰਾ ਵਧ ਸਕਦਾ ਹੈ। ਦੁਸ਼ਮਣ ’ਤੇ ਪ੍ਰਮਾਣੂ ਹਮਲੇ ਦੀ ਮਿਲੀ ਇਜਾਜ਼ਤ

ਦਸਤਾਵੇਜ਼ਾਂ ਵਿੱਚ ਲਿਖਿਆ ਹੈ ਕਿ ਦੁਸ਼ਮਣ ਦੇ ਖਿਲਾਫ ਵੱਖ-ਵੱਖ ਦਿਸ਼ਾਵਾਂ ਤੋਂ ਵੱਡੇ ਪੱਧਰ ’ਤੇ ਮਿਜ਼ਾਈਲ ਹਮਲਿਆਂ ਦੀ ਤਿਆਰੀ ਕਰਨ ਲਈ ਵੀ ਕਿਹਾ ਗਿਆ ਹੈ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਰੂਸ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਵਿਨਾਸ਼ ਦੇ ਹੋਰ ਹਥਿਆਰਾਂ ਸਮੇਤ ਪਰਮਾਣੂ ਹਥਿਆਰਾਂ ਨੂੰ ਵਰਤਿਆ ਜਾਵੇਗਾ।

ਦਸਤਾਵੇਜ਼ ਦੇ ਮੁਤਾਬਕ ਰੂਸ ਦੀ ਨਜ਼ਰ 32 ਨਾਟੋ ਟਿਕਾਣਿਆਂ ’ਤੇ ਹੈ। ਰੂਸੀ ਜਲ ਸੈਨਾ ਲਈ ਬਣਾਇਆ ਨਕਸ਼ਾ, ਯੂਰਪ ਵਿੱਚ ਸਥਿਤ 32 ਨਾਟੋ ਫੌਜੀ ਠਿਕਾਣਿਆਂ ਨੂੰ ਦਰਸਾਉਂਦਾ ਹੈ।

ਵਿਲੀਅਮ ਅਲਬਰਕ, ਇੱਕ ਸਾਬਕਾ ਨਾਟੋ ਅਧਿਕਾਰੀ ਜੋ ਸਟੀਮਸਨ ਸੈਂਟਰ ਵਿੱਚ ਕੰਮ ਕਰਦਾ ਹੈ, ਨੇ ਕਿਹਾ ਕਿ ਇਹ ਪੂਰੇ ਯੂਰਪ ਵਿੱਚ ਮੈਪ ਕੀਤੇ ਗਏ ਟੀਚਿਆਂ ਦਾ ਸਿਰਫ ਇੱਕ ਛੋਟਾ ਜਿਹਾ ਹਿੱਸਾ ਹੈ।

ਰੂਸ ਦੀਆਂ ਤਿਆਰੀਆਂ ਇਸ ਤੋਂ ਕਈ ਗੁਣਾਂ ਵੱਡੀਆਂ ਹਨ। ਇਹਨਾਂ ਵਿੱਚ ਫੌਜੀ ਅਤੇ ਮਹਤਵਪੂਰਣ ਬੁਨਿਆਦੀ ਢਾਂਚਾ ਦੋਵੇਂ ਸ਼ਾਮਲ ਹਨ।

ਇਸ ਤੋਂ ਸਪਸ਼ਟ ਹੈ ਕਿ ਜੇਕਰ ਯੂਕਰੇਨ ਰੂਸ ਦੀ ਜੰਗ ਲਗਾਤਾਰ ਜਾਰੀ ਰਹੀ ਤਾਂ ਰੂਸ ਜਿਤ ਲਈ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰ ਸਕਦਾ ਹੈ।

ਯੂਰਪ ਤੇ ਖਾਸ ਕਰਕੇ ਜਰਮਨ ਰੂਸ ਦੇ ਨਿਸ਼ਾਨੇ ਉਪਰ ਹੈ। ਅਮਰੀਕਾ ਵਲੋਂ ਯੂਕਰੇਨ ਦੀ ਹਥਿਆਰ ਬੰਦ ਸਹਾਇਤਾ ਜਾਰੀ ਹੈ।

# ★ ਮਿੰਨੀ ਕਹਾਣੀਆਂ ★

## ਅੱਗ ਦੀ ਸਿਆਣਪ

ਅੱਜ ਐਤਵਾਰ ਦਿਨ ਦਾ ਛੁੱਟੀ ਦਾ ਦਿਨ ਸੀ। ਰਿਸ਼ਿਤਾ ਅਤੇ ਰੋਹਨ ਅੱਜ ਦੋਨਾਂ ਨੂੰ ਆਪਣੇ ਆਪਣੇ ਦਫ਼ਤਰ ਤੋਂ ਛੁੱਟੀ ਸੀ। ਬੱਚੇ ਵੀ ਤਕਰੀਬਨ ਦਿਨ ਦੇ 10-11 ਵਜੇ ਤੱਕ ਆਪਣੀ-ਆਪਣੀ ਨੀਂਦੇ ਘੋਕ ਸੁੱਤੇ ਰਹੇ। ਅਖ਼ਬਾਰ ਵਾਲਾ ਅਖ਼ਬਾਰ ਸੁੱਟ ਗਿਆ ਸੀ। ਕੀ ਦੇਖ ਰਹੇ ਹਨ ਕਿ ਚਾਰੇ ਪਾਸੇ ਅੱਗ ਹੀ ਅੱਗ ਪੱਸਰੀ ਹੋਈ ਦਿਖਾਈ ਦੇ ਰਹੀ ਸੀ। ਅੱਜ ਦੀ ਅਖ਼ਬਾਰ ਪਹਿਲਾਂ ਦੀ ਤਰਾਂ ਚਾਰੇ ਪਾਸੇ ਅੱਗ ਹੀ ਅੱਗ ਵਾਲਾ ਮਾਹੌਲ ਦਿਖਾ ਰਹੀ ਸੀ। ਕਿਤੇ ਮਹਿੰਗਾਈ ਦੀ ਅੱਗ, ਕਿਤੇ ਨਫ਼ਰਤਾਂ ਦੀ ਅੱਗ, ਦੰਗੇ, ਫ਼ਸਾਦ, ਇੱਕ ਦੇਸ਼ ਦਾ ਦੂਜੇ ਦੇਸ਼ ‘ਤੇ ਹਮਲਾ। ਦੋਨਾਂ ਦੇਸ਼ਾਂ ਦੇ ਜਵਾਨ ਜਿਹੜੇ ਕਿ ਆਪਣੇ-ਆਪਣੇ ਦੇਸ਼ ਦੀ ਭਗਤੀ ਵਿੱਚ ਲੱਗੇ ਹੋਏ ਨਜ਼ਰ ਆਉਂਦੇ ਹਨ। ਆਪਣੇ ਸਰੀਰ ਵਿੱਚ ਖ਼ੂਨ ਵਹਾ ਰਹੇ ਹਨ ਤੇ ਸ਼ਹੀਦੀਆਂ ਪਾ ਰਹੇ ਸਨ।

“ਗੁੱਡੀ ਦੇ ਡੈਡੀ! ਇਹ ਬੇਚਾਰੇ ਇਨਸਾਨ ਹੋਣ ਦੀ ਸਜ਼ਾ ਭੁਗਤ ਰਹੇ ਨੇ ਨਾ?”

“ਹਾਂ ਯਾਰ! ਤੂੰ ਬਿਲਕੁੱਲ ਸੱਚ ਕਹਿ ਰਹੀ ਏਂ। ਇਨਾਂ ਬੇਚਾਰਿਆਂ ਨੂੰ ਵੀ ਲੱਖ ਚੁਰਾਸੀ ਜੂਨਾਂ ਭਗਤਣ ਤੋਂ ਬਾਅਦ ਇਹ ਇਨਸਾਨੀ ਜ਼ਾਮਾਂ ਮਿਲਿਆ। ਅਜਿਹਾ ਜ਼ਲਬਾ ਸ਼ਾਇਦ ਕਿਸੇ ਹੋਰ ਜੂਨ ਵਿੱਚ ਦੇਖਣ ਨੂੰ ਨਸੀਬ ਥੋੜਾ ਨਾ ਹੁੰਦੈ!”

“ਓਹ ਹੋਅ।”

“ਕੀ ਹੋਇਆ ਗੁੱਡੀ ਦੇ ਡੈਡੀ।”

“ਆਹ ਦੇਖ ਤਾਂ ਆਹ ਅਖ਼ਬਾਰ ਵਿੱਚ ਖ਼ਬਰ ਛਪੀ ਹੈ ਅਖੇ ਫ਼ਲਾਣੇ ਜੂਨਾਗੜ ਵਿੱਚ ਕਿਸੇ ਨੇ ਆਪਣੀ ਨੂੰਹ ਨੂੰ ਦਾਜ਼ ਦੀ ਖ਼ਾਤਿਰ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ। ਦੇਖ ਤਾਂ ਫੋਟੋ ਵੀ ਦਿੱਤੀ ਹੋਈ ਹੈ ਇਹ ਮੁਰਦਾ ਲਾਸ਼ ਹੋਈ ਪਈ ਕੁੜੀ ਬੇਚਾਰੀ ਜਿਹੜੀ ਕਿ ਕਿਸੇ ਨਾ ਕਿਸੇ ਦੀ ਤਾਂ ਧੀ ਹੈ, ਪਛਾਣੀ ਵੀ ਨਹੀਂ ਜਾ ਰਹੀ। ਅਖ਼ਬਾਰ ਦੱਸ ਰਹੀ ਸੀ ਕਿ ਜਿਨਾਂ ਨੇ ਇਹ ਅੱਗ ਲਗਾਈ ਉਨਾਂ ਦੀ ਧੀ ਵੀ ਫ਼ਲਾਣੇ ਨੰਦਗੜ ਵਿਆਹੀ ਹੋਈ ਹੈ। ਮ੍ਰਿਤਕਾ ਦੇ ਸੱਸ, ਸਹੁਰਾ ਤੇ ਪਤੀਦੇਵ ਫ਼ਰਾਰ ਦੱਸੇ ਗਏ ਹਨ। ਇਨਾਂ ਦੀ ਪੁਲਿਸ ਭਾਲ ਕਰ ਰਹੀ ਹੈ।”

“ਗੁੱਡੀ ਦੇ ਡੈਡੀ! ਸੱਚਮੁੱਚ ਕਿੰਨਾ ਲੋਹੜਾ ਆਇਆ ਹੋਇਆ ਹੈ। ਇਹ ਅੱਗ ਉਸਦੀ ਨੂੰਹ ਨੂੰ ਹੀ ਕਿਉਂ ਲੱਗੀ ਕੁੜੀ ਤੱਕ ਇਸ ਅੱਗ ਦਾ ਭਾਬੜ ਕਿਉਂ ਨਹੀਂ ਪਹੁੰਚ ਸਕਿਆ?”

ਫਿਰ ਘਰ ਵਿੱਚ ਚੁੱਪ ਪਸਰ ਜਾਂਦੀ ਹੈ। ਫਿਰ ਦੋਹਾਂ ਦੇ ਮੂੰਹੋਂ ਇੱਕੋ ਵਕਤ ਨਿਕਲਦਾ ਹੈ,

“ਇਹ ਅੱਗ ਦੀ ਸਿਆਣਪ ਕਹੀਏ ਜਾਂ ਫਿਰ।”-ਪਰਸ਼ੋਤਮ ਲਾਲ ਸਰੋਏ

## ਸੋਚ

“ਓਏ ਰਾਮਿਆਂ, ਅੱਜ ਮਜ਼ਾ ਆ ਜਊ। ਅਹੁ ਵੇਖ ਓਏ, ਕਿਵੇਂ ਟਪੂਸੀਆਂ ਮਾਰਦਾ ਫਿਰਦਾ ਈ ਸਾਲਾ। ਤੂੰ ਇੰਝ ਕਰ ਜਾਹ ਜਾ ਕੇ ਇੱਕ ਬੋਤਲ ਫੜ ਲਿਆ ਦੇਸੀ ਸ਼ਰਾਬ ਦੀ, ਵਧੀਆ ਜਈ ਲਿਆਈਂ। ਇਹ ਸਾਲੇ ਤਿੰਨ ਪਾਲੇ ਸੀ, ਦੋ ਮਰ ਗਏ ਪਰ ਇੱਕ ਬਚ ਗਿਆ। ਵੇਖ ਕਿੱਦਾਂ ਭੁੱਚੜ ਹੋਇਆ ਪਿਆ ਈ, ਕੁਲਾ ਇੱਕ ਦਮ। ਮਜ਼ਾ ਆ ਜਾਊ ।

ਜਾਂ ਤੂੰ ਜਲਦੀ ਫੜ ਲਿਆ। ਚੰਗੀ ਜਿਹੀ ਫੜ ਕੇ ਲਿਆਈਂ, ਬੰਸੇ ਨੇ ਵਿਹੜੇ ਵਿੱਚ ਦੌੜ ਰਹੇ ਇੱਕ ਮੋਟੇ ਤਾਜ਼ੇ ਚੂਚੇ ਵੱਲ ਇਸ਼ਾਰਾ ਕਰਦਿਆਂ ਛੋਟੇ ਭਰਾ ਰਾਮੇ ਨੂੰ ਕਿਹਾ।”

ਬੰਸੇ ਨੇ ਦੌੜ ਰਹੇ ਚੂਚੇ ਨੂੰ ਜਾ ਦਬੋਚਿਆ। ਚੂਚੇ ਦੇ ਫੜ ਫੜਾਉਂਦੇ ਖੰਭ ਉਸ ਦੇ ਹੱਥਾਂ ਦੇ ਕੈਦੀ ਹੋ ਗਏ। ਉਹ ਹੁਣ ਚੂਚੇ ਨੂੰ ਹੱਥਾਂ ’ਚ ਲਈ, ਦਰਾਟ ਲੱਭਣ ਲੱਗ ਪਿਆ।

ਕਿੰਨੇ ਚਿਰ ਬਾਅਦ ਉਸ ਨੂੰ ਦਰਾਟ ਲੱਭਾ ਤੇ ਉਹ ਚੂਚੇ ਨੂੰ ਇੱਕ ਹੱਥ ’ਚ ਦੱਬੀ ਦੂਸਰੇ ਹੱਥ ਨਾਲ ਦਰਾਟ ਨੂੰ ਤਿੱਖਾ ਕਰਨ ਲੱਗਾ। ਏਨੇ ਚਿਰ ਨੂੰ ਰਾਮਾ ਵੀ ਆ ਗਿਆ ਸੌਦਾ ਭੱਤਾ ਲੈ ਕੇ। ਦੋਵਾਂ ਦੀਆਂ ਜੀਭਾਂ ਹੇਠ ਸਵਾਦਲਾ ਜਿਹਾ ਪਾਣੀ ਭਰ ਰਿਹਾ ਸੀ। ਚੂਚੇ ਨੂੰ ਵੇਖ ਕੇ।

ਏਨੇ ਚਿਰ ਨੂੰ ਬੰਸੇ ਦੀ ਘਰ ਵਾਲੀ ਆਪਣੇ ਨਵ-ਜੰਮੇ ਤਿੰਨ ਚਾਰ ਮਹੀਨਿਆਂ ਦੇ ਰੋਂਦੇ ਮਾਸੂਮ ਬੱਚੇ ਨੂੰ ਚੁਪ ਕਰਾਉਂਦੀ ਹੋਈ ਚੁੱਕ ਲਿਆਈ ਤੇ ਬੰਸੇ ਨੂੰ ਕਹਿਣ ਲੱਗੀ, “ਐਹ ਨੂੰ ਜਰਾ ਚੁਕ ਲਊ। ਮੈਂ ਦੁਧ ਗਰਮ ਕਰ ਲਵਾਂ।”

ਬੰਸੇ ਦਰਾਟ ਛੱਡ ਕੇ ਬੱਚੇ ਨੂੰ ਚੁੱਕ ਲਿਆ ਤੇ ਹੁਣ ਉਸ ਦੇ ਇੱਕ ਹੱਥ ਮਾਸੂਮ ਚੂਚਾ ਤੇ ਦੂਸਰੇ ਹੱਥ ਵਿੱਚ ਆਪਣਾ ਬੱਚਾ ਸੀ। ਬੰਸੇ ਨੇ ਪਹਿਲਾਂ ਬੱਚੇ ਵੱਲ ਵੇਖਿਆ ਤੇ ਫਿਰ ਚੂਚੇ ਵੱਲ। ਉਸ ਨੂੰ ਦੋਵੇਂ ਇੱਕੋ ਜਿਹੇ ਮਹਿਸੂਸ ਹੋਏ ਤੇ ਉਸ ਨੇ ਰਾਮੇ ਵੱਲ ਵੇਖਿਆ ਜਿਵੇਂ ਰਾਮੇ ਨੇ ਉਸ ਦੀ ਸੋਚ ਨੂੰ ਸਹਿਮਤੀ ਦੇ ਦਿੱਤੀ ਹੋਵੇ। ਉਸ ਨੇ ਆਪਣੇ ਬੱਚੇ ਨੂੰ ਹਿਕ ਨਾਲ ਲਾਉਂਦੇ ਹੋਏ ਝੱਟ ਚੂਚੇ ਨੂੰ ਆਜ਼ਾਦ ਕਰ ਦਿੱਤਾ।

-ਬਲਵਿੰਦਰ ਬਾਲਮ

## ਜੱਦੋ-ਜਹਿਦ ਤੇ ਹਾਨੀ

ਇਹ ਦੁੱਧ ਲੈ ਕੇ ਸ਼ਾਮੀਂ ਜਦ ਆਪਣੇ ਘਰ ਨੂੰ ਮੁੜਿਆ ਆ ਰਿਹਾ ਸੀ ਤਾਂ ਰਾਹ ਵਿੱਚ ਪੈਂਦੇ ਇੱਕ ਘਰ ਤੋਂ, ਉਸ ਪਰਿਵਾਰ ਦਾ ਨੌਜਵਾਨ ਨਿਕਲਿਆ ਤੇ ਇਹਦੇ ਬਰਾਬਰ ਆ ਕੇ ਇਸ ਨੂੰ ਬੜੇ ਸਤਿਕਾਰ ਨਾਲ ਬੁਲਾਉਂਦਾ ਹੋਇਆ ਅਦਬ ਵਜੋਂ, ਚਾਰ-ਪੰਜ ਕਦਮ ਇਸ ਤੋਂ ਪਿੱਛੇ-ਪਿੱਛੇ ਚੱਲਣ ਲੱਗਾ।

ਇਹਨੂੰ ਆਪਣੇ-ਆਪ ਵਿੱਚ ਬੜਾ ਮਾਣ ਮਹਿਸੂਸ ਹੋਇਆ। ਨਾਲ ਹੀ ਮਨ ਵਿੱਚ ਜੱਦੋ-ਜਹਿਦ ਚਲ ਪਈ ਮਤਾ ਉਹ ਨੌਜਵਾਨ ਇਹਦੇ ਨਾਲੋਂ ਹੁਣ ਅਗਾਂਹ ਲੰਘ ਜਾਵੇ ਤੇ ਇਹਨੂੰ ਆਪਣੇ-ਆਪ ਵਿੱਚ ਹੀਣ-ਭਾਵਨਾ ਦਾ ਅਹਿਸਾਸ ਹੋਵੇ। ਸੋਚਦਿਆਂ ਆਪਣੇ ਕਦਮਾਂ ਦੀ ਚਾਲ ਵਿੱਚ ਇਸ ਨੇ ਕੁਝ ਤੇਜ਼ੀ ਲੈ ਆਂਦੀ।

ਇਹਦੇ ਭਾਵ ਨੂੰ ਸਮਝਦਾ ਹੋਇਆ ਨੌਜਵਾਨ ਕੁਝ ਪਲਾਂ ਵਿੱਚ ਹੀ ਇਹਨੂੰ ਕਈ ਕਦਮ ਪਿੱਛੇ ਛੱਡ ਗਿਆ।

- ਡਾ. ਬਲਵੀਰ ਮੰਨਣ

* * * * *

# ਗੁਰਮਤਿ ਵਿਚ ਰਾਜਨੀਤੀ ਦਾ ਫਲਸਫਾ ਤੇ ਰਾਜੇ ਦਾ ਕਿਰਦਾਰ

ਡਾਕਟਰ ਪਰਮਵੀਰ ਸਿੰਘ

• • •



ਰਾਜਾ ਇਕ ਅਜਿਹਾ ਸ਼ਬਦ ਹੈ, ਜਿਹੜਾ ਕਿ ਲੰਮੇ ਸਮੇਂ ਤੋਂ ਲੋਕ ਮਾਨਸਿਕਤਾ 'ਚ ਸਮਾਇਆ ਹੋਇਆ ਹੈ। ਸਮਾਜ ਦਾ ਬਹੁਤਾ ਤਾਣਾ-ਬਾਣਾ ਸਮਾਜਿਕ ਉੱਚਤਾ ਦੇ ਪ੍ਰਤੀਕ ਇਸ ਸ਼ਬਦ ਦੇ ਦੁਆਲੇ ਹੀ ਘੁੰਮਦਾ ਹੈ ਅਤੇ ਇਸ ਦੀ ਦਿਸ਼ਾ ਅਤੇ ਦਸ਼ਾ ਤੈਅ ਕਰਨ 'ਚ ਭੂਮਿਕਾ ਨਿਭਾਉਂਦਾ ਹੈ। ਸਮਾਜ 'ਚ ਇਸ ਸ਼ਬਦ ਨੂੰ ਵੱਖੋ-ਵੱਖਰੇ ਰੂਪਾਂ 'ਚ ਦੇਖਿਆ ਜਾਂਦਾ ਹੈ ਪਰ ਜਿਹੜਾ ਇਸ ਦਾ ਸਭ ਤੋਂ ਵਧੇਰੇ ਪ੍ਰਚੱਲਿਤ ਰੂਪ ਹੈ, ਉਸ 'ਚ ਇਸ ਨੂੰ ਸ਼ਾਸਕ ਜਾਂ ਹਾਕਮ ਦੇ ਰੂਪ 'ਚ ਦੇਖਿਆ ਜਾਂਦਾ ਹੈ, ਜਿਹੜਾ ਕਿ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ 'ਚ ਆਪਣਾ ਸ਼ਾਸਨ ਚਲਾਉਂਦਾ ਹੈ ਅਤੇ ਆਮ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦਾ ਹੈ। ਇਸ ਨੂੰ ਕੰਮ ਅਤੇ ਪਦਵੀ ਦੇ ਆਧਾਰ 'ਤੇ ਵੱਖੋ-ਵੱਖਰੇ ਨਾਵਾਂ ਅਤੇ ਵਿਸ਼ੇਸ਼ਣਾਂ ਦੇ ਰੂਪ 'ਚ ਦੇਖਿਆ ਜਾਂਦਾ ਹੈ, ਜਿਵੇਂ ਰਾਜਾਸ੍ਰਮ, ਰਾਜਾ ਏ ਰਾਜਗਾਨ, ਰਾਜਾਧੀਰਾਜ, ਰਾਜਨਰਿੰਦ੍ਰ, ਭੂਪਤਿ, ਪ੍ਰਜਾ ਪਾਲਕ ਆਦਿ। ਗੁਰਬਾਣੀ 'ਚ ਇਸ ਨੂੰ ਪ੍ਰਮੁੱਖ ਤੌਰ 'ਤੇ ਤਿੰਨ ਰੂਪਾਂ ਵਿਚ ਦੇਖਿਆ ਜਾ ਸਕਦਾ ਹੈ :

## ਰਬ ਦੇ ਰੂਪ ਵਿਚ

ਗੁਰਬਾਣੀ ਵਿਚ ਰੱਬ ਨੂੰ ਸ੍ਰਿਸ਼ਟੀ ਦਾ ਰਾਜਾ ਮੰਨਦੇ ਹੋਏ 'ਰਾਜ ਮਹਿ ਰਾਜੁ ਜੋਗ ਮਹਿ ਜੋਗੀ' ਕਿਹਾ ਗਿਆ ਹੈ, ਜਿਸ ਦਾ ਸਿਮਰਨ ਕਰਨ ਨਾਲ ਮਨੁੱਖ ਮੁਕਤੀ ਪ੍ਰਾਪਤ ਕਰ ਲੈਂਦਾ ਹੈ 'ਰਾਜਾ ਰਾਮ ਜਪਤ ਕੋ ਕੋ ਨ ਤਰਿਓ' ਸ੍ਰਿਸ਼ਟੀ ਦੇ ਸਰਬ-ਸ਼ਕਤੀਮਾਨ ਰੂਪ 'ਚ ਦੁਨਿਆਵੀ ਹੱਦਾਂ, ਪਾਬੰਦੀਆਂ ਅਤੇ ਨਿਯਮਾਂ ਤੋਂ ਮੁਕਤ ਉਹ ਅਸੀਮ ਸ਼ਕਤੀਆਂ ਦਾ ਮਾਲਕ ਹੈ, ਜਿਹੜਾ ਕਿ ਸਮੂਹ ਦੁਨਿਆਵੀ ਜੀਵਾਂ ਨੂੰ ਬਿਨਾਂ ਕਿਸੇ ਵਿਤਕਰੇ, ਵੈਰ-ਵਿਰੋਧ ਅਤੇ ਭੇਦਭਾਵ ਤੋਂ ਪਾਲਦਾ ਅਤੇ ਰੱਖਿਆ ਕਰਦਾ ਹੈ। ਉਹ ਕਿਸੇ ਦੈਵੀ ਨਿਯਮ ਅਧੀਨ ਆਪਣਾ ਪ੍ਰਬੰਧ ਚਲਾਉਂਦਾ ਹੈ, ਜਿਸ ਨੂੰ ਸਮਝਣਾ ਅਤੇ ਉਸ 'ਚ ਦਖ਼ਲ ਦੇਣਾ ਮਨੁੱਖੀ ਬੁੱਧੀ ਦੇ ਵੱਸ 'ਚ ਨਹੀਂ ਹੈ। ਸਮਰਪਿਤ ਭਾਵਨਾ ਨਾਲ ਕਾਰਜ ਕਰਦਾ ਹੋਇਆ ਮਨੁੱਖ ਉਸ ਦੀ ਬਖ਼ਸ਼ਿਸ਼ ਪ੍ਰਾਪਤ ਕਰ ਸਕਦਾ ਹੈ। ਦੁਨਿਆਵੀ ਮਨੁੱਖਾਂ 'ਚ ਉਸ ਵਰਗਾ ਤਪ-ਤੇਜ ਸੰਭਵ ਨਹੀਂ ਅਤੇ ਨਾ ਹੀ ਕਿਸੇ ਦ੍ਰਿਸ਼ਟੀ ਤੋਂ ਮਨੁੱਖ ਉਸ ਦਾ ਮੁਕਾਬਲਾ ਕਰ ਸਕਦਾ ਹੈ ਹਰ ਇਕ ਮਨੁੱਖ ਕਿਸੇ ਨਾ ਕਿਸੇ ਦ੍ਰਿਸ਼ਟੀ ਤੋਂ ਉਸ ਦੀ ਸ਼ਕਤੀ, ਹੋਂਦ ਅਤੇ ਕਾਰਜ ਪ੍ਰਤੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ ਪਰ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਇਸ ਦ੍ਰਿਸ਼ਟੀ ਤੋਂ ਭਗਤ ਕਬੀਰ ਜੀ ਉਸ ਦੀ ਮਹਿਮਾ ਦੱਸਦੇ ਹੋਏ ਕਹਿੰਦੇ ਹਨ :

ਕੋਊ ਹਰਿ ਸਮਾਨਿ ਨਹੀ ਰਾਜਾ
ਏ ਭੂਪਤਿ ਸਭ ਦਿਵਸ
ਚਾਰਿ ਕੇ ਝੂਠੇ ਕਰਤ ਦਿਵਾਜਾ
(ਅੰਗ-856)

ਗੁਰੂ ਨਾਨਕ ਦੇਵ ਜੀ ਰਬ ਨੂੰ ਸ੍ਰਿਸ਼ਟੀ ਦਾ ਮਾਲਕ ਦੱਸਦੇ ਹੋਏ ਉਸ ਦੀ ਏਕਤਾ ਵਿਚ ਵਿਸ਼ਵਾਸ ਦ੍ਰਿੜ੍ਹ ਕਰਾਉਂਦੇ ਹੋਏ ਕਹਿੰਦੇ ਹਨ ਕਿ ਉਹ ਹੀ ਜੀਵਾਂ ਦੇ ਸਮੂਹ ਕਾਰਜ ਕਰਦਾ ਹੈ :

ਤੂ ਏਕੰਕਾਰੁ ਨਿਰਾਲਮੁ ਰਾਜਾ
ਤੂ ਆਪਿ ਸਵਾਰਹਿ ਜਨ ਕੇ ਕਾਜਾ
(ਅੰਗ-1039)

ਗੁਰਬਾਣੀ ਦੀ ਦ੍ਰਿਸ਼ਟੀ ਤੋਂ ਰੱਬ ਨੂੰ ਰਾਜਿਆਂ ਦਾ ਰਾਜਾ, ਸ਼ਾਹਾਂ ਦਾ ਸ਼ਾਹ, ਸ਼ਹਿਨਸ਼ਾਹ, ਪਾਤਿਸ਼ਾਹ ਆਦਿ ਰੂਪਾਂ ਵਿਚ ਦੇਖਿਆ ਜਾਂਦਾ ਹੈ, ਜਿਸ ਨੂੰ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ ਮੰਨ ਕੇ ਸਰਬੱਤ ਦਾ ਭਲਾ ਕਰਨ ਦੀ ਅਰਦਾਸ ਕੀਤੀ ਜਾਂਦੀ ਹੈ।

## ਸ਼ਾਸਕ ਦੇ ਰੂਪ ਵਿਚ

ਸ਼ਾਸਕ ਦੇ ਰੂਪ ਵਿਚ ਰਾਜਾ ਆਪਣੀ ਪ੍ਰਜਾ ਦੀ ਸੇਵਾ ਅਤੇ ਸੁਰੱਖਿਆ ਦਾ ਪ੍ਰਤੀਕ ਹੈ। ਰਾਜ 'ਚ ਸ਼ਾਂਤੀ ਦੀ ਸਥਾਪਨਾ ਕਰਕੇ ਆਮ ਲੋਕਾਂ ਨੂੰ ਨਿਆਂ ਪ੍ਰਦਾਨ ਕਰਨਾ ਉਸ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ। ਸ਼ੁੱਧ ਹਵਾ, ਸ਼ੁੱਧ ਪਾਣੀ, ਸ਼ੁੱਧ ਅਨਾਜ, ਸ਼ੁੱਧ ਆਚਾਰ, ਸ਼ੁੱਧ ਵਿਹਾਰ, ਸ਼ੁੱਧ ਵਿਚਾਰ, ਉੱਤਮ ਵਿੱਦਿਆ, ਸ੍ਰੇਸ਼ਟ ਸਿਹਤ ਸਹੂਲਤਾਂ ਆਦਿ ਆਦਰਸ਼ ਅਤੇ ਸਿਹਤਮੰਦ ਸਮਾਜ ਦੀ ਸਥਾਪਨਾ ਲਈ ਜ਼ਰੂਰੀ ਮੰਨੇ ਗਏ ਹਨ, ਜਿਨ੍ਹਾਂ ਲਈ ਯੋਗ ਵਾਤਾਵਰਨ ਪੈਦਾ ਕਰਨਾ ਅਤੇ ਆਮ ਲੋਕਾਂ ਨੂੰ ਲੋੜੀਂਦੀਆਂ ਵਸਤਾਂ ਦੀ ਪੂਰਤੀ ਕਰਨਾ ਰਾਜੇ ਦਾ ਫ਼ਰਜ਼ ਸਮਝਿਆ ਜਾਂਦਾ ਹੈ। ਰਾਜੇ ਵਿਚ ਕਲਿਆਣਕਾਰੀ ਗੁਣ ਕਿਵੇਂ ਪੈਦਾ ਹੋ ਸਕਦੇ ਹਨ? ਪਲੈਟੋ ਕਹਿੰਦਾ ਹੈ ਕਿ ਦਾਰਸ਼ਨਿਕ ਰਾਜਾ ਹੋਣਾ ਚਾਹੀਦਾ ਹੈ। ਉਸ ਦਾ ਅਜਿਹਾ ਕਹਿਣ ਦਾ ਭਾਵ ਸੀ ਕਿ ਦਾਰਸ਼ਨਿਕ ਸੂਝਵਾਨ ਹੁੰਦੇ ਹਨ ਅਤੇ ਉਹ ਮਨੁੱਖ ਦੀਆਂ ਆਪਾ ਵਿਰੋਧੀ ਸ਼ਕਤੀਆਂ ਨੂੰ ਇਕੱਠੇ ਕਰਕੇ ਰਾਜ ਦੀ ਭਲਾਈ ਦਾ ਕਾਰਜ ਕਰ ਸਕਦਾ ਹੈ।

ਮਨੁੱਖ 'ਚ ਸਦਾਚਾਰ ਵਾਲੀ ਬਿਰਤੀ ਪੈਦਾ ਕਰਨ ਲਈ ਪਲੈਟੋ ਚਾਰ ਸਦਗੁਣਾਂ 'ਤੇ ਜ਼ੋਰ ਦਿੰਦਾ ਹੈ। ਵਿਵੇਕ ਬੁੱਧੀ, ਸਾਹਸ, ਸੰਜਮ ਅਤੇ ਨਿਆਂ। ਪੱਛਮੀ ਦਾਰਸ਼ਨਿਕਾਂ ਦੁਆਰਾ ਆਦਰਸ਼ ਰਾਜ ਅਤੇ ਸਮਾਜ ਦੀ ਸਥਾਪਨਾ ਲਈ ਪੇਸ਼ ਕੀਤੇ ਗਏ ਨੁਕਤੇ ਮੌਜੂਦਾ ਸਮੇਂ 'ਚ ਵੀ ਵਿਦਵਾਨਾਂ ਦੀ ਵਿਚਾਰ ਦਾ ਵਿਸ਼ਾ ਬਣੇ ਰਹਿੰਦੇ ਹਨ।

ਪੱਛਮ 'ਚ ਪੈਦਾ ਹੋਏ ਯਹੂਦੀ, ਈਸਾਈ ਅਤੇ ਇਸਲਾਮ ਨੇ ਵੀ ਰਾਜ ਦੀ ਸਥਾਪਨਾ ਅਤੇ ਰਾਜੇ ਦੇ ਗੁਣਾਂ ਦਾ ਵਿਖਿਆਨ ਕੀਤਾ ਹੈ । ਈਸਾਈ ਧਰਮ 'ਚ ਰੱਬ ਦੇ ਰਾਜ ਦੀ ਗੱਲ ਕਰਦੇ ਹੋਏ ਭਾਵੇਂ ਕਿ ਦੁਨਿਆਵੀ ਰਾਜੇ ਨੂੰ ਨਕਾਰਿਆ ਨਹੀਂ ਗਿਆ ਪਰ ਫਿਰ ਵੀ ਰੱਬੀ ਰਾਜ ਨੂੰ ਹੀ ਸਥਿਰ ਮੰਨਿਆ ਗਿਆ ਹੈ। ਇਸਲਾਮ ਵਿਚ ਮੁਹੰਮਦ ਸਾਹਿਬ ਦੁਆਰਾ ਅਰਬ ਵਿਖੇ ਅਰੰਭ ਕੀਤੇ ਧਰਮ ਅਤੇ ਰਾਜ ਦੇ ਸੰਯੁਕਤ ਸਿਧਾਂਤ ਨੂੰ ਚਾਰ ਖ਼ਲੀਫ਼ਿਆਂ ਤੱਕ ਸ੍ਰੇਸ਼ਟ ਮੰਨਿਆ ਗਿਆ ਹੈ। ਜਿਹੜੇ ਸਿਧਾਂਤ ਖ਼ਲੀਫ਼ਿਆਂ ਰਾਹੀਂ ਸਾਹਮਣੇ ਆਏ, ਉਨ੍ਹਾਂ 'ਚ ਹੌਲੀ-ਹੌਲੀ ਨਿਘਾਰ ਆਉਂਦਾ ਗਿਆ। ਇਸ ਕਰਕੇ ਜਦੋਂ ਮੁਗ਼ਲ ਰਾਜ ਭਾਰਤ 'ਚ ਸਥਾਪਿਤ ਹੋਇਆ ਤਾਂ ਭਾਵੇਂ ਉਹ ਇਸਲਾਮ ਧਰਮ ਨਾਲ ਸੰਬੰਧਿਤ ਸਨ ਪਰ ਧਰਮ ਦੇ ਸਿਧਾਂਤਾਂ ਤੋਂ ਉਲਟ ਕਾਰਜ ਕਰਦੇ ਰਹੇ, ਜਿਸ ਨਾਲ ਸਮਾਜ ਵਿਚ ਨਫ਼ਰਤ ਅਤੇ ਵੈਰ-ਵਿਰੋਧ ਦੀ ਭਾਵਨਾ ਪ੍ਰਫੁੱਲਿਤ ਹੋ ਗਈ ਸੀ।

ਪੂਰਬ ਵਿਖੇ ਹਿੰਦੂ, ਜੈਨ, ਬੁੱਧ ਅਤੇ ਸਿੱਖ ਧਰਮ ਪ੍ਰਮੁੱਖਤਾ ਨਾਲ ਦੇਖੇ ਜਾਂਦੇ ਹਨ। ਬੁੱਧ ਧਰਮ ਦਾ ਪ੍ਰਮੁੱਖ ਸ਼ਾਸਕ ਅਸ਼ੋਕ ਨੂੰ ਮੰਨਿਆ ਜਾਂਦਾ ਹੈ, ਜਿਸ ਨੇ ਸ਼ਾਂਤੀ ਅਤੇ ਅਹਿੰਸਾ ਨੂੰ ਪ੍ਰਮੁੱਖਤਾ ਨਾਲ ਪ੍ਰਚਾਰਿਆ ਸੀ।

ਹਿੰਦੂ ਧਰਮ 'ਚ ਚਾਰ ਯੁੱਗਾਂ ਦਾ ਵਰਨਣ ਦੇਖਣ ਨੂੰ ਮਿਲਦਾ ਹੈ ਅਤੇ ਪਹਿਲੇ ਤਿੰਨ ਯੁੱਗਾਂ ਵਿਚ ਇਕ ਸ਼੍ਰੋਮਣੀ ਰਾਜਾ ਮੰਨਿਆ ਜਾਂਦਾ ਹੈ, ਜਿਹੜਾ ਕਿ ਧਰਮ ਦੇ ਅਨੁਸਾਰ ਰਾਜ ਨੂੰ ਚਲਾਉਣ ਦੀ ਭਾਵਨਾ 'ਤੇ ਜ਼ੋਰ ਦਿੰਦਾ ਸੀ। ਰਾਜਾ ਜਨਕ, ਰਾਜਾ ਰਾਮਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਅਜਿਹੇ ਰਾਜਿਆਂ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ, ਜਿਹੜੇ ਕਿ ਧਰਮ ਦਾ ਪ੍ਰਤੀਕ ਮੰਨੇ ਜਾਂਦੇ ਹਨ।

ਕਲਯੁੱਗ ਵਿਚ ਹਿੰਦੂ ਧਰਮ ਦੇ ਬਹੁਤ ਸਾਰੇ ਰਾਜਿਆਂ ਦਾ ਜ਼ਿਕਰ ਦੇਖਣ ਨੂੰ ਮਿਲਦਾ ਹੈ, ਜਿਹੜੇ ਕਿ ਆਪਸ ਵਿਚ ਲੜਦੇ ਰਹੇ ਪਰ ਫਿਰ ਵੀ ਧਾਰਮਿਕ ਤੌਰ 'ਤੇ 'ਰਾਮ ਰਾਜ' ਦੀ ਸਥਾਪਨਾ ਦਾ ਉਦੇਸ਼ ਪੂਰਾ ਕਰਨ ਲਈ ਯਤਨ ਕੀਤੇ ਜਾਂਦੇ ਰਹੇ। 'ਰਾਮ ਰਾਜ' ਭਾਰਤੀ ਮਾਨਸਿਕਤਾ ਦਾ ਹਿੱਸਾ ਹੈ ਅਤੇ ਸ਼ਾਇਦ ਇਸੇ ਲਈ 2024 ਦੀਆਂ ਲੋਕ ਸਭਾ ਚੋਣਾਂ ਵਿਚ ਵੀ 'ਰਾਮ ਮੰਦਰ' ਨੂੰ ਰਾਜ ਦੀ ਪ੍ਰਾਪਤੀ ਦਾ ਸਾਧਨਾ ਮੰਨਿਆ ਜਾਣ ਲੱਗਿਆ ਸੀ।

ਪੂਰਬੀ ਧਰਮਾਂ ਵਿਚ ਸਿੱਖ ਧਰਮ ਦਾ ਵਿਸ਼ੇਸ਼ ਸਥਾਨ ਹੈ। ਭਾਵੇਂ ਕਿ ਗਿਣਤੀ 'ਚ ਇਹ ਘੱਟ-ਗਿਣਤੀ ਹਨ ਪਰ ਰਾਜਸੀ ਦਬਾਅ ਪੈਦਾ ਕਰਨ ਲਈ ਇਹ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਇਹ ਗੁੜ੍ਹਤੀ ਇਨ੍ਹਾਂ ਨੂੰ ਗੁਰੂ ਸਾਹਿਬਾਨ ਤੋਂ ਪ੍ਰਾਪਤ ਹੋਈ ਹੈ, ਜਿਸ 'ਚ ਰਾਜੇ ਦੇ ਜ਼ਾਲਮ ਅਤੇ ਅਨਿਆਂਕਾਰੀ ਹੋਣ ਨੂੰ ਇਕ ਵੱਡਾ ਔਗੁਣ ਮੰਨਦੇ ਹੋਏ, ਉਸ ਦੇ ਵਿਰੁੱਧ ਸੰਘਰਸ਼ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ।

ਗੁਰੂ ਸਾਹਿਬਾਨ ਵਲੋਂ ਜ਼ੁਲਮ ਦੇ ਖ਼ਿਲਾਫ਼ ਦਿੱਤੀ ਗਈ ਇਹ ਪ੍ਰੇਰਨਾ ਮੌਜੂਦਾ ਸਮੇਂ ਤੱਕ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਹੈ। ਰਾਜੇ ਦੀ ਸ਼ਕਤੀ ਦੀ ਪ੍ਰਵਾਹ ਕੀਤੇ ਬਗ਼ੈਰ ਉਸ ਦੇ ਵਿਰੁੱਧ ਬੋਲਣਾ ਅਤੇ ਉਸ ਦੁਆਰਾ ਕੀਤੇ ਜਾ ਰਹੇ ਜਬਰ ਅਤੇ ਜ਼ੁਲਮ ਦਾ ਟਾਕਰਾ ਕਰਨ ਦੀ ਸਿੱਖਿਆ ਗੁਰੂ ਨਾਨਕ ਦੇਵ ਜੀ ਨੇ ਪ੍ਰਦਾਨ ਕੀਤੀ, ਜਿਹੜੀ ਕਿ ਇਨ੍ਹਾਂ ਦੇ ਉੱਤਰਧਿਕਾਰੀ ਗੁਰੂ ਸਾਹਿਬਾਨ ਦੇ ਸਮੇਂ ਵੀ ਜਾਰੀ ਰਹੀ । ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤੱਕ ਰਾਜ ਦੀ ਸ਼ਕਤੀ ਵਿਰੁੱਧ ਸੰਘਰਸ਼ ਕਰਨ ਦੇ ਸਮੂਹ ਸਦਾਚਾਰੀ ਅਤੇ ਜੁਝਾਰੂ ਢੰਗ-ਤਰੀਕੇ ਸਿੱਖ ਜੀਵਨਜਾਚ ਦਾ ਅੰਗ ਬਣ ਗਏ ਸਨ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਰਾਜ ਸਥਾਪਤੀ ਦੀ ਜਿਹੜੀ ਮਿਸਾਲ ਕਾਇਮ ਕੀਤੀ ਸੀ, ਉਹ ਬਾਅਦ ਵਾਲੇ ਸਿੱਖ ਸਰਦਾਰਾਂ ਲਈ ਪ੍ਰੇਰਨਾ ਸਰੋਤ ਬਣੀ। ਅਠਾਰ੍ਹਵੀਂ ਸਦੀ 'ਚ ਸਿੱਖ ਸਰਦਾਰ ਗੁਰਬਾਣੀ ਦੀਆਂ ਇਨ੍ਹਾਂ ਸਿੱਖਿਆਵਾਂ ਅਨੁਸਾਰ ਹਾਕਮਾਂ ਅਤੇ ਹਮਲਾਵਰਾਂ ਨੂੰ ਚੁਣੌਤੀ ਦਿੰਦੇ ਰਹੇ-'ਰਾਜੇ ਚੁਲੀ ਨਿਆਵ ਕੀ', 'ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ', 'ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ' ਰਾਜਿਆਂ ਦੇ ਜ਼ੁਲਮਾਂ ਖ਼ਿਲਾਫ਼ ਧਰਮ ਅਤੇ ਤਿਆਗ ਦੀ ਭਾਵਨਾ ਅਨੁਸਾਰ ਹੋਈਆਂ ਬੇਅੰਤ ਸ਼ਹਾਦਤਾਂ ਨੇ ਸਿੱਖ ਸਰਦਾਰਾਂ ਨੂੰ ਆਪੋ-ਆਪਣੇ ਇਲਾਕਿਆਂ ਦੇ ਰਾਜੇ ਬਣਾ ਦਿੱਤਾ ਸੀ ਅਤੇ ਆਮ ਲੋਕ ਸਰਦਾਰਾਂ ਨੂੰ ਆਪਣੇ ਪਿੰਡਾਂ ਦੀ ਰੱਖਿਆ ਦੀ ਬੇਨਤੀ ਕਰਨ ਲੱਗੇ ਸਨ। ਸਿੱਖ ਸਰਦਾਰਾਂ ਦੇ ਰੂਪ 'ਚ ਸਾਹਮਣੇ ਆਇਆ ਰਾਜ ਪ੍ਰਬੰਧ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਕ ਸਥਾਪਿਤ ਰਾਜ ਪ੍ਰਣਾਲੀ ਦਾ ਰੂਪ ਧਾਰਨ ਕਰ ਗਿਆ ਸੀ, ਜਿਸ ਨੇ ਆਪਣੇ ਰਾਜ 'ਚ ਸਮਾਜ ਦੇ ਹਰ ਇਕ ਵਰਗ ਨੂੰ ਸੁਰੱਖਿਆ ਅਤੇ ਸਤਿਕਾਰ ਪ੍ਰਦਾਨ ਕੀਤਾ ਸੀ।

ਭਾਰਤ ਅਤੇ ਪੱਛਮ ਵਿਚ ਜਿੰਨੇ ਵੀ ਰਾਜ ਸਥਾਪਿਤ ਹੋਏ ਹਨ, ਉਨ੍ਹਾਂ 'ਚ ਰਾਜ ਧਰਮ ਅਤੇ ਰਾਜੇ ਦੇ ਗੁਣਾਂ ਨੂੰ ਲੈ ਕੇ ਅਕਸਰ ਚਰਚਾ ਦੇਖਣ ਨੂੰ ਮਿਲਦੀ ਹੈ। ਅਕਸਰ ਇਹ ਕਿਹਾ ਜਾਂਦਾ ਹੈ ਕਿ ਰਾਜੇ ਦੇ ਗੁਣ ਉਸ ਨੂੰ ਰਾਜ ਚਲਾਉਣ ਤੇ ਸ਼ਕਤੀਸ਼ਾਲੀ ਬਣਾਉਣ 'ਚ ਸਹਾਈ ਹੁੰਦੇ ਹਨ। ਰਾਜੇ ਦੇ ਪ੍ਰਮੁੱਖ ਗੁਣ ਪ੍ਰਜਾ ਦੀ ਖ਼ੁਸ਼ਹਾਲੀ ਹੋਣਾ ਚਾਹੀਦਾ ਹੈ, ਜਿਸ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜੇਕਰ ਰਾਜਾ ਧਾਰਮਿਕ ਨਿਆਂ ਭਾਵਨਾ ਵਾਲਾ ਰਹੇ ਤਾਂ ਉਸ ਦੇ ਰਾਜ 'ਚ ਪ੍ਰਜਾ ਸੁਖ ਪੂਰਬਕ ਵਸਦੀ ਹੈ-ਜੈਸੇ ਰਾਜਾ ਧਰਮ ਸਰੂਪ ਰਾਜਨੀਤ ਬਿਖੈ ਤਾ ਕੇ ਦੇਸ ਪਰਜਾ ਬਸਤ ਸੁਖ ਪਾਇ ਕੈ (ਕਬਿੱਤ, 418)। ਭਾਈ ਸਾਹਿਬ ਦੁਆਰਾ ਦੱਸੇ ਗਏ ਰਾਜੇ ਦੇ ਗੁਣ ਆਦਰਸ਼ ਸਮਾਜ ਦੀ ਸਿਰਜਣਾ ਕਰਨ 'ਤੇ ਕੇਂਦਰਿਤ ਹਨ ਪਰ ਇਹ ਆਦਰਸ਼ ਤਾਂ ਹੀ ਸਥਾਪਿਤ ਹੋ ਸਕਦੇ ਹਨ, ਜੇਕਰ ਰਾਜਾ ਧਰਮ ਦੀਆਂ ਕਦਰਾਂ-ਕੀਮਤਾਂ ਨਾਲ ਜੁੜ ਕੇ ਲੋਕਾਂ ਦੀ ਸੇਵਾ ਕਰੇ ਲੋਕਾਂ ਦੇ ਕਲਿਆਣ ਦੀ ਭਾਵਨਾ ਨੂੰ ਛੱਡ ਕੇ ਸਵਾਰਥ ਤੱਕ ਸੀਮਿਤ ਰਹਿਣ ਵਾਲੇ ਰਾਜੇ ਨਾ ਤਾਂ ਆਪ ਸੁਖੀ ਰਹਿੰਦੇ ਹਨ ਅਤੇ ਨਾ ਹੀ ਪ੍ਰਜਾ ਨੂੰ ਸੁੱਖ ਪ੍ਰਦਾਨ ਕਰਨ ਦੀ ਭਾਵਨਾ ਰੱਖਦੇ ਹਨ ਅਤੇ ਹਮੇਸ਼ਾ ਦੁਖੀ ਰਹਿੰਦੇ ਹਨ। ਗੁਰਬਾਣੀ 'ਚ ਦੁਨਿਆਵੀ ਰਾਜਿਆਂ ਨੂੰ ਦੁਖੀ ਅਤੇ ਅਧਿਆਤਮਿਕ ਉੱਚਤਾ ਪ੍ਰਾਪਤ ਕਰਨ ਵਾਲਿਆਂ ਨੂੰ ਸੁਖੀ ਮੰਨਦੇ ਹੋਏ ਕਿਹਾ ਗਿਆ ਹੈ:

"ਸਗਲ ਸ੍ਰਿਸਟਿ ਕੋ ਰਾਜਾ ਦੁਖੀਆ
ਹਰਿ ਕਾ ਨਾਮੁ ਜਪਤ ਹੋਇ ਸੁਖੀਆ"
ਅੰਗ : 264


## ਜ਼ਰੂਰੀ ਸੂਚਨਾ

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ। ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ

# ਮਹਿੰਗਾਈ, ਬੇਰੁਜ਼ਗਾਰੀ, ਸੁਸਤ ਆਰਥਿਕਤਾ ਕਾਰਨ ਚੀਨ ਵਿਚ ਛੜੇ-ਛੜੀਆਂ ਦੀ ਗਿਣਤੀ ਵਧੀ, ਜਨਮ ਦਰ ਘਟੀ

## ✪ ਨੌਜਵਾਨਾਂ ਦੇ ਨਹੀਂ ਹੋ ਰਹੇ ਵਿਆਹ, ਸਰਕਾਰ ਵੀ ਚਿੰਤਤ



ਚੀਨ ਵਿਚ ਵਿਆਹ ਕਰਵਾਉਣ ਵਾਲੇ ਜੋੜਿਆਂ ਦੀ ਗਿਣਤੀ ਵਿਚ ਲਗਾਤਾਰ ਕਮੀ ਆ ਰਹੀ ਹੈ। ਚੀਨ ਵਿਚ 2024 'ਚ ਵਿਆਹ ਕਰਵਾਉਣ ਵਾਲੇ ਨੌਜਵਾਨਾਂ ਦੀ ਗਿਣਤੀ ਪਿਛਲੇ 12 ਸਾਲਾਂ ਵਿਚ ਸਭ ਤੋਂ ਘੱਟ ਰਹੀ ਹੈ। ਇਸ ਕਾਰਨ ਚੀਨ ਵਿਚ ਜਨਮ ਦਰ ਘਟ ਰਹੀ ਹੈ, ਜਿਸ ਕਾਰਨ ਆਉਣ ਵਾਲੇ ਸਾਲਾਂ ਵਿਚ ਕੰਮਕਾਜੀ ਆਬਾਦੀ ਦੀ ਗਿਣਤੀ ਵਿੱਚ ਕਮੀ ਆ ਸਕਦੀ ਹੈ।

ਇਹ ਚੀਨ ਲਈ ਆਪਣੀ ਆਰਥਿਕਤਾ ਨੂੰ ਮਜ਼ਬੂਤ ਰੱਖਣ ਲਈ ਇੱਕ ਨਵੀਂ ਚੁਣੌਤੀ ਪੈਦਾ ਕਰ ਸਕਦਾ ਹੈ, ਜੋ ਪਹਿਲਾਂ ਹੀ ਆਪਣੀ ਬੁੱਢੀ ਆਬਾਦੀ ਤੋਂ ਪਰੇਸ਼ਾਨ ਹੈ। ਚੀਨ ਦੇ ਅਧਿਕਾਰਤ ਅੰਕੜਿਆਂ ਮੁਤਾਬਕ ਇਸ ਸਾਲ ਦੀ ਪਹਿਲੀ ਛਿਮਾਹੀ 'ਚ ਵਿਆਹ ਕਰਵਾਉਣ ਵਾਲੇ ਚੀਨੀ ਜੋੜਿਆਂ ਦੀ ਗਿਣਤੀ 2013 ਤੋਂ ਬਾਅਦ ਸਭ ਤੋਂ ਹੇਠਲੇ ਪੱਧਰ 'ਤੇ ਆ ਗਈ ਹੈ। ਇਸ ਦਾ ਇੱਕ ਵੱਡਾ ਕਾਰਨ ਉੱਥੋਂ ਦੀ ਸੁਸਤ ਆਰਥਿਕਤਾ ਅਤੇ ਰਹਿਣ-ਸਹਿਣ ਦੀ ਵਧਦੀ ਲਾਗਤ ਹੈ। ਅਜਿਹੀ ਸਥਿਤੀ ਵਿਚ ਜ਼ਿਆਦਾਤਰ ਨੌਜਵਾਨ ਵਿਆਹ ਦੀਆਂ ਯੋਜਨਾਵਾਂ ਨੂੰ ਟਾਲ ਕਰ ਰਹੇ ਹਨ ਕਿਉਂਕਿ ਉਹ ਆਪਣੇ ਆਪ ਨੂੰ ਹੋਰ ਜ਼ਿੰਮੇਵਾਰੀਆਂ ਚੁੱਕਣ ਦੇ ਯੋਗ ਨਹੀਂ ਸਮਝਦੇ ਹਨ।

ਹੁਣ ਜੇਕਰ ਘੱਟ ਵਿਆਹ ਹੋਣਗੇ ਤਾਂ ਘੱਟ ਬੱਚੇ ਪੈਦਾ ਹੋਣਗੇ ਜਿਸ ਨਾਲ ਦੇਸ਼ ਵਿੱਚ ਜਨਮ ਦਰ ਘਟੇਗੀ। ਅਜਿਹੇ 'ਚ ਵਿਆਹ ਤੋਂ ਬਚਣ ਵਾਲੇ ਇਨ੍ਹਾਂ ਨੌਜਵਾਨਾਂ ਅਤੇ ਘਟਦੀ ਜਨਮ ਦਰ ਨੇ ਚੀਨੀ ਸਰਕਾਰ ਅਤੇ ਨੀਤੀ ਨਿਰਮਾਤਾਵਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਦਰਅਸਲ, ਉੱਥੇ ਦੀ ਸਰਕਾਰ ਆਬਾਦੀ ਨੂੰ ਵਧਾਉਣ ਲਈ ਕਈ ਪ੍ਰੋਗਰਾਮ ਚਲਾ ਰਹੀ ਹੈ। ਪਰ ਨੌਜਵਾਨਾਂ ਵਿਚ ਵਿਆਹ ਦਾ ਰੁਝਾਨ ਘਟਦਾ ਜਾ ਰਿਹਾ ਹੈ। ਚੀਨ ਵਿਚ ਵਿਆਹ ਰਜਿਸਟ੍ਰੇਸ਼ਨ ਦੇ ਅੰਕੜਿਆਂ ਮੁਤਾਬਕ ਇਸ ਸਾਲ ਦੀ ਪਹਿਲੀ ਛਿਮਾਹੀ ਵਿਚ ਕੁੱਲ 34 ਲੱਖ ਜੋੜਿਆਂ ਨੇ ਵਿਆਹ ਕਰਵਾਇਆ, ਜਦੋਂ ਕਿ 2023 ਦੇ ਪਹਿਲੇ ਛੇ ਮਹੀਨਿਆਂ ਵਿਚ ਲਗਭਗ 39 ਲੱਖ ਵਿਆਹ ਹੋਏ, ਯਾਨੀ ਜਨਵਰੀ-ਜੂਨ ਦਰਮਿਆਨ ਕਰੀਬ 5 ਲੱਖ ਘੱਟ ਵਿਆਹ ਹੋਏ।

ਇਹ ਸੰਕਟ ਚੀਨੀ ਸਰਕਾਰ ਦੇ ਜਨਮ ਦਰ ਨੂੰ ਵਧਾਉਣ ਦੇ ਇਰਾਦੇ ਨੂੰ ਵਿਗਾੜ ਰਿਹਾ ਹੈ। ਚੀਨ ਵਿਚ ਬੱਚੇ ਪੈਦਾ ਕਰਨ ਲਈ ਵਿਆਹ ਲਾਜ਼ਮੀ ਹੈ, ਜਿਸ 'ਚ ਮਾਤਾ-ਪਿਤਾ ਨੂੰ ਆਪਣੇ ਬੱਚੇ ਨੂੰ ਰਜਿਸਟਰ ਕਰਨ ਅਤੇ ਸਰਕਾਰੀ ਲਾਭ ਪ੍ਰਾਪਤ ਕਰਨ ਲਈ ਇੱਕ ਵਿਆਹ ਸਰਟੀਫਿਕੇਟ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਪਰ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਚੀਨ ਵਿਚ ਹੌਲੀ ਵਿਕਾਸ ਕਾਰਨ ਨੌਕਰੀਆਂ ਘਟ ਰਹੀਆਂ ਹਨ ਅਤੇ ਨੌਜਵਾਨ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਅਜਿਹੀ ਸਥਿਤੀ ਵਿਚ ਬਹੁਤ ਸਾਰੇ ਚੀਨੀ ਨੌਜਵਾਨ ਇਕੱਲੇ ਰਹਿਣ ਜਾਂ ਦੇਰ ਨਾਲ ਵਿਆਹ ਕਰਨ ਦੀ ਚੋਣ ਕਰ ਰਹੇ ਹਨ। ਚੀਨ ਵਿਚ 2014 ਤੋਂ ਬਾਅਦ ਵਿਆਹਾਂ ਦੀ ਗਿਣਤੀ 'ਚ ਕਮੀ ਆ ਰਹੀ ਹੈ। ਕੋਵਿਡ ਮਹਾਮਾਰੀ ਦੀਆਂ ਪਾਬੰਦੀਆਂ ਵਿਚ ਢਿੱਲ ਦੇਣ ਤੋਂ ਬਾਅਦ 2023 'ਚ ਇਸ ਵਿਚ ਕੁਝ ਵਾਧਾ ਹੋਇਆ ਸੀ, ਜੋ ਹੁਣ ਫਿਰ ਤੋਂ ਘਟਣਾ ਸ਼ੁਰੂ ਹੋ ਗਿਆ ਹੈ।

ਚੀਨ ਵਿਚ ਮਾਹਿਰ ਭਵਿੱਖਬਾਣੀ ਕਰ ਰਹੇ ਹਨ ਕਿ ਇਸ ਸਾਲ ਵਿਆਹ ਦਰ 1980 ਤੋਂ ਬਾਅਦ ਸਭ ਤੋਂ ਘੱਟ ਹੋ ਸਕਦੀ ਹੈ। ਵਿਆਹ ਰਜਿਸਟ੍ਰੇਸ਼ਨਾਂ ਵਿਚ ਗਿਰਾਵਟ ਕਾਰਨ ਨੌਜਵਾਨਾਂ ਦੀ ਆਬਾਦੀ ਘਟ ਰਹੀ ਹੈ। ਇਸ ਦੇ ਨਾਲ ਹੀ ਵਿਆਹ ਯੋਗ ਆਬਾਦੀ ਵਿਚ ਔਰਤਾਂ ਦੇ ਮੁਕਾਬਲੇ ਮਰਦਾਂ ਦੀ ਵੱਧ ਗਿਣਤੀ ਅਤੇ ਵਿਆਹਾਂ ਦੇ ਵੱਧ ਖਰਚੇ ਵੀ ਵਿਆਹਾਂ ਦੀ ਦਰ ਨੂੰ ਘਟਾ ਰਹੇ ਹਨ। ਅਜਿਹੇ ਵਿਚ ਚੀਨ ਨੂੰ ਜਨਮ ਦਰ ਵਿਚ ਗਿਰਾਵਟ ਨੂੰ ਰੋਕਣ ਲਈ ਵੱਡੇ ਪੱਧਰ 'ਤੇ ਕਦਮ ਚੁੱਕਣ ਦੀ ਸਲਾਹ ਦਿੱਤੀ ਜਾ ਰਹੀ ਹੈ।

## ਫ਼ਿਲਮ 'ਐਮਰਜੈਂਸੀ' ਦੇ ਟ੍ਰੇਲਰ 'ਚ ਦਿੱਸਿਆ ਕੰਗਨਾ ਰਣੌਤ ਦਾ ਰੌਬਦਾਰ ਅੰਦਾਜ

ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' ਦਾ ਟ੍ਰੇਲਰ ਰਿਲੀਜ਼ ਹੋ ਗਿਆ ਹੈ। ਇਸ ਵਿਚ ਉਹ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਭੂਮਿਕਾ ਵਿਚ ਨਜ਼ਰ ਆ ਰਹੀ ਹੈ। ਉਨ੍ਹਾਂ ਨਾ ਸਿਰਫ ਆਪਣੇ ਸ਼ਾਨਦਾਰ ਲੁੱਕ ਨਾਲ ਸਗੋਂ ਆਪਣੀ ਦਮਦਾਰ ਅਦਾਕਾਰੀ ਨਾਲ ਵੀ ਪ੍ਰਸ਼ੰਸਕਾਂ ਦਾ ਦਿਲ ਜਿੱਤ ਲਿਆ ਹੈ। ਫਿਲਮ 'ਐਮਰਜੈਂਸੀ' ਦਾ ਟ੍ਰੇਲਰ ਰਿਲੀਜ਼ ਹੁੰਦੇ ਹੀ ਮਸ਼ਹੂਰ ਹੋ ਗਿਆ ਸੀ। ਕੰਗਨਾ ਰਣੌਤ ਦੀ ਇਹ ਫਿਲਮ ਸਾਲ 1975 ਵਿਚ ਦੇਸ਼ ਵਿਚ ਲਗਾਈ ਗਈ ਐਮਰਜੈਂਸੀ 'ਤੇ ਆਧਾਰਿਤ ਹੈ। ਫਿਲਮ ਦੇ ਟ੍ਰੇਲਰ ਨੂੰ ਲੋਕ ਕਾਫੀ ਪਸੰਦ ਕਰ ਰਹੇ ਹਨ। ਐਮਰਜੈਂਸੀ' ਦੇ ਟ੍ਰੇਲਰ ਵਿਚ ਇੰਦਰਾ ਗਾਂਧੀ ਦੇ ਸਿਆਸੀ ਸਫਰ ਦੀ ਝਲਕ ਦੇਖੀ ਜਾ ਸਕਦੀ ਹੈ। ਉਸਦੇ ਮਰਹੂਮ ਪਿਤਾ ਜਵਾਹਰ ਲਾਲ ਨਹਿਰੂ ਨਾਲ ਉਸਦਾ ਰਿਸ਼ਤਾ ਦਿਖਾਇਆ ਗਿਆ ਹੈ। ਇਸ ਦੇ ਨਾਲ ਹੀ ਟ੍ਰੇਲਰ ਵਿਚ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਇੰਦਰਾ ਗਾਂਧੀ ਨੇ ਆਪਣੇ ਕਰੀਅਰ 'ਚ ਸਿਆਸੀ ਅਸ਼ਾਂਤੀ ਅਤੇ ਜੰਗ ਵਰਗੇ ਮਾਮਲਿਆਂ ਨੂੰ ਸੰਭਾਲਿਆ। ਟ੍ਰੇਲਰ 'ਚ ਕੰਗਨਾ ਰਣੌਤ ਤੋਂ ਇਲਾਵਾ ਸ਼੍ਰੇਅਸ ਤਲਪੜੇ, ਸਤੀਸ਼ ਕੌਸ਼ਿਕ, ਮਿਲਿੰਦ ਸੋਮਨ ਵਰਗੇ ਸਿਤਾਰਿਆਂ ਦੀ ਝਲਕ ਵੀ ਨਜ਼ਰ ਆ ਰਹੀ ਹੈ।




ਐਮਰਜੈਂਸੀ ਫਿਲਮ ਦੀ ਕਹਾਣੀ ਕੀ ਹੈ ?-ਇਸ ਫਿਲਮ 'ਚ ਸਾਲ 1975 'ਚ ਦੇਸ਼ ਵਿਚ ਲਗਾਈ ਗਈ ਐਮਰਜੈਂਸੀ ਦੀ ਕਹਾਣੀ ਬਿਆਨ ਕੀਤੀ ਜਾਵੇਗੀ। ਜਦੋਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਗਾਈ ਤਾਂ ਪੂਰੇ ਦੇਸ਼ ਵਿੱਚ ਹਾਹਾਕਾਰ ਮੱਚ ਗਈ। ਲੋਕਾਂ ਦੇ ਮੌਲਿਕ ਅਧਿਕਾਰ ਖੋਹ ਲਏ ਗਏ। ਉਸ ਸਮੇਂ ਲੋਕਾਂ ਨੇ ਇੰਦਰਾ ਗਾਂਧੀ ਦੇ ਇਸ ਫੈਸਲੇ ਦੀ ਕਾਫੀ ਆਲੋਚਨਾ ਕੀਤੀ ਸੀ। 'ਐਮਰਜੈਂਸੀ' ਵਿਚ ਅਨੁਪਮ ਖੇਰ ਜੈਪ੍ਰਕਾਸ਼ ਨਾਰਾਇਣ ਦੀ ਭੂਮਿਕਾ ਵਿਚ ਨਜ਼ਰ ਆਉਣਗੇ। ਅਸ਼ੋਕ ਛਾਬੜਾ ਨੇ ਮੋਰਾਰਜੀ ਦੇਸਾਈ ਦੀ ਭੂਮਿਕਾ ਨਿਭਾਈ ਹੈ। ਸ਼੍ਰੇਅਸ ਤਲਪੜੇ ਨੇ ਅਟਲ ਬਿਹਾਰੀ ਵਾਜਪਾਈ ਦੀ ਭੂਮਿਕਾ ਨਿਭਾਈ ਹੈ। ਮਹਿਮਾ ਚੌਧਰੀ ਵੀ ਫਿਲਮ ਦਾ ਹਿੱਸਾ ਹੈ ਅਤੇ ਉਹ ਇੰਦਰਾ ਗਾਂਧੀ ਦੇ ਕਰੀਬੀ ਪੁਪੁਲ ਜੈਕਰ ਦੀ ਭੂਮਿਕਾ ਵਿੱਚ ਨਜ਼ਰ ਆਵੇਗੀ। ਇਸ ਦੇ ਨਾਲ ਹੀ ਮਰਹੂਮ ਅਦਾਕਾਰ ਸਤੀਸ਼ ਕੌਸ਼ਿਕ ਫਿਲਮ 'ਐਮਰਜੈਂਸੀ' ਵਿਚ ਜਗਜੀਵਨ ਰਾਓ ਦੀ ਭੂਮਿਕਾ 'ਚ ਨਜ਼ਰ ਆਉਣਗੇ।

## ਸੰਨੀ ਦਿਓਲ ਵੱਲੋਂ ਫ਼ਿਲਮ 'ਲਾਹੌਰ 1947' ਦੀ ਸ਼ੂਟਿੰਗ ਪੂਰੀ ਹੋਈ




ਮੁੰਬਈ-ਪਿਛਲੇ ਸਾਲ ਬਲਾਕਬਸਟਰ ਫ਼ਿਲਮ 'ਗਦਰ 2' ਦੇਣ ਵਾਲੇ ਬੌਲੀਵੁੱਡ ਅਦਾਕਾਰ ਸੰਨੀ ਦਿਓਲ ਨੇ ਆਪਣੀ ਆਉਣ ਵਾਲੀ ਫ਼ਿਲਮ 'ਲਾਹੌਰ 1947' ਦੀ ਸ਼ੂਟਿੰਗ ਮੁਕੰਮਲ ਕਰ ਲਈ ਹੈ। ਫ਼ਿਲਮ ਦੀ ਸ਼ੂਟਿੰਗ ਦਾ ਕੰਮ 70 ਦਿਨਾਂ ਨੇਪਰੇ ਚਾੜ੍ਹਿਆ ਗਿਆ ਹੈ। ਰਾਜ ਕੁਮਾਰ ਸੰਤੋਸ਼ੀ ਦੇ ਨਿਰਦੇਸ਼ਨ ਹੇਠ ਬਣੀ ਇਸ ਫ਼ਿਲਮ ਵਿੱਚ ਪ੍ਰੀਤੀ ਜ਼ਿੰਟਾ, ਸ਼ਬਾਨਾ ਆਜ਼ਮੀ, ਅਭਿਮੰਨਿਊ ਸਿੰਘ ਅਤੇ ਅਲੀ ਫ਼ਜ਼ਲ ਅਹਿਮ ਭੂਮਿਕਾਵਾਂ ਵਿੱਚ ਹਨ। ਫਿਲਮ ਦੀ ਕਹਾਣੀ ਭਾਰਤ-ਪਾਕਿ ਦੀ ਵੰਡ ਨੂੰ ਬਿਆਨ ਕਰਦੀ ਹੈ। ਫਿਲਮ ਪ੍ਰੋਡਕਸ਼ਨ ਨਾਲ ਜੁੜੇ ਇੱਕ ਸੂਤਰ ਨੇ ਦੱਸਿਆ ਕਿ 'ਲਾਹੌਰ 1947' ਦੀ ਸ਼ੂਟਿੰਗ ਲਗਾਤਾਰ 70 ਦਿਨਾਂ ਵਿੱਚ ਬਿਨਾਂ ਕਿਸੇ ਛੁੱਟੀ ਦੇ ਮੁਕੰਮਲ ਕੀਤੀ ਗਈ ਹੈ। ਉਸ ਨੇ ਦੱਸਿਆ ਕਿ ਐਡੀਟਿੰਗ ਮਗਰੋਂ ਫਿਲਮ ਦਾ ਪੈਚ-ਵਰਕ ਕੀਤਾ ਜਾਵੇਗਾ। ਫਿਲਮ ਵਿੱਚ ਭੀੜ ਦੇ ਕਈ ਸ਼ਾਟ ਫਿਲਮਾਏ ਗਏ ਹਨ। ਪਿਛਲੇ ਸਾਲ ਅਕਤੂਬਰ ਵਿੱਚ ਇਸ ਫਿਲਮ ਦਾ ਅਧਿਕਾਰਤ ਤੌਰ 'ਤੇ ਐਲਾਨ ਕੀਤਾ ਗਿਆ ਸੀ ਅਤੇ ਇਸ ਨੂੰ ਆਮਿਰ ਖ਼ਾਨ ਪ੍ਰੋਡਕਸ਼ਨ ਦੇ ਬੈਨਰ ਹੇਠ ਬਣਾਇਆ ਗਿਆ। ਇਸ ਤੋਂ ਪਹਿਲਾਂ ਜੂਨ ਮਹੀਨੇ ਪ੍ਰੀਤੀ ਜ਼ਿੰਟਾ ਨੇ ਆਪਣੇ ਹਿੱਸੇ ਦੀ ਸ਼ੂਟਿੰਗ ਮੁਕੰਮਲ ਕੀਤੀ ਸੀ। ਅਦਾਕਾਰਾ ਨੇ ਆਪਣੇ ਇੰਸਟਾਗ੍ਰਾਮ 'ਤੇ ਇੱਕ ਵੀਡੀਓ ਜ਼ਰੀਏ ਫ਼ਿਲਮ ਵਿੱਚ ਆਪਣਾ ਕੰਮ ਮੁਕੰਮਲ ਕਰਨ ਬਾਰੇ ਜਾਣਕਾਰੀ ਸਾਂਝੀ ਕੀਤੀ ਸੀ।